1-DEC-PAGE-1.qxd 11/30/2025 8:59 PM Page 1

ਸੋਮਵਾਰ, 1 ਦਸੰਬਰ, 2025
16 ਮੱਘਰ { ਨਾਨਕਸ਼ਾਹੀ 557 / ਬਿਕਰਮੀ 2082
ਜਿਲਦ/VOL. : 74
ਅੰਕ/NO. : 181

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • MONDAY, 1 DECEMBER, 2025 ਜਲੰਧਰ

‘ਨਵਾਂ ਜ਼ਮਾਨਾ’ ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12


## ਦੇਸ਼ ਭਗਤ ਯਾਦਗਾਰ ਕਮੇਟੀ ਦੀ ਸਰਬਸੰਮਤੀ ਨਾਲ ਚੋਣ
## ਗੁਰਮੀਤ ਜਨਰਲ ਸਕੱਤਰ ਤੇ ਕੁਲਵੰਤ ਸੰਧੂ ਪ੍ਰਧਾਨ

### ਡਾ. ਪਰਮਿੰਦਰ ਮੀਤ ਪ੍ਰਧਾਨ, ਪ੍ਰੋ. ਗੋਪਾਲ ਸਿੰਘ ਬੁੱਟਰ ਸਹਾਇਕ ਸਕੱਤਰ ਤੇ ਸੀਤਲ ਸਿੰਘ ਸੰਘਾ ਵਿੱਤ ਸਕੱਤਰ ਬਣੇ

**ਜਲੰਧਰ** : ਦੇਸ਼ ਭਗਤ ਯਾਦਗਾਰ ਕਮੇਟੀ ਦਾ ਤਿੰਨ ਸਾਲਾਂ ਬਾਅਦ ਹੋਣ ਵਾਲਾ ਅਜਲਾਸ ਐਤਵਾਰ ਸਫ਼ਲਤਾਪੂਰਵਕ ਨੇਪਰੇ ਚੜ੍ਹਿਆ। ਇਸ ਅਜਲਾਸ ਵਿੱਚ ਅਗਲੇ ਤਿੰਨ ਵਰ੍ਹਿਆਂ ਦੇ ਸੈਸ਼ਨ ਲਈ ਸਰਬਸੰਮਤੀ ਨਾਲ ਕੁਲਵੰਤ ਸਿੰਘ ਸੰਧੂ (ਪ੍ਰਧਾਨ), ਗੁਰਮੀਤ ਸਿੰਘ (ਜਨਰਲ ਸਕੱਤਰ), ਡਾ. ਪਰਮਿੰਦਰ ਸਿੰਘ (ਮੀਤ ਪ੍ਰਧਾਨ), ਪ੍ਰੋ. ਗੋਪਾਲ ਸਿੰਘ ਬੁੱਟਰ (ਸਹਾਇਕ ਸਕੱਤਰ) ਅਤੇ ਸੀਤਲ ਸਿੰਘ ਸੰਘਾ (ਵਿੱਤ ਸਕੱਤਰ) ਚੁਣੇ ਗਏ।

ਚੁਣੇ ਗਏ ਅਹੁਦੇਦਾਰਾਂ ਨੇ ਅਜਲਾਸ ਨੂੰ ਵਿਸ਼ਵਾਸ਼ ਦੁਆਇਆ ਕਿ ਉਹ ਗ਼ਦਰ ਪਾਰਟੀ, ਆਜ਼ਾਦੀ ਸੰਗਰਾਮ ਦੀਆਂ ਸਮੂਹ ਇਨਕਲਾਬੀ ਜਮਹੂਰੀ ਲੋਕ-ਪੱਖੀ ਲਹਿਰਾਂ ਦੀ ਵਾਰਸ ਦੇਸ਼ ਭਗਤ ਯਾਦਗਾਰ ਕਮੇਟੀ ਦੇ ਐਲਾਨਨਾਮੇ ਅਤੇ ਵਿਧਾਨ ਉਪਰ ਡਟ ਕੇ ਪਹਿਰਾ ਦੇਣਗੇ।

ਉਹਨਾਂ ਕਿਹਾ ਕਿ ਗ਼ਦਰ ਲਹਿਰ ਆਜ਼ਾਦੀ ਦੀ ਤਵਾਰੀਖ਼ ਦਾ ਅਜਿਹਾ ਵਿਲੱਖਣ ਸਫ਼ਾ ਹੈ, ਜਿਹੜਾ ਸਾਮਰਾਜਵਾਦ, ਫ਼ਿਰਕੂ ਫਾਸ਼ੀ ਹੱਲੇ, ਦੇਸੀ-ਬਦੇਸੀ ਕਾਰਪੋਰੇਟ ਘਰਾਣਿਆਂ ਦੇ ਧਾਵੇ, ਜਾਤ-ਪਾਤ, ਅਨਿਆਂ ਹਰ ਵੰਨਗੀ ਦੇ ਵਿਤਕਰੇ ਨੂੰ ਦੂਰ ਕਰਕੇ ਸਾਂਝੀਵਾਲਤਾ ਭਰੇ ਨਵੇਂ-ਨਰੋਏ ਸਮਾਜ ਦੀ ਸਿਰਜਣਾ ਲਈ ਜੂਝਦੀਆਂ ਲਹਿਰਾਂ ਅੰਦਰ ਜ਼ਿੰਦ ਜਾਨ ਬਣ ਕੇ ਧੜਕਦਾ ਅਤੇ ਰੌਸ਼ਨੀ ਬਿਖੇਰਦਾ ਹੈ। ਅਹੁਦੇਦਾਰਾਂ ਕਿਹਾ ਕਿ ਅਸੀਂ ਅਹਿਦ ਕਰਦੇ ਹਾਂ ਕਿ ਇਹਨਾਂ ਉਦੇਸ਼ਾਂ ਦੀ ਪੂਰਤੀ ਨੂੰ ਪ੍ਰਣਾਏ ਅਤੇ ਚਾਨਣ-ਮੁਨਾਰੇ ਦੀ ਭੂਮਿਕਾ ਅਦਾ ਕਰਦੇ ਦੇਸ਼ ਭਗਤ ਯਾਦਗਾਰ ਹਾਲ ਦੀ ਆਨ ਅਤੇ ਸ਼ਾਨ ਬੁਲੰਦ ਰੱਖਣਗੇ। ਉਹ ਹਮੇਸ਼ਾ ਹੀ ਜਾਤੀ ਹਿੱਤਾਂ ਤੋਂ ਉਪਰ ਉੱਠ ਕੇ ਦੇਸ਼ ਭਗਤ ਯਾਦਗਾਰ ਹਾਲ ਦੇ ਹਿੱਤਾਂ ਨੂੰ ਤਰਜੀਹ ਦੇਣਗੇ।

ਅੱਜ ਦੀ ਮੀਟਿੰਗ 'ਚ ਗ਼ਦਰੀ ਬਾਬਿਆਂ ਦੇ 34ਵੇਂ ਮੇਲੇ ਦੀ ਸਫ਼ਲਤਾ ਲਈ ਸਮੂਹ ਸਹਿਯੋਗੀ ਸੰਸਥਾਵਾਂ ਅਤੇ ਲੋਕਾਂ ਨੂੰ ਮੁਬਾਰਕਬਾਦ ਦਿੱਤੀ ਗਈ ਅਤੇ ਅਗਲੇ ਮੇਲੇ ਨੂੰ ਹੋਰ ਵੀ ਬੁਲੰਦੀਆਂ 'ਤੇ ਪਹੁੰਚਾਉਣ ਲਈ ਆਈਆਂ ਰਾਵਾਂ, ਸੁਝਾਵਾਂ ਨੂੰ ਖਿੜੇ ਮੱਥੇ ਪ੍ਰਵਾਨ ਕੀਤਾ ਗਿਆ।

ਅਜਲਾਸ ਨੇ ਇਹ ਨੋਟ ਕੀਤਾ ਕਿ ਮੇਲੇ 'ਚ ਯੂਨੀਵਰਸਿਟੀਆਂ, ਕਾਲਜਾਂ ਦੇ ਵਿਦਿਆਰਥੀਆਂ, ਨੌਜਵਾਨ ਪੀੜ੍ਹੀ ਅਤੇ ਮਿਹਨਤਕਸ਼ ਲੋਕਾਂ ਦਾ ਵੱਡੀ ਗਿਣਤੀ ਵਿੱਚ ਸਿਰ ਜੋੜ ਕੇ ਸ਼ਾਮਲ ਹੋਣਾ ਤਾਂ ਮਾਣਮੱਤਾ ਹੈ ਹੀ, ਇਸ ਤੋਂ ਵੀ ਮਹੱਤਵਪੂਰਨ ਹੈ ਕਿ ਮੇਲਾ ਸਾਡੇ ਇਤਿਹਾਸ, ਵਿਰਾਸਤ, ਅਜੋਕੇ ਅਤੇ ਭਵਿੱਖ ਸਮੇਂ ਦੀਆਂ ਚੁਣੌਤੀਆਂ ਬਾਰੇ ਖ਼ਬਰਦਾਰ ਕਰਨ ਅਤੇ ਲੋਕਾਂ ਨੂੰ ਜਾਗਰੂਕ ਕਰਨ ਦਾ ਸੁਨੇਹਾ ਦੇਣ 'ਚ ਸਫ਼ਲ ਰਿਹਾ।

ਅਜਲਾਸ ਦਾ ਆਗਾਜ਼ ਡਾ. ਬਲਵਿੰਦਰ ਸਿੰਘ, ਗੌਰਮਿੰਟ ਟੀਚਰਜ਼ ਯੂਨੀਅਨ ਦੇ ਆਗੂ ਰਹੇ ਦਲੀਪ ਸਿੰਘ ਰੋਪੜ, ਕਿਸਾਨ ਆਗੂ ਹਰਜੀਤ ਸਿੰਘ ਕੋਟਕਪੂਰਾ, ਧਰਮਿੰਦਰ ਦੇ ਪਰਵਾਰਾਂ ਨਾਲ ਦੁੱਖ ਸਾਂਝਾ ਕਰਨ ਨਾਲ ਹੋਇਆ।

ਇਸ ਤੋਂ ਇਲਾਵਾ ਗ਼ਦਰ ਲਹਿਰ 'ਚ ਸ਼ਹਾਦਤ ਪਾਉਣ ਵਾਲੇ ਸ਼ਹੀਦ ਕਰਤਾਰ ਸਿੰਘ ਸਰਾਭਾ ਤੇ ਉਸ ਦੇ ਸਾਥੀਆਂ ਅਤੇ ਗ਼ਦਰੀ ਗੁਲਾਬ ਕੌਰ ਦੀ ਅਦੁੱਤੀ ਕੁਰਬਾਨੀ ਨੂੰ ਸਿਜਦਾ ਕੀਤਾ ਗਿਆ।




(ਖੱਬਿਓਂ-ਸੱਜੇ) ਕੁਲਵੰਤ ਸਿੰਘ ਸੰਧੂ, ਡਾ. ਪਰਮਿੰਦਰ ਸਿੰਘ, ਗੁਰਮੀਤ ਸਿੰਘ, ਪ੍ਰੋ. ਗੋਪਾਲ ਸਿੰਘ ਬੁੱਟਰ ਤੇ ਸੀਤਲ ਸਿੰਘ ਸੰਘਾ (ਹੇਠਾਂ) ਅਜਲਾਸ 'ਚ ਸ਼ਾਮਲ ਮੈਂਬਰ।



## ਟਰਾਂਸਪੋਰਟ ਕਾਮਿਆਂ ਨੇ ਹੜਤਾਲ ਵਾਪਸ ਲਈ

**ਪਟਿਆਲਾ** : ਪ੍ਰਾਈਵੇਟ ਕੰਪਨੀਆਂ ਦੀ ਅਜ਼ਾਰੇਦਾਰੀ ਦੀ ਤਰਜਮਾਨੀ ਕਰਦੀ 'ਕਿਲੋਮੀਟਰ ਸਕੀਮ' ਦੇ ਵਿਰੋਧ ਅਤੇ ਹੋਰ ਮੰਗਾਂ ਦੀ ਪੂਰਤੀ ਨੂੰ ਲੈ ਕੇ 'ਪੀ ਆਰ ਟੀ ਸੀ, ਪੰਜਾਬ ਰੋਡਵੇਜ਼ ਅਤੇ ਪਨਬਸ ਕੰਟਰੈਕਟ ਵਰਕਰ ਯੂਨੀਅਨ ਪੰਜਾਬ' ਵੱਲੋਂ ਤਿੰਨ ਦਿਨ ਪਹਿਲਾਂ ਸ਼ੁਰੂ ਕੀਤੀ ਗਈ ਹੜਤਾਲ਼ ਸਮਾਪਤ ਹੋ ਗਈ ਹੈ। ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਦੇ ਨਾਲ ਯੂਨੀਅਨ ਆਗੂਆਂ ਦੀ ਹੋਈ ਮੀਟਿੰਗ ਵਿੱਚ ਸਹਿਮਤੀ ਬਣੀ। ਉਨ੍ਹਾਂ ਕਿਹਾ ਕਿ ਉਹ ਕਿਲੋਮੀਟਰ ਸਕੀਮ ਦੀ ਪ੍ਰਕਿਰਿਆ ਵਿੱਚ ਦਾਖਲ ਨਹੀਂ ਦੇਣਗੇ। ਮੀਟਿੰਗ ਦੌਰਾਨ ਟਰਾਂਸਪੋਰਟ ਕਾਮਿਆਂ ਨੇ ਡਿਸਮਿਸ ਅਤੇ ਮੁਅੱਤਲ ਵਰਕਰਾਂ ਦੀ ਬਹਾਲੀ ਸਮੇਤ ਦਰਜ ਕੇਸ ਵਾਪਸ ਲੈਣ ਦੀ ਵੀ ਮੰਗ ਕੀਤੀ। ਦੱਸ ਦਈਏ ਕਿ ਇਹ ਹੜਤਾਲ ਐਤਵਾਰ ਤੀਜੇ ਦਿਨ ਵੀ ਜਾਰੀ ਰਹੀ ਜਿਸ ਕਾਰਨ ਤੀਜੇ ਦਿਨ ਵੀ ਲੋਕ ਖੱਜਲ-ਖੁਆਰ ਹੋਏ ਸਨ। ਇਹ ਵੱਖਰੀ ਗੱਲ ਹੈ ਕਿ ਸਰਕਾਰ ਵਧੇਰੇ ਬੱਸਾਂ ਚਲਾਉਣ 'ਚ ਕਾਮਯਾਬ ਰਹੀ ਹੈ।

## ਭਾਖੜੇ ਨਾਲੋਂ ਵੱਧ ਬਿਜਲੀ ਪੈਦਾ ਕਰਨ ਵਾਲਾ ਪ੍ਰਾਜੈਕਟ ਪ੍ਰਸਤਾਵਤ



**ਚੰਡੀਗੜ੍ਹ** : ਭਾਖੜਾ ਬਿਆਸ ਪ੍ਰਬੰਧਨ ਬੋਰਡ (ਬੀ ਬੀ ਐੱਮ ਬੀ) ਨੇ ਉੱਤਰੀ ਭਾਰਤ ਵਿੱਚ ਪੀਕ ਪਾਵਰ ਉਪਲੱਬਧਤਾ ਨੂੰ ਮਜ਼ਬੂਤ ਕਰਨ ਲਈ ਹਿਮਾਚਲ ਪ੍ਰਦੇਸ਼ ਦੇ ਊਨਾ ਜ਼ਿਲ੍ਹੇ ਵਿੱਚ ਭਾਖੜਾ ਡੈਮ ਹੈੱਡ ਨੇੜੇ 1,500 ਮੈਗਾਵਾਟ ਦਾ ਇੱਕ ਪੰਪਡ ਸਟੋਰੇਜ ਪਾਵਰ ਪ੍ਰੋਜੈਕਟ ਪ੍ਰਸਤਾਵਤ ਕੀਤਾ ਹੈ। ਇਸ ਦੀ ਉਤਪਾਦਨ ਸਮਰੱਥਾ ਖੁਦ ਭਾਖੜਾ ਡੈਮ ਦੀ ਮੌਜੂਦਾ ਸਮਰੱਥਾ (ਜੋ ਲਗਭਗ 1,379 ਮੈਗਾਵਾਟ ਹੈ) ਤੋਂ ਵੱਧ ਹੋਵੇਗੀ। ਸੂਤਰਾਂ ਮੁਤਾਬਕ ਬੀ ਬੀ ਐੱਮ ਬੀ ਨੇ ਇਸ ਮਹੱਤਵਪੂਰਨ ਪ੍ਰੋਜੈਕਟ ਲਈ ਸ਼ਿਵਾਲਿਕ ਦੀਆਂ ਪਹਾੜੀਆਂ ਵਿੱਚ ਡੋਬਰ ਪਿੰਡ ਦੀ ਪਛਾਣ ਕੀਤੀ ਹੈ। ਇੰਜੀਨੀਅਰਾਂ ਨੇ ਖੇਤਰ ਵਿੱਚ ਇੱਕ ਤੰਗ ਘਾਟੀ ਦੀ ਨਿਸ਼ਾਨਦੇਹੀ ਕੀਤੀ ਹੈ, ਜਿੱਥੇ 2 ਕਰੋੜ ਕਿਊਬਿਕ ਮੀਟਰ ਦਾ ਇੱਕ ਜਲ ਭੰਡਾਰ ਬਣਾਇਆ ਜਾ ਸਕਦਾ ਹੈ। ਇਹ ਪ੍ਰੋਜੈਕਟ ਅਡਵਾਂਸਡ ਰਿਵਰਸੀਬਲ-ਟਰਬਾਈਨ ਤਕਨਾਲੋਜੀ 'ਤੇ ਨਿਰਭਰ ਕਰਦਾ ਹੈ। ਉਹ ਟਰਬਾਈਨਾਂ, ਜੋ ਪਾਣੀ ਨੂੰ ਪੰਪ ਵੀ ਕਰ ਸਕਦੀਆਂ ਹਨ ਅਤੇ ਬਿਜਲੀ ਵੀ ਪੈਦਾ ਕਰ ਸਕਦੀਆਂ ਹਨ। ਪ੍ਰਸਤਾਵਤ ਯੋਜਨਾ ਦੇ ਤਹਿਤ, ਪੀਕ ਸਮੇਂ ਦੌਰਾਨ ਬਿਜਲੀ ਪੈਦਾ ਕਰਨ ਲਈ, ਭਾਖੜਾ ਡੈਮ ਦੀ ਮੌਜੂਦਾ ਗੋਬਿੰਦ ਸਾਗਰ ਝੀਲ ਤੋਂ ਪਾਣੀ ਨੂੰ ਨਵੇਂ ਬਣਾਏ ਗਏ ਡੋਬਰ ਜਲ ਭੰਡਾਰ ਵਿੱਚ ਪੰਪ ਕੀਤਾ ਜਾਵੇਗਾ। ਪੀਕ ਮੰਗ ਦੇ ਸਮੇਂ, ਉਹੀ ਪਾਣੀ ਗੋਬਿੰਦ ਸਾਗਰ ਝੀਲ ਵਿੱਚ ਵਾਪਸ ਛੱਡਿਆ ਜਾਵੇਗਾ, ਜਿਸ ਨਾਲ ਦੁਬਾਰਾ ਬਿਜਲੀ ਪੈਦਾ ਹੋਵੇਗੀ। ਇਹ ਦੋਹਰੇ-ਉਦੇਸ਼ ਵਾਲਾ ਸਿਸਟਮ ਪੀਕ ਮੰਗ ਦੇ ਸਮੇਂ ਊਰਜਾ ਸਪਲਾਈ ਨੂੰ ਸੰਤੁਲਤ ਕਰਨ ਲਈ ਇੱਕ ਕੁਸ਼ਲ ਹੱਲ ਬਣ ਜਾਂਦਾ ਹੈ।

ਬੀ ਬੀ ਐੱਮ ਬੀ ਦੇ ਅਧਿਕਾਰੀਆਂ ਮੁਤਾਬਕ ਕਿ ਇਹ ਤਕਨਾਲੋਜੀ, ਭਾਵੇਂ ਉੱਤਰੀ ਭਾਰਤ ਲਈ ਨਵੀਂ ਹੈ, ਪਰ ਦੇਸ਼ ਲਈ ਪੂਰੀ ਤਰ੍ਹਾਂ ਅਣਜਾਣ ਨਹੀਂ ਹੈ। ਇਸੇ ਤਰ੍ਹਾਂ ਦਾ ਇੱਕ ਪੰਪਡ-ਸਟੋਰੇਜ ਮਾਡਲ ਪੱਛਮੀ ਬੰਗਾਲ ਦੇ ਪੁਰੂਲੀਆ ਡੈਮ ਵਿਖੇ ਕਾਰਜਸ਼ੀਲ ਹੈ। ਸੂਬਿਆਂ ਵਿੱਚ ਸੂਰਜੀ ਊਰਜਾ 'ਤੇ ਵਧਦੀ ਨਿਰਭਰਤਾ ਦੇ ਨਾਲ, ਉੱਤਰੀ ਗਰਿੱਡ ਨੂੰ ਸਵੇਰ ਅਤੇ ਸ਼ਾਮ ਦੀ ਪੀਕ ਮੰਗ ਨੂੰ ਪੂਰਾ ਕਰਨ ਵਿੱਚ ਮਹੱਤਵਪੂਰਨ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਪ੍ਰਸਤਾਵਤ 1500 ਮੈਗਾਵਾਟ ਪ੍ਰੋਜੈਕਟ ਤੋਂ ਉਮੀਦ ਹੈ ਕਿ ਇਹ ਸਵੇਰ ਅਤੇ ਸ਼ਾਮ ਦੇ ਪੀਕ ਸਮੇਂ ਦੌਰਾਨ ਲਗਭਗ ਪੰਜ ਘੰਟੇ ਕੰਮ ਕਰਕੇ ਇਸ ਕਮੀ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪੂਰਾ ਕਰੇਗਾ।

ਬੀ ਬੀ ਐੱਮ ਬੀ ਦੇ ਪੂਰੇ ਬੋਰਡ ਨੇ 2024 ਵਿੱਚ ਇਸ ਸੰਕਲਪ ਨੂੰ ਮਨਜ਼ੂਰੀ ਦੇ ਦਿੱਤੀ ਸੀ। ਉਦੋਂ ਤੋਂ ਸੰਸਥਾ ਨੇ ਵਿਸਤ੍ਰਤ ਪ੍ਰੋਜੈਕਟ ਰਿਪੋਰਟ (ਡੀ ਪੀ ਆਰ) ਤਿਆਰ ਕਰਨ ਲਈ ਸਲਾਹਕਾਰਾਂ ਦੀ ਚੋਣ ਲਈ ਟੈਂਡਰ ਪ੍ਰਕਿਰਿਆ ਪਹਿਲਾਂ ਹੀ ਪੂਰੀ ਕਰ ਲਈ ਹੈ। ਇੱਕ ਵਾਰ ਜਦੋਂ ਡੀ ਪੀ ਆਰ ਨੂੰ ਅੰਤਮ ਰੂਪ ਦੇ ਦਿੱਤਾ ਜਾਂਦਾ ਹੈ, ਤਾਂ ਪ੍ਰੋਜੈਕਟ ਨੂੰ ਕੇਂਦਰੀ ਵਾਤਾਵਰਣ ਅਤੇ ਜੰਗਲਾਤ ਮੰਤਰਾਲੇ ਤੋਂ ਲਾਜ਼ਮੀ ਵਾਤਾਵਰਣ ਪ੍ਰਵਾਨਗੀਆਂ ਦੀ ਲੋੜ ਹੋਵੇਗੀ।

## ਪਤੰਜਲੀ ਨੂੰ ਘਟੀਆ ਘਿਓ ਵੇਚਣ 'ਤੇ ਜੁਰਮਾਨਾ

**ਚੰਡੀਗੜ੍ਹ** : ਬਾਬਾ ਰਾਮਦੇਵ ਵੱਲੋਂ ਸਥਾਪਤ ਵਪਾਰਕ ਭੋਜਨ ਅਤੇ ਖਪਤਕਾਰ ਵਸਤੂਆਂ ਦੀ ਫਰਮ ਪਤੰਜਲੀ ਆਯੁਰਵੇਦ ਲਿਮਟਿਡ ਅਤੇ ਇਸ ਨਾਲ ਜੁੜੇ ਦੋ ਕਾਰੋਬਾਰਾਂ 'ਤੇ ਉੱਤਰਾਖੰਡ ਦੇ ਫੂਡ ਸੇਫਟੀ ਅਤੇ ਡਰੱਗ ਐਡਮਨਿਸਟਰੇਸ਼ਨ ਵੱਲੋਂ ਸਾਂਝੇ ਤੌਰ 'ਤੇ 1.4 ਲੱਖ ਰੁਪਏ ਦਾ ਜੁਰਮਾਨਾ ਲਗਾਇਆ ਗਿਆ ਹੈ, ਕਿਉਂਕਿ ਪਤੰਜਲੀ ਦਾ ਗਊ ਘਿਓ ਵਾਰ-ਵਾਰ ਫੂਡ ਸੇਫਟੀ ਟੈਸਟਾਂ ਵਿੱਚ ਫੇਲ੍ਹ ਹੋ ਗਿਆ। ਅਕਤੂਬਰ 2020 ਵਿੱਚ ਇੱਕ ਰੁਟੀਨ ਜਾਂਚ ਦੌਰਾਨ ਇਕੱਠੇ ਕੀਤੇ ਗਏ ਨਮੂਨਿਆਂ ਦੀ ਜਾਂਚ ਰੁਦਰਪੁਰ ਵਿੱਚ ਰਾਜ ਦੀ ਪ੍ਰਯੋਗਸ਼ਾਲਾ ਅਤੇ ਗਾਜ਼ੀਆਬਾਦ ਵਿੱਚ ਨੈਸ਼ਨਲ ਫੂਡ ਲੈਬੋਰੇਟਰੀ ਦੋਵਾਂ ਵਿੱਚ ਕੀਤੀ ਗਈ। ਰਿਪੋਰਟਾਂ ਅਨੁਸਾਰ ਦੋਵਾਂ ਮਾਮਲਿਆਂ ਵਿੱਚ ਨਤੀਜਿਆਂ ਨੇ ਦਰਸਾਇਆ ਕਿ ਵਸਤੂਆਂ ਘਟੀਆ ਗੁਣਵੱਤਾ ਦੀਆਂ ਸਨ ਅਤੇ ਖਪਤ ਲਈ ਸੰਭਾਵੀ ਤੌਰ 'ਤੇ ਨੁਕਸਾਨਦੇਹ ਸਨ। ਰਿਪੋਰਟਾਂ ਦੀ ਸਮੀਖਿਆ ਕਰਨ ਤੋਂ ਬਾਅਦ ਮਾਮਲਾ ਫਰਵਰੀ 2022 ਵਿੱਚ ਐਡਜੂਡੀਕੇਟਿੰਗ ਅਫ਼ਸਰ ਪਿਥੌਰਾਗੜ੍ਹ ਅੱਗੇ ਪੇਸ਼ ਕੀਤਾ ਗਿਆ, ਜਿਸ ਨੇ ਪਤੰਜਲੀ 'ਤੇ 1 ਲੱਖ ਰੁਪਏ, ਡਿਸਟਰੀਬਿਊਟਰ 'ਤੇ 25,000 ਰੁਪਏ ਅਤੇ ਰਿਟੇਲਰ 'ਤੇ 15,000 ਰੁਪਏ ਦਾ ਜੁਰਮਾਨਾ ਲਗਾਇਆ। 2020 ਵਿੱਚ ਪਿਥੌਰਾਗੜ੍ਹ ਜ਼ਿਲ੍ਹੇ ਦੇ ਕਾਸਨੀ ਖੇਤਰ ਵਿੱਚ ਇੱਕ ਜਨਰਲ ਸਟੋਰ ਤੋਂ ਇੱਕ ਰੁਟੀਨ ਜਾਂਚ ਦੌਰਾਨ ਘਿਓ ਦਾ ਨਮੂਨਾ ਇਕੱਠਾ ਕੀਤਾ ਗਿਆ ਸੀ। ਰੁਦਰਪੁਰ ਦੀ ਲੈਬ ਦੀ ਜਾਂਚ ਰਿਪੋਰਟ ਵਿੱਚ ਖੁਲਾਸਾ ਹੋਇਆ ਕਿ ਘਿਓ ਨਿਰਧਾਰਤ ਭੋਜਨ ਸੁਰੱਖਿਆ ਮਾਪਦੰਡਾਂ 'ਤੇ ਖਰਾ ਨਹੀਂ ਉਤਰਿਆ ਅਤੇ ਇਸ ਦੀ ਖਪਤ ਲੋਕਾਂ ਦੀ ਸਿਹਤ 'ਤੇ ਮਾੜਾ ਪ੍ਰਭਾਵ ਪਾ ਸਕਦੀ ਹੈ।

ਰੁਦਰਪੁਰ ਲੈਬ ਦੀਆਂ ਖੋਜਾਂ ਤੋਂ ਬਾਅਦ 2021 ਵਿੱਚ ਅਧਿਕਾਰੀਆਂ ਵੱਲੋਂ ਪਤੰਜਲੀ ਨੂੰ ਇੱਕ ਨੋਟਿਸ ਜਾਰੀ ਕੀਤਾ ਗਿਆ ਸੀ। ਕੁਝ ਦੇਰੀ ਤੋਂ ਬਾਅਦ ਪਤੰਜਲੀ ਦੇ ਨੁਮਾਇੰਦਿਆਂ ਨੇ ਖੁਦ ਇੱਕ ਕੇਂਦਰੀ ਪ੍ਰਯੋਗਸ਼ਾਲਾ ਵਿੱਚ ਨਮੂਨੇ ਦੀ ਮੁੜ ਜਾਂਚ ਲਈ ਬੇਨਤੀ ਕੀਤੀ ਸੀ।

## ਭਾਜਪਾ ਮੰਤਰੀਆਂ ਦੇ ਪ੍ਰਵਚਨ

**ਮੁੰਬਈ** : ਮਹਾਰਾਸ਼ਟਰ ਦੇ ਭਾਜਪਾ ਮੰਤਰੀ ਜੈਕੁਮਾਰ ਗੋਰੇ ਨੇ ਸਨਿੱਚਰਵਾਰ ਸੋਲਾਪੁਰ ਵਿੱਚ ਲੋਕਲ ਬਾਡੀਜ਼ ਚੋਣਾਂ ਲਈ ਇੱਕ ਇਕੱਠ ਵਿੱਚ 'ਮੁੱਖ ਮੰਤਰੀ ਮਾਝੀ ਲਾਡਕੀ ਬਹਿਨ ਯੋਜਨਾ' ਦਾ ਹਵਾਲਾ ਦਿੰਦਿਆਂ ਬੀਬੀਆਂ ਨੂੰ ਸਲਾਹ ਦਿੱਤੀ ਕਿ ਉਹ ਜਿਹੜਾ ਵੀ ਪੈਸੇ ਦਿੰਦਾ ਹੈ, ਉਸ ਤੋਂ ਲੈ ਲੈਣ, ਪਰ ਵਫਾਦਾਰ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਦਾ ਰਹਿਣ। ਉਸ ਨੇ ਕਿਹਾ, 'ਤੁਹਾਨੂੰ ਆਪਣੇ ਪਤੀਆਂ ਤੋਂ ਵੀ 100 ਰੁਪਏ ਨਹੀਂ ਮਿਲਦੇ ਹੋਣੇ। ਦੇਵਭਾਊ (ਫੜਨਵੀਸ) 'ਲਾਡਕੀ ਬਹਿਨ ਯੋਜਨਾ' ਤਹਿਤ ਤੁਹਾਨੂੰ 1500 ਰੁਪਏ ਦੇ ਰਹੇ ਹਨ। ਜੇ ਉਹ ਸੱਤਾ ਵਿੱਚ ਨਾ ਰਹੇ ਤਾਂ ਤੁਹਾਡੇ ਖਾਤਿਆਂ 'ਚ ਪੈਸੇ ਆਉਣੇ ਬੰਦ ਹੋ ਜਾਣਗੇ।

ਉੱਧਰ ਜੈਪੁਰ 'ਚ ਰਾਜਸਥਾਨ ਦੇ ਸਿੱਖਿਆ ਮੰਤਰੀ ਮਦਨ ਦਿਲਾਵਰ ਨੇ ਬਾਬਰੀ ਮਸਜਿਦ ਢਾਹੁਣ ਵਾਲੇ ਦਿਨ 6 ਦਸੰਬਰ ਨੂੰ ਸਰਕਾਰੀ ਤੇ ਨਿੱਜੀ ਸਕੂਲਾਂ ਵਿੱਚ ਸ਼ੌਰਿਆ ਦਿਵਸ ਮਨਾਉਣ ਦਾ ਹੁਕਮ 12 ਘੰਟੇ ਬਾਅਦ ਹੀ ਐਤਵਾਰ ਵਾਪਸ ਲੈ ਲਿਆ।

ਅਲੋਚਨਾ ਹੋਣ 'ਤੇ ਮੰਤਰੀ ਨੇ ਬੈਕ ਮਾਰਦਿਆਂ ਕਿਹਾ ਕਿ ਪੰਜ ਤੇ ਛੇ ਦਸੰਬਰ ਨੂੰ ਪ੍ਰੀਖਿਆਵਾਂ ਸ਼ੁਰੂ ਹੋਣ ਕਰਕੇ ਸ਼ੌਰਿਆ ਦਿਵਸ ਮੁਲਤਵੀ ਕਰਨਾ ਪਿਆ ਹੈ।

## ਮਾਨ ਅੱਜ ਤੋਂ ਜਾਪਾਨ ਦੌਰੇ 'ਤੇ



**ਚੰਡੀਗੜ੍ਹ** : ਮੁੱਖ ਮੰਤਰੀ ਭਗਵੰਤ ਮਾਨ ਪਹਿਲੀ ਤੋਂ 10 ਦਸੰਬਰ ਤੱਕ ਜਾਪਾਨ ਦੌਰੇ 'ਤੇ ਰਹਿਣਗੇ, ਜਿੱਥੇ ਉਹ ਵੱਡੀਆਂ ਕੰਪਨੀਆਂ ਨੂੰ ਪੰਜਾਬ 'ਚ ਨਿਵੇਸ਼ ਦਾ ਸੱਦਾ ਦੇਣਗੇ। ਉਨ੍ਹਾ ਨਾਲ ਉਦਯੋਗ ਤੇ ਬਿਜਲੀ ਮੰਤਰੀ ਸੰਜੀਵ ਅਰੋੜਾ, ਮੁੱਖ ਸਕੱਤਰ ਕੇ ਏ ਪੀ ਸਿਨਹਾ ਤੇ ਹੋਰ ਅਧਿਕਾਰੀ ਵੀ ਸ਼ਾਮਲ ਹੋਣਗੇ। ਮਾਨ ਟੋਕੀਓ ਤੇ ਸਪੋਰੋ 'ਚ ਇੰਡਸਟਰੀ ਦੇ ਵੱਡੇ ਨਾਵਾਂ ਨਾਲ ਮੀਟਿੰਗ ਕਰਨਗੇ। ਨਾਲ ਹੀ ਉਨ੍ਹਾ ਨੂੰ 13 ਤੋਂ 15 ਮਾਰਚ ਨੂੰ ਹੋਣ ਵਾਲੀ ਛੇਵੀਂ ਪ੍ਰੋਗਰੈਸਿਵ ਪੰਜਾਬ ਇਨਵੈਸਟਰਜ਼ ਸਮਿਟ 'ਚ ਸ਼ਾਮਲ ਹੋਣ ਲਈ ਸੱਦਾ ਵੀ ਦੇਣਗੇ।

## ਐੱਸ ਆਈ ਆਰ ਦੀ ਸਮਾਂ-ਸੀਮਾ ਵਧਾਈ

**ਨਵੀਂ ਦਿੱਲੀ** : ਭਾਰਤੀ ਚੋਣ ਕਮਿਸ਼ਨ ਨੇ 12 ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿਚ ਵੋਟਰ ਸੂਚੀਆਂ ਦੇ ਚੱਲ ਰਹੇ ਵਿਸ਼ੇਸ਼ ਤੀਬਰ ਸੋਧ (ਐੱਸ ਆਈ ਆਰ) ਲਈ ਇਕ ਸੋਧੀ ਹੋਈ ਸਮਾਂ-ਸਾਰਨੀ ਦਾ ਐਲਾਨ ਕੀਤਾ ਹੈ, ਜਿਸ ਵਿਚ ਕਈ ਮੁੱਖ ਸਮਾਂ-ਸੀਮਾਵਾਂ ਨੂੰ ਇਕ ਹਫ਼ਤੇ ਤੱਕ ਵਧਾ ਦਿੱਤਾ ਗਿਆ ਹੈ। ਚੋਣ ਕਮਿਸ਼ਨ ਨੇ ਇਕ ਪ੍ਰੈੱਸ ਕਾਨਫਰੰਸ ਵਿਚ ਇਹ ਜਾਣਕਾਰੀ ਦਿੱਤੀ। ਸੋਧੀ ਸਮਾਂ-ਸੀਮਾ ਤਹਿਤ ਨਾਮਜ਼ਦਗੀ ਲਈ ਯੋਗਤਾ 1 ਜਨਵਰੀ, 2026 ਤੱਕ ਵਧਾ ਦਿੱਤੀ ਗਈ ਹੈ। ਅੰਤਮ ਵੋਟਰ ਸੂਚੀ, ਜੋ ਪਹਿਲਾਂ 7 ਫਰਵਰੀ, 2026 ਨੂੰ ਪ੍ਰਕਾਸ਼ਤ ਹੋਣੀ ਸੀ, ਹੁਣ 14 ਫਰਵਰੀ, 2026 ਨੂੰ ਜਾਰੀ ਕੀਤੀ ਜਾਵੇਗੀ। ਗਣਨਾ ਦੀ ਮਿਆਦ 11 ਦਸੰਬਰ ਤੱਕ ਵਧਾ ਦਿੱਤੀ ਗਈ ਹੈ, ਜਦੋਂ ਕਿ ਪੋਲਿੰਗ ਸਟੇਸ਼ਨਾਂ ਦੀ ਤਰਕਸੰਗਕਤਾ ਅਤੇ ਪੁਨਰਗਠਨ ਵੀ ਉਸੇ ਦਿਨ ਕੀਤਾ ਜਾਵੇਗਾ। ਕੰਟਰੋਲ ਟੇਬਲ ਦਾ ਅੱਪਡੇਟ ਅਤੇ ਡਰਾਫਟ ਸੂਚੀ ਦੀ ਤਿਆਰੀ 12 ਦਸੰਬਰ ਨੂੰ ਹੋਵੇਗੀ, ਜਿਸ ਦੇ ਨਾਲ ਡਰਾਫਟ ਵੋਟਰ ਸੂਚੀ 16 ਦਸੰਬਰ ਨੂੰ ਪ੍ਰਕਾਸ਼ਤ ਹੋਵੇਗੀ। 16 ਦਸੰਬਰ ਤੋਂ 15 ਜਨਵਰੀ, 2026 ਤੱਕ ਦਾਅਵਿਆਂ ਅਤੇ ਇਤਰਾਜ਼ਾਂ ਨੂੰ ਦਾਇਰ ਕਰਨ ਲਈ ਸੋਧਿਆ ਸਮਾਂ ਹੋਵੇਗਾ ਅਤੇ ਨੋਟਿਸ ਪੜਾਅ (ਜਾਰੀ, ਸੁਣਵਾਈ ਤਸਦੀਕ) ਗਣਨਾ ਫਾਰਮਾਂ 'ਤੇ ਫੈਸਲਾ ਅਤੇ ਈ ਆਰ ਓ ਐੱਸ ਵੱਲੋਂ ਇੱਕੋ ਸਮੇਂ ਕੀਤੇ ਜਾਣ ਵਾਲੇ ਦਾਅਵਿਆਂ ਅਤੇ ਇਤਰਾਜ਼ਾਂ ਦਾ ਨਿਪਟਾਰਾ 16 ਦਸੰਬਰ ਤੋਂ 7 ਫਰਵਰੀ, 2026 ਤੱਕ ਹੋਵੇਗਾ। 10 ਫਰਵਰੀ, 2026 ਨੂੰ ਵੋਟਰ ਸੂਚੀਆਂ ਦੇ ਸਿਹਤ ਮਾਪਦੰਡਾਂ ਦੀ ਜਾਂਚ ਕੀਤੀ ਜਾਵੇਗੀ ਅਤੇ ਅੰਤਮ ਪ੍ਰਕਾਸ਼ਨ ਲਈ ਕਮਿਸ਼ਨ ਦੀ ਇਜਾਜ਼ਤ ਪ੍ਰਾਪਤ ਕੀਤੀ ਜਾਵੇਗੀ, ਜੋ 14 ਫਰਵਰੀ ਨੂੰ ਨਿਰਧਾਰਤ ਹੈ।

## ਅਸ਼ੋਕ ਕੌਸ਼ਲ ਸੀ ਪੀ ਆਈ ਫਰੀਦਕੋਟ ਦੇ ਮੁੜ ਜ਼ਿਲ੍ਹਾ ਸਕੱਤਰ ਬਣੇ

### • ਸਰਬਸੰਮਤੀ ਨਾਲ 27 ਮੈਂਬਰੀ ਜ਼ਿਲ੍ਹਾ ਕੌਂਸਲ ਦਾ ਗਠਨ • ਫਰੀਦਕੋਟ ਦੇ ਆਗੂਆਂ ਨੇ ਪਾਰਟੀ ਨੂੰ ਸੰਘਰਸ਼ਸ਼ੀਲ ਲੀਹਾਂ 'ਤੇ ਪਾਇਆ : ਅਰਸ਼ੀ



**ਫਰੀਦਕੋਟ (ਐਲਿਗਜੈਂਡਰ ਡਿਸੂਜ਼ਾ)**

ਭਾਰਤੀ ਕਮਿਊਨਿਸਟ ਪਾਰਟੀ (ਸੀ.ਪੀ.ਆਈ.) ਜ਼ਿਲ੍ਹਾ ਫਰੀਦਕੋਟ ਦੀ ਤਿੰਨ-ਸਾਲਾ ਜ਼ਿਲ੍ਹਾ ਕਾਨਫਰੰਸ ਸਥਾਨਕ ਸ਼ਹੀਦ ਕਾਮਰੇਡ ਅਮੋਲਕ ਭਵਨ ਵਿਖੇ ਉਤਸ਼ਾਹ ਨਾਲ ਸੰਪੰਨ ਹੋਈ।ਕਾਨਫਰੰਸ ਦੌਰਾਨ ਸਰਬਸੰਮਤੀ ਨਾਲ 27 ਮੈਂਬਰੀ ਜ਼ਿਲ੍ਹਾ ਕੌਂਸਲ ਦੀ ਨਵੀਂ ਚੋਣ ਕੀਤੀ ਗਈ, ਜਦੋਂਕਿ ਅਸ਼ੋਕ ਕੌਸ਼ਲ ਨੂੰ ਦੂਜੀ ਵਾਰ ਜ਼ਿਲ੍ਹਾ ਸਕੱਤਰ ਚੁਣਿਆ ਗਿਆ ਹੈ।

ਕਾਨਫਰੰਸ ਦੀ ਨਿਗਰਾਨੀ ਸੂਬਾ ਸਕੱਤਰੇਤ ਮੈਂਬਰ ਬੀਬੀ ਦੇਵੀ ਕੁਮਾਰੀ ਤੇ ਪਾਰਟੀ ਦੇ ਕੇਂਦਰੀ ਕੰਟਰੋਲ ਕਮਿਸ਼ਨ ਮੈਂਬਰ ਤੇ ਸਾਬਕਾ ਵਿਧਾਇਕ ਕਾਮਰੇਡ ਹਰਦੇਵ ਸਿੰਘ ਅਰਸ਼ੀ ਨੇ ਕੀਤੀ।ਪ੍ਰਧਾਨਗੀ ਮੰਡਲ ਵਿੱਚ ਕਾਮਰੇਡ ਗੁਰਨਾਮ ਸਿੰਘ ਮਾਨੀ ਸਿੰਘ ਵਾਲਾ, ਗੋਰਾ ਪਿਪਲੀ, ਸੁਖਜਿੰਦਰ ਸਿੰਘ ਤੂੰਬੜਭੰਨ, ਮਨਜੀਤ ਕੌਰ ਨੱਥੇ ਵਾਲਾ ਤੇ ਸ਼ਸ਼ੀ ਸ਼ਰਮਾ ਸ਼ਾਮਲ ਸਨ।

ਕਾਨਫਰੰਸ ਦੀ ਸ਼ੁਰੂਆਤ ਬਜ਼ੁਰਗ ਕਾਮਰੇਡ ਸੁਖਦਰਸ਼ਨ ਸ਼ਰਮਾ ਵੱਲੋਂ ਪਾਰਟੀ ਦਾ ਝੰਡਾ ਲਹਿਰਾਉਣ ਤੇ ਜੋਸ਼ ਭਰਪੂਰ ਨਾਅਰਿਆਂ ਨਾਲ ਕੀਤੀ ਗਈ।ਸਾਥੀ ਹਰਪਾਲ ਸਿੰਘ ਮਚਾਕੀ ਨੇ ਵਿੱਛੜੇ ਸਾਥੀਆਂ ਨੂੰ ਸ਼ੋਕ ਮਤੇ ਰਾਹੀਂ ਸ਼ਰਧਾਂਜਲੀ ਭੇਟ ਕਰਦਿਆਂ ਦੋ ਮਿੰਟ ਦਾ ਮੌਨ ਧਾਰਨ ਕਰਵਾਇਆ।

ਨਿਗਰਾਨ ਵਜੋਂ ਪਹੁੰਚੇ ਬੀਬੀ ਦੇਵੀ ਕੁਮਾਰੀ ਨੇ ਉਦਘਾਟਨੀ ਭਾਸ਼ਣ ਵਿੱਚ ਕਿਹਾ ਕਿ ਕਮਿਊਨਿਸਟ ਪਾਰਟੀ ਇੱਕ ਜਮਹੂਰੀ ਪਾਰਟੀ ਹੈ, ਜਿਸ ਵਿੱਚ ਹਰ ਤਿੰਨ ਸਾਲ ਬਾਅਦ ਵਿਚਾਰ-ਵਟਾਂਦਰੇ ਉਪਰੰਤ ਮਿਹਨਤਕਸ਼ ਲੋਕਾਂ ਲਈ ਸੰਘਰਸ਼ ਕਰਨ ਵਾਲੇ ਆਗੂਆਂ ਨੂੰ ਜ਼ਿੰਮੇਵਾਰੀ ਸੌਂਪੀ ਜਾਂਦੀ ਹੈ।ਉਪਰੰਤ ਜ਼ਿਲ੍ਹਾ ਸਕੱਤਰ ਅਸ਼ੋਕ ਕੌਸ਼ਲ ਨੇ ਪਿਛਲੇ ਤਿੰਨ ਸਾਲਾਂ ਦੀ ਕਾਰਗੁਜ਼ਾਰੀ ਰਿਪੋਰਟ ਪੇਸ਼ ਕੀਤੀ।ਰਿਪੋਰਟ ਵਿੱਚ ਪੰਜਾਬ ਖੇਤ ਮਜ਼ਦੂਰ ਸਭਾ ਦੀ ਸੂਬਾ ਕਾਨਫਰੰਸ ਫਰੀਦਕੋਟ ਵਿੱਚ ਕਰਵਾਉਣ, ਲੋਕ ਸਭਾ ਚੋਣਾਂ ਦੌਰਾਨ ਪਾਰਟੀ ਉਮੀਦਵਾਰ ਦੇ ਹੱਕ ਵਿੱਚ ਸਰਗਰਮੀ ਤੇ ਕੌਮੀ ਮਹਾਂ-ਸੰਮੇਲਨ ਵਿੱਚ ਜ਼ਿਲ੍ਹੇ ਦੇ ਯੋਗਦਾਨ ਨੂੰ ਪ੍ਰਮੁੱਖਤਾ ਨਾਲ ਉਭਾਰਿਆ ਗਿਆ।ਰਿਪੋਰਟ ਉੱਤੇ ਸੁਖਜਿੰਦਰ ਸਿੰਘ ਤੂੰਬੜਭੰਨ, ਪ੍ਰੇਮ ਚਾਵਲਾ, ਰਾਮ ਸਿੰਘ ਚੈਨਾ, ਗੋਰਾ ਪਿਪਲੀ, ਰੇਸ਼ਮ ਸਿੰਘ ਵਾਂਦਰ ਜਟਾਣਾ ਤੇ ਹਰਪਾਲ ਸਿੰਘ ਮਚਾਕੀ ਸਮੇਤ ਕਈ ਸਾਥੀਆਂ ਨੇ ਬਹਿਸ ਵਿੱਚ ਹਿੱਸਾ ਲਿਆ।ਰਿਪੋਰਟ ਨੂੰ ਸਰਬਸੰਮਤੀ ਨਾਲ ਪ੍ਰਵਾਨ ਕਰਨ ਤੋਂ ਬਾਅਦ 27 ਮੈਂਬਰੀ ਜ਼ਿਲ੍ਹਾ ਕੌਂਸਲ ਲਈ ਪੈਨਲ ਪੇਸ਼ ਕੀਤਾ ਗਿਆ, ਜਿਸ ਨੂੰ ਵੀ ਸਰਬਸੰਮਤੀ ਨਾਲ ਪ੍ਰਵਾਨ ਕਰ ਲਿਆ ਗਿਆ।ਨਵੀਂ ਚੁਣੀ ਜ਼ਿਲ੍ਹਾ ਕੌਂਸਲ ਨੇ ਮੌਕੇ 'ਤੇ ਹੀ ਮੀਟਿੰਗ ਕਰਕੇ ਸਰਬਸੰਮਤੀ ਨਾਲ ਅਸ਼ੋਕ ਕੌਸ਼ਲ ਨੂੰ ਦੂਜੀ ਵਾਰ ਜ਼ਿਲ੍ਹਾ ਸਕੱਤਰ ਚੁਣਿਆ।ਇਸ ਤੋਂ ਇਲਾਵਾ ਗੁਰਨਾਮ ਸਿੰਘ ਸਰਪੰਚ ਤੇ ਪ੍ਰੇਮ ਚਾਵਲਾ ਨੂੰ ਸਹਾਇਕ ਸਕੱਤਰ ਅਤੇ ਗੁਰਚਰਨ ਸਿੰਘ ਮਾਨ ਨੂੰ ਕੈਸ਼ੀਅਰ ਦੇ ਅਹੁਦਿਆਂ ਲਈ ਚੁਣਿਆ ਗਿਆ।

ਇਸ ਮੌਕੇ ਡੈਲੀਗੇਟਾਂ ਨੂੰ ਸੰਬੋਧਨ ਕਰਦਿਆਂ ਕਾਮਰੇਡ ਹਰਦੇਵ ਸਿੰਘ ਅਰਸ਼ੀ ਨੇ ਕਿਹਾ ਕਿ ਜਿਵੇਂ ਫਰੀਦਕੋਟ ਦੇ ਆਗੂਆਂ ਨੇ ਪਿਛਲੇ ਤਿੰਨ ਸਾਲਾਂ ਦੌਰਾਨ ਪਾਰਟੀ ਨੂੰ ਖੜੋਤ 'ਚੋਂ ਕੱਢ ਕੇ ਸੰਘਰਸ਼ਸ਼ੀਲ ਲੀਹ 'ਤੇ ਪਾਇਆ ਹੈ, ਉਹ ਆਸ ਕਰਦੇ ਹਨ ਕਿ ਅਗਲੇ ਤਿੰਨ ਸਾਲ ਵੀ ਉਹ ਇਸੇ ਜੁਝਾਰੂ ਭਾਵਨਾ ਨਾਲ ਮਿਹਨਤਕਸ਼ ਜਮਾਤ ਦੇ ਹਰ ਸੰਘਰਸ਼ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਂਦੇ ਰਹਿਣਗੇ।

ਇਸ ਮੌਕੇ ਜ਼ਿਲ੍ਹਾ ਸਕੱਤਰ ਅਸ਼ੋਕ ਕੌਸ਼ਲ ਨੇ ਦੂਜੀ ਵਾਰ ਉਨ੍ਹਾਂ ਵਿੱਚ ਭਰੋਸਾ ਪ੍ਰਗਟਾਉਣ ਲਈ ਸਮੂਹ ਪਾਰਟੀ ਵਰਕਰਾਂ ਤੇ ਸੂਬਾਈ ਆਗੂਆਂ ਦਾ ਧੰਨਵਾਦ ਕੀਤਾ।ਇਸ ਮੌਕੇ ਪਾਰਟੀ ਪ੍ਰਤੀ ਵਡਮੁੱਲੀਆਂ ਸੇਵਾਵਾਂ ਲਈ ਤਿੰਨ ਬਜ਼ੁਰਗ ਆਗੂਆਂ ਸੁਖਦਰਸ਼ਨ ਰਾਮ, ਜਗਤਾਰ ਸਿੰਘ ਭਾਣਾ ਤੇ ਕਾਮਰੇਡ ਸ਼ਾਮ ਸੁੰਦਰ ਸਮੇਤ ਸੂਬਾਈ ਆਗੂਆਂ ਨੂੰ ਲੋਈ ਭੇਟ ਕਰਕੇ ਸਨਮਾਨਤ ਕੀਤਾ ਗਿਆ।

ਕਾਨਫਰੰਸ ਵਿੱਚ ਇੱਕ ਮਤਾ ਪਾਸ ਕਰਕੇ ਜ਼ਿਲ੍ਹਾ ਪੁਲਸ ਪ੍ਰਸ਼ਾਸਨ ਤੋਂ ਪਿੰਡ ਦੀਪ ਸਿੰਘ ਵਾਲਾ ਦੇ ਮਜ਼ਦੂਰ ਜਸਵਿੰਦਰ ਸਿੰਘ ਦੇ ਮਾਮਲੇ ਵਿੱਚ ਤੁਰੰਤ ਕਾਰਵਾਈ ਦੀ ਮੰਗ ਕੀਤੀ

• ਬਾਕੀ ਸਫਾ 2 'ਤੇ

## ਬਿਜਲੀ ਮੁਲਾਜ਼ਮਾਂ ਵੱਲੋਂ ਇੰਜੀਨੀਅਰਾਂ ਤੇ ਕਿਸਾਨਾਂ ਦੇ ਸੰਘਰਸ਼ ਦੀ ਹਮਾਇਤ



**ਲੁਧਿਆਣਾ** : ਬਿਜਲੀ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਪ੍ਰਮੁੱਖ ਜਥੇਬੰਦੀਆਂ ਪੀ ਐੱਸ ਈ ਬੀ ਇੰਪਲਾਈਜ਼ ਜਾਇੰਟ ਫੋਰਮ, ਬਿਜਲੀ ਮੁਲਾਜ਼ਮ ਏਕਤਾ ਮੰਚ ਪੰਜਾਬ, ਐਸੋਸੀਏਸ਼ਨ ਆਫ ਜੂਨੀਅਰ ਇੰਜੀਨੀਅਰਜ਼, ਗਰਿੱਡ ਸਬ-ਸਟੇਸ਼ਨ ਇੰਪਲਾਈਜ਼ ਯੂਨੀਅਨ, ਪਾਵਰਕਾਮ ਐਂਡ ਟ੍ਰਾਂਸਕੋ ਪੈਨਸ਼ਨਰਜ਼ ਯੂਨੀਅਨ ਪੰਜਾਬ (ਸੰਬੰਧਤ ਏਟਕ), ਪੈਨਸ਼ਨਰ ਵੈੱਲਫੇਅਰ ਫੈਡਰੇਸ਼ਨ (ਪਹਿਲਵਾਨ) ਦੇ ਸੱਦੇ 'ਤੇ ਸ਼ਹੀਦ ਕਰਨੈਲ ਸਿੰਘ ਈਸੜੂ ਭਵਨ ਲੁਧਿਆਣਾ ਵਿਖੇ ਹੋਈ ਮੀਟਿੰਗ ਵਿੱਚ ਪੀ ਐੱਸ ਈ ਬੀ ਇੰਜੀਨੀਅਰਜ਼ ਐਸੋਸੀਏਸ਼ਨ, ਕੁਆਰਡੀਨੇਸ਼ਨ ਕਮੇਟੀ ਆਫ ਪਾਵਰਕਾਮ ਅਤੇ ਟਰਾਂਸਕੋ ਆਊਟਸੋਰਸਡ ਮੁਲਾਜ਼ਮ ਪੰਜਾਬ, ਟੀ ਐੱਸ ਯੂ (ਭੰਗਲ), ਮੁਲਾਜ਼ਮ ਯੂਨਾਈਟਿਡ ਆਰਗੇਨਾਈਜ਼ੇਸ਼ਨ ਆਦਿ ਜਥੇਬੰਦੀਆਂ ਦੇ ਸੂਬਾ ਆਗੂਆਂ ਨੇ ਭਰਵੀਂ ਸ਼ਮੂਲੀਅਤ ਕੀਤੀ। ਮੀਟਿੰਗ ਵਿੱਚ ਹਾਜ਼ਰ ਆਗੂਆਂ ਨੇ ਪੰਜਾਬ ਰੋਡਵੇਜ਼ ਅਤੇ ਪੀ ਆਰ ਟੀ ਸੀ ਅਦਾਰਿਆਂ ਨੂੰ ਕਿਲੋਮੀਟਰ ਸਕੀਮ ਅਧੀਨ ਲਿਆ ਕੇ ਨਿੱਜੀ ਹੱਥਾਂ ਵਿੱਚ ਦੇਣ ਦੇ ਪੰਜਾਬ ਸਰਕਾਰ ਦੇ ਘਟੀਆ ਮਨਸੂਬਿਆਂ ਖਿਲਾਫ਼ ਸੰਘਰਸ਼ ਕਰ ਰਹੇ ਟਰਾਂਸਪੋਰਟ ਕਾਮਿਆਂ ਉਪਰ ਪੰਜਾਬ ਪੁਲਸ ਵੱਲੋਂ ਕੀਤੇ ਵਹਿਸ਼ੀ ਤਸ਼ੱਦਦ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦੇ ਹੋਏ ਗ੍ਰਿਫ਼ਤਾਰ ਕੀਤੇ ਸਾਰੇ ਕਾਮਿਆਂ ਨੂੰ ਤੁਰੰਤ ਰਿਹਾਅ ਕਰਨ ਦੀ ਜ਼ੋਰਦਾਰ ਮੰਗ ਕੀਤੀ। ਮੀਟਿੰਗ ਵਿੱਚ ਫੈਸਲਾ ਕੀਤਾ ਗਿਆ ਕਿ ਬਿਜਲੀ ਸੋਧ ਬਿੱਲ 2025 ਦੇ ਘਾਤਕ ਖਰੜੇ ਖਿਲਾਫ਼ ਸੰਯੁਕਤ ਕਿਸਾਨ ਮੋਰਚੇ ਦੇ ਸੂਬਾ ਪੱਧਰੀ

• ਬਾਕੀ ਸਫਾ 2 'ਤੇ

## ਸ਼ਰਾਬ ਕਾਰੋਬਾਰੀ ਹਰਪ੍ਰੀਤ ਗੁਲਾਟੀ ਗ੍ਰਿਫਤਾਰ

**ਚੰਡੀਗੜ੍ਹ** : ਵਿਜੀਲੈਂਸ ਬਿਊਰੋ ਨੇ ਸਾਬਕਾ ਮੰਤਰੀ ਤੇ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਦੇ ਕਰੀਬੀ ਦੱਸੇ ਜਾਂਦੇ ਸ਼ਰਾਬ ਕਾਰੋਬਾਰੀ ਹਰਪ੍ਰੀਤ ਸਿੰਘ ਗੁਲਾਟੀ ਨੂੰ ਗ੍ਰਿਫਤਾਰ ਕੀਤਾ ਹੈ। ਵਿਜੀਲੈਂਸ ਦੇ ਬੁਲਾਰੇ ਨੇ ਦੱਸਿਆ ਕਿ ਸ਼ਰਾਬ ਕੰਪਨੀ ਆਕਾਸ਼ ਸਪ੍ਰੀਤੀ, ਯੂ ਵੀ ਐਂਟਰਪ੍ਰਾਈਜ਼, ਏ ਡੀ ਐਂਟਰਪ੍ਰਾਈਜਿਜ਼ ਰਾਹੀਂ ਪੈਸੇ ਦੇ ਲੈਣ-ਦੇਣ ਦਾ ਇਹ ਮਾਮਲਾ ਹੈ। ਉਸ ਮੁਤਾਬਕ ਗੁਲਾਟੀ ਰਾਹੀਂ ਸਾਬਕਾ ਮੰਤਰੀ ਨੇ ਸ਼ਿਮਲਾ ਤੇ ਦਿੱਲੀ ਵਿਖੇ ਜਾਇਦਾਦ ਬਣਾਈ ਸੀ। ਵਿਜੀਲੈਂਸ ਨੇ ਗੁਲਾਟੀ ਨੂੰ ਮੁਹਾਲੀ ਦੀ ਅਦਾਲਤ ਵਿੱਚ ਪੇਸ਼ ਕਰਕੇ ਛੇ ਦਿਨਾਂ ਦਾ ਰਿਮਾਂਡ ਵੀ ਹਾਸਲ ਕਰ ਲਿਆ ਹੈ।

## ਕੈਪਟਨ ਵੱਲੋਂ ਅਕਾਲੀਆਂ ਨਾਲ ਗੱਠਜੋੜ ਦੀ ਵਕਾਲਤ



**ਚੰਡੀਗੜ੍ਹ** : ਕਾਂਗਰਸ ਛੱਡ ਕੇ ਭਾਜਪਾ ਵਿੱਚ ਸ਼ਾਮਲ ਹੋਏ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਭਾਜਪਾ ਦੀ ਜਿੱਤ ਸਿਰਫ ਸ਼੍ਰੋਮਣੀ ਅਕਾਲੀ ਦਲ ਨਾਲ ਗੱਠਜੋੜ ਕਰਕੇ ਹੀ ਸੰਭਵ ਹੈ। ਇੱਕ ਨਿੱਜੀ ਟੀ ਵੀ ਚੈਨਲ ਨੂੰ ਇੰਟਰਵਿਊ ਦੌਰਾਨ ਕੈਪਟਨ ਨੇ ਕਿਹਾ ਕਿ ਭਾਜਪਾ ਕੋਲ ਇਸ ਸਮੇਂ ਪੰਜਾਬ ਦੇ ਸਮਾਜਕ ਅਤੇ ਰਾਜਨੀਤਕ ਢਾਂਚੇ ਦੀ ਡੂੰਘੀ ਸਮਝ ਦੀ ਘਾਟ ਹੈ। ਉਨ੍ਹਾ ਕਿਹਾ ਕਿ ਜੇ ਭਾਜਪਾ ਇਕੱਲਿਆਂ ਜਿੱਤਣਾ ਚਾਹੁੰਦੀ ਹੈ ਤਾਂ ਉਸ ਨੂੰ ਆਪਣੇ ਕੇਡਰ ਨੂੰ ਮਜ਼ਬੂਤ ਕਰਨ ਦੀ ਲੋੜ ਹੈ, ਪਰ ਇਸ ਲਈ ਦੋ ਜਾਂ ਤਿੰਨ ਚੋਣਾਂ ਲੱਗਣਗੀਆਂ।

ਅਕਾਲੀ ਦਲ ਨਾਲ ਗੱਠਜੋੜ ਹੀ ਜਿੱਤ ਦਾ ਇੱਕੋ-ਇੱਕ ਰਸਤਾ ਹੈ, ਕੋਈ ਹੋਰ ਰਸਤਾ ਨਹੀਂ, ਭਾਜਪਾ ਨੂੰ ਅਕਾਲੀ ਦਲ ਨਾਲ ਜਾਣਾ ਪਵੇਗਾ। ਕੈਪਟਨ ਨੇ ਕਿਹਾ ਕਿ ਉਹ ਪੂਰੀ ਤਰ੍ਹਾਂ ਤੰਦਰੁਸਤ ਅਤੇ ਸਰਗਰਮ ਹਨ ਅਤੇ 2027 ਦੀਆਂ ਵਿਧਾਨ ਸਭਾ ਚੋਣਾਂ ਲਈ ਤਿਆਰ ਹਨ।

## ਅੱਜ-ਨਾਮਾ

ਵਾਹਵਾ ਚਿਰ ਮਗਰੋਂ ਤੋੜੀ ਚੁੱਪ ਕੈਪਟਨ,
ਚਰਚਾ ਵਿੱਚ ਫਿਰ ਸਿੰਘ ਸੁਖਬੀਰ ਬੇਲੀ।
ਭਾਜਪਾ ਨਾਲ ਸਮਝੌਤੇ ਲਈ ਬਾਤ ਚੱਲੀ,
ਗੱਲ ਉਹ ਤੁਰੀ ਨਾ ਨਿਭੀ ਅਖੀਰ ਬੇਲੀ।
ਕੈਪਟਨ ਆਖਦਾ, ਮੰਨ ਸੁਖਬੀਰ ਪਹਿਲਾਂ,
ਬਣਦੀ ਛੱਡ ਗਿਆ ਆਪ ਤਕਦੀਰ ਬੇਲੀ।
ਵਿਚਲੀ ਗੱਲ ਨਾ ਮੂੰਹ ਤੋਂ ਕਹੀ ਕੈਪਟਨ,
ਘੜਦਾ ਆਪ ਉਹ ਨਵੀਂ ਤਸਵੀਰ ਬੇਲੀ।
ਚੌਰਾਹੇ ਵਿੱਚ ਆ ਖੜਾ ਸੁਖਬੀਰ ਲੱਗਦਾ,
ਦੋਹਾਂ ਰਾਜਾਂ ਵੱਲ ਰਿਹਾ ਉਹ ਝਾਕ ਬੇਲੀ।
ਏਧਰ ਆਧਾਰ ਪੰਜਾਬ ਵੱਲ ਰਿਹਾ ਨਾਹੀਂ,
ਗੁੱਸੇ ਹਨ ਦਿੱਲੀ ਦੇ ਰਾਜਸੀ ਸਾਕ ਬੇਲੀ।

-ਤੀਸ ਮਾਰ ਖਾਂ

## ਜੀ ਐੱਨ ਡੀ ਯੂ ਹੜ੍ਹਾਂ ਦੇ ਨੁਕਸਾਨ ਦਾ ਕਰੇਗੀ ਸਰਵੇਖਣ



**ਚੰਡੀਗੜ੍ਹ (ਗੁਰਜੀਤ ਬਿੱਲਾ)**

ਆਮ ਆਦਮੀ ਪਾਰਟੀ ਪੰਜਾਬ ਦੇ ਮੁੱਖ ਬੁਲਾਰੇ ਅਤੇ ਵਿਧਾਇਕ ਕੁਲਦੀਪ ਸਿੰਘ ਧਾਲੀਵਾਲ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ (ਜੀ ਐੱਨ ਡੀ ਯੂ) ਦੇ ਵੀ ਸੀ ਨੂੰ ਇੱਕ ਪੱਤਰ ਲਿਖ ਕੇ ਉਨ੍ਹਾਂ ਨੂੰ ਪੰਜਾਬ ਦੇ ਸਰਹੱਦੀ ਖੇਤਰਾਂ ਦਾ ਵਿਸਤ੍ਰਿਤ ਸਮਾਜਿਕ ਅਤੇ ਆਰਥਿਕ ਸਰਵੇਖਣ ਕਰਨ ਦੀ ਬੇਨਤੀ ਕੀਤੀ ਹੈ। ਵਿਧਾਇਕ ਧਾਲੀਵਾਲ ਨੇ ਇਹ ਮੰਗ ਹਾਲ ਹੀ ਵਿੱਚ ਆਈ ਹੜ੍ਹਾਂ ਦੀ ਤਬਾਹੀ ਅਤੇ ਇਸ ਦੇ ਇਸ ਸੰਵੇਦਨਸ਼ੀਲ ਖੇਤਰ ਦੇ ਲੋਕਾਂ ਦੇ ਜੀਵਨ ਅਤੇ ਰੋਜ਼ੀ-ਰੋਟੀ 'ਤੇ ਪਏ ਵਿਨਾਸ਼ਕਾਰੀ ਪ੍ਰਭਾਵ ਦੇ ਮੱਦੇਨਜ਼ਰ ਕੀਤੀ ਹੈ।ਵਿਧਾਇਕ ਧਾਲੀਵਾਲ ਨੇ ਕਿਹਾ ਕਿ ਅੰਮ੍ਰਿਤਸਰ, ਗੁਰਦਾਸਪੁਰ ਅਤੇ ਫਿਰੋਜ਼ਪੁਰ ਵਰਗੇ ਸਰਹੱਦੀ ਜ਼ਿਲ੍ਹਿਆਂ ਨੂੰ ਲੰਮੇ ਸਮੇਂ ਤੋਂ ਕਈ ਚੁਣੌਤੀਆਂ ਦਾ ਸਾਹਮਣਾ ਕਰਨਾ ਪਿਆ ਹੈ। ਇਨ੍ਹਾਂ ਚੁਣੌਤੀਆਂ ਵਿੱਚ ਵੰਡ ਦੇ ਇਤਿਹਾਸਕ ਨਤੀਜੇ, ਵਾਰ-ਵਾਰ ਜੰਗਾਂ, ਭਾਰਤ-ਪਾਕਿਸਤਾਨ ਸਰਹੱਦ 'ਤੇ ਲਗਾਤਾਰ ਤਣਾਅ ਅਤੇ ਹੁਣ ਹੜ੍ਹ ਵਰਗੀਆਂ ਕੁਦਰਤੀ ਆਫ਼ਤਾਂ ਸ਼ਾਮਲ ਹਨ। ਉਨ੍ਹਾ ਕਿਹਾ ਕਿ ਇਹ ਖੇਤਰ ਪਹਿਲਾਂ ਹੀ ਆਰਥਿਕ ਅਤੇ ਸਮਾਜਿਕ ਤੌਰ 'ਤੇ ਕਮਜ਼ੋਰ ਹਨ।ਹੜ੍ਹਾਂ ਨੇ ਕਣਕ ਦੇ ਉਤਪਾਦਨ ਵਿੱਚ ਮਹੱਤਵਪੂਰਨ ਗਿਰਾਵਟ ਲਿਆਂਦੀ ਹੈ, ਜਿਸ ਨਾਲ ਸਥਿਤੀ ਹੋਰ ਵੀ ਵਿਗੜ ਗਈ ਹੈ।ਉਹਨਾ ਜ਼ੋਰ ਦੇ ਕੇ ਕਿਹਾ ਕਿ ਸੁਰੱਖਿਆ ਪਾਬੰਦੀਆਂ ਕਾਰਨ ਪਿਛਲੇ ਸਾਲਾਂ ਵਿੱਚ 60,000 ਏਕੜ ਤੋਂ ਵੱਧ ਖੇਤੀਬਾੜੀ ਜ਼ਮੀਨ ਵਰਤੋਂ ਤੋਂ ਬਾਹਰ ਰਹਿ ਗਈ ਹੈ। ਸੈਂਕੜੇ ਵਸਨੀਕ ਬਾਰੂਦੀ ਸੁਰੰਗਾਂ ਸਮੇਤ ਸਰਹੱਦ ਨਾਲ ਸੰਬੰਧਤ ਹਾਦਸਿਆਂ ਦਾ ਸ਼ਿਕਾਰ ਹੋਏ ਹਨ।

ਪੇਂਡੂ ਸੰਕਟ, ਬੇਰੁਜ਼ਗਾਰੀ ਅਤੇ ਫਸਲਾਂ ਦੀ ਅਸਫਲਤਾ ਅਤੇ ਹੜ੍ਹਾਂ ਕਾਰਨ ਪ੍ਰਵਾਸ ਦਾ ਖ਼ਤਰਾ ਹੁਣ ਆਪਣੇ ਸਿਖਰ 'ਤੇ ਹੈ। ਉਨ੍ਹਾ ਕਿਹਾ ਕਿ ਪਾਰਟੀ ਦਾ ਮੰਨਣਾ ਹੈ ਕਿ

• ਬਾਕੀ ਸਫਾ 2 'ਤੇ




## ਡਾਇਟੀਸ਼ੀਅਨ ਈਸ਼ਾ ਵਸ਼ਿਸ਼ਟ ਨੂੰ ਕੇਂਦਰੀ ਮੰਤਰੀ ਨੱਢਾ ਨੇ ਕੀਤਾ ਸਨਮਾਨਤ




**ਧੂਰੀ (ਮਨੋਹਰ ਸਿੰਘ ਸੱਗੂ)**-ਨਵੀਂ ਦਿੱਲੀ ਦੇ ਇੰਡੀਆ ਹੈਬੀਟੇਟ ਸੈਂਟਰ ਵਿਖੇ ਕਰਵਾਈ ਗਈ 'ਪਾਇਨੀਅਰਜ਼ ਆਫ਼ ਮੈਡੀਕਲ ਸਾਇੰਸਜ਼ ਇੰਡੀਆ-2025' ਕਾਨਫਰੰਸ ਦੌਰਾਨ ਏ ਪੀ ਆਰਗੈਨਿਕਸ ਲਿਮ: ਧੂਰੀ ਦੀ ਡਾਇਰੈਕਟਰ ਤੇ ਡਾਰ ਐਂਵਰ ਹੈਲਦੀ ਦੀ ਸੰਸਥਾਪਕ ਈਸ਼ਾ ਵਸ਼ਿਸ਼ਟ ਨੂੰ ਰੋਕਥਾਮ ਸਿਹਤ ਤੇ ਪੋਸ਼ਣ ਜਾਗਰੂਕਤਾ ਦੇ ਖੇਤਰ 'ਚ ਉਨ੍ਹਾਂ ਦੇ ਰਾਸ਼ਟਰੀ ਯੋਗਦਾਨ ਲਈ ਸਨਮਾਨਤ ਕੀਤਾ ਗਿਆ।ਇਹ ਸਨਮਾਨ ਈਸ਼ਾ ਵਸ਼ਿਸ਼ਟ ਨੂੰ ਹੈਬੀਟੇਟ ਸੈਂਟਰ ਦੇ ਸਟੇਨ ਆਡੀਟੋਰੀਅਮ ਵਿਖੇ ਪ੍ਰਮੁੱਖ ਡਾਕਟਰਾਂ, ਜਨਤਕ ਸਿਹਤ ਮਾਹਰਾਂ, ਖੋਜਕਰਤਾਵਾਂ ਤੇ ਨੀਤੀ ਮਾਹਿਰਾਂ ਦੀ ਮੌਜੂਦਗੀ 'ਚ ਕੇਂਦਰੀ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਜੇ ਪੀ ਨੱਢਾ ਦੇ ਹੱਥੋਂ ਪ੍ਰਾਪਤ ਕੀਤਾ।ਈਸ਼ਾ ਵਸ਼ਿਸ਼ਟ ਏ ਪੀ ਆਰਗੈਨਿਕਸ ਪੰਜਾਬ ਦੇ ਵਿਗਿਆਨਕ ਡਿਸਟ੍ਰਿਕਟ ਤੋਂ ਪ੍ਰੇਰਿਤ ਹੋ ਕੇ ਅਤੇ ਡਾ: ਏ ਆਰ ਸ਼ਰਮਾ ਚੇਅਰਮੈਨ ਏ ਪੀ ਆਰਗੈਨਿਕਸ ਪੰਜਾਬ ਦੇ ਵਿਗਿਆਨਿਕ ਸੋਚ ਦੇ ਧਾਰਨੀ ਹਨ। ਡਾ: ਏ ਆਰ ਸ਼ਰਮਾ ਭਾਰਤ 'ਚ ਰਿਫਾਇੰਡ ਰਾਈਸ ਬਰਾਨ ਤੇਲ ਦੀ ਤਕਨੀਕ ਵਿਕਸਤ ਕਰਨ ਲਈ ਰਾਸ਼ਟਰੀ ਤੇ ਅੰਤਰ-ਰਾਸ਼ਟਰੀ ਪੱਧਰ 'ਤੇ ਸਨਮਾਨ ਪ੍ਰਾਪਤ ਕਰ ਚੁੱਕੇ ਹਨ।ਸਨਮਾਨ ਪ੍ਰਧਾਨ ਕਰਨ ਉਪਰੰਤ ਧੂਰੀ ਵਿਖੇ ਪੱਜਣ 'ਤੇ ਈਸ਼ਾ ਵਸ਼ਿਸ਼ਟ ਨੇ ਕਿਹਾ ਕਿ ਇਹ ਮਾਣ ਸਿਰਫ਼ ਪੰਜਾਬ ਦਾ ਹੀ ਨਹੀਂ ਸਗੋਂ ਹਰ ਭਾਰਤੀ ਦਾ ਹੈ, ਜੋ ਹਮੇਸ਼ਾ ਸਿਹਤਮੰਦ ਤੇ ਰੋਗ ਮੁਕਤ ਜੀਵਨ ਜਿਓਣ 'ਚ ਵਿਸ਼ਵਾਸ ਰੱਖਦਾ ਹੈ।

## ਪੰਜਾਬ ਪਬਲਿਕ ਸਕੂਲ ਨਾਭਾ ਬਣਿਆ ਘੋੜਸਵਾਰੀ 'ਚ ਚੈਂਪੀਅਨਸ਼ਿਪ ਵਿਜੇਤਾ



**ਨਾਭਾ (ਵਰਿੰਦਰ ਵਰਮਾ)**-ਆਲ ਇੰਡੀਆ ਆਈ ਪੀ ਐੱਸ ਸੀ ਘੋੜਸਵਾਰੀ ਚੈਂਪੀਅਨਸ਼ਿਪ ਚੱਲੇ ਦਿਨ ਇੱਕ ਸ਼ਾਨਦਾਰ ਫਾਈਨਲ ਨਾਲ ਸਮਾਪਤ ਹੋਈ, ਕਿਉਂਕਿ ਪੰਜਾਬ ਪਬਲਿਕ ਸਕੂਲ ਨਾਭਾ ਨੇ ਸ਼ਾਨਦਾਰ ਪ੍ਰਦਰਸ਼ਨਾਂ ਦੀ ਇੱਕ ਲੜੀ ਨਾਲ ਆਪਣੀ ਘੋੜਸਵਾਰੀ ਸਰਵਉੱਚਤਾ ਦੀ ਪੁਸ਼ਟੀ ਕੀਤੀ।ਇਸ ਪ੍ਰੋਗਰਾਮ ਵਿੱਚ ਪ੍ਰਮੁੱਖ ਆਈ ਪੀ ਐੱਸ ਸੀ ਸਕੂਲਾਂ ਦੀ ਪ੍ਰਭਾਵਸ਼ਾਲੀ ਭਾਗੀਦਾਰੀ ਦੇਖਣ ਨੂੰ ਮਿਲੀ, ਪੀ ਪੀ ਐੱਸ ਸਵਾਰਾਂ ਨੇ ਦ੍ਰਿੜ੍ਹਤਾ, ਧੀਰਜ ਤੇ ਪ੍ਰਤੀਯੋਗੀ ਪ੍ਰਤਿਭਾ ਨਾਲ ਸ਼ਾਨਦਾਰ ਪ੍ਰਦਰਸ਼ਨ ਕੀਤਾ।ਜੀ ਪੀ ਜੂਨੀਅਰ (ਨਾਰਮਲ ਸ਼ੋਅ ਜੰਪਿੰਗ) ਸ਼੍ਰੇਣੀ ਵਿੱਚ ਪੀਪੀਐੱਸ ਸਵਾਰ ਧਨਵੀਰ ਸਿੰਘ ਨੇ ਆਪਣਾ ਦਬਦਬਾ ਬਣਾਇਆ, 6 ਅੰਕਾਂ ਦੇ ਸੰਪੂਰਨ ਸਕੋਰ ਨਾਲ ਸਿਖਰਲਾ ਸਥਾਨ ਹਾਸਲ ਕੀਤਾ।ਉਸ ਤੋਂ ਬਾਅਦ ਡੀ ਪੀ ਐੱਸ ਆਰਕੇ ਪੁਰਮ, ਐੱਮ ਐੱਨ ਐੱਸ ਐੱਸ, ਐੱਸ ਐੱਸ ਡੀ ਤੇ ਪੀ ਪੀ ਐੱਸ ਦੇ ਮਜ਼ਬੂਤ ਦਾਅਵੇਦਾਰ ਸਨ।ਮੇਜ਼ਬਾਨ ਸਕੂਲ ਦੀ ਤਾਕਤ ਵਿੱਚ ਵਾਧਾ ਕਰਦੇ ਹੋਏ ਕੰਵਰ ਜੈਦੀਪ ਸਿੰਘ ਬਰਾੜ ਤੇ ਬੀਰਕੁੰਵਰ ਸਿੰਘ ਨੇ ਕ੍ਰਮਵਾਰ 5ਵਾਂ ਤੇ 6ਵਾਂ ਸਥਾਨ ਪ੍ਰਾਪਤ ਕੀਤਾ।ਪੀ ਪੀ ਐੱਸ ਇਸ ਸ਼੍ਰੇਣੀ ਵਿੱਚ ਐੱਮ ਐੱਨ ਐੱਸ ਐੱਸ ਤੋਂ ਅੱਗੇ 10 ਅੰਕਾਂ ਨਾਲ ਓਵਰਆਲ ਟੀਮ ਚੈਂਪੀਅਨ ਬਣ ਕੇ ਉੱਭਰਿਆ।ਸਿਕਸ ਬਾਰ ਈਵੈਂਟ ਵਿੱਚ ਉਤਸ਼ਾਹ ਆਪਣੇ ਸਿਖਰ 'ਤੇ ਪਹੁੰਚ ਗਿਆ, ਜਿੱਥੇ ਪੀਪੀਐੱਸ ਨੇ ਇੱਕ ਦੁਰਲੱਭ ਦੋਹਰੀ ਜਿੱਤ ਪ੍ਰਾਪਤ ਕੀਤੀ।ਬੀਰਕੁੰਵਰ ਸਿੰਘ ਤੇ ਧਨਵੀਰ ਸਿੰਘ ਨੇ ਸਾਂਝੇ ਤੌਰ 'ਤੇ ਪਹਿਲਾ ਸਥਾਨ ਹਾਸਲ ਕੀਤਾ, ਦੋਵਾਂ ਨੇ ਬੇਦਾਗ਼ ਤਕਨੀਕ ਦਾ ਪ੍ਰਦਰਸ਼ਨ ਕਰਦੇ ਹੋਏ 5.5-5 ਅੰਕ ਪ੍ਰਾਪਤ ਕੀਤੇ। ਪੀਪੀਐੱਸ ਦਾ ਦਬਦਬਾ ਜਾਰੀ ਰਿਹਾ ਕਿਉਂਕਿ ਏਕਮਜੀਤ ਸਿੰਘ ਨੇ ਚੌਥਾ ਸਥਾਨ ਪ੍ਰਾਪਤ ਕੀਤਾ, ਜਿਸ ਨਾਲ ਸਕੂਲ ਦੀ ਸਮੁੱਚੀ ਲੀਡ ਹੋਰ ਮਜ਼ਬੂਤ ਹੋਈ।ਚੈਂਪੀਅਨਸ਼ਿਪ ਨੇ ਵੱਖ-ਵੱਖ ਸ਼੍ਰੇਣੀਆਂ ਵਿੱਚ ਆਪਣੇ ਸਰਵੋਤਮ ਰਾਈਡਰਾਂ ਦਾ ਐਲਾਨ ਵੀ ਕੀਤਾ, ਜਿੱਥੇ ਪੀਪੀਐੱਸ ਰਾਈਡਰਾਂ ਨੇ ਆਪਣਾ ਦਬਦਬਾ ਕਾਇਮ ਕੀਤਾ।ਲਵਇੰਦਰ ਸਿੰਘ ਨੂੰ ਸਰਵੋਤਮ ਰਾਈਡਰ (ਬੱਚਿਆਂ ਦਾ ਗਰੁੱਪ-99) ਘੋਸ਼ਿਤ ਕੀਤਾ ਗਿਆ। ਗੁਰਿੰਦਰਪ੍ਰਤਾਪ ਸਿੰਘ ਨੂੰ ਸਰਵੋਤਮ ਰਾਈਡਰ (ਬੱਚਿਆਂ ਦਾ ਗਰੁੱਪ-999) ਵਜੋਂ ਸਨਮਾਨਤ ਕੀਤਾ ਗਿਆ। ਈਵੈਂਟਾਂ ਵਿੱਚ ਲਗਾਤਾਰ ਜਿੱਤਾਂ ਤੇ ਸ਼ਾਨਦਾਰ ਵਿਅਕਤੀਗਤ ਪ੍ਰਦਰਸ਼ਨਾਂ ਦੇ ਨਾਲ ਪੰਜਾਬ ਪਬਲਿਕ ਸਕੂਲ ਨਾਭਾ ਨੇ ਆਲ ਇੰਡੀਆ ਆਈਪੀਐੱਸਸੀ ਘੋੜਸਵਾਰੀ ਚੈਂਪੀਅਨਸ਼ਿਪ 2025 ਦੀ ਜੇਤੂ ਟਰਾਫੀ ਜਿੱਤੀ, ਜਦੋਂਕਿ ਡੇਲੀ ਕਾਲਜ ਇੰਦੌਰ ਨੇ ਉਪ-ਜੇਤੂ ਵਜੋਂ ਸਮਾਪਤ ਕੀਤਾ। ਡਾ. ਅਮਰਪਾਲ ਸਿੰਘ ਆਈਏਐੱਸ (ਸੇਵਾਮੁਕਤ) ਤੇ ਵਰਤਮਾਨ ਵਿੱਚ ਚੇਅਰਮੈਨ ਪੰਜਾਬ ਸਕੂਲ ਸਿੱਖਿਆ ਬੋਰਡ (ਪੀਐੱਸਈਬੀ) ਨੇ ਸਮਾਗਮ ਦੀ ਪ੍ਰਧਾਨਗੀ ਕੀਤੀ ਅਤੇ ਭਾਗੀਦਾਰਾਂ ਨੂੰ ਸਰਟੀਫਿਕੇਟ ਤੇ ਟਰਾਫੀਆਂ ਅਤੇ ਅਧਿਕਾਰੀਆਂ ਨੂੰ ਯਾਦਗਾਰੀ ਚਿੰਨ੍ਹ ਦਿੱਤੇ।ਇਸ ਮੌਕੇ ਬੋਲਦਿਆਂ ਡਾ. ਅਮਰਪਾਲ ਸਿੰਘ ਨੇ ਚੈਂਪੀਅਨਸ਼ਿਪ ਦੇ ਵਧੀਆ ਢੰਗ ਨਾਲ ਨੇਪਰੇ ਚੜ੍ਹਨ ਲਈ ਪੀਪੀਐੱਸ ਸਪੋਰਟਸ ਸਟਾਫ਼ ਦੀ ਸ਼ਲਾਘਾ ਕੀਤੀ।ਹੈੱਡਮਾਸਟਰ ਡਾ. ਡੀ ਸੀ ਸ਼ਰਮਾ ਨੇ ਮੁੱਖ ਮਹਿਮਾਨ ਦਾ ਤਹਿ ਦਿਲੋਂ ਧੰਨਵਾਦ ਕੀਤਾ ਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ।

## ਅੱਖਾਂ, ਦਿਲ ਤੇ ਹੱਡੀਆਂ ਦੇ ਰੋਗਾਂ ਦਾ ਜਾਂਚ ਕੈਂਪ ਲਗਾਇਆ



**ਧੂਰੀ (ਮਨੋਹਰ ਸਿੰਘ ਸੱਗੂ)**-ਨੇਤਰ ਬੈਂਕ ਸੰਮਤੀ ਤੇ ਨਿਸ਼ਕਾਮ ਸੇਵਾ ਸਭਾ ਧੂਰੀ ਵੱਲੋਂ ਸ਼ਰਮਾ ਆਈ ਹਸਪਤਾਲ ਦੇ ਸਹਿਯੋਗ ਨਾਲ ਸਮਾਜ ਸੇਵੀ ਮਹਾਸ਼ਾ ਪ੍ਰਤੀਪਾਲ ਨੂੰ ਸਮਰਪਤ ਅੱਖਾਂ, ਦਿਲ ਤੇ ਹੱਡੀਆਂ ਦੇ ਰੋਗਾਂ ਦਾ 38ਵਾਂ ਵਿਸ਼ਾਲ ਮੁਫ਼ਤ ਜਾਂਚ ਕੈਂਪ ਸਥਾਨਕ ਮੰਗਲਾ ਆਸ਼ਰਮ ਵਿਖੇ ਲਗਾਇਆ ਗਿਆ।ਕੈਂਪ ਦਾ ਉਦਘਾਟਨ ਏ ਪੀ ਸੋਲਵੈਕਸ ਦੇ ਚੇਅਰਮੈਨ-ਕਮ-ਮੈਨੇਜਿੰਗ ਡਾਇਰੈਕਟਰ ਡਾ: ਏ ਆਰ ਸ਼ਰਮਾ ਨੇ ਜਯੋਤੀ ਪ੍ਰਚੰਡ ਕਰਕੇ ਕੀਤਾ।ਇਸ ਮੌਕੇ ਨੇਤਰ ਬੈਂਕ ਸੰਮਤੀ ਦੇ ਪ੍ਰਧਾਨ ਡਾ: ਰਮੇਸ਼ ਸ਼ਰਮਾ ਨੇ ਮਹਿਮਾਨਾਂ ਨੂੰ ਜੀ ਆਇਆਂ ਆਖਿਆ ਤੇ ਸੰਸਥਾਵਾਂ ਵੱਲੋਂ ਸਮਾਜ ਸੇਵਾ ਦੇ ਖੇਤਰ 'ਚ ਪਾਏ ਜਾ ਰਹੇ ਯੋਗਦਾਨ ਬਾਰੇ ਜਾਣਕਾਰੀ ਦਿੱਤੀ।ਮੁੱਖ ਮਹਿਮਾਨ ਵਜੋਂ ਬੋਲਦਿਆਂ ਡਾ: ਏ ਆਰ ਸ਼ਰਮਾ ਨੇ ਸੰਸਥਾਵਾਂ ਵੱਲੋਂ ਸਮਾਜ ਸੇਵਾ ਦੇ ਖੇਤਰ 'ਚ ਨਿਸ਼ਕਾਮ ਭਾਵਨਾ ਨਾਲ ਕੀਤੇ ਜਾ ਰਹੇ ਕਾਰਜਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਦੀਨ ਦੁਖੀਆਂ ਤੇ ਲੋੜਮੰਦ ਲੋਕਾਂ ਦੀ ਮਦਦ ਕਰਨਾ ਹੀ ਸਹੀ ਅਰਥਾਂ 'ਚ ਸਮਾਜ ਸੇਵਾ ਆਖੀ ਜਾ ਸਕਦੀ ਹੈ ਅਤੇ ਸਾਨੂੰ ਆਪਸੀ ਸਹਿਯੋਗ ਨਾਲ ਅਜਿਹੇ ਕੈਂਪ ਲਗਾ ਕੇ ਲੋੜਮੰਦ ਲੋਕਾਂ ਦੀ ਮਦਦ ਕਰਨੀ ਚਾਹੀਦੀ ਹੈ।ਕੈਂਪ ਦੌਰਾਨ ਅੱਖਾਂ ਦੇ ਮਾਹਰ ਡਾ: ਮਨਪ੍ਰੀਤ ਸਿੰਘ, ਡਾ: ਰਮੇਸ਼ ਸ਼ਰਮਾ, ਡਾ: ਸਾਈਦੀਪ ਢੰਡ, ਡਾ: ਰਾਹੁਲ ਸ਼ਰਮਾ ਤੇ ਡਾ: ਕਮਲਦੀਪ, ਹੱਡੀਆਂ ਦੇ ਮਾਹਰ ਡਾ: ਤੁਸ਼ਾਰ ਸਿੰਗਲਾ ਤੇ ਦਿਲ ਦੇ ਰੋਗਾਂ ਦੇ ਮਾਹਰ ਡਾ: ਸ਼ੁੱਭਵ ਸ਼ਰਮਾ ਨੇ ਸੈਂਕੜੇ ਮਰੀਜ਼ਾਂ ਦੀ ਜਾਂਚ ਕੀਤੀ ਤੇ ਮਰੀਜ਼ਾਂ ਨੂੰ ਦਵਾਈਆਂ ਸੰਸਥਾਵਾਂ ਵੱਲੋਂ ਮੁਫ਼ਤ ਦਿੱਤੀਆਂ ਗਈਆਂ। ਪ੍ਰਬੰਧਕਾਂ ਵੱਲੋਂ ਇਸ ਮੌਕੇ ਕੈਂਪ 'ਚ ਪੁੱਜੀਆਂ ਵੱਖ ਵੱਖ ਸ਼ਖ਼ਸੀਅਤਾਂ ਦਾ ਸਨਮਾਨ ਵੀ ਕੀਤਾ ਗਿਆ।ਸੇਵਾ ਮੁਕਤ ਡਿਪਟੀ ਡਾਇਰੈਕਟਰ ਲੋਕ ਸੰਪਰਕ ਵਿਭਾਗ ਮਨਜੀਤ ਸਿੰਘ ਬਖਸ਼ੀ ਵੱਲੋਂ ਕੀਤੇ ਗਏ ਮੰਚ ਸੰਚਾਲਨ ਦੌਰਾਨ ਕੈਂਪ 'ਚ ਨਗਰ ਕੌਂਸਲ ਦੀ ਪ੍ਰਧਾਨ ਸ੍ਰੀਮਤੀ ਪੁਸ਼ਪਾ ਤਾਇਲ ਤੇ ਸਾਬਕਾ ਪ੍ਰਧਾਨ ਸੰਦੀਪ ਤਾਇਲ, ਪੰਜਾਬ ਗਊਸੇਵਾ ਕਮਿਸ਼ਨ ਦੇ ਚੇਅਰਮੈਨ ਅਸ਼ੋਕ ਕੁਮਾਰ ਲੱਖਾ, ਰਾਇਸੀਲਾ ਹੈਲਥ ਫੂਡਜ਼ ਦੇ ਡਾਇਰੈਕਟਰ ਵਿਜੈ ਗੋਇਲ, ਅਰਪਨ ਫੂਡਜ਼ ਦੇ ਰਮੇਸ਼ ਗੋਇਲ ਆਦਿ ਨੇ ਸ਼ਿਰਕਤ ਕੀਤੀ।

## ਮਾਤਾ ਗੁਜਰੀ ਕਾਲਜ ਵਿਖੇ ਸਾਬਕਾ ਵਿਦਿਆਰਥੀ ਐਸੋਸੀਏਸ਼ਨ ਦੀ ਵਿਸ਼ੇਸ਼ ਮੀਟਿੰਗ



**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਮਾਤਾ ਗੁਜਰੀ ਕਾਲਜ ਵਿਖੇ ਕਾਲਜ ਦੇ ਸਾਬਕਾ ਵਿਦਿਆਰਥੀਆਂ ਦੀ ਅਲੂਮਨੀ ਐਸੋਸੀਏਸ਼ਨ ਦੇ ਅਹੁਦੇਦਾਰਾਂ ਦੀ ਵਿਸ਼ੇਸ਼ ਮੀਟਿੰਗ ਦਾ ਆਯੋਜਨ ਕੀਤਾ ਗਿਆ।ਇਸ ਮੌਕੇ ਕਾਲਜ ਦੇ ਵਾਈਸ ਪ੍ਰਿੰਸੀਪਲ ਡਾ. ਬਿਕਰਮਜੀਤ ਸਿੰਘ ਨੇ ਅਲੂਮਨੀ ਐਸੋਸੀਏਸ਼ਨ ਦੇ ਪ੍ਰਧਾਨ ਤੇ ਸਮੂਹ ਅਹੁਦੇਦਾਰਾਂ ਨੂੰ ਜੀ ਆਇਆਂ ਨੂੰ ਆਖਦਿਆਂ ਕਿਹਾ ਕਿ ਮਾਤਾ ਗੁਜਰੀ ਕਾਲਜ ਜਿੱਥੇ ਉਚੇਰੀ ਵਿੱਦਿਆ ਦਾ ਚਾਨਣ ਵੰਡ ਰਿਹਾ ਹੈ ਤੇ ਮੌਜੂਦਾ ਸਮੇਂ ਦੀਆਂ ਸਭ ਵਿੱਦਿਅਕ ਲੋੜਾਂ ਦੀ ਪੂਰਤੀ ਕਰਨ ਲਈ ਵਚਨਬੱਧ ਹੈ, ਉੱਥੇ ਇਸ ਦੇ ਸਾਬਕਾ ਵਿਦਿਆਰਥੀ ਦੇਸ਼ਾਂ-ਵਿਦੇਸ਼ਾਂ ਵਿੱਚ ਚੰਗਾ ਨਾਮਣਾ ਖੱਟ ਰਹੇ ਹਨ ਤੇ ਕਾਲਜ ਦੀ ਪਛਾਣ ਅੰਤਰਰਾਸ਼ਟਰੀ ਪੱਧਰ ਉੱਤੇ ਸਥਾਪਤ ਕਰ ਰਹੇ ਹਨ। ਕਾਲਜ ਦੇ ਅਲੂਮਨੀ ਐਸੋਸੀਏਸ਼ਨ ਦੇ ਪ੍ਰਧਾਨ ਸ੍ਰ. ਹਰਪਾਲ ਸਿੰਘ ਚੀਮਾ ਤੇ ਵਿਸ਼ਵ ਪੱਧਰ 'ਤੇ ਪ੍ਰਧਾਨ ਸ੍ਰ. ਪ੍ਰਿਤਪਾਲ ਸਿੰਘ ਅਮਰੀਕਾ ਨੇ ਮਾਤਾ ਗੁਜਰੀ ਕਾਲਜ ਤੋਂ ਪੜ੍ਹ ਕੇ ਦੇਸ਼-ਵਿਦੇਸ਼ ਵਿੱਚ ਸੇਵਾ ਨਿਭਾਅ ਰਹੇ ਸਭ ਸਾਬਕਾ ਵਿਦਿਆਰਥੀਆਂ ਨੂੰ ਅਪੀਲ ਕੀਤੀ ਕਿ ਉਹ ਵੱਡੀ ਗਿਣਤੀ ਵਿੱਚ ਕਾਲਜ ਦੀ ਅਲੂਮਨੀ ਐਸੋਸੀਏਸ਼ਨ ਨਾਲ ਜੁੜਨ ਤਾਂ ਜੋ ਕਾਲਜ ਵਿਖੇ ਪੜ੍ਹ ਰਹੇ ਆਰਥਿਕ ਤੌਰ 'ਤੇ ਕਮਜ਼ੋਰ ਵਿਦਿਆਰਥੀਆਂ ਦੀ ਸਹਾਇਤਾ ਕੀਤੀ ਜਾ ਸਕੇ।ਸ੍ਰ. ਚੀਮਾ ਨੇ ਦੱਸਿਆ ਕਿ ਕਾਲਜ ਵਿਖੇ ਫ਼ਰਵਰੀ 2026 ਦੇ ਅਖੀਰਲੇ ਹਫ਼ਤੇ ਵਿੱਚ ਅਲੂਮਨੀ ਮੀਟ ਕਰਵਾਈ ਜਾਵੇਗੀ, ਜਿਸ ਵਿੱਚ ਕਾਲਜ ਦੇ ਸਾਬਕਾ ਵਿਦਿਆਰਥੀਆਂ ਨੂੰ ਵੱਧ ਚੜ੍ਹ ਕੇ ਹਿੱਸਾ ਲੈਣ ਲਈ ਹਾਰਦਿਕ ਅਪੀਲ ਕੀਤੀ।ਇਸ ਮੌਕੇ ਪ੍ਰਿਤਪਾਲ ਸਿੰਘ ਨੇ ਗਿਆਨੀ ਦਿੱਤ ਸਿੰਘ ਸੰਸਥਾ ਨੰਦਪੁਰ ਕਲੌੜ ਵਿਖੇ ਬਣਾਈ ਵਿਸ਼ੇਸ਼ ਯਾਦਗਾਰ ਲਈ 10 ਹਜ਼ਾਰ ਰੁਪਏ ਦੀ ਰਾਸ਼ੀ ਦਾਨ ਕੀਤੀ।ਇਸ ਮੌਕੇ ਸਰਬਜੀਤ ਸਿੰਘ ਸੁਹਾਗੜੀ ਸਕੱਤਰ, ਜੈ ਕ੍ਰਿਸ਼ਨ ਕਸ਼ਯਪ ਪ੍ਰੈੱਸ ਸਕੱਤਰ, ਜਸਵੰਤ ਸਿੰਘ ਸਰਹਿੰਦ, ਜਸਵੰਤ ਸਿੰਘ ਰੈਲੀ, ਰੁਪਿੰਦਰ ਸਿੰਘ, ਜੈ ਸਿੰਘ, ਮੋਹਨ ਸਿੰਘ, ਡਾਕਟਰ ਦਿਨੇਸ਼ ਉਬਰਾਏ, ਗੁਰਜੀਤ ਸਿੰਘ ਬਾਠ, ਰਣਦੀਪ ਸਿੰਘ ਲਾਡੀ, ਜਗਮੋਹਨ ਸਿੰਘ, ਜਗਜੀਤ ਸਿੰਘ ਅੱਜਲਾ ਆਦਿ ਨੇ ਹਿੱਸਾ ਲਿਆ।

## ਤਰਕਸ਼ੀਲ ਸੁਸਾਇਟੀ ਦੇ ਪਟਿਆਲਾ ਜ਼ੋਨ ਦੇ ਅਹੁਦੇਦਾਰਾਂ ਦੀ ਚੋਣ ਸਰਬਸੰਮਤੀ ਸੰਪੰਨ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਤਰਕਸ਼ੀਲ ਸੁਸਾਇਟੀ ਪੰਜਾਬ ਰਜਿ. ਦੇ ਪਟਿਆਲਾ ਜ਼ੋਨ ਦੇ ਅਹੁਦੇਦਾਰਾਂ ਦੀ ਚੋਣ ਲਈ ਹੋਏ ਇਜਲਾਸ ਵਿੱਚ ਸੂਬਾ ਆਗੂ ਸ੍ਰੀ ਮੋਹਨ ਬਡਲਾ ਤੇ ਜਸਵਿੰਦਰ ਫਗਵਾੜਾ ਵਿਸ਼ੇਸ਼ ਤੌਰ 'ਤੇ ਪਹੁੰਚੇ।ਇਸ ਇਜਲਾਸ ਦੀ ਪ੍ਰਧਾਨਗੀ ਸੁਸਾਇਟੀ ਦੇ ਸੀਨੀਅਰ ਆਗੂ ਰਾਮ ਸਿੰਘ ਬੰਗ ਨੇ ਕੀਤੀ।ਇਸ ਮੌਕੇ ਪਟਿਆਲਾ ਇਕਾਈ, ਘਨੌਰ ਇਕਾਈ ਤੇ ਚੰਨੋਂ ਇਕਾਈ ਦੇ ਬਹੁਤ ਸਾਰੇ ਮੈਂਬਰ ਮੌਜੂਦ ਸਨ।ਪਟਿਆਲਾ ਜ਼ੋਨ ਦੇ ਅਹੁਦੇਦਾਰਾਂ ਦੀ ਇਸ ਹੋਈ ਚੋਣ ਵਿਚ ਸਰਬਸੰਮਤੀ ਨਾਲ ਜਥੇਬੰਦਕ ਵਿਭਾਗ ਮੁਖੀ ਬੀਬੀ ਕੁਲਵੰਤ ਕੌਰ, ਵਿੱਤ ਮੁਖੀ ਰਾਮ ਕੁਮਾਰ ਢੱਕੜਬਾ, ਮੀਡੀਆ ਮੁਖੀ ਰਾਮ ਸਿੰਘ ਬੰਗ, ਸੱਭਿਆਚਾਰ ਮੁਖੀ ਗੁਰਤੇਜ ਸਿੰਘ ਤੇ ਮਾਨਸਿਕ ਸਲਾਹ ਵਿਭਾਗ ਮੁਖੀ ਤਰਸੇਮ ਭਵਾਨੀਗੜ੍ਹ ਨੂੰ ਚੁਣਿਆ ਗਿਆ।ਸੂਬਾ ਆਗੂ ਮੋਹਨ ਬਡਲਾ ਤੇ ਜਸਵਿੰਦਰ ਫਗਵਾੜਾ ਨੇ ਦੱਸਿਆ ਕਿ ਪਟਿਆਲਾ ਜ਼ੋਨ ਦੀ ਇਹ ਚੋਣ ਕਾਫ਼ੀ ਦੇਰ ਨਾਲ ਹੋਈ ਹੈ, ਜਿਸ ਕਾਰਨ ਤਰਕਸ਼ੀਲ ਸੁਸਾਇਟੀ ਦੇ ਜਥੇਬੰਦਕ ਤੇ ਸਮਾਜਿਕ ਕੰਮ ਕਾਰ ਪ੍ਰਭਾਵਿਤ ਹੋ ਰਹੇ ਸਨ।ਉਨ੍ਹਾਂ ਚੁਣੇ ਗਏ ਸਾਰੇ ਅਹੁਦੇਦਾਰਾਂ ਨੂੰ ਜ਼ੁੰਮੇਵਾਰੀ ਨਾਲ ਸਮਾਜ ਭਲਾਈ ਦਾ ਕੰਮ ਕਰਨ ਉਤਸ਼ਾਹਿਤ ਕੀਤਾ।ਉਨ੍ਹਾਂ ਸੰਬੋਧਨ ਕਰਦਿਆਂ ਇਹ ਵੀ ਕਿਹਾ ਕਿ ਸੁਸਾਇਟੀ ਦਾ ਮੁੱਖ ਮੰਤਵ ਸਮਾਜ ਵਿਚੋਂ ਅੰਧਵਿਸ਼ਵਾਸ ਖ਼ਤਮ ਕਰਕੇ ਬਰਾਬਰੀ ਦਾ ਸਮਾਜ ਬਣਾਉਣਾ ਤੇ ਦੇਸ਼ ਨੂੰ ਵਿਗਿਆਨਕ ਲੀਹਾਂ ਤੇ ਲੈਣ ਕੇ ਜਾਣਾ ਹੈ, ਜਿਸ ਨਾਲ ਸਮਾਜ ਵਿਚੋਂ ਅਗਿਆਨਤਾ, ਗਰੀਬੀ ਤੇ ਪਛੜਿਆਪਨ ਦੂਰ ਹੋਵੇਗਾ।

## ਮੌਜੂਦਾ ਸਰਕਾਰ ਦੀ ਕਾਰਗੁਜ਼ਾਰੀ ਮਾੜੀ : ਐੱਸ ਆਰ ਕਲੇਰ



**ਜਗਰਾਓਂ (ਨਛੱਤਰ ਸੰਧੂ)**-ਅਕਾਲੀ ਦਲ ਨੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਦਾ ਰਸਮੀ ਅਗਾਜ ਕਰਦਿਆਂ ਵਰਕਰਾਂ ਤੇ ਅਹੁਦੇਦਾਰਾਂ ਨੂੰ ਇਨ੍ਹਾਂ ਚੋਣਾਂ 'ਚ ਸ਼ਾਨਦਾਰ ਪਰਦਰਸ਼ਨ ਕਰਨ ਲਈ ਕਿਹਾ।ਇਸ ਦੇ ਚੱਲਦਿਆਂ ਹੀ ਹਲਕਾ ਇੰਚਾਰਜ ਤੇ ਕੋਰ ਕਮੇਟੀ ਮੈਂਬਰ ਐੱਸ ਆਰ ਕਲੇਰ ਨੇ ਬਲਾਕ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਸਬੰਧੀ ਸਿੱਧਵਾਂ ਕਲਾਂ ਜ਼ੋਨ ਦੀ ਮੀਟਿੰਗ ਕੀਤੀ।ਆਗੂਆਂ ਤੇ ਵਰਕਰਾਂ 'ਚ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ।ਕਲੇਰ ਨੇ ਕਿਹਾ ਕਿ ਮੌਜੂਦਾ ਸਰਕਾਰ ਦੀ ਕਾਰਗੁਜਾਰੀ ਨੂੰ ਲੈ ਕੇ ਆਮ ਲੋਕਾਂ ਵਿਚ ਨਿਰਾਸ਼ਾ ਦਾ ਆਲਮ ਛਾਇਆ ਹੋਇਆ ਹੈ।ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ ਦਿੱਲੀ ਦੇ ਲੁਟੇਰਿਆਂ ਨੂੰ ਲਾਂਭੇ ਕਰਨ ਲਈ ਕਾਹਲੇ ਹਨ।ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕਾਂ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਰੂਪ 'ਚ ਪੰਜਾਬ ਦੀ ਆਗਵਾਈ ਕਰਨ ਵਾਲੀ ਰਾਜਨੀਤਕ ਧਿਰ ਨਜ਼ਰ ਆ ਰਹੀ ਹੈ ਤੇ ਅਸੀਂ ਆਮ ਲੋਕਾਂ ਦੇ ਦਿਲ ਦੀ ਅਵਾਜ਼ ਸੁਣੀਏ ਤੇ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰਾਂ ਨੂੰ ਜਿਤਾ ਕੇ ਸੁਨਿਹਰੇ ਪੰਜਾਬ ਦੀ ਨੀਂਹ ਰੱਖੀਏ।ਕਲੇਰ ਨੇ ਕਿਹਾ ਕਿ ਅਕਾਲੀ ਦਲ ਦੇ ਜੁਝਾਰੂ ਵਰਕਰਾਂ ਤੇ ਅਹੁਦੇਦਾਰਾਂ 'ਚ ਇਨ੍ਹਾਂ ਚੋਣਾਂ ਨੂੰ ਲੈ ਕੇ ਭਾਰੀ ਉਤਸ਼ਾਹ ਤੇ ਜੋਸ਼ ਬਣਿਆ ਹੋਇਆ ਹੈ ਤੇ ਅਸੀ ਇਹ ਚੋਣਾਂ ਅਵੱਸ਼ ਜਿੱਤਾਂਗੇ।

## ਭਾਜਪਾ ਜ਼ਿਲ੍ਹਾ ਪੰਚਾਇਤ ਤੇ ਬਲਾਕ ਸੰਮਤੀ ਚੋਣਾਂ ਪਾਰਟੀ ਚੋਣ ਨਿਸ਼ਾਨ 'ਤੇ ਲੜੇਗੀ : ਸਰੀਨ




**ਮੋਗਾ (ਇਕਬਾਲ ਸਿੰਘ ਖਹਿਰਾ)**-ਚੋਣ ਕਮਿਸ਼ਨ ਇਸ ਵਾਰ ਚੋਣਾਂ ਪੂਰੀ ਨਿਰਪੱਖਤਾ ਤੇ ਪਾਰਦਰਸ਼ਤਾ ਨਾਲ ਕਰਾਵੇ, ਕਿਉਂਕਿ ਭਾਜਪਾ ਇਸ ਚੋਣ ਵਿੱਚ ਕਿਸੇ ਵੀ ਗਲਤ ਕੰਮ ਨੂੰ ਬਰਦਾਸ਼ਤ ਨਹੀਂ ਕਰੇਗੀ ਤੇ ਭਾਜਪਾ ਜ਼ਿਲ੍ਹਾ ਪੰਚਾਇਤ ਤੇ ਬਲਾਕ ਸੰਮਤੀ ਚੋਣਾਂ ਆਪਣੇ ਬਲਬੂਤੇ ਤੇ ਆਪਣੇ ਚੋਣ ਨਿਸ਼ਾਨ 'ਤੇ ਲੜੇਗੀ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਭਾਜਪਾ ਦੇ ਸੂਬਾ ਜਨਰਲ ਸਕੱਤਰ ਅਨਿਲ ਸਰੀਨ ਜ਼ਿਲ੍ਹਾ ਭਾਜਪਾ ਦਫ਼ਤਰ ਮੋਗਾ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ।ਇਸ ਮੌਕੇ ਉਨ੍ਹਾਂ ਨਾਲ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਡਾ. ਹਰਜੋਤ ਕਮਲ, ਜ਼ਿਲ੍ਹਾ ਪ੍ਰੀਸ਼ਦ ਚੋਣਾਂ ਦੇ ਮੋਗਾ ਜ਼ਿਲ੍ਹਾ ਇੰਚਾਰਜ ਵਿਕਰਮਜੀਤ ਸਿੰਘ ਚੀਮਾ ਵੀ ਮੌਜੂਦ ਸਨ।ਅਨਿਲ ਸਰੀਨ ਨੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਸਪੱਸ਼ਟ ਚੇਤਾਵਨੀ ਵੀ ਦਿੱਤੀ ਕਿ ਪਿਛਲੀਆਂ ਚੋਣਾਂ ਦਾ ਤਜਰਬਾ ਅਨੁਕੂਲ ਨਹੀਂ ਰਿਹਾ ਹੈ।ਸਰਕਾਰੀ ਮਸ਼ੀਨਰੀ ਦੀ ਦੁਰਵਰਤੋਂ, ਜਿਵੇਂ ਕਿ ਪਿਛਲੀਆਂ ਚੋਣਾਂ ਵਿੱਚ ਦੇਖੀ ਗਈ ਸੀ, ਇਸ ਵਾਰ ਬਰਦਾਸ਼ਤ ਨਹੀਂ ਕੀਤੀ ਜਾਵੇਗੀ।ਇਸ ਚੇਤਾਵਨੀ ਦੇ ਪਿੱਛੇ ਦੇ ਉਦੇਸ਼ ਬਾਰੇ ਪੁੱਛੇ ਜਾਣ 'ਤੇ ਭਾਜਪਾ ਨੇਤਾ ਅਨਿਲ ਸਰੀਨ ਨੇ ਕਿਹਾ ਕਿ ਤਰਨਤਾਰਨ ਵਿਧਾਨ ਸਭਾ ਉੱਪ ਚੋਣ ਵਿੱਚ ਐੱਸ.ਐੱਸ.ਪੀ. ਦੀ ਹਾਲ ਹੀ ਵਿੱਚ ਮੁਅੱਤਲੀ ਦਰਸਾਉਂਦੀ ਹੈ ਕਿ ਕਿਵੇਂ ਪੰਜਾਬ ਸਰਕਾਰ ਅਧਿਕਾਰੀਆਂ ਨੂੰ ਆਪਣੇ ਵਰਕਰਾਂ ਵਾਂਗ ਕੰਮ ਕਰਨ ਲਈ ਮਜਬੂਰ ਕਰਨ ਲਈ ਦਬਾਅ ਪਾ ਰਹੀ ਹੈ।ਪਿਛਲੀਆਂ ਪੰਚਾਇਤ ਚੋਣਾਂ ਵਿੱਚ ਉਮੀਦਵਾਰਾਂ ਤੋਂ ਨਾਮਜ਼ਦਗੀ ਪੱਤਰ ਖੋਹ ਲਏ ਗਏ ਸਨ ਅਤੇ ਦੂਜੀਆਂ ਪਾਰਟੀਆਂ ਦੇ ਉਮੀਦਵਾਰਾਂ ਨੂੰ ਨਾਮਜ਼ਦਗੀ ਪੱਤਰ ਦਾਖਲ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਗਈ ਸੀ, ਕਿਉਂਕਿ ਆਮ ਆਦਮੀ ਪਾਰਟੀ ਇਹ ਨਹੀਂ ਮੰਨਦੀ ਸੀ ਕਿ ਦੂਜੀਆਂ ਪਾਰਟੀਆਂ ਦੇ ਉਮੀਦਵਾਰ ਚੋਣ ਲੜਦੇ ਹੋਏ ਆਪਣੇ ਦਮ 'ਤੇ ਚੋਣਾਂ ਜਿੱਤ ਸਕਣਗੇ।ਇਸੇ ਕਰਕੇ ਉਹ ਚੋਣਾਂ ਵਿੱਚ ਗੈਰ-ਕਾਨੂੰਨੀ ਚਾਲਾਂ ਦਾ ਸਹਾਰਾ ਲੈ ਰਹੇ ਹਨ।

## ਡੇਢ ਕਿੱਲੋ ਗਾਂਜਾ ਤੇ ਨਗਦੀ ਸਮੇਤ ਗ੍ਰਿਫ਼ਤਾਰ

**ਫਿਰੋਜ਼ਪੁਰ (ਗੁਰਬਚਨ ਸਿੰਘ)**-ਥਾਣਾ ਸਿਟੀ ਫਿਰੋਜ਼ਪੁਰ ਪੁਲਿਸ ਨੇ ਗਸ਼ਤ ਅਤੇ ਚੈਕਿੰਗ ਦੌਰਾਨ ਇਕ ਵਿਅਕਤੀ ਨੂੰ 1 ਕਿਲੋ 600 ਗ੍ਰਾਮ ਗਾਂਜਾ ਅਤੇ 44 ਹਜ਼ਾਰ 500 ਰੁਪਏ ਭਾਰਤੀ ਕਰੰਸੀ ਸਮੇਤ ਗ੍ਰਿਫਤਾਰ ਕਰਕੇ ਉਸ ਖਿਲਾਫ ਐੱਨਡੀਪੀਐੱਸ ਐਕਟ ਤਹਿਤ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਸਹਾਇਕ ਥਾਣੇਦਾਰ ਦਰਸ਼ਨ ਸਿੰਘ ਨੇ ਦੱਸਿਆ ਕਿ ਦੌਰਾਨੇ ਗਸ਼ਤ ਪੁਲਸ ਪਾਰਟੀ ਗਸ਼ਤ ਕਰਦੀ ਹੋਈ ਜ਼ੀਰਾ ਗੇਟ ਫਿਰੋਜ਼ਪੁਰ ਸ਼ਹਿਰ ਪੁੱਜੀ ਤਾਂ ਖਾਸ ਮੁਖਬਰ ਨੇ ਇਤਲਾਹ ਦਿੱਤੀ ਕਿ ਰਾਹੁਲ ਪੁੱਤਰ ਰਜਿੰਦਰ ਕੁਮਾਰ ਵਾਸੀ ਕੋਠੀ ਨੰਬਰ 96-ਬੀ ਗੁਰੂ ਨਗਰ ਫਿਰੋਜ਼ਪੁਰ ਸ਼ਹਿਰ ਗਾਂਜਾ ਪੀਣ ਅਤੇ ਵੇਚਣ ਦਾ ਆਦੀ ਹੈ।ਉਹ ਗਾਂਜਾ ਲੈ ਕੇ ਦਾਣਾ ਮੰਡੀ ਗੇਟ ਨੰਬਰ 2 ਨੇੜੇ ਆੜ੍ਹਤੀਆ ਦੁਕਾਨਾਂ ਪਾਸ ਬੈਠਾ ਗਾਂਜਾ ਵੇਚਣ ਲਈ ਗਾਹਕਾਂ ਦਾ ਇੰਤਜ਼ਾਰ ਕਰ ਰਿਹਾ ਹੈ।ਜੇਕਰ ਉਸ 'ਤੇ ਹੁਣੇ ਛਾਪੇਮਾਰੀ ਕੀਤੀ ਜਾਵੇ ਤਾਂ ਉਹ ਗਾਂਜੇ ਸਮੇਤ ਕਾਬੂ ਆ ਸਕਦਾ ਹੈ।ਪੁਲਸ ਨੇ ਦੱਸਿਆ ਕਿ ਉਕਤ ਦੋਸ਼ੀ ਨੂੰ ਗ੍ਰਿਫਤਾਰ ਕਰਕੇ ਉਸ ਕੋਲੋਂ 1 ਕਿਲੋ 600 ਗ੍ਰਾਮ ਗਾਂਜਾ ਅਤੇ 44 ਹਜ਼ਾਰ 500 ਰੁਪਏ ਭਾਰਤੀ ਕਰੰਸੀ ਨੋਟ ਬਰਾਮਦ ਕੀਤੇ।ਪੁਲਸ ਨੇ ਦੱਸਿਆ ਕਿ ਉਕਤ ਦੋਸ਼ੀ ਖਿਲਾਫ ਮਾਮਲਾ ਦਰਜ ਕਰ ਲਿਆ ਗਿਆ ਹੈ।

## ਵੱਖ-ਵੱਖ ਸਕੂਲਾਂ 'ਚ ਲਗਾਈ ਮਦਰ ਵਰਕਸ਼ਾਪ


ਮਾਨਸਾ



ਕੋਟ ਈਸੇ ਖਾਂ

**ਮਾਨਸਾ/ਬੁਢਲਾਡਾ (ਆਤਮਾ ਸਿੰਘ ਪਮਾਰ/ਅਸ਼ੋਕ ਲਾਕੜਾ)**-ਜ਼ਿਲ੍ਹਾ ਸਿੱਖਿਆ ਅਫਸਰ ਮਾਨਸਾ ਮੈਡਮ ਮੰਜੂ ਬਾਲਾ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਸਰਕਾਰੀ ਪ੍ਰਾਇਮਰੀ ਸਕੂਲ ਅਹਿਮਦਪੁਰ ਦੇ ਵਿਹੜੇ 'ਚ ਮਦਰ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ।ਵਰਕਸ਼ਾਪ ਦੀ ਸ਼ੁਰੂਆਤ ਕਰਦਿਆਂ ਸਕੂਲ ਮੁਖੀ ਅਮਨਦੀਪ ਸ਼ਰਮਾ ਨੇ ਦੱਸਿਆ ਕਿ ਮਾਵਾਂ ਦੀ ਬੱਚੇ ਦੀ ਜ਼ਿੰਦਗੀ 'ਚ ਅਹਿਮ ਭੂਮਿਕਾ ਹੁੰਦੀ ਹੈ।ਉਨ੍ਹਾਂ ਕਿਹਾ ਕਿ ਬੱਚਿਆਂ ਨੂੰ ਸਵੇਰੇ ਤਿਆਰ ਕਰਕੇ ਸਕੂਲ ਭੇਜਣ ਤੋਂ ਲੈ ਕੇ ਹੋਮਵਰਕ ਕਰਵਾਉਣ ਤੱਕ ਮਾਂ ਦੀ ਹੀ ਵੱਡੀ ਜ਼ਿੰਮੇਵਾਰੀ ਹੁੰਦੀ ਹੈ।ਉਨ੍ਹਾਂ ਮਾਵਾਂ ਨੂੰ ਆਪਣੇ ਛੋਟੇ ਬੱਚਿਆਂ ਨੂੰ ਸਰਕਾਰੀ ਸਕੂਲਾਂ 'ਚ ਹੀ ਦਾਖ਼ਲ ਕਰਵਾਉਣ ਲਈ ਪ੍ਰੇਰਿਤ ਕੀਤਾ। ਮਦਰ ਵਰਕਸ਼ਾਪ ਦੇ ਇੰਚਾਰਜ ਮੈਡਮ ਵੀਰਪਾਲ ਨੇ ਮਾਵਾਂ ਦੀਆਂ ਵੱਖ-ਵੱਖ ਖੇਡ ਗਤੀਵਿਧੀਆਂ ਤੇ ਸਿੱਖਿਆਦਾਇਕ ਗਤੀਵਿਧੀਆਂ ਕਰਵਾਈਆਂ ਗਈਆਂ, ਜਿਨ੍ਹਾਂ 'ਚ ਰੱਸਕਸੀ, ਰੱਸੀ ਟੱਪਣਾ, ਬੱਚਿਆਂ ਦੀਆਂ ਖੇਡਾਂ, ਗੁਬਾਰੇ ਭਰਨਾ ਆਦਿ ਵੀ ਸ਼ਾਮਲ ਸੀ।ਮਦਰ ਵਰਕਸ਼ਾਪ 'ਚ ਪਿੰਡ ਦੇ ਪਤਵੰਤਿਆਂ, ਸਕੂਲ ਮੈਨੇਜਮੈਂਟ ਕਮੇਟੀ ਦੇ ਮੈਂਬਰਾਂ ਨੇ ਵੀ ਹਿੱਸਾ ਲਿਆ।

**ਕੋਟ ਈਸੇ ਖਾਂ (ਅਰੋੜਾ)** : ਬਲਾਕ ਧਰਮਕੋਟ-2 ਦੇ ਸਮੂਹ ਪ੍ਰਾਇਮਰੀ ਸਕੂਲਾਂ ਵਿੱਚ ਮਦਰ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ।ਇਸ ਵਾਰ ਸਕੂਲੀ ਵਿਦਿਆਰਥੀਆਂ ਦੀਆਂ ਮਾਤਾਵਾਂ ਨੂੰ 87 ਤਰ੍ਹਾਂ ਦੇ ਸਿਖਣ ਸਹਾਇਕ ਸਮੱਗਰੀ ਬਾਰੇ ਭਰਪੂਰ ਜਾਣਕਾਰੀ ਦਿੱਤੀ ਗਈ। ਵਰਕਸ਼ਾਪ ਦੌਰਾਨ ਉਨ੍ਹਾਂ ਨੂੰ ਬੱਚਿਆਂ ਨੂੰ ਜੀਵਨ-ਜਾਚ ਸਿਖਾਉਣ ਲਈ ਵੀ ਅਗਵਾਈ ਕੀਤੀ ਗਈ।ਵਰਕਸ਼ਾਪ ਦੌਰਾਨ ਆਈਆਂ ਮਾਤਾਵਾਂ ਨੇ ਇਸ ਦਾ ਪੂਰਾ ਲਾਭ ਉਠਾਇਆ ਤੇ ਆਪਣੇ ਤਜਰਬੇ ਵੀ ਸਾਂਝੇ ਕੀਤੇ।ਵਰਕਸ਼ਾਪ ਦੌਰਾਨ ਆਈਆਂ ਮਾਤਾਵਾਂ ਨੇ ਇਸ ਦਾ ਪੂਰਾ ਲਾਭ ਉਠਾਇਆ ਤੇ ਆਪਣੇ ਤਜਰਬੇ ਵੀ ਸਾਂਝੇ ਕੀਤੇ।ਬੀਪੀਈਓ ਕੰਚਨ ਬਾਲਾ ਨੇ ਕਿਹਾ ਕਿ ਧਰਮਕੋਟ-2 ਬਲਾਕ ਦੇ ਸਾਰੇ ਛੇ ਸੈਂਟਰ ਹੈੱਡ ਟੀਚਰ ਸਾਹਿਬਾਨਾਂ ਦੇ ਸਹਿਯੋਗ ਨਾਲ ਇਹ ਗਤੀਵਿਧੀ ਸੰਪੰਨ ਹੋਈ ਸਵਰਨਜੀਤ ਸਿੰਘ ਮਹਿਲ, ਵੀਨਾ ਰਾਣੀ ਮੰਦਰ, ਜਸਕੀਰਤ ਕੌਰ ਫਤਿਹਗੜ੍ਹ ਪੰਜਤੂਰ, ਸੰਜੀਵ ਕੁਮਾਰ ਫਤਿਹਗੜ੍ਹ ਕੋਰੋਟਾਨਾ, ਕਿਰਨ ਲਤਾ ਕੋਟ ਈਸੇ ਖਾਂ ਤੇ ਰਬਿੰਦਰ ਕੌਰ ਕੜਿਆਲ ਨੇ ਆਪਣਾ ਅਹਿਮ ਯੋਗਦਾਨ ਪਾਇਆ।ਇਸ ਦੌਰਾਨ ਬੀਆਰਸੀ ਗੌਰਵ ਸ਼ਰਮਾ ਤੇ ਕੁਲਦੀਪ ਸਿੰਘ ਉੱਚੇਚੇ ਤੌਰ 'ਤੇ ਹਾਜ਼ਰ ਸਨ।

## ਰੋਡਵੇਜ਼ ਤੇ ਪੀ ਆਰ ਟੀ ਸੀ ਦੇ ਕਾਮਿਆਂ 'ਤੇ ਪੁਲਸ ਤਸ਼ੱਦਦ ਨਿੰਦਣਯੋਗ : ਪਿਲਖਣੀ, ਬਲਜੀਤ ਸਿੰਘ



**ਰਾਜਪੁਰਾ (ਰਮੇਸ਼ ਕਟਾਰੀਆ)**-ਪੀ ਐਸ ਈ ਬੀ ਇੰਪਲਾਈਜ ਫੈਡਰੇਸ਼ਨ ਏਟਕ ਸਰਕਲ ਦੀ ਮੀਟਿੰਗ ਅਣਖੀ ਭਵਨ ਪਟਿਆਲਾ ਵਿਖੇ ਸਰਕਲ ਪ੍ਰਧਾਨ ਗੁਰਦਿਆਲ ਸਿੰਘ ਬੱਬੂ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਕੌਮੀ ਆਗੂ ਸਾਥੀ ਹਰਭਜਨ ਸਿੰਘ ਪਿਲਖਣੀ ਪੀ ਐਸ ਈ ਬੀ ਇੰਪਲਾਈਜ ਫੈਡਰੇਸ਼ਨ ਏਟਕ ਪੰਜਾਬ ਦੇ ਵਿੱਤ ਸਕੱਤਰ ਸਾਥੀ ਬਲਜੀਤ ਕੁਮਾਰ ਧੀਮਾਨ, ਸਰਕਲ ਆਗੂ ਅਰਸਦੀਪ ਸਿੰਘ ਸਿੰਘ, ਸਾਥੀ ਬਲਬੀਰ ਸਿੰਘ ਨਾਭਾ, ਕੁਲਦੀਪ ਸਿੰਘ ਰਾਜਪੁਰਾ, ਸਾਥੀ ਹਰਦੀਪ ਸਿੰਘ, ਸਾਥੀ ਪਿਆਰਾ ਸਿੰਘ ਆਦਿ ਬਿਜਲੀ ਮੁਲਾਜ਼ਮ ਸਾਥੀਆਂ ਨੇ ਸ਼ਮੂਲੀਅਤ ਕੀਤੀ।ਮੀਟਿੰਗ ਵਿੱਚ ਪਨਬਸ, ਰੋਡਵੇਜ਼ ਅਤੇ ਪੀ ਆਰ ਟੀ ਸੀ ਦੇ ਸੰਘਰਸ਼ ਕਰਦੇ ਕੱਚੇ ਮੁਲਾਜ਼ਮਾਂ ਤੇ ਕੀਤੇ ਤਸ਼ੱਦਦ ਤੇ ਗ੍ਰਿਫਤਾਰੀਆਂ ਅਤੇ ਆਗੂਆਂ ਨੂੰ ਬਰਖਾਸਤ ਕਰਨ ਦੀ ਜ਼ੋਰਦਾਰ ਨਿਖੇਧੀ ਕੀਤੀ।ਆਗੂਆਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਰੋਡਵੇਜ਼ ਮੁਲਾਜ਼ਮਾਂ ਦੀਆਂ ਮੰਗਾਂ ਜਿਵੇਂ ਕਿ ਨਿਜੀਕਰਣ ਦੀ ਨੀਤੀ ਤਹਿਤ ਕਿਲੋਮੀਟਰ ਮੀਟਰ ਸਕੀਮ ਅਧੀਨ ਬੱਸਾਂ ਚਲਾਉਣਾ ਬੰਦ ਕਰਨ, ਹਰ ਤਰ੍ਹਾਂ ਦੇ ਕੱਚੇ ਮੁਲਾਜ਼ਮਾਂ ਨੂੰ ਪੱਕਾ ਕਰਨ, ਬਰਾਬਰ ਕੰਮ ਬਰਾਬਰ ਤਨਖਾਹ ਫਾਰਮੂਲਾ ਲਾਗੂ ਕਰਨ ਆਦਿ ਮੰਗਾਂ ਲਾਗੂ ਕੀਤੀਆਂ ਜਾਣ।ਜੇਕਰ ਸੰਘਰਸ਼ ਕਰਦੇ ਕੱਚੇ ਮੁਲਾਜ਼ਮਾਂ 'ਤੇ ਕੀਤਾ ਜਾ ਰਿਹਾ ਜਬਰ ਬੰਦ ਨਾ ਕੀਤਾ, ਗ੍ਰਿਫਤਾਰ ਕੀਤੇ ਮੁਲਾਜ਼ਮ ਨਾ ਰਿਹਾਅ ਕੀਤੇ, ਉਨ੍ਹਾਂ ਤੇ ਕੀਤੇ ਪਰਚੇ ਰੱਦ ਨਾ ਕੀਤੇ ਅਤੇ ਉਨ੍ਹਾਂ ਦੀਆਂ ਮੰਗਾਂ ਨਾ ਮੰਨੀਆਂ ਤਾਂ ਜਥੇਬੰਦੀ ਬੱਸ ਮੁਲਾਜ਼ਮਾਂ ਦੇ ਸੰਘਰਸ਼ ਵਿੱਚ ਸ਼ਮੂਲੀਅਤ ਕਰੇਗੀ।

## ਰੋਡਵੇਜ਼ ਦੇ ਸੰਘਰਸ਼ ਕਰ ਰਹੇ ਮੁਲਾਜ਼ਮਾਂ 'ਤੇ ਲਾਠੀਚਾਰਜ ਦੀ ਨਿਖੇਧੀ

**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਇੰਪਲਾਈਜ ਫੈਡਰੇਸ਼ਨ (ਚਾਹਲ) ਗੁਰੂ ਹਰਗੋਬਿੰਦ ਥਰਮਲ ਪਲਾਂਟ ਲਹਿਰਾ ਮੁਹੱਬਤ ਦੇ ਪ੍ਰਧਾਨ ਬਲਜੀਤ ਸਿੰਘ ਬਰਾੜ ਬੋਦੀ ਵਾਲਾ (ਸੂਬਾ ਸੀਨੀਅਰ ਮੀਤ ਪ੍ਰਧਾਨ), ਮੁਲਾਜ਼ਮ ਆਗੂਆਂ ਲਖਵੰਤ ਸਿੰਘ ਬਾਂਡੀ, ਰਜਿੰਦਰ ਸਿੰਘ ਨਿੰਮਾ, ਰਘਵੀਰ ਸਿੰਘ ਸੈਣੀ, ਕੇਸ਼ਵ ਰਾਜ ਅਧਿਕਾਰੀ ਤੇ ਗੁਰਭੇਜ ਸਿੰਘ ਨੇ ਪੀ.ਆਰ.ਟੀ.ਸੀ ਤੇ ਪੰਜਾਬ ਰੋਡਵੇਜ਼ ਦੇ ਸੰਘਰਸ਼ ਕਰ ਰਹੇ ਮੁਲਾਜ਼ਮਾਂ ਉੱਪਰ ਪੰਜਾਬ ਪੁੱਲਸ ਵੱਲੋਂ ਕੀਤੇ ਗਏ ਲਾਠੀਚਾਰਜ ਦੀ ਨਿਖੇਧੀ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਹੱਕੀ ਮੰਗਾਂ ਲਈ ਸੰਘਰਸ਼ ਕਰ ਰਹੇ ਮੁਲਾਜ਼ਮਾਂ ਉਤੇ ਜਬਰ ਢਾਹ ਰਹੀ ਹੈ ਤੇ ਸੂਬਾ ਪ੍ਰਧਾਨ ਬਿਕਰਮਜੀਤ ਸਿੰਘ ਨੂੰ ਸਸਪੈਂਡ ਕਰਨਾ ਹੋਰ ਵੀ ਮੰਦਭਾਗਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਮੁੱਖ ਮੰਤਰੀ ਬਣਦਿਆਂ ਹੀ ਕਿਹਾ ਸੀ ਕਿ ਹੁਣ ਉਨ੍ਹਾਂ ਦਾ ਹਰਾ ਪਿੰਨ ਕੱਚੇ ਮੁਲਾਜ਼ਮਾਂ ਨੂੰ ਪੱਕਾ ਕਰਨ ਲਈ ਚੱਲੇਗਾ, ਹਰਾ ਪਿੰਨ ਤਾਂ ਚੱਲਿਆ ਨਹੀਂ, ਪਰ ਸੰਘਰਸ਼ ਕਰ ਰਹੇ ਕੱਚੇ ਮੁਲਾਜ਼ਮਾਂ 'ਤੇ ਡਾਂਗਾਂ ਜ਼ਰੂਰ ਚੱਲੀਆਂ ਹਨ। ਉਨ੍ਹਾਂ ਕਿਹਾ ਇੰਪਲਾਈਜ ਫੈਡਰੇਸ਼ਨ (ਚਾਹਲ) ਸੰਘਰਸ਼ ਕਰ ਰਹੇ ਮੁਲਾਜ਼ਮਾਂ ਦੀ ਹਮਾਇਤ ਕਰਦੀ ਹੈ ਤੇ ਪੰਜਾਬ ਸਰਕਾਰ ਤੋਂ ਮੰਗ ਕਰਦੀ ਹੈ ਕਿ ਪੰਜਾਬ ਦੇ ਵੱਖ ਵੱਖ ਮਹਿਕਮਿਆਂ ਵਿੱਚ ਕੰਮ ਕਰਦੇ ਕੱਚੇ ਮੁਲਾਜ਼ਮਾਂ ਨੂੰ ਪੱਕਾ ਕੀਤਾ ਜਾਵੇ।

## ਖੇਤ ਮਜ਼ਦੂਰਾਂ ਵੱਲੋਂ ਖੇਤੀਬਾੜੀ ਮੰਤਰੀ ਦੇ ਘਰ ਅੱਗੇ ਧਰਨਾ 11 ਨੂੰ : ਨਸਰਾਲੀ

### ਮਜ਼ਦੂਰਾਂ ਦੇ ਸੰਘਰਸ਼ ਸਦਕਾ ਮਨਰੇਗਾ ਕੰਮ 'ਚ 50 ਦਿਨਾਂ ਦਾ ਵਾਧਾ ਹੋਣਾ ਅੰਸ਼ਕ ਜਿੱਤ



**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਪੰਜਾਬ ਖੇਤ ਮਜ਼ਦੂਰ ਯੂਨੀਅਨ ਵੱਲੋਂ ਡਾਕਟਰ ਅੰਬੇਡਕਰ ਪਾਰਕ ਵਿੱਚ ਜ਼ਿਲ੍ਹਾ ਪੱਧਰੀ ਮੀਟਿੰਗ ਕੀਤੀ ਗਈ, ਜਿਸ ਵਿੱਚ ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਦੇ ਘਰ ਅੱਗੇ ਲਾਏ ਜਾ ਰਹੇ 11 ਦਸੰਬਰ ਦੇ ਇੱਕ ਰੋਜ਼ਾ ਧਰਨੇ ਦੀ ਸਫਲਤਾ ਲਈ ਵਿਚਾਰ ਚਰਚਾ ਕੀਤੀ ਗਈ।ਮੀਟਿੰਗ ਵਿੱਚ ਜ਼ਿਲ੍ਹਾ ਪੱਧਰ ਦੇ ਇਕੱਤਰ ਹੋਏ ਮਜ਼ਦੂਰ ਆਗੂਆਂ ਨੂੰ ਸੰਬੋਧਨ ਕਰਦਿਆਂ ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਸੂਬਾ ਪ੍ਰਧਾਨ ਜ਼ੋਰਾ ਸਿੰਘ ਨਸਰਾਲੀ ਤੇ ਮਨਦੀਪ ਸਿੰਘ ਸਿਵੀਆਂ ਨੇ ਕਿਹਾ ਕਿ ਮਨਰੇਗਾ ਦੇ ਬੰਦ ਪਏ ਕੰਮ ਨੂੰ ਚਾਲੂ ਕਰਵਾਉਣ, ਮਜ਼ਦੂਰਾਂ ਦੀ ਦਿਹਾੜੀ 700 ਰੁਪਏ ਕਰਾਉਣ, ਮਨਰੇਗਾ ਵਿੱਚ ਕੀਤੀ ਜਾ ਰਹੀ ਸਿਆਸੀ ਦਖਲ ਅੰਦਾਜ਼ੀ ਨੂੰ ਬੰਦ ਕਰਾਉਣ, ਔਰਤਾਂ ਨੂੰ 1100 ਰੁਪਏ ਦਿਵਾਉਣ, ਵਿਧਵਾ ਬੁਢਾਪਾ ਪੈਨਸ਼ਨ 5000 ਰੁਪਏ ਕਰਵਾਉਣ, ਮੋਦੀ ਤੇ ਭਗਵੰਤ ਮਾਨ ਦੀ ਸਰਕਾਰ ਵੱਲੋਂ ਮਜ਼ਦੂਰਾਂ ਦੀ ਲੁੱਟ ਖਸੁੱਟ ਨੂੰ ਹੋਰ ਵੀ ਤੇਜ਼ ਕਰਨ, ਉਨ੍ਹਾਂ ਦੇ ਯੂਨੀਅਨ ਬਣਾਉਣ ਦੇ ਜਮਹੂਰੀ ਹੱਕ ਨੂੰ ਖਤਮ ਕਰਨ ਰਾਹੀਂ ਕਾਰਪੋਰੇਟ ਘਰਾਣਿਆਂ ਦੀਆਂ ਗੋਗੜਾਂ ਭਰਨ ਲਈ ਲਾਗੂ ਕੀਤੇ ਚਾਰ ਲੇਬਰ ਕੋਡਾਂ ਨੂੰ ਖਤਮ ਕਰਾਉਣ, ਕਿਸਾਨ ਮਜ਼ਦੂਰ ਪੱਖੀ ਖੇਤੀ ਨੀਤੀ ਨੂੰ ਲਾਗੂ ਕਰਵਾ ਕੇ ਖੇਤੀ ਅਧਾਰਤ ਉਦਯੋਗ ਲਗਾਉਣ ਤੇ ਜ਼ਮੀਨੀ ਸੁਧਾਰ ਕਾਨੂੰਨਾਂ ਤਹਿਤ ਫਾਲਤੂ ਜ਼ਮੀਨਾਂ ਦੀ ਵੰਡ ਕਰਨ, ਬਿਜਲੀ ਸੋਧ ਐਕਟ 2025 ਨੂੰ ਰੱਦ ਕਰਾਉਣ, ਪਿੰਡਾਂ ਅੰਦਰ ਲਾਏ ਜਾ ਰਹੇ ਚਿਪ ਵਾਲੇ ਮੀਟਰਾਂ ਨੂੰ ਬੰਦ ਕਰਾਉਣ ਆਦਿ ਮੰਗਾਂ ਦੀ ਪ੍ਰਾਪਤੀ ਲਈ ਧਰਨਾ ਲਾਇਆ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਬਦਲਾਅ ਦਾ ਵਾਅਦਾ ਕਰਕੇ ਸੱਤਾ ਵਿੱਚ ਆਈ ਭਗਵੰਤ ਮਾਨ ਦੀ ਸਰਕਾਰ ਵੱਲੋਂ ਮਜ਼ਦੂਰਾਂ ਨਾਲ ਲਗਾਤਾਰ ਵਿਤਕਰਾ ਕਰਕੇ ਉਨ੍ਹਾਂ ਦੀਆਂ ਮੰਗਾਂ ਮਸਲਿਆਂ ਨੂੰ ਅਣਗੌਲਿਆ ਕਰਕੇ ਮਜ਼ਦੂਰਾਂ ਨਾਲ ਬੇਇਨਸਾਫੀ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਮਨਰੇਗਾ ਦਾ ਕੰਮ ਬੰਦ ਕਰਕੇ ਸਰਕਾਰ ਨੇ ਮਜ਼ਦੂਰ ਘਰਾਂ ਦੇ ਚੁੱਲਿਆਂ ਨੂੰ ਠੰਡਾ ਕਰ ਦਿੱਤਾ ਹੈ।ਮਨਰੇਗਾ ਵਿੱਚ ਕੀਤੇ ਕੰਮ ਦੇ ਬਕਾਏ ਵੀ ਮਜ਼ਦੂਰਾਂ ਨੂੰ ਸਮੇਂ ਸਿਰ ਨਹੀਂ ਦਿੱਤੇ ਜਾ ਰਹੇ।ਇਸ ਤੋਂ ਇਲਾਵਾ ਚੋਣਾਂ ਵੇਲੇ ਕੀਤੇ ਪੈਨਸ਼ਨ 2500 ਕਰਨ ਤੇ ਔਰਤਾਂ ਨੂੰ 1100 ਦੇਣ ਦੇ ਵਾਅਦੇ ਵੀ ਮਜ਼ਦੂਰਾਂ ਨੂੰ ਵਫਾ ਨਹੀਂ ਕੀਤੇ।ਸਰਕਾਰ ਵੱਲੋਂ ਮਜ਼ਦੂਰ ਘਰਾਂ ਅੰਦਰੋਂ ਆਨੇ ਬਹਾਨੇ ਕਰਕੇ ਚਲਦੇ ਸਹੀ ਮੀਟਰਾਂ ਨੂੰ ਪੁੱਟ ਕੇ ਉਨ੍ਹਾਂ ਦੀ ਥਾਂ ਚਿੱਪ ਵਾਲੇ ਮੀਟਰ ਲਗਾ ਕੇ ਮਜ਼ਦੂਰ ਘਰਾਂ ਵਿੱਚ ਹਨੇਰਾ ਪਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆ ਹਨ, ਜਿਸ ਨੂੰ ਖੇਤ ਮਜ਼ਦੂਰ ਕਦੇ ਵੀ ਬਰਦਾਸ਼ਤ ਨਹੀਂ ਕਰਨਗੇ।ਮਜ਼ਦੂਰ ਆਗੂਆਂ ਨੇ ਸਰਕਾਰ ਵੱਲੋਂ ਮਨਰੇਗਾ ਕੰਮ ਵਿੱਚ 50 ਦਿਨਾਂ ਦੇ ਕੀਤੇ ਫੈਸਲੇ ਨੂੰ ਮਜ਼ਦੂਰਾਂ ਦੀ ਅੰਸ਼ਿਕ ਜਿੱਤ ਕਰਾਰ ਦਿੰਦਿਆਂ ਮਜ਼ਦੂਰਾਂ ਨੂੰ ਸੰਘਰਸ਼ ਤੇਜ਼ ਕਰਨ ਦਾ ਸੱਦਾ ਦਿੱਤਾ। ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਗੁਰਮੀਤ ਸਿੰਘ ਕੋਟ ਗੁਰੂ, ਗੁਰਦੇਵ ਸਿੰਘ ਦਿਉਣ, ਨਛੱਤਰ ਸਿੰਘ ਚੱਠੇਵਾਲਾ, ਕਾਕਾ ਸਿੰਘ ਜੀਦਾ, ਜਰਨੈਲ ਸਿੰਘ ਚਨਾਰਥਲ, ਕਾਲਾ ਸਿੰਘ ਅਤਰ ਸਿੰਘ ਵਾਲਾ ਆਦਿ ਆਗੂ ਸ਼ਾਮਲ ਸਨ।

## ਪੱਤਰਕਾਰ ਏਕਤਾ ਫਰੰਟ ਸਥਾਪਤ, ਹਰਜਿੰਦਰ ਬੱਲੀ ਕਨਵੀਨਰ ਬਣੇ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਸਮੇਂ ਦੀ ਲੋੜ ਨੂੰ ਮੁੱਖ ਰੱਖਦਿਆਂ ਪੱਤਰਕਾਰ ਭਾਈਚਾਰੇ ਨੇ ਇੱਕਮੁੱਠ ਹੋ ਕੇ ਮਿਸਾਲ ਕਾਇਮ ਕਰ ਦਿੱਤੀ ਹੈ।ਇਸ ਬਾਬਤ ਇੱਕ ਇਕੱਠ 'ਚ ਵੱਖ-ਵੱਖ ਪ੍ਰਿੰਟ ਮੀਡੀਆ ਗਰੁੱਪਾਂ ਅਤੇ ਇਲੈਕਟ੍ਰਾਨਿਕ ਮੀਡੀਆ ਨਾਲ ਜੁੜੇ 45 ਦੇ ਕਰੀਬ ਨੁਮਾਇੰਦਿਆਂ ਨੇ ਸ਼ਮੂਲੀਅਤ ਕੀਤੀ।ਮੀਟਿੰਗ 'ਚ ਪੱਤਰਕਾਰਾਂ ਨੂੰ ਦਰਪੇਸ਼ ਚੁਣੌਤੀਆਂ ਬਾਰੇ ਖੁੱਲ੍ਹ ਕੇ ਚਰਚਾ ਕਰਦਿਆਂ ਜ਼ੋਸ਼ੀਲੇ ਅੰਦਾਜ਼ ਵਿਚ ਪੱਤਰਕਾਰ ਏਕਤਾ ਫਰੰਟ ਦੀ ਸਥਾਪਨਾ ਦਾ ਐਲਾਨ ਕਰ ਦਿੱਤਾ, ਜਿਸ ਦੇ ਸਰਬਸੰਮਤੀ ਨਾਲ ਕਨਵੀਨਰ ਹਰਿੰਦਰ ਬੱਲੀ ਨੂੰ ਬਣਾਇਆ ਗਿਆ।ਪੰਜ ਮੈਂਬਰੀ ਕਾਰਜਕਾਰਨੀ ਕਮੇਟੀ ਦੀ ਚੋਣ ਵੀ ਕੀਤੀ ਗਈ, ਜਿਸ ਵਿੱਚ ਰਤਨ ਧਾਲੀਵਾਲ, ਰਜਨੀਸ਼ ਕਰਕਰਾ, ਹਰਪ੍ਰੀਤ ਹੈਪੀ, ਜਸਵੰਤ ਦਰਦਪਰੀਤ ਤੇ ਦਲਜੀਤ ਸਿਧਾਣਾ ਨੂੰ ਸ਼ਾਮਲ ਕੀਤਾ ਗਿਆ।ਖ਼ਜ਼ਾਨਚੀ ਦੀ ਜ਼ਿੰਮੇਵਾਰੀ ਰਜਨੀਸ਼ ਕਰਕਰਾ ਨੂੰ ਅਲੱਗ ਦਿੱਤੀ ਗਈ।ਦੱਸਣਯੋਗ ਹੈ ਕਿ ਇਸ ਮੀਟਿੰਗ ਤੋਂ ਪਹਿਲਾਂ ਵੀ ਪੱਤਰਕਾਰਾਂ ਦੀ ਇੱਕਮੁੱਠਤਾ ਲਈ ਹਾਲ ਹੀ ਵਿੱਚ ਕੁੱਝ ਵੱਡੀਆਂ ਮੀਟਿੰਗਾਂ ਹੋਈਆਂ ਸਨ।ਮੀਟਿੰਗ ਸਮੇਤ ਇਨ੍ਹਾਂ ਬੈਠਕਾਂ 'ਚ ਮਹਿਸੂਸ ਕੀਤਾ ਗਿਆ ਕਿ ਪੱਤਰਕਾਰੀ ਚੁਣੌਤੀ ਭਰਪੂਰ ਕਿੱਤਾ ਹੈ।ਇਹ ਵੀ ਕਿ ਕੰਮ ਕਰਦਿਆਂ ਕਈ ਕਿਸਮ ਦੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਕਰਕੇ ਸਥਿਤੀਆਂ ਦੇ ਟਾਕਰੇ ਲਈ ਤੇ ਸਨਮਾਨਜਨਕ ਰਿਪੋਰਟਿੰਗ ਦਾ ਮਾਹੌਲ ਹਾਸਲ ਕਰਨ ਹਿੱਤ ਇਹ ਫ਼ਰੰਟ ਹੋਂਦ ਵਿੱਚ ਆ ਸਕਿਆ ਹੈ।ਮੀਟਿੰਗ ਦੀ ਖਾਸ ਵਿਸ਼ੇਸ਼ਤਾ ਇਹ ਸੀ ਕਿ ਪੱਤਰਕਾਰਾਂ ਦਾ ਜੋਸ਼ ਤੇ ਹੋਸ਼ ਦੇਖਣ ਲਾਇਕ ਸੀ।ਫਰੰਟ ਦੀ ਕਾਰਜਕਾਰੀ ਕਮੇਟੀ ਦੀ ਜਲਦ ਹੀ ਇੱਕ ਹੋਰ ਮੀਟਿੰਗ ਵੀ ਨੇੜ ਭਵਿੱਖ ਵਿਚ ਕੀਤੀ ਜਾਵੇਗੀ, ਜਿਸ ਵਿੱਚ ਫਰੰਟ ਦੀ ਕਾਰਜਵਿਧੀ, ਜਥੇਬੰਦਕ ਵਿਉਂਤ ਉਲੀਕੀ ਜਾਵੇਗੀ।ਮੀਟਿੰਗ ਅੰਦਰ ਉਕਤ ਫਰੰਟ ਆਗੂਆਂ ਤੋਂ ਇਲਾਵਾ ਸੀਨੀਅਰ ਪੱਤਰਕਾਰ ਨਰਪਿੰਦਰ ਧਾਲੀਵਾਲ ਨੇ ਵੀ ਆਪਣੇ ਜਥੇਬੰਦਕ ਤਜਰਬੇ ਸਾਂਝੇ ਕੀਤੇ।ਸਟੇਜ ਸੰਚਾਲਨ ਗੁਰਮੀਤ ਮਹਿਰਾਜ ਨੇ ਕੀਤਾ।

## ਸਫਾ 1 ਦੇ ਬਾਕੀ...

### ਬਿਜਲੀ ਮੁਲਾਜ਼ਮਾਂ ਵੱਲੋਂ...

ਸੱਦੇ 'ਤੇ 8 ਦਸੰਬਰ ਨੂੰ ਪਾਵਰਕਾਮ ਦੇ ਸਬ-ਡਵੀਜ਼ਨ ਦਫਤਰਾਂ ਵਿੱਚ ਬਿਜਲੀ ਸੋਧ ਬਿੱਲ 2025 ਦੇ ਖਰੜੇ ਦੀਆਂ ਕਾਪੀਆਂ ਫੂਕਣ ਦੇ ਸੰਘਰਸ਼ ਦੀ ਡਟਵੀਂ ਹਮਾਇਤ ਕਰਦੇ ਹੋਏ ਆਪਸੀ ਇਕਜੁੱਟਤਾ ਦਾ ਪ੍ਰਗਟਾਵਾ ਕਰਦਿਆਂ ਇਸ ਸੰਘਰਸ਼ ਵਿੱਚ ਵਧ-ਚੜ੍ਹ ਕੇ ਸਾਂਝੇ ਤੌਰ 'ਤੇ ਭਰਵੀਂ ਸ਼ਮੂਲੀਅਤ ਕੀਤੀ ਜਾਵੇਗੀ। ਇਸੇ ਤਰ੍ਹਾਂ 2 ਦਸੰਬਰ ਦੀ ਪੀ ਐੱਸ ਈ ਬੀ ਇੰਜੀਨੀਅਰ ਐਸੋਸੀਏਸ਼ਨ ਦੇ ਸੱਦੇ 'ਤੇ ਪਟਿਆਲਾ ਵਿੱਚ ਰੱਖੀ ਰੋਸ ਮੀਟਿੰਗ ਅਤੇ ਇਸੇ ਦਿਨ ਸੰਯੁਕਤ ਕਿਸਾਨ ਮੋਰਚੇ ਵੱਲੋਂ ਤਹਿ ਕੀਤੀਆਂ ਜ਼ਿਲ੍ਹਾ ਮੀਟਿੰਗਾਂ ਵਿੱਚ ਵੀ ਸਾਂਝੇ ਥੜ੍ਹੇ ਦੀ ਲੀਡਰਸ਼ਿਪ ਸ਼ਾਮਲ ਹੋਵੇਗੀ।

ਆਗੂਆਂ ਕਿਹਾ ਕਿ ਕੇਂਦਰ ਸਰਕਾਰ ਨੇ 4 ਲੇਬਰ ਕੋਡ ਲਾਗੂ ਕਰਕੇ ਸਮੁੱਚੇ ਦੇਸ਼ ਦੇ ਮਜ਼ਦੂਰ/ਮੁਲਾਜ਼ਮ ਵਰਗ ਦੇ ਟ੍ਰੇਡ ਯੂਨੀਅਨ ਅਧਿਕਾਰਾਂ ਉਪਰ ਸਿੱਧਾ ਹਮਲਾ ਕੀਤਾ ਹੈ, ਜਿਸ ਦਾ ਸਾਂਝੇ ਤੌਰ 'ਤੇ ਵਿਰੋਧ ਕੀਤਾ ਜਾਵੇਗਾ। ਇਸ ਮੀਟਿੰਗ ਵਿੱਚ ਪੰਜਾਬ ਸਰਕਾਰ ਵੱਲੋਂ ਬਿਜਲੀ ਨਿਗਮ ਦੀਆਂ ਜਾਇਦਾਦਾਂ ਵੇਚਣ ਦੇ ਫ਼ੈਸਲੇ ਖਿਲਾਫ ਵੀ ਇਕਜੁੱਟਤਾ ਨਾਲ ਬਝਵੀਂ ਸਾਂਝੀ ਲੜਾਈ ਲੜਨ ਦਾ ਫੈਸਲਾ ਕੀਤਾ ਗਿਆ।

ਮੀਟਿੰਗ ਵਿੱਚ ਗੁਰਪ੍ਰੀਤ ਸਿੰਘ ਗੰਡੀਵਿੰਡ, ਬਲਦੇਵ ਸਿੰਘ ਮੰਢਾਲੀ, ਹਰਪਾਲ ਸਿੰਘ, ਕੁਲਵਿੰਦਰ ਸਿੰਘ ਢਿੱਲੋਂ, ਬਲਜੀਤ ਸਿੰਘ ਮੋਦਲਾ, ਇੰਜੀ. ਜਗਦੀਪ ਸਿੰਘ ਗਰਚਾ, ਦਰਸ਼ਨ ਸਿੰਘ, ਕੌਰ ਸਿੰਘ ਸੋਹੀ, ਦੇਵਿੰਦਰ ਸਿੰਘ ਪਿਸੌਰ, ਜਸਵੀਰ ਸਿੰਘ ਆਂਡਲੂ, ਰਣਜੀਤ ਸਿੰਘ ਢਿੱਲੋਂ, ਤੇਜਿੰਦਰ ਸਿੰਘ ਸੇਖੋਂ, ਰਾਧੇ ਸ਼ਿਆਮ, ਗੁਰਤੇਜ ਸਿੰਘ ਪੱਖੋ, ਰਘਬੀਰ ਸਿੰਘ, ਸੁਖਵਿੰਦਰ ਸਿੰਘ ਚਾਹਲ, ਰਸ਼ਪਾਲ ਸਿੰਘ ਪਾਲੀ, ਇੰਜ. ਹਰਮਨਦੀਪ, ਅਮਰੀਕ ਸਿੰਘ ਮਸੀਤਾਂ, ਕ੍ਰਿਸ਼ਨ ਸਿੰਘ ਔਲਖ, ਜਸਵਿੰਦਰ ਸਿੰਘ, ਬਲਿਹਾਰ ਸਿੰਘ, ਜਗਰੂਪ ਸਿੰਘ, ਗੁਰਵਿੰਦਰ ਸਿੰਘ ਪੰਨੂ, ਚਮਕੌਰ ਸਿੰਘ ਬੀਰਮੀ, ਕੇਵਲ ਸਿੰਘ ਬਨਵੈਤ ਤੇ ਬਲਵਿੰਦਰ ਸੈਣੀ ਆਦਿ ਆਗੂ ਸ਼ਾਮਲ ਹੋਏ।

### ਅਸ਼ੋਕ ਕੌਸ਼ਲ ਸੀ ਪੀ ਆਈ...

ਗਈ।ਮਤੇ ਵਿੱਚ ਦੋਸ਼ ਲਾਇਆ ਗਿਆ ਕਿ ਦੁਨੀ ਸਿੰਘ ਨਾਮ ਦੇ ਵਿਅਕਤੀ ਨੇ ਜਸਵਿੰਦਰ ਸਿੰਘ ਦੇ ਘਰ ਅੱਗੇ ਪੰਚਾਇਤੀ ਗਲੀ ਦਾ ਸੋਲਿੰਗ ਪੁੱਟ ਕੇ ਨਾਜਾਇਜ਼ ਕੰਧ ਕੱਢੀ, ਉਸ ਦੇ ਰੁਜ਼ਗਾਰ ਦਾ ਸਾਧਨ 'ਛੋਟਾ ਹਾਥੀ' 40 ਦਿਨ ਘਰ ਵਿੱਚ ਬੰਦ ਰੱਖਿਆ ਅਤੇ ਹੁਣ ਗੱਡੀ ਦੀ ਭੰਨ-ਤੋੜ ਕੀਤੀ ਹੈ।ਪਾਰਟੀ ਨੇ ਦੋਸ਼ੀ ਖਿਲਾਫ਼ ਤੁਰੰਤ ਪਰਚਾ ਦਰਜ ਕਰਕੇ ਗ੍ਰਿਫ਼ਤਾਰ ਕਰਨ ਦੀ ਮੰਗ ਕੀਤੀ ਹੈ ਤੇ ਪ੍ਰਸ਼ਾਸਨ ਨੂੰ ਚੇਤਾਵਨੀ ਦਿੱਤੀ ਹੈ ਕਿ ਜੇ ਇਸ ਭੜਕਾਊ ਕਾਰਵਾਈ ਨੂੰ ਨੱਥ ਨਾ ਪਾਈ ਗਈ ਤਾਂ ਪਿੰਡ ਦਾ ਅਮਨ-ਚੈਨ ਖਤਰੇ ਵਿੱਚ ਪੈ ਸਕਦਾ ਹੈ।

### ਜੀ ਐੱਨ ਡੀ ਯੂ ਹੜ੍ਹਾਂ...

ਯੂਨੀਵਰਸਿਟੀ ਦੁਆਰਾ ਕੀਤਾ ਗਿਆ ਇਹ ਵਿਆਪਕ, ਵਿਗਿਆਨਕ ਅਤੇ ਨਿਰਪੱਖ ਸਰਵੇਖਣ ਜ਼ਮੀਨੀ ਹਕੀਕਤਾਂ 'ਤੇ ਸਹੀ ਡੇਟਾ ਪ੍ਰਦਾਨ ਕਰੇਗਾ।ਵਿਧਾਇਕ ਧਾਲੀਵਾਲ ਨੇ ਕਿਹਾ ਕਿ ਜੀ ਐੱਨ ਡੀ ਯੂ ਆਪਣੀ ਅਕਾਦਮਿਕ ਉਤਮਤਾ ਅਤੇ ਸਮਾਜਿਕ ਜ਼ਿੰਮੇਵਾਰੀ ਲਈ ਜਾਣਿਆ ਜਾਂਦਾ ਹੈ। ਯੂਨੀਵਰਸਿਟੀ ਆਪਣੇ ਸਮਾਜ ਸ਼ਾਸਤਰ, ਅਰਥ ਸ਼ਾਸਤਰ, ਸਮਾਜਿਕ ਕਾਰਜ ਅਤੇ ਆਫ਼ਤ ਪ੍ਰਬੰਧਨ ਵਿਭਾਗਾਂ ਰਾਹੀਂ ਇਸ ਪਹਿਲਕਦਮੀ ਦੀ ਅਗਵਾਈ ਕਰਨ ਲਈ ਚੰਗੀ ਸਥਿਤੀ ਵਿੱਚ ਹੈ। ਉਨ੍ਹਾ ਜ਼ੋਰ ਦੇ ਕੇ ਕਿਹਾ ਕਿ ਸਰਵੇਖਣ ਦੇ ਨਤੀਜੇ ਰਾਜ ਅਤੇ ਕੇਂਦਰ ਸਰਕਾਰਾਂ ਨੂੰ ਪ੍ਰਭਾਵਸ਼ਾਲੀ ਰਾਹਤ, ਪੁਨਰਵਾਸ ਅਤੇ ਵਿਕਾਸ ਨੀਤੀਆਂ ਬਣਾਉਣ ਵਿੱਚ ਮਾਰਗ-ਦਰਸ਼ਨ ਪ੍ਰਦਾਨ ਕਰਨਗੇ।ਉਹਨਾ ਦੱਸਿਆ ਕਿ ਉਨ੍ਹਾ ਵਿਧਾਇਕ ਡਾ. ਜਸਬੀਰ ਸਿੰਘ ਸੰਧੂ ਨਾਲ ਮਿਲ ਕੇ ਜੀ ਐੱਨ ਡੀ ਯੂ ਦੇ ਵਾਈਸ-ਚਾਂਸਲਰ ਨੂੰ ਇੱਕ ਪੱਤਰ ਸੌਂਪਿਆ ਹੈ।

ਉਨ੍ਹਾਂ ਕਿਹਾ ਕਿ ਵਾਈਸ ਚਾਂਸਲਰ ਡਾ. ਕਰਮਜੀਤ ਸਿੰਘ ਨੇ ਉਨ੍ਹਾ ਨੂੰ ਭਰੋਸਾ ਦਿੱਤਾ ਹੈ ਕਿ ਯੂਨੀਵਰਸਿਟੀ ਜਲਦੀ ਹੀ ਡੂੰਘਾਈ ਨਾਲ ਸਰਵੇਖਣ ਕਰੇਗੀ ਅਤੇ ਰਿਪੋਰਟ ਉਨ੍ਹਾਂ ਨੂੰ ਸੌਂਪੇਗੀ। ਰਿਪੋਰਟ ਆਉਣ ਤੋਂ ਬਾਅਦ ਹੀ ਇਹ ਤੈਅ ਕੀਤਾ ਜਾ ਸਕਦਾ ਹੈ ਕਿ ਹੜ੍ਹ ਕਿਉਂ ਆਉਂਦੇ ਹਨ, ਇਨ੍ਹਾਂ ਦੇ ਕੀ ਕਾਰਨ ਹਨ ਅਤੇ ਪੰਜਾਬ ਅਤੇ ਕੇਂਦਰ ਸਰਕਾਰਾਂ ਤੋਂ ਕਿਹੜੀ ਸਹਾਇਤਾ ਮੰਗੀ ਜਾ ਸਕਦੀ ਹੈ।

## ਸੋਨੀਆ ਤੇ ਰਾਹੁਲ ਖ਼ਿਲਾਫ਼ ਪੁਲਸ ਵੱਲੋਂ ਮਾਮਲਾ ਦਰਜ

**ਨਵੀਂ ਦਿੱਲੀ** : ਦਿੱਲੀ ਪੁਲਸ ਨੇ ਕਾਂਗਰਸੀ ਆਗੂ ਸੋਨੀਆ ਗਾਂਧੀ, ਰਾਹੁਲ ਗਾਂਧੀ ਅਤੇ ਨੈਸ਼ਨਲ ਹੈਰਾਲਡ ਕੇਸ ਦੇ ਹੋਰ ਦੋਸ਼ੀਆਂ ਖ਼ਿਲਾਫ਼ ਈ ਡੀ ਦੀ ਸ਼ਿਕਾਇਤ 'ਤੇ ਇੱਕ ਐੱਫ ਆਈ ਆਰ ਦਰਜ ਕੀਤੀ ਹੈ। ਇਹ ਐੱਫ ਆਈ ਆਰ ਏਜੰਸੀ ਦੀ ਮਨੀ ਲਾਂਡਰਿੰਗ ਜਾਂਚ ਦਾ ਹਿੱਸਾ ਹੈ, ਜਿਸ ਵਿੱਚ ਦੋਸ਼ ਲਾਇਆ ਗਿਆ ਹੈ ਕਿ ਪਾਰਟੀ ਦੇ ਪਹਿਲੇ ਪਰਵਾਰ ਨੇ ਨਿੱਜੀ ਲਾਭ ਲਈ ਆਪਣੀ ਸਥਿਤੀ ਦੀ ਦੁਰਵਰਤੋਂ ਕੀਤੀ।


ਅਧਿਕਾਰਤ ਸੂਤਰਾਂ ਨੇ ਦੱਸਿਆ ਕਿ ਦਿੱਲੀ ਪੁਲਸ ਦੀ ਆਰਥਿਕ ਅਪਰਾਧ ਸ਼ਾਖਾ ਨੇ 3 ਅਕਤੂਬਰ ਨੂੰ ਗਾਂਧੀ ਪਰਵਾਰ ਅਤੇ ਸੱਤ ਹੋਰਨਾਂ ਖ਼ਿਲਾਫ਼ ਸ਼ਿਕਾਇਤ ਦਰਜ ਕੀਤੀ ਸੀ। ਐੱਫ ਆਈ ਆਰ ਵਿੱਚ ਆਈ ਪੀ ਸੀ ਦੀਆਂ ਧਾਰਾਵਾਂ 120 ਬੀ (ਅਪਰਾਧਿਕ ਸਾਜ਼ਿਸ਼), 403 (ਬੇਈਮਾਨੀ ਨਾਲ ਜਾਇਦਾਦ ਦੀ ਦੁਰਵਰਤੋਂ), 406 (ਅਪਰਾਧਿਕ ਵਿਸ਼ਵਾਸਘਾਤ ਲਈ ਸਜ਼ਾ) ਅਤੇ 420 (ਧੋਖਾਧੜੀ) ਤਹਿਤ ਦੋਸ਼ ਲਗਾਏ ਹਨ।

ਇਸ ਵਿੱਚ ਗਾਂਧੀ ਪਰਵਾਰ, ਕਾਂਗਰਸੀ ਆਗੂ ਸੁਮਨ ਦੂਬੇ ਅਤੇ ਸੈਮ ਪਿਤਰੋਦਾ, ਯੰਗ ਇੰਡੀਅਨ ਅਤੇ ਡੋਟੈਕਸ ਮਰਚੈਂਡਾਈਜ਼ ਲਿਮਟਿਡ ਵਰਗੀਆਂ ਸੰਸਥਾਵਾਂ, ਡੋਟੈਕਸ ਦੇ ਪ੍ਰਮੋਟਰ ਸੁਨੀਲ ਭੰਡਾਰੀ, ਐਸੋਸੀਏਟਿਡ ਜਰਨਲਜ਼ ਅਤੇ ਹੋਰਨਾਂ ਨੂੰ ਨਾਮਜ਼ਦ ਕੀਤਾ ਗਿਆ ਹੈ। ਅਦਾਲਤ ਨੇ ਅਜੇ ਇਸ ਦਾ ਨੋਟਿਸ ਨਹੀਂ ਲਿਆ। ਅਗਲੀ ਸੁਣਵਾਈ ਦੀ ਤਰੀਕ 16 ਦਸੰਬਰ ਨਿਰਧਾਰਤ ਕੀਤੀ ਗਈ ਹੈ।

## ਗੁਰਦੁਆਰਾ ਚੁੱਲੇ ਬਾਬਾ ਆਲਾ ਸਿੰਘ ਵਿਖੇ ਦਸਵੀਂ ਦਾ ਦਿਹਾੜਾ ਮਨਾਇਆ

**ਲੌਂਗੋਵਾਲ (ਪ੍ਰਦੀਪ ਸੱਪਲ)**-ਸਥਾਨਕ ਗੁਰੂਦੁਆਰਾ ਚੁੱਲੇ ਬਾਬਾ ਆਲਾ ਸਿੰਘ ਵਿਖੇ ਸਮੂਹ ਸਾਧ ਸੰਗਤ ਵੱਲੋਂ ਹਰ ਮਹੀਨੇ ਦੀ ਤਰ੍ਹਾਂ ਇਸ ਵਾਰ ਵੀ ਦਸਵੀਂ ਦਾ ਸ਼ੁੱਭ ਦਿਹਾੜਾ ਮਨਾਇਆ ਗਿਆ ਅਤੇ ਸ਼੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ।ਇਸ ਮੌਕੇ ਮੈਨੇਜਰ ਅਮਰੀਕ ਸਿੰਘ ਬਰਨਾਲਾ ਨੇ ਸਮੂਹ ਸੰਗਤ ਨੂੰ ਅਪੀਲ ਕੀਤੀ ਕਿ ਉਹ ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣਨ ਤੇ ਸਵੇਰੇ-ਸ਼ਾਮ ਗੁਰਬਾਣੀ ਦਾ ਪਾਠ ਪੜ੍ਹੋ।ਇਸ ਮੌਕੇ ਹੈੱਡ ਗ੍ਰੰਥੀ ਭਾਈ ਚਮਕੀਲਾ, ਹੈੱਡ ਗ੍ਰੰਥੀ ਭਾਈ ਪਵਿੱਤਰ ਸਿੰਘ ਆਦਿ ਹਾਜ਼ਰ ਸਨ।

## ਮਾਵਾਂ ਦੇ ਪੁੱਤ ਚੜ੍ਹ ਰਹੇ ਨਸ਼ੇ ਦੀ ਭੇਟ, ਸਰਕਾਰ ਨੂੰ ਚੁਟਕਲੇ ਸੁਣਾਉਣ ਤੋਂ ਵਿਹਲ ਨਹੀਂ : ਰੰਧਾਵਾ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪੰਜਾਬ ਮਹਿਲਾ ਕਾਂਗਰਸ ਦੀ ਸੂਬਾ ਪ੍ਰਧਾਨ ਤੇ ਪਟਿਆਲਾ ਦਿਹਾਤੀ ਦੀ ਪ੍ਰਧਾਨ ਬੀਬਾ ਗੁਰਸ਼ਰਨ ਕੌਰ ਰੰਧਾਵਾ ਨੇ ਨਸ਼ੇ ਦੀ ਓਵਰਡੋਜ਼ ਨਾਲ ਹੋ ਰਹੀਆਂ ਮੌਤਾਂ ਨੂੰ ਲੈ ਕੇ ਸਰਕਾਰ 'ਤੇ ਸਵਾਲ ਖੜੇ ਕੀਤੇ ਹਨ।ਉਨ੍ਹਾਂ ਕਿਹਾ ਕਿ ਪੰਜਾਬ 'ਚ ਨਸ਼ੇ ਦੀ ਵਿਕਰੀ ਘਟਣ ਦੀ ਬਜਾਏ ਵਧ ਰਹੀ ਹੈ।ਰੋਜ਼ ਅਖ਼ਬਾਰਾਂ 'ਚ ਨੌਜਵਾਨਾਂ ਦੀ ਨਸ਼ੇ ਨਾਲ ਮੌਤ ਦੀਆਂ ਖ਼ਬਰਾਂ ਆ ਰਹੀਆਂ ਹਨ।ਅਫ਼ਸੋਸ ਹੈ ਕਿ ਮਾਵਾਂ ਦੇ ਪੁੱਤ ਨਸ਼ੇ ਦੀ ਭੇਟ ਚੜ੍ਹ ਰਹੇ ਹਨ, ਪਰ ਸਰਕਾਰ ਨੂੰ ਚੁਟਕਲੇ ਸੁਣਾਉਣ ਤੋਂ ਵਿਹਲ ਨਹੀਂ।ਝਾੜੂ ਸਰਕਾਰ ਦਾ 'ਯੁੱਧ ਨਸ਼ਿਆਂ ਵਿਰੁੱਧ' ਨਹੀਂ, ਸਗੋਂ ਪੰਜਾਬ ਦੇ ਨੌਜਵਾਨਾਂ ਵਿਰੁੱਧ ਹੈ, ਜੋ ਨਸ਼ੇ ਦੀ ਸਮੱਗਲਿੰਗ ਰੋਕ ਨਹੀਂ ਰਹੀ।ਪੰਜਾਬ ਦੇ ਹਰ ਇਕ ਜ਼ਿਲ੍ਹੇ 'ਚ ਚਿੱਟਾ ਵੇਚਣ ਵਾਲੇ ਸ਼ਰੇਆਮ ਘੁੰਮ ਰਹੇ ਹਨ, ਪਰ ਪੁਲਸ ਮੁਲਾਜ਼ਮ ਤਾਂ ਇਨ੍ਹਾਂ ਨੇ ਬੇਕਸੂਰਾਂ ਨੂੰ ਕੁੱਟਣ ਲਈ ਲਾ ਰੱਖੇ ਹਨ।ਮੁੱਖ ਮੰਤਰੀ ਭਗਵੰਤ ਮਾਨ ਜਵਾਬ ਦੇਣ ਕਿ ਹੁਣ ਨਸ਼ੇ ਰੋਕ ਕਿਉਂ ਨਹੀਂ ਰਹੇ।ਉਨ੍ਹਾਂ ਕਿਹਾ ਕਿ ਸਰਕਾਰ ਬਦਲਾਅ-ਬਦਲਾਅ ਦਾ ਫੋਕਾ ਪ੍ਰਚਾਰ ਕਰ ਕੇ ਬਦਲਾ ਲੈ ਰਹੀ ਹੈ।ਉਨ੍ਹਾਂ ਕਿਹਾ ਕਿ ਇਹ ਉਹੀ ਭਗਵੰਤ ਮਾਨ ਹੈ, ਜਿਹੜਾ ਸੱਤਾ 'ਚ ਆਉਣ ਤੋਂ ਪਹਿਲਾਂ ਕੀ-ਕੀ ਕੁਝ ਕਹਿੰਦਾ ਸੀ ਪਰ ਆਪਣੀ ਇਕ ਵੀ ਗੱਲ 'ਤੇ ਪੂਰਾ ਨਹੀਂ ਉੱਤਰਿਆ।ਨਿਰੋਲ ਝੂਠ ਦੀ ਬੁਨਿਆਦ 'ਤੇ ਜੋ ਸਰਕਾਰ ਦਾ ਮੁੱਢ ਬੱਝਿਆ ਸੀ, ਉਹ ਹੁਣ ਤੀਲਾ-ਤੀਲਾ ਹੋ ਚੁੱਕਿਆ ਹੈ।ਉਨ੍ਹਾਂ ਕਿਹਾ ਕਿ ਆਮ ਲੋਕਾਂ ਨੂੰ ਉਨ੍ਹਾਂ ਦੇ ਹੱਕ ਤਾਂ ਕੀ ਮਿਲਣੇ ਸਨ, ਸਗੋਂ ਆਪਣੇ ਹੱਕਾਂ ਲਈ ਜੂਝਣ ਵਾਲਿਆਂ ਨੂੰ ਬੇਰਹਿਮੀ ਨਾਲ ਕੁੱਟਿਆ ਜਾ ਰਿਹਾ ਹੈ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Printer, Publisher and Editor : **Chand Singh @ Chand Fatehpuri** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.

ਪ੍ਰਕਾਸ਼ਕ, ਛਾਪਕ ਤੇ ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ।

**ਫੋਨ ਨੰਬਰ ਪ੍ਰਬੰਧਕੀ ਵਿਭਾਗ** : 0181-5097300, **ਸਮਾਚਾਰ ਵਿਭਾਗ** : 0181-5097310, **ਈ-ਮੇਲ** : nawanzamana@gmail.com * **Web** : www.nawanzamana.in

CMYK

# ਹਲਕਾ ਭੋਆ ਲਈ ਵੈਟਰਨਰੀ ਹਸਪਤਾਲਾਂ ਅਤੇ ਡਿਸਪੈਂਸਰੀਆਂ ਦੇ ਵਿਕਾਸ ਲਈ 59 ਲੱਖ ਰੁਪਏ ਜਾਰੀ

● ਵਿਕਾਸ ਕਾਰਜਾਂ ਦੇ ਨਾਲ-ਨਾਲ ਕਿਸਾਨਾਂ ਦੇ ਹਿੱਤਾਂ ਦਾ ਵੀ ਧਿਆਨ ਰੱਖ ਰਹੀ ਹੈ ਆਪ ਸਰਕਾਰ : ਕਟਾਰੂਚੱਕ



**ਪਠਾਨਕੋਟ (ਦਵਿੰਦਰ ਸਿੰਘ)**- ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਕਿਹਾ ਕਿ ਪੰਜਾਬ ਸਰਕਾਰ ਹਲਕਾ ਭੋਆ ਵਿੱਚ ਵਿਕਾਸ ਦੀ ਰਫ਼ਤਾਰ ਨੂੰ ਨਵੀਂ ਦਿਸ਼ਾ ਦੇ ਰਹੀ ਹੈ, ਖਾਸ ਕਰਕੇ ਕਿਸਾਨਾਂ ਅਤੇ ਪਸ਼ੂ ਪਾਲਕਾਂ ਨਾਲ ਜੁੜੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ 'ਤੇ ਵਿਸ਼ੇਸ਼ ਜ਼ੋਰ ਦਿੱਤਾ ਜਾ ਰਿਹਾ ਹੈ।ਇਸੇ ਤਹਿਤ ਹਲਕੇ ਵਿੱਚ ਵੈਟਰਨਰੀ ਹਸਪਤਾਲਾਂ ਅਤੇ ਸਿਵਲ ਡਿਸਪੈਂਸਰੀਆਂ ਦੇ ਵਿਕਾਸ ਕਾਰਜਾਂ ਲਈ ਕੁੱਲ 59 ਲੱਖ ਰੁਪਏ ਜਾਰੀ ਕੀਤੇ ਗਏ ਹਨ, ਜਿਸ ਨਾਲ ਪਸ਼ੂ ਸਿਹਤ ਸੇਵਾਵਾਂ ਦੀ ਪੂਰੀ ਨੁਹਾਰ ਬਦਲਣ ਜਾ ਰਹੀ ਹੈ। ਸਰਕਾਰ ਨੇ ਰਾਜਪੁਰਾ ਪਿੰਡ ਦੀ ਸਿਵਲ ਵੈਟਰਨਰੀ ਡਿਸਪੈਂਸਰੀ ਦੇ ਪੱਧਰ ਨੂੰ ਉੱਚਾ ਚੁੱਕਣ ਲਈ ਲਗਭਗ 17 ਲੱਖ ਰੁਪਏ ਜਾਰੀ ਕੀਤੇ ਹਨ।ਇਹ ਰਾਸ਼ੀ ਡਿਸਪੈਂਸਰੀ ਦੀ ਇਮਾਰਤ ਦੇ ਸੁਧਾਰ, ਉਪਕਰਨਾਂ ਦੀ ਉਪਲਬਧਤਾ, ਦਵਾਈਆਂ ਅਤੇ ਪਸ਼ੂ ਇਲਾਜ ਸਹੂਲਤਾਂ ਨੂੰ ਬਿਹਤਰ ਬਣਾਉਣ ਤੇ ਖਰਚ ਕੀਤੀ ਜਾਵੇਗੀ।ਲੰਬੇ ਸਮੇਂ ਤੋਂ ਪਿੰਡ ਵਾਸੀਆਂ ਅਤੇ ਕਿਸਾਨਾਂ ਵੱਲੋਂ ਉਠਾਈ ਜਾ ਰਹੀ ਮੰਗ ਹੁਣ ਪੰਜਾਬ ਸਰਕਾਰ ਵੱਲੋਂ ਪੂਰੀ ਕੀਤੀ ਜਾ ਰਹੀ ਹੈ, ਜਿਸ ਨਾਲ ਹਜ਼ਾਰਾਂ ਪਸ਼ੂ ਪਾਲਕਾਂ ਨੂੰ ਲਾਭ ਹੋਵੇਗਾ।ਇਸੇ ਤਰ੍ਹਾਂ ਤਾਰਾਗੜ੍ਹ ਪਿੰਡ ਵਿੱਚ ਸਿਵਲ ਵੈਟਰਨਰੀ ਹਸਪਤਾਲ ਦੇ ਵਿਕਾਸ ਲਈ ਲਗਭਗ 42 ਲੱਖ ਰੁਪਏ ਦੀ ਵੱਡੀ ਸੌਗਾਤ ਦਿੱਤੀ ਗਈ ਹੈ।ਇਸ ਰਾਸ਼ੀ ਨਾਲ ਹਸਪਤਾਲ ਦਾ ਢਾਂਚਾ, ਆਧੁਨਿਕ ਉਪਕਰਨ, ਲੈਬ ਸਹੂਲਤਾਂ, ਸਾਫ਼-ਸਫ਼ਾਈ ਅਤੇ ਇਲਾਜ ਪ੍ਰਬੰਧਾਂ ਨੂੰ ਨਵੀਂ ਮਜ਼ਬੂਤੀ ਮਿਲੇਗੀ।ਪੇਂਡੂ ਖੇਤਰਾਂ ਲਈ ਇਹ ਨਿਵੇਸ਼ ਬਹੁਤ ਮਹੱਤਵਪੂਰਨ ਮੰਨਿਆ ਜਾ ਰਿਹਾ ਹੈ, ਕਿਉਂਕਿ ਪਸ਼ੂ ਪਾਲਣ ਪੰਜਾਬ ਦੀ ਪੇਂਡੂ ਆਰਥਿਕਤਾ ਦਾ ਮੁੱਖ ਆਧਾਰ ਹੈ।ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਦਾ ਉਦੇਸ਼ ਸਿਰਫ਼ ਸ਼ਹਿਰਾਂ ਵਿੱਚ ਹੀ ਨਹੀਂ, ਸਗੋਂ ਪਿੰਡਾਂ ਵਿੱਚ ਵੀ ਵਿਕਾਸ ਦੀ ਰੌਸ਼ਨੀ ਪਹੁੰਚਾਉਣਾ ਹੈ।ਉਨ੍ਹਾਂ ਕਿਹਾ ਕਿ ਕਿਸਾਨ ਸੂਬੇ ਦੀ ਰੀੜ੍ਹ ਦੀ ਹੱਡੀ ਹਨ ਅਤੇ ਉਨ੍ਹਾਂ ਲਈ ਪਸ਼ੂ ਸਿਹਤ ਸੇਵਾਵਾਂ ਦਾ ਮਜ਼ਬੂਤ ਹੋਣਾ ਬੇਹੱਦ ਜ਼ਰੂਰੀ ਹੈ।ਉਨ੍ਹਾਂ ਕਿਹਾ ਕਿ ਸਾਡੀ ਸਰਕਾਰ ਹਰ ਪਿੰਡ ਤੱਕ ਅਜਿਹੀਆਂ ਸਹੂਲਤਾਂ ਪਹੁੰਚਾਉਣ ਲਈ ਦ੍ਰਿੜ ਸੰਕਲਪ ਹੈ, ਤਾਂ ਜੋ ਕਿਸਾਨ ਅਤੇ ਪਸ਼ੂ ਪਾਲਕ ਬਿਨਾਂ ਕਿਸੇ ਪਰੇਸ਼ਾਨੀ ਦੇ ਆਧੁਨਿਕ ਸੇਵਾਵਾਂ ਦਾ ਲਾਭ ਲੈ ਸਕਣ।ਮੰਤਰੀ ਕਟਾਰੂਚੱਕ ਨੇ ਇਹ ਵੀ ਕਿਹਾ ਕਿ ਪੰਜਾਬ ਸਰਕਾਰ ਕਿਸਾਨਾਂ ਦੇ ਹਿੱਤ ਵਿੱਚ ਕਈ ਯੋਜਨਾਵਾਂ ਚਲਾ ਰਹੀ ਹੈ ਤਾਂ ਜੋ ਉਨ੍ਹਾਂ ਦੀ ਆਮਦਨ ਵਧੇ ਅਤੇ ਪੇਂਡੂ ਜੀਵਨ ਪੱਧਰ ਬਿਹਤਰ ਹੋਵੇ।ਪਸ਼ੂ ਹਸਪਤਾਲਾਂ ਵਿੱਚ ਸੁਧਾਰ ਨਾਲ ਜਿੱਥੇ ਪਸ਼ੂਆਂ ਦੀਆਂ ਬਿਮਾਰੀਆਂ 'ਤੇ ਕਾਬੂ ਪਾਇਆ ਜਾ ਸਕੇਗਾ, ਉਥੇ ਹੀ ਦੁੱਧ ਉਤਪਾਦਨ ਅਤੇ ਪਸ਼ੂਆਂ ਦੀ ਸਿਹਤ ਵਿੱਚ ਵੀ ਵੱਡਾ ਸੁਧਾਰ ਹੋਵੇਗਾ।ਉਨ੍ਹਾਂ ਕਿਹਾ ਕਿ ਹਲਕਾ ਭੋਆ ਵਿੱਚ ਹੋਰ ਵੀ ਵਿਕਾਸ ਪ੍ਰੋਜੈਕਟ ਜਲਦ ਸ਼ੁਰੂ ਕੀਤੇ ਜਾਣਗੇ, ਜਿਨ੍ਹਾਂ ਦਾ ਲਾਭ ਪਿੰਡਾਂ ਦੇ ਹਰ ਨਾਗਰਿਕ ਤੱਕ ਪਹੁੰਚੇਗਾ।ਪਿੰਡ ਵਾਸੀਆਂ ਅਤੇ ਕਿਸਾਨਾਂ ਨੇ ਮੰਤਰੀ ਕਟਾਰੂਚੱਕ ਦਾ ਧੰਨਵਾਦ ਕਰਦਿਆਂ ਕਿਹਾ ਕਿ ਰਾਜਪੁਰਾ ਅਤੇ ਤਾਰਾਗੜ੍ਹ ਵਿੱਚ ਲੰਬੇ ਸਮੇਂ ਤੋਂ ਵੈਟਰਨਰੀ ਸੇਵਾਵਾਂ ਦੇ ਸੁਧਾਰ ਦੀ ਲੋੜ ਸੀ।ਹੁਣ ਸਰਕਾਰ ਵੱਲੋਂ ਜਾਰੀ ਕੀਤੀ ਗਈ ਰਾਸ਼ੀ ਨਾਲ ਨਾ ਸਿਰਫ਼ ਇਲਾਜ ਸਹੂਲਤਾਂ ਬਿਹਤਰ ਹੋਣਗੀਆਂ, ਸਗੋਂ ਪਸ਼ੂ ਧਨ ਆਧਾਰਿਤ ਆਰਥਿਕਤਾ ਨੂੰ ਵੀ ਨਵੀਂ ਮਜ਼ਬੂਤੀ ਮਿਲੇਗੀ।

# ਚਰਿੱਤਰ ਨਿਰਮਾਣ ਨੂੰ ਵਿਕਸਤ ਕਰਨ ਦੀ ਪ੍ਰਕਿਰਿਆ ਹੈ ਸਿੱਖਿਆ : ਤਰੁਣ ਚੁੱਘ

**ਛੇਹਰਟਾ (ਮਨੋਜ ਕੁਮਾਰ)**- ਪ੍ਰਿਥਵੀ ਪਬਲਿਕ ਸਕੂਲ ਵੱਲੋਂ 19ਵਾਂ ਸਾਲਾਨਾ ਸਮਾਗਮ ਪ੍ਰੇਮ ਆਸ਼ਰਮ ਸੀਨੀਅਰ ਸੈਕੰਡਰੀ ਸਕੂਲ, ਅੰਮ੍ਰਿਤਸਰ ਵਿਚ ਸ਼ਾਨਦਾਰ ਢੰਗ ਨਾਲ ਮਨਾਇਆ ਗਿਆ। ਸਮਾਗਮ ਦੇ ਮੁੱਖ ਮਹਿਮਾਨ ਤੇ ਭਾਰਤੀ ਜਨਤਾ ਪਾਰਟੀ ਦੇ ਕੌਮੀ ਜਨਰਲ ਸਕੱਤਰ ਤਰੁਣ ਚੁੱਘ ਦਾ ਸਕੂਲ ਮੈਨੇਜਮੈਂਟ ਨੇ ਸਕੂਲ ਪ੍ਰੰਜਣ 'ਤੇ ਨਿੱਘਾ ਸਵਾਗਤ ਕੀਤਾ। ਇਸ ਮੌਕੇ ਬੱਚਿਆਂ ਨੇ ਸੱਭਿਆਚਾਰਕ ਪੇਸ਼ਕਾਰੀਆਂ ਰਾਹੀਂ ਦਰਸ਼ਕ ਦਾ ਦਿਲ ਜਿੱਤ ਲਿਆ। ਸਮਾਗਮ ਦੌਰਾਨ ਸੰਬੋਧਨ ਕਰਦਿਆਂ ਤਰੁਣ ਚੁੱਘ ਨੇ ਕਿਹਾ ਕਿ ਦੇਸ਼ ਦਾ ਭਵਿੱਖ ਇਨ੍ਹਾਂ ਮਾਸੂਮ ਚਿਹਰਿਆਂ ਵਿਚ ਹੈ ਅਤੇ ਸਕੂਲ ਅਜਿਹੇ ਸਮਾਗਮ ਬੱਚਿਆਂ ਵਿਚ ਆਤਮਵਿਸ਼ਵਾਸ ਤੇ ਲੀਡਰਸ਼ਿਪ ਦੀ ਸਮਰੱਥਾ ਨੂੰ ਮਜ਼ਬੂਤ ਕਰਦੇ ਹਨ। ਚੁੱਘ ਨੇ ਅੱਗੇ ਕਿਹਾ ਕਿ ਸਿੱਖਿਆ ਸਿਰਫ਼ ਅਕਾਦਮਿਕ ਸਿੱਖਿਆ ਤਕ ਸੀਮਤ ਨਹੀਂ ਹੈ; ਇਹ ਕਦਰਾਂ-ਕੀਮਤਾਂ, ਅਨੁਸ਼ਾਸਨ ਤੇ ਚਰਿੱਤਰ ਨਿਰਮਾਣ ਨੂੰ ਵਿਕਸਤ ਕਰਨ ਦੀ ਪ੍ਰਕਿਰਿਆ ਵੀ ਹੈ। ਉਨ੍ਹਾਂ ਕਿਹਾ ਕਿ ਅਜਿਹੇ ਸਮਾਗਮ ਬੱਚਿਆਂ ਵਿਚ ਲੁਕੀਆਂ ਹੋਈਆਂ ਸਮਰੱਥਾਵਾਂ ਨੂੰ ਬਾਹਰ ਲਿਆਉਂਦੇ ਹਨ ਅਤੇ ਉਨ੍ਹਾਂ ਨੂੰ ਜੀਵਨ ਦੇ ਹਰ ਖੇਤਰ ਵਿਚ ਅੱਗੇ ਵੱਧਣ ਲਈ ਪ੍ਰੇਰਿਤ ਕਰਦੇ ਹਨ। ਉਨ੍ਹਾਂ ਪ੍ਰਿਥਵੀ ਪਬਲਿਕ ਸਕੂਲ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਸਕੂਲ ਮੈਨੇਜਮੈਂਟ ਜਿਸ ਸਮਰਪਣ ਭਾਵਨਾ ਨਾਲ ਬੱਚਿਆਂ ਦੇ ਵਿਕਾਸ ਵੱਲ ਧਿਆਨ ਦੇ ਰਹੀ ਹੈ, ਬਹੁਤ ਵਧੀਆ ਗੱਲ ਹੈ। ਸਮਾਗਮ ਦੇ ਅੰਤ ਵਿਚ ਸਕੂਲ ਮੈਨੇਜਮੈਂਟ ਨੇ ਤਰੁਣ ਚੁੱਘ ਨੂੰ ਸਨਮਾਨਿਤ ਕੀਤਾ ਅਤੇ ਮਾਰਗਦਰਸ਼ਨ ਲਈ ਉਨ੍ਹਾਂ ਦਾ ਧੰਨਵਾਦ ਕੀਤਾ। ਪ੍ਰੋਗਰਾਮ ਦੀ ਸਮਾਪਤੀ ਦੇਸ਼ ਭਗਤੀ ਦੇ ਗੀਤਾਂ ਤੇ ਰਚਨਾਤਮਕ ਪੇਸ਼ਕਾਰੀਆਂ ਨਾਲ ਹੋਈ।



# ਕਾਲੇ ਬਿਜਲੀ ਬਿੱਲ ਵਿਰੁੱਧ ਹਰ ਘਰ ਵੱਲੋਂ ਸੰਘਰਸ਼ ਵਿੱਢਣ ਦੀ ਲੋੜ : ਡਾ. ਅਜਨਾਲਾ



**ਅਜਨਾਲਾ (ਸੁੱਖਤਿੰਦਰ ਸਿੰਘ ਰਾਜੂ)**- ਸੰਯੁਕਤ ਕਿਸਾਨ ਮੋਰਚੇ ਨਾਲ 9 ਦਸੰਬਰ 2021 ਨੂੰ ਕੇਂਦਰ ਦੀ ਮੋਦੀ ਸਰਕਾਰ ਵੱਲੋਂ ਬਿਜਲੀ ਬਿੱਲ ਨਾ ਲਿਆਉਣ ਦੀ ਕੀਤੀ ਗਈ ਵਾਅਦਾ ਖਿਲਾਫੀ ਵਿਰੁੱਧ ਜਿਹੜਾ 26 ਨਵੰਬਰ ਨੂੰ ਚੰਡੀਗੜ੍ਹ ਵਿਖੇ ਮਹਾਨ ਇਕੱਠ ਕੀਤਾ ਇਸ ਇਕੱਠ ਵਿੱਚ ਸ਼ਾਮਿਲ ਹੋਣ ਲਈ ਵਧਾਈ ਦਿੰਦਿਆਂ ਸੰਯੁਕਤ ਕਿਸਾਨ ਮੋਰਚੇ ਦੇ ਪ੍ਰਮੁੱਖ ਆਗੂ ਤੇ ਜਮਹੂਰੀ ਕਿਸਾਨ ਸਭਾ ਦੇ ਸੂਬਾ ਪ੍ਰਧਾਨ ਡਾ. ਸਤਨਾਮ ਸਿੰਘ ਅਜਨਾਲਾ ਨੇ ਪ੍ਰੈੱਸ ਨੂੰ ਬਿਆਨ ਜਾਰੀ ਕਰਦਿਆਂ ਕਿਹਾ ਕਿ ਇਸ ਬਿਜਲੀ ਬਿੱਲ ਦਾ ਜੇਕਰ ਕਾਨੂੰਨ ਬਣ ਜਾਂਦਾ ਹੈ ਤਾਂ ਸਮੂਹ ਲੋਕਾਂ ਕੋਲੋਂ ਬਿਜਲੀ ਸਬਸਿਡੀ ਦੀ ਸਹੂਲਤ ਖੁੱਸ ਜਾਵੇਗੀ ਅਤੇ ਬਿਜਲੀ ਬਹੁਤ ਮਹਿੰਗੀ ਹੋ ਜਾਵੇਗੀ! ਸੋ ਇਸ ਕਾਲੇ ਬਿਜਲੀ ਬਿੱਲ ਨੂੰ ਵਾਪਿਸ ਕਰਵਾਉਣ ਲਈ ਸੰਘਰਸ਼ ਦਾ ਬਿਗੁਲ ਵਜਾ ਦਿੱਤਾ ਹੈ। ਇਸ ਦੇ ਪਹਿਲੇ ਪੜਾਅ ਵਜੋਂ ਪੰਜਾਬ ਭਰ 'ਚ ਐੱਸਡੀਓ ਬਿਜਲੀ ਬੋਰਡ ਦੇ ਦਫ਼ਤਰਾਂ ਸਾਹਮਣੇ ਵਿਸ਼ਾਲ ਮੁਜ਼ਾਹਰਾ ਕਰਕੇ ਇਸ ਕਾਲੇ ਬਿਜਲੀ ਬਿੱਲ ਦੀਆਂ ਕਾਪੀਆਂ ਸਾੜੀਆਂ ਜਾਣਗੀਆਂ ਜਿਸ ਵਿੱਚ ਸੰਯੁਕਤ ਕਿਸਾਨ ਮੋਰਚੇ ਦੀਆਂ ਸਮੂਹ ਜਥੇਬੰਦੀਆਂ ਅਤੇ ਬਿਜਲੀ ਬੋਰਡ ਦੇ ਕਰਮਚਾਰੀਆਂ ਦੇ ਸਾਰੇ ਸੰਗਠਨ ਇਸ ਵਿੱਚ ਵੱਡੀ ਗਿਣਤੀ ਵਿਚ ਸ਼ਾਮਿਲ ਹੋਣਗੇ ਅਤੇ ਇਹ ਵੀ ਫੈਸਲਾ ਕੀਤਾ ਹੈ ਕਿ ਇਸ ਕਾਲੇ ਬਿਜਲੀ ਬਿੱਲ ਵਿਰੁੱਧ ਪੀੜਿਤ ਲੋਕਾਂ ਵਿੱਚ ਜਾਗਰੂਕਤਾ ਲਿਆਉਣ ਲਈ ਪੰਜਾਬ ਭਰ ਵਿੱਚ ਪਿੰਡਾਂ ਅਤੇ ਸ਼ਹਿਰਾਂ ਵਿੱਚ ਭਰਵੀਆਂ ਮੀਟਿੰਗਾਂ ਕੀਤੀਆਂ ਜਾਣ ਜਿੱਥੇ ਲੱਖਾਂ ਦੀ ਗਿਣਤੀ ਵਿੱਚ ਦੁਵਰਕੀਆਂ ਵੰਡੀਆਂ ਜਾਣਗੀਆਂ।

# ਲੋਕ ਅਦਾਲਤ ਨੂੰ ਲੈ ਕੇ ਸੈਸ਼ਨ ਜੱਜ ਵੱਲੋਂ ਪੈਨਲ ਐਡਵੋਕੇਟਾਂ ਨਾਲ ਮੀਟਿੰਗ

**ਪਠਾਨਕੋਟ (ਦਵਿੰਦਰ ਸਿੰਘ)**- ਜ਼ਿਲਾ ਕਾਨੂੰਨੀ ਸੇਵਾਵਾਂ ਅਥਾਰਟੀ ਪਠਾਨਕੋਟ ਦੇ ਚੇਅਰਮੈਨ-ਕਮ-ਜ਼ਿਲ੍ਹਾ ਅਤੇ ਸੈਸ਼ਨ ਜੱਜ ਜਤਿੰਦਰ ਪਾਲ ਸਿੰਘ ਖੁਰਮੀ ਦੀ ਅਗਵਾਈ ਵਿੱਚ ਕੋਰਟ ਕੰਪਲੈਕਸ ਪਠਾਨਕੋਟ ਵਿਖੇ ਨੈਸ਼ਨਲ ਲੋਕ ਅਦਾਲਤ ਨੂੰ ਲੈ ਕੇ ਪੈਨਲ ਐਡਵੋਕਸਟਸ ਨਾਲ ਮੀਟਿੰਗ ਕੀਤੀ ਗਈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਜ਼ਿਲਾ ਕਾਨੂੰਨੀ ਸੇਵਾਵਾਂ ਅਥਾਰਟੀ ਪਠਾਨਕੋਟ ਦੇ ਚੇਅਰਮੈਨ ਜਤਿੰਦਰ ਪਾਲ ਸਿੰਘ ਖੁਰਮੀ ਨੇ ਦੱਸਿਆ ਲੋਕ ਆਪਣਾ ਕੇਸ ਸੰਬੰਧਿਤ ਕੋਰਟ ਜਾਂ ਸਕੱਤਰ ਜ਼ਿਲਾ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਦਫਤਰ ਵਿੱਚ ਅਰਜ਼ੀ ਦੇ ਕੇ ਲਗਵਾ ਸਕਦੇ ਹਨ। ਉਨ੍ਹਾਂ ਕਿਹਾ ਕਿ ਨੈਸ਼ਨਲ ਲੋਕ ਅਦਾਲਤ ਵਿੱਚ ਦੋਵੇਂ ਪਾਰਟੀਆਂ ਦੀ ਜਿੱਤ ਹੋਵੇਗੀ ਅਤੇ ਕੋਈ ਵੀ ਪਾਰਟੀ ਆਪਣਾ ਕੇਸ ਹਾਰ ਕੇ ਨਹੀਂ ਜਾਵੇਗੀ।ਉਨ੍ਹਾਂ ਦੱਸਿਆ ਕਿ ਨੈਸ਼ਨਲ ਲੋਕ ਅਦਾਲਤ ਵਿੱਚ ਜੱਜ ਸਾਹਿਬਾਨ ਜੋ ਫੈਸਲਾ ਸੁਣਾ ਦੇਣਗੇ, ਉਸਦੇ ਬਾਅਦ ਇਸ ਫੈਸਲੇ ਦੇ ਖਿਲਾਫ ਫਿਰ ਕਿਸੇ ਵੀ ਅਦਾਲਤ ਵਿੱਚ ਅਪੀਲ ਨਹੀਂ ਕੀਤੀ ਜਾ ਸਕੇਗੀ। ਇਸ ਦਾ ਫੈਸਲਾ ਅੰਤਿਮ ਫੈਸਲਾ ਹੋਵੇਗਾ। ਉਨ੍ਹਾਂ ਕਿਹਾ ਕਿ ਇਸ ਅਦਾਲਤ ਦੇ ਕੇਸ ਦਾ ਫੈਸਲਾ ਹੋਣ ਦੇ ਬਾਅਦ ਕੋਰਟ ਫੀਸ ਵੀ ਵਾਪਸ ਕਰ ਦਿੱਤੀ ਜਾਵੇਗੀ।ਉਨ੍ਹਾਂ ਦੱਸਿਆ ਕਿ ਇਸ ਨੈਸ਼ਨਲ ਲੋਕ ਅਦਾਲਤ ਵਿੱਚ ਘਰੇਲੂ ਝਗੜੇ, ਛੋਟੇ ਕ੍ਰਿਮਨਲ ਕੇਸ, ਚੈੱਕ ਬਾਉਂਸ ਕੇਸ, ਦੁਰਘਟਨਾ ਮੁਆਵਜ਼ਾ ਆਦਿ ਕੇਸਾਂ ਦਾ ਨਿਪਟਾਰਾ ਕੀਤਾ ਜਾਵੇਗਾ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਇਸ ਨੈਸ਼ਨਲ ਲੋਕ ਅਦਾਲਤ ਦਾ ਵੱਧ ਤੋਂ ਵੱਧ ਲਾਭ ਉਠਾਇਆ ਜਾਵੇ ਅਤੇ ਆਪਸੀ ਸਹਿਮਤੀ ਨਾਲ ਕੇਸ ਖਤਮ ਕਰਕੇ ਭਾਈਚਾਰੇ ਦੀ ਭਾਵਨਾ ਨੂੰ ਵੱਧ ਤੋਂ ਵੱਧ ਵਧਾਇਆ ਜਾਵੇ। ਇਸ ਮੌਕੇ ਸੀਜੇਐੱਮ ਰੁਪਿੰਦਰ ਸਿੰਘ, ਐਡਵੋਕੇਟ ਭਾਰਤ ਭੂਸ਼ਣ ਸ਼ਰਮਾ, ਐਡਵੋਕੇਟ ਦਰਸ਼ਨ ਕੁਮਾਰ, ਐਡਵੋਕੇਟ ਅਨੂਜ ਪੁਰੀ, ਐਡਵੋਕੇਟ ਵਿਨੋਦ ਕੁਮਾਰ, ਐਡਵੋਕੇਟ ਨਵਦੀਪ ਸੈਣੀ, ਐਡਵੋਕੇਟ ਦੀਪਕ ਸਵਾਲ, ਐਡਵੋਕੇਟ ਕੇਤਨ ਮਹਾਜਨ, ਐਡਵੋਕੇਟ ਬਲਵਿੰਦਰ ਸੈਣੀ ਐਡਵੋਕੇਟ ਅਮਿਤ ਵਰਮਾ, ਛੁੱਟੀ ਐਡਵੋਕੇਟ ਸੌਰਵ, ਐਡਵੋਕੇਟ ਮਮਤਾ ਸਮਖਾੜੀਆ, ਐਡਵੋਕੇਟ ਰਮਨ ਕੁਮਾਰੀ, ਐਡਵੋਕੇਟ ਰੋਮਿਕਾ, ਐਡਵੋਕੇਟ ਰਖੀਆ ਦੇਵੀ, ਐਡਵੋਕੇਟ ਹਨੀ ਮਾਈਨੀ ਆਦਿ ਹਾਜ਼ਰ ਸਨ।



# ਟਰਾਂਸਪੋਰਟ ਕਾਮਿਆਂ 'ਤੇ ਲਾਠੀਚਾਰਜ ਅਤੇ ਮੁਅੱਤਲੀ ਦੀ ਨਿਖੇਧੀ

**ਚੇਤਨਪੁਰਾ (ਸੁਖਵੰਤ ਚੇਤਨਪੁਰੀ)**- ਟੈਕਨੀਕਲ ਸਰਵਿਸਜ਼ ਯੂਨੀਅਨ ਰਜਿ: ਪੰਜਾਬ ਦੇ ਸੂਬਾ ਪ੍ਰਧਾਨ ਕ੍ਰਿਸ਼ਨ ਸਿੰਘ ਔਲਖ ਅਤੇ ਸੂਬਾ ਦਫਤਰੀ ਸਕੱਤਰ ਮਲਕੀਅਤ ਸਿੰਘ ਸੈਂਸਰਾ ਨੇ ਸਾਂਝੇ ਪ੍ਰੈੱਸ ਬਿਆਨ ਰਾਹੀਂ ਪੀਆਰਟੀਸੀ, ਪਨਬਸ ਅਤੇ ਰੋਡਵੇਜ਼ ਦੇ ਠੇਕਾ ਕਾਮਿਆਂ ਦੀਆਂ ਜਥੇਬੰਦੀਆਂ ਵੱਲੋਂ ਟਰਾਂਸਪੋਰਟ ਦੇ ਨਿੱਜੀਕਰਨ ਵਿਰੁੱਧ, ਠੇਕਾ ਕਾਮਿਆਂ ਦਾ ਰੁਜ਼ਗਾਰ ਪੱਕਾ ਕਰਨ ਅਤੇ ਹੋਰ ਮੰਗਾਂ ਦੀ ਪ੍ਰਾਪਤੀ ਲਈ ਜਮਹੂਰੀ ਢੰਗ ਨਾਲ ਵਿੱਢੇ ਸੰਘਰਸ਼ ਨੂੰ ਕੁਚਲਣ ਲਈ ਪੰਜਾਬ ਸਰਕਾਰ ਦੇ ਇਸ਼ਾਰੇ 'ਤੇ ਪੁਲਸ ਪ੍ਰਸ਼ਾਸਨ ਵੱਲੋਂ ਲਾਠੀਚਾਰਜ ਕਰਕੇ ਆਗੂਆਂ ਤੇ ਵਰਕਰਾਂ ਨੂੰ ਗ੍ਰਿਫ਼ਤਾਰ ਕਰਨ ਦੀ ਕਰੜੇ ਸ਼ਬਦਾਂ 'ਚ ਨਿਖੇਧੀ ਕੀਤੀ। ਉਨ੍ਹਾਂ ਪੀਆਰਟੀਸੀ., ਪਨਬਸ ਅਤੇ ਰੋਡਵੇਜ਼ ਦੇ ਮੁਲਾਜ਼ਮਾਂ ਦੇ ਹੱਕੀ ਤੇ ਜਾਇਜ਼ ਸੰਘਰਸ਼ ਦੀ ਹਮਾਇਤ ਕਰਦਿਆਂ ਮੰਗ ਕੀਤੀ ਕਿ ਗ੍ਰਿਫਤਾਰ ਕੀਤੇ ਪੀਆਰਟੀਸੀ ਆਗੂਆਂ ਤੇ ਵਰਕਰਾਂ ਨੂੰ ਤੁਰੰਤ ਰਿਹਾਅ ਕੀਤਾ ਜਾਵੇ, ਮੁਅੱਤਲ ਕੀਤੇ ਆਗੂਆਂ ਨੂੰ ਬਿਨਾਂ ਸ਼ਰਤ ਬਹਾਲ ਕੀਤਾ ਜਾਵੇ, ਨਿੱਜੀਕਰਨ ਦੀ ਨੀਤੀ ਤਹਿਤ ਕਿਲੋਮੀਟਰ ਸਕੀਮ ਦੇ ਟੈਂਡਰ ਵਾਪਸ ਲਏ ਜਾਣ, ਸਾਰੇ ਠੇਕਾ ਕਾਮਿਆਂ ਨੂੰ ਰੈਗੂਲਰ ਕੀਤਾ ਜਾਵੇ ਅਤੇ ਹੋਰ ਸਾਰੀਆਂ ਮੰਗਾਂ ਪ੍ਰਵਾਨ ਕੀਤੀਆਂ ਜਾਣ, ਸੰਘਰਸ਼ ਲੜਨ ਦੇ ਜਮਹੂਰੀ ਹੱਕ ਨੂੰ ਬਹਾਲ ਕੀਤਾ ਜਾਵੇ ਅਤੇ ਪੁਲਸ ਵੱਲੋਂ ਲਾਠੀਆਂ ਤੇ ਗੋਲੀਆਂ ਨਾਲ ਜਮਹੂਰੀ ਸੰਘਰਸ਼ ਨੂੰ ਕੁਚਲਣਾ ਬੰਦ ਕੀਤਾ ਜਾਵੇ।

# ਪ੍ਰਾਇਮਰੀ ਸਿੱਖਿਆ ਬਲਾਕ ਧਾਰੀਵਾਲ-1 ਵਿਖੇ ਅਧਿਆਪਕਾਂ ਦਾ ਸੈਮੀਨਾਰ

**ਧਾਰੀਵਾਲ (ਮਨਦੀਪ ਸਿੰਘ ਵਿੱਕੀ)**- ਪ੍ਰਾਇਮਰੀ ਸਿੱਖਿਆ ਬਲਾਕ ਧਾਰੀਵਾਲ-1 ਵਿੱਚ ਫਾਊਂਡੇਸ਼ਨਲ ਲਿਟਰੇਸੀ ਐਂਡ ਨਿਊਮਰੇਸੀ (ਐੱਫਐੱਲਐੱਨ) ਪ੍ਰੋਗਰਾਮ ਤਹਿਤ ਅਧਿਆਪਕਾਂ ਦਾ ਸੈਮੀਨਾਰ ਲਗਾਇਆ ਗਿਆ। ਸੈਮੀਨਾਰ ਦੌਰਾਨ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਬਲਵਿੰਦਰ ਸਿੰਘ ਗਿੱਲ ਨੇ ਅਧਿਆਪਕਾਂ ਨੂੰ ਨਿਪੁੰਨ ਭਾਰਤ ਮਿਸ਼ਨ ਦੇ ਟੀਚਿਆਂ ਨੂੰ ਪੂਰਾ ਕਰਨ ਲਈ ਪ੍ਰੇਰਿਤ ਕੀਤਾ ਅਤੇ ਵਿਭਾਗ ਵੱਲੋਂ ਮਿਲ ਰਹੀਆਂ ਸਹੂਲਤਾਂ ਨੂੰ ਹਰ ਬੱਚੇ ਤੱਕ ਪਹੁੰਚਾਉਣ 'ਤੇ ਜ਼ੋਰ ਦਿੱਤਾ ਗਿਆ। ਉਨ੍ਹਾਂ ਕਿਹਾ ਐੱਫਐੱਲਐੱਨ ਪ੍ਰੋਗਰਾਮ ਭਾਰਤ ਸਰਕਾਰ ਵੱਲੋਂ ਚਲਾਇਆ ਜਾ ਰਿਹਾ ਇਹ ਮਹੱਤਵਪੂਰਨ ਅਭਿਆਨ ਹੈ, ਜਿਸ ਦਾ ਉਦੇਸ ਪ੍ਰਾਇਮਰੀ ਪੱਧਰ 'ਤੇ ਬੱਚਿਆਂ ਵਿੱਚ ਬੁਨਿਆਦੀ ਪੜ੍ਹਨ-ਲਿਖਣ ਅਤੇ ਗਣਿਤ ਦੇ ਹੁਨਰ ਵਿਕਸਿਤ ਕਰਨਾ ਹੈ। ਅਜਿਹੇ ਸੈਮੀਨਾਰ ਅਤੇ ਟ੍ਰੇਨਿੰਗ ਪ੍ਰੋਗਰਾਮ ਅਧਿਆਪਕਾਂ ਨੂੰ ਅਪਡੇਟ ਰੱਖਣ ਵਿੱਚ ਮਦਦ ਕਰਦੇ ਹਨ ਅਤੇ ਸਿੱਖਿਆ ਪ੍ਰਣਾਲੀ ਨੂੰ ਮਜ਼ਬੂਤ ਬਣਾਉਂਦੇ ਹਨ। ਬੀਪੀਈਓ ਬਲਵਿੰਦਰ ਸਿੰਘ ਗਿੱਲ ਨੇ ਕਿਹਾ ਅੱਜ ਦੇ ਸਿੱਖਿਆ ਵਾਤਾਵਰਣ ਵਿੱਚ ਐੱਫਐੱਲਐੱਨ ਵਰਗੇ ਪ੍ਰੋਗਰਾਮ ਬੱਚਿਆਂ ਦੇ ਬੁਨਿਆਦੀ ਵਿਕਾਸ ਲਈ ਬਹੁਤ ਮਹੱਤਵਪੂਰਨ ਹਨ। ਉਨ੍ਹਾਂ ਨੇ ਅਧਿਆਪਕਾਂ ਨੂੰ ਤਨਦੇਹੀ ਨਾਲ ਕੰਮ ਕਰਨ ਅਤੇ ਹਰ ਬੱਚੇ ਨੂੰ ਗੁਣਵੱਤਾ ਵਾਲੀ ਸਿੱਖਿਆ ਪ੍ਰਦਾਨ ਕਰਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਨਿਪੁੰਨ ਭਾਰਤ ਅਭਿਆਨ ਤਹਿਤ ਪ੍ਰੋਗਰਾਮ ਨਾਲ ਅਧਿਆਪਕਾਂ ਵਿੱਚ ਨਵੀਂ ਊਰਜਾ ਅਤੇ ਉਤਸ਼ਾਹ ਪੈਦਾ ਹੋਵੇਗਾ, ਜੋ ਬੱਚਿਆਂ ਦੇ ਬਿਹਤਰ ਭਵਿੱਖ ਲਈ ਮਹੱਤਵਪੂਰਨ ਹੈ। ਉਨ੍ਹਾਂ ਦੱਸਿਆ ਕਿ ਇਹ ਸੈਮੀਨਾਰ ਅਧਿਅਪਕਾਂ ਦੀ ਤਿੰਨ ਦਿਨਾਂ ਵਾਲੀ ਟ੍ਰੇਨਿੰਗ ਦਾ ਹਿੱਸਾ ਹੈ, ਜਿਸ ਵਿੱਚ ਅਧਿਆਪਕਾਂ ਨੂੰ ਪੰਜਾਬੀ, ਗਣਿਤ ਅਤੇ ਅੰਗਰੇਜ਼ੀ ਵਿਸ਼ਿਆਂ ਨੂੰ ਪੜ੍ਹਾਉਣ ਸਬੰਧੀ ਵਿਸਥਾਰ ਨਾਲ ਚਰਚਾ ਅਤੇ ਮਾਰਗਦਰਸ਼ਨ ਪ੍ਰਦਾਨ ਕੀਤਾ ਗਿਆ। ਰਿਸੋਰਸਪਰਸਨ ਵਜੋਂ ਜਗਦੀਸ਼ ਰਾਜ ਬੈਂਸ ਸੀਐੱਚਟੀ ਖੁੰਡਾ, ਰੂਪ ਸਿੰਘ ਅਤੇ ਧਰਮਪਾਲ ਸ਼ਰਮਾ ਨੇ ਅਧਿਆਪਕਾਂ ਨੂੰ ਨਵੀਆਂ ਅਧਿਆਪਨ ਵਿਧੀਆਂ ਬਾਰੇ ਜਾਣੂ ਕਰਵਾਇਆ ਅਤੇ ਵਿਹਾਰਕ ਉਦਾਹਰਣਾਂ ਨਾਲ ਸਮਝਾਇਆ ਕਿ ਕਿਵੇਂ ਬੱਚਿਆਂ ਨੂੰ ਆਸਾਨੀ ਨਾਲ ਸਿੱਖਿਆ ਦਿੱਤੀ ਜਾ ਸਕਦੀ ਹੈ ਅਤੇ ਅਧਿਆਪਕਾਂ ਨੂੰ ਆਪਣੇ ਵਿਦਿਆਰਥੀਆਂ ਨੂੰ ਵਧੇਰੇ ਪ੍ਰਭਾਵੀ ਢੰਗ ਨਾਲ ਪੜ੍ਹਾਉਣ ਵਿੱਚ ਮਦਦ ਮਿਲੇਗੀ। ਅਧਿਆਪਕਾਂ ਨੇ ਵੀ ਇਸ ਟਰੇਨਿੰਗ ਸੈਮੀਨਾਰ ਦੌਰਾਨ ਆਪਣੇ ਅਨੁਭਵਾਂ ਨੂੰ ਸਾਂਝੇ ਕੀਤੇ। ਸੈਮੀਨਾਰ ਵਿੱਚ ਅਿਆਪਕ ਅਨਿਲ ਕੁਮਾਰ ਸ਼ਰਮਾ, ਦੀਪ ਰਾਜ ਕੌਰ, ਵਿਵੇਕ ਭਾਰਦਵਾਜ, ਹਰਦੀਪ ਕੌਰ, ਸਰਬਜੀਤ ਸਿੰਘ, ਮਨਦੀਪ ਕੌਰ, ਮੁੱਖ ਅਧਿਆਪਕ ਨੀਰਜ ਬਾਲਾ, ਜਸਵਿੰਦਰ ਕੌਰ, ਵਿਜੇ ਕੁਮਾਰ, ਕੁਲਜੀਤ ਕੌਰ, ਗੁਰਪ੍ਰੀਤ ਕੌਰ, ਰੁਪਿੰਦਰ ਕੌਰ, ਸੀਮਾ, ਸੁਖਜਿੰਦਰ ਸਿੰਘ, ਮੁੱਖ ਅਧਿਆਪਕ ਬਲਦੇਵ ਰਾਜ, ਗੁਰਪ੍ਰੀਤ ਸਿੰਘ, ਰਵੀ ਕੁਮਾਰ, ਕਪਿਲ ਸੇਠ ਆਦਿ ਸਮੇਤ ਵੱਡੀ ਗਿਣਤੀ 'ਚ ਅਧਿਆਪਕਾਂ ਨੇ ਹਿੱਸਾ ਲਿਆ।



# 'ਥੱਪ' ਦਾ ਹੈਰਤਅੰਗੇਰਜ਼ ਮੁਕਾਬਲਾ



**ਬਲਾਚੌਰ (ਜਸਵਿੰਦਰ ਬੈਂਸ)** ਨਗਰ ਕੌਂਸਲ ਬਲਾਚੌਰ ਦੇ ਪਿੰਡ ਸਿਆਣਾ ਦੀ ਪੰਚਾਇਤ ਵਾਰਡ ਨੰਬਰ 12 ਦੇ ਕੌਂਸਲਰ ਰਾਧੇ ਸ਼ਾਮ ਦੀ ਦੇਖਰੇਖ ਹੇਠ ਮੰਜੇ ਉੱਪਰ ਉੱਚੀ ਛਲਾਂਗ ਲਾ ਕੇ ਬਾਜ਼ੀ ਪਾਉਣ ਦੀ ਪੁਰਾਤਨ ਅਤੇ ਰੌਂਗਟੇ ਖੜ੍ਹੇ ਕਰਨ ਵਾਲੀ ਰਸਮ, ਜਿਸ ਨੂੰ 'ਥੱਪ' ਕਿਹਾ ਜਾਂਦਾ ਹੈ, ਦਾ ਹੈਰਤਅੰਗੇਜ਼ ਮੁਕਾਬਲਾ ਕਰਵਾਇਆ ਗਿਆ।ਮੌਕੇ 'ਤੇ ਮੁੱਖ ਮਹਿਮਾਨ ਵਜੋਂ ਨਗਰ ਕੌਂਸਲ ਦੇ ਪ੍ਰਧਾਨ ਸੁਨੀਲ ਕੌਸ਼ਲ ਲਾਡੀ ਸਾਲ ਪਿੰਡ ਦੀ ਸਮੂਹ ਕਮੇਟੀ ਵੱਲੋਂ ਹਰ ਸਾਲ ਇਸ ਖੇਡ ਨੂੰ ਮੁਕਾਬਲੇ ਦਾ ਰੂਪ ਦੇ, ਜੇਤੂਆਂ ਲਈ ਇਨਾਮਾਂ ਦੀ ਲੜੀ ਸ਼ੁਰੂ ਕੀਤੀ ਗਈ, ਜਿਸ ਨਾਲ ਦਰਸ਼ਕਾਂ ਵਿੱਚ ਖੇਡ ਪ੍ਰਤੀ ਉਤਸ਼ਾਹ ਹੋਰ ਵੱਧ ਗਿਆ।ਇਹ ਖੇਡ ਰੂਪ ਕਿਸੇ ਵੀ ਜ਼ਿਮਨਾਸਟਿਕ ਤੋਂ ਘੱਟ ਨਹੀਂ ਹੈ, ਜਿਸ ਵਿੱਚ ਗੱਭਰੂ, ਲੱਕੜ ਦੇ ਕੁਝ ਮੰਜਿਆਂ ਨੂੰ ਇੱਕ ਦੂਜੇ 'ਤੇ ਰੱਖ ਕੇ, ਦੂਰੋਂ ਭੱਜ ਕੇ ਆਉਂਦੇ ਹਨ ਅਤੇ ਬਿਨਾਂ ਡਿੱਗਿਆਂ ਜਾਂ ਮੰਜਿਆਂ ਨੂੰ ਹਿਲਾਏ, ਇੱਕੋ ਛਾਲ ਵਿੱਚ ਉਨ੍ਹਾਂ ਨੂੰ ਟੱਪ ਜਾਂਦੇ ਹਨ।ਪਿੰਡ ਦੀ ਪ੍ਰਬੰਧਕ ਕਮੇਟੀ ਸੁਰਿੰਦਰ ਸਿੰਘ ਫੌਜੀ, ਚੌਧਰੀ ਹਰਬੰਸ ਲਾਲ, ਮੁਖਤਾਰ ਸਿੰਘ, ਜਗਤਾਰ ਸਿੰਘ ਧਾਰੀਵਾਲ, ਰਵਿੰਦਰ ਰਵੀ ਇੰਦਰਜੀਤ ਸ਼ੇਰ ਗਿੱਲ, ਮਣੀ ਬਾਬਾ, ਬਲਰਾਮ ਸਿੰਘ, ਕਾਮਰੇਡ ਭਿੰਦਾ ਸਾਬਕਾ ਕੌਂਸਲਰ ਸਿਮਰੂ ਰਾਮ ਐਲਾਨ ਕੀਤਾ ਕਿ 'ਥੱਪ' ਦੀ ਇਸ ਰਵਾਇਤੀ ਖੇਡ ਨੂੰ ਪ੍ਰੇਰਿਤ ਕਰਨ ਜੇਤੂਆਂ ਨੂੰ ਪਹਿਲੇ, ਦੂਜੇ ਅਤੇ ਤੀਜੇ ਸਥਾਨ 'ਤੇ ਸਨਮਾਨਿਤ ਕੀਤਾ ਗਿਆ। ਪਹਿਲਾ ਸਥਾਨ ਰਾਜਕੁਮਾਰ ਪਿੰਡ ਸ਼ੇਕਰਾ ਨੇ ਹਾਸਲ ਕੀਤਾ ਕੀਤਾ।ਦੂਜਾ ਸਥਾਨ: ਬਖਸ਼ੀਸ਼ ਸਿੰਘ ਪਿੰਡ ਮਹਤਪਰ ਲੱਧਣੀ ਨੇ ਸ਼ਾਨਦਾਰ ਪ੍ਰਦਰਸ਼ਨ ਨਾਲ ਦੂਜਾ ਇਨਾਮ ਜਿੱਤਿਆ। ਤੀਜਾ ਸਥਾਨ: ਸਤੀਸ਼ ਕੁਮਾਰ ਪਿੰਡ ਬਖਲੌਰ ਨੂੰ ਸਖ਼ਤ ਮੁਕਾਬਲੇ ਤੋਂ ਬਾਅਦ ਤੀਜਾ ਸਥਾਨ ਦਿੱਤਾ ਗਿਆ। ਇਹਨਾਂ ਦੇ ਨਾਲ ਮਹਿੰਦਰ ਸਿੰਘ ਕੋਚ ਸਰਪੰਚ ਪਿੰਡ ਬਰਨਾਲਾ ਖੁਰਦ ਮੌਜੂਦ ਸਨ। ਕਮੇਟੀ ਦੇ ਮੈਂਬਰਾਂ ਸਨਮਾਨ ਕੀਤਾ ਅਤੇ ਜੇਤੂਆਂ ਨੂੰ ਨਕਦ ਇਨਾਮ ਅਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ।

# 350 ਸਾਲਾ ਸ਼ਹੀਦੀ ਦਿਹਾੜੇ ਨਾਲ ਸਬੰਧਤ ਬੱਚਿਆਂ ਦੇ ਬਲਾਕ ਪੱਧਰੀ ਪ੍ਰਸ਼ਨੋਤਰੀ ਮੁਕਾਬਲੇ ਕਰਵਾਏ

**ਬਟਾਲਾ (ਡਾ. ਮਲਵਿੰਦਰ ਸਿੰਘ)**- ਸਕੂਲ ਸਿੱਖਿਆ ਵਿਭਾਗ ਪੰਜਾਬ ਵੱਲੋਂ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਨਾਲ ਸੰਬੰਧੀ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਜੀਵਨ ਬਾਰੇ ਜਾਣੂ ਕਰਵਾਉਣ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ।ਇਸੇ ਲੜੀ ਤਹਿਤ ਡੀਈਓ ਐਲੀ: ਪਰਮਜੀਤ ਤੇ ਡਿਪਟੀ ਡੀਈਓ ਐਲੀ: ਡਾ. ਅਨਿਲ ਸ਼ਰਮਾ ਦੀ ਅਗਵਾਈ ਵਿੱਚ ਬਲਾਕ ਪ੍ਰਾਇਮਰੀ ਸਿੱਖਿਆ ਦਫ਼ਤਰ ਬਟਾਲਾ -1 ਵਿਖੇ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਨਾਲ ਸੰਬੰਧੀ ਬਲਾਕ ਪੱਧਰੀ ਪ੍ਰਸ਼ਨੋਤਰੀ ਮੁਕਾਬਲੇ ਕਰਵਾਏ ਗਏ।ਇਸ ਮੌਕੇ ਜਾਣਕਾਰੀ ਦਿੰਦੇ ਹੋਏ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਜਸਵਿੰਦਰ ਸਿੰਘ ਨੇ ਦੱਸਿਆ ਕਿ ਇਨ੍ਹਾਂ ਬਲਾਕ ਪੱਧਰੀ ਪ੍ਰਸ਼ਨੋਤਰੀ ਮੁਕਾਬਲਿਆਂ ਵਿੱਚ 07 ਕਲੱਸਟਰ ਪੱਧਰੀ ਜੇਤੂ ਵਿਦਿਆਰਥੀਆਂ ਵੱਲੋਂ ਭਾਗ ਲਿਆ ਗਿਆ ਹੈ।ਇਸ ਦੌਰਾਨ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ ਜੀਵਨ ਨਾਲ ਸਬੰਧਤ ਵਿਦਿਆਰਥੀਆਂ ਕੋਲੋਂ ਪ੍ਰਸ਼ਨ ਪੁੱਛੇ ਗਏ।ਉਨ੍ਹਾਂ ਜਾਣਕਾਰੀ ਦਿੱਤੀ ਕਿ ਇਨ੍ਹਾਂ ਮੁਕਾਬਲਿਆਂ ਵਿੱਚ ਸਹਿਜਦੀਪ ਸਿੰਘ ਸਰਕਾਰੀ ਪ੍ਰਾਇਮਰੀ ਸਕੂਲ ਸ਼ੇਖਪੁਰ ਕਲਾਂ ਵੱਲੋਂ ਪਹਿਲਾ, ਪ੍ਰਿਥਮਦੀਪ ਕੌਰ ਸਰਕਾਰੀ ਪ੍ਰਾਇਮਰੀ ਸਕੂਲ ਅਰਬਨ ਅਸਟੇਟ ਬਟਾਲਾ ਵੱਲੋਂ ਦੂਸਰਾ ਅਤੇ ਮਨਜੋਤ ਕੌਰ ਸਰਕਾਰੀ ਪ੍ਰਾਇਮਰੀ ਸਕੂਲ ਜੈਤੋ ਸਰਜਾ ਵੱਲੋਂ ਤੀਸਰਾ ਸਥਾਨ ਪ੍ਰਾਪਤ ਕੀਤਾ ਗਿਆ।ਇਸ ਦੌਰਾਨ ਬੱਚਿਆਂ ਨੂੰ ਸਰਟੀਫਿਕੇਟ ਅਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ।ਇਸ ਦੌਰਾਨ ਵਿਦਿਆਰਥਣ ਰਵਨੀਤ ਕੌਰ ਵੱਲੋਂ ਸ੍ਰੀ ਗੁਰੂ ਤੇਗ਼ ਬਹਾਦੁਰ ਜੀ ਨਾਲ ਸਬੰਧਤ ਕਵਿਤਾ ਪੇਸ਼ ਕੀਤੀ ਗਈ।ਇਸ ਮੌਕੇ ਸੈਂਟਰ ਮੁੱਖ ਅਧਿਆਪਕ ਹਰਪਿੰਦਰਪਾਲ ਕੌਰ, ਅਮਨਦੀਪ ਕੌਰ, ਹੈੱਡ ਟੀਚਰ ਗੁਰਪ੍ਰੀਤ ਸਿੰਘ, ਪਰਮਜੀਤ ਸਿੰਘ, ਗੁਰਪ੍ਰੀਤ ਸਿੰਘ ਰੰਗੀਲਪੁਰ, ਸੁਖਮੀਤ ਕੌਰ ਵੱਲੋਂ ਜੱਜ ਦੀ ਭੂਮਿਕਾ ਨਿਭਾਈ ਗਈ।ਇਸ ਦੌਰਾਨ ਸੈਂਟਰ ਮੁੱਖ ਅਧਿਆਪਕ ਵਿਨੋਦ ਸ਼ਰਮਾ, ਜਸਵਿੰਦਰ ਸਿੰਘ, ਹੈੱਡ ਟੀਚਰ ਜਸਪਾਲ ਸਿੰਘ, ਪਵਨ ਕੁਮਾਰ, ਗਗਨਦੀਪ ਸਿੰਘ, ਬੀਆਰਸੀ ਰਾਮ ਸਿੰਘ, ਭੁਪਿੰਦਰ ਸਿੰਘ ਪੰਛੀ, ਪਲਵਿੰਦਰ ਸਿੰਘ ਕਾਹਲੋਂ, ਰਜਨੀ ਬਾਲਾ, ਅਮਨਦੀਪ ਸਿੰਘ , ਦੀਪਕ ਕੁਮਾਰ, ਰੇਨੂੰ ਬਾਲਾ, ਮਨਮਿੰਦਰ ਕੌਰ, ਸੰਦੇਸ਼ ਕੁਮਾਰ ਆਦਿ ਹਾਜ਼ਰ ਸਨ।



# ਸਾਲ ਭਰ ਤੋਂ ਤਨਖਾਹ ਤੋਂ ਵਾਂਝੇ ਸਿਵਲ ਹਸਪਤਾਲ ਦੇ ਆਊਟਸੋਰਸ ਕਾਮਿਆਂ 'ਚ ਡਾਢਾ ਰੋਸ



**ਪੱਟੀ (ਬਲਦੇਵ ਸਿੰਘ ਸੰਧੂ)**- ਹਸਪਤਾਲ ਪੱਟੀ ਵਿਖੇ ਆਊਟਸੋਰਸ ਕੰਪਨੀ ਅਧੀਨ ਸੇਵਾਵਾਂ ਨਿਭਾ ਰਹੇ ਆਊਟਸੋਰਸ ਮੁਲਾਜ਼ਮਾਂ ਦੀਆਂ ਬੀਤੇ 12 ਮਹੀਨਿਆਂ ਤੋਂ ਤਨਖਾਹਾਂ ਨਾ ਮਿਲਣ ਕਾਰਨ ਮੰਗ ਪੱਤਰ ਐੱਸਐੱਮਓ ਅਤੇ ਸਿਵਲ ਸਰਜਨ ਪੱਧਰ ਦੇ ਅਧਿਕਾਰੀਆਂ ਨੂੰ ਦਿੱਤੇ ਗਏ ਸਨ, ਪਰ ਅਧਿਕਾਰੀਆਂ ਵੱਲੋਂ ਲਗਾਤਾਰ ਟਾਲ ਮਟੋਲ ਦੀ ਨੀਤੀ ਅਪਣਾਈ ਜਾ ਰਹੀ ਹੈ ਜਿਸ ਦੇ ਕਾਰਨ ਆਊਟਸੋਰਸ ਮੁਲਾਜ਼ਮਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ।ਅਸੀਂ ਇਹ ਮਹਿਸੂਸ ਕਰਦੇ ਹਾਂ ਕਿ ਸਾਡੀਆਂ ਤਨਖਾਹਾਂ ਤਾਂ ਪਹਿਲਾਂ ਹੀ ਗੁਜ਼ਾਰੇ ਜੋਗੀਆਂ ਨਹੀਂ ਹਨ ਤੇ ਉੱਤੋਂ ਸਿਤਮ ਦੀ ਗੱਲ ਇਹ ਹੈ ਕਿ ਪਿਛਲੇ 12 ਮਹੀਨਿਆਂ ਤੋਂ ਆਊਟਸੋਰਸ ਕਾਮਿਆਂ ਨੂੰ ਤਨਖਾਹਾਂ ਨਹੀਂ ਦਿੱਤੀਆਂ ਜਾ ਰਹੀਆਂ। ਇਹ ਤਾਂ ਅਫ਼ਸਰਸ਼ਾਹੀ ਵੱਲੋਂ ਸਾਡੀ ਥਾਲੀ 'ਚੋਂ ਰੋਟੀ ਚੁੱਕਣ ਵਾਲੀ ਗੱਲ ਹੋਈ ਪਈ ਹੈ।ਇਸ ਤਰ੍ਹਾਂ ਦਾ ਜ਼ੁਲਮ ਬਰਦਾਸ਼ਤ ਕਰਨਯੋਗ ਨਹੀਂ ਹੈ।ਪਿਛਲੇ 12 ਮਹੀਨਿਆਂ ਤੋਂ ਤਨਖ਼ਾਹ ਨਾ ਮਿਲਣ ਤੇ ਆਊਟਸੋਰਸ ਮੁਲਾਜ਼ਮਾ ਵੱਲੋਂ ਸਿਵਲ ਹਸਪਤਾਲ ਪੱਟੀ ਵਿਖੇ ਸੋਮਵਾਰ ਨੂੰ ਸਿਹਤ ਸੇਵਾਵਾਂ ਬੰਦ ਕਰਕੇ ਅਨਿਮੱਥੇ ਸਮੇਂ ਲਈ ਧਰਨਾ ਮਾਰਿਆ ਜਾਵੇਗਾ। ਅਗਰ ਫ਼ਿਰ ਵੀ ਸਾਡੀਆਂ ਤਨਖ਼ਾਹਾਂ ਜਾਰੀ ਨਹੀਂ ਹੁੰਦੀਆਂ ਤਾਂ ਪੰਜਾਬ ਦੀ ਆਊਟਸੋਰਸ ਸਿਹਤ ਵਿਭਾਗ ਮੁਲਾਜ਼ਮ ਯੂਨੀਅਨ ਨੂੰ ਸੱਦਾ ਦੇ ਕੇ ਵੱਡਾ ਸੰਘਰਸ਼ ਵਿੱਢਿਆ ਜਾਵੇਗਾ।

# ਪ੍ਰਿੰ. ਡਾ. ਅਮਰਪ੍ਰੀਤ ਕੌਰ 'ਬੈਸਟ ਪ੍ਰਿੰਸੀਪਲ ਆਫ ਦਿ ਯੀਅਰ' ਐਵਾਰਡ ਨਾਲ ਸਨਮਾਨਿਤ

**ਜੰਡਿਆਲਾ ਗੁਰੂ (ਹਰਿੰਦਰਪਾਲ ਸਿੰਘ)**- ਅੰਮ੍ਰਿਤਸਰ ਗਰੁੱਪ ਆਫ ਕਾਲਜਿਜ਼ ਏਜੰਸੀ ਵੱਲੋਂ ਰੈਕੋਗਨਾਈਜ਼ਡ ਐਫੀਲੀਏਟਡ ਸਕੂਲ ਆਫ ਐਸੋਸੀਏਸ਼ਨ ਰਾਸਾ ਯੂਕੇ ਦੇ ਸਹਿਯੋਗ ਨਾਲ ਪੈਗਾਮ-ਏ-ਮੁਬਾਰਕ ਸਮਾਗਮ ਅੰਮ੍ਰਿਤਸਰ ਇੰਜੀਨੀਅਰਿੰਗ ਕਾਲਜ ਵਿਖੇ ਰੱਖਿਆ ਗਿਆ ਜਿਸ ਵਿੱਚ ਸਿੱਖਿਆ ਦੇ ਖੇਤਰ ਵਿੱਚ ਸ਼ਲਾਘਾਯੋਗ ਕੰਮ ਕਰਨ ਵਾਲੇ ਪੰਜਾਬ ਭਰ ਦੇ ਸਕੂਲਾਂ ਦੇ 200 ਪ੍ਰਿੰਸੀਪਲ, 200 ਅਧਿਆਪਕ ਅਤੇ ਦਸਵੀਂ/ ਬਾਰਵੀਂ ਜਮਾਤਾਂ ਵਿੱਚੋਂ ਮੈਰਿਟ ਵਿੱਚ ਆਏ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ।ਇਸ ਮੌਕੇ ਮੁੱਖ ਮਹਿਮਾਨ ਦੇ ਤੌਰ ਤੇ ਪੰਜਾਬ ਦੇ ਕੈਬਨਿਟ ਮੰਤਰੀ ਸ: ਹਰਭਜਨ ਸਿੰਘ ਈਟੀਓ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।ਇਸ ਤੋਂ ਇਲਾਵਾ ਨਗਰ ਸੁਧਾਰ ਟਰੱਸਟ ਦੇ ਚੇਅਰਮੈਨ ਕਰਮਜੀਤ ਸਿੰਘ ਰਿੰਟੂ , ਪ੍ਰੋਫੈਸਰ ਰਜਿੰਦਰ ਕੁਮਾਰ (ਜਨਰਲਿਸਟ), ਡਾ: ਅਨਿਰੁਧ ਕਿਸ਼ੋਰ, ਅੰਮ੍ਰਿਤਸਰ ਗਰੁੱਪ ਆਫ ਕਾਲਜਿਜ਼ ਦੇ ਚੇਅਰਮੈਨ ਐਡਵੋਕੇਟ ਅਮਿਤ ਸ਼ਰਮਾ ਤੇ ਹੋਰ ਵਿਸ਼ੇਸ਼ ਮਹਿਮਾਨ ਸ਼ਾਮਿਲ ਹੋਏ।ਇਸ ਪ੍ਰੋਗਰਾਮ ਵਿੱਚ ਇਲਾਕੇ ਦੀ ਨਾਮਵਰ ਸੰਸਥਾ ਸੇਂਟ ਸੋਲਜਰ ਇਲੀਟ ਕਾਨਵੈਂਟ ਸਕੂਲ ਜੰਡਿਆਲਾ ਗੁਰੂ ਦੇ ਪ੍ਰਿੰਸੀਪਲ ਡਾ: ਅਮਰਪ੍ਰੀਤ ਕੌਰ ਨੂੰ ਬੈਸਟ ਪ੍ਰਿੰਸੀਪਲ ਆਫ ਦਿ ਯੀਅਰ ਦੇ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਨਾਲ ਹੀ ਸਕੂਲ ਦੇ ਅਧਿਆਪਕ ਕਨਵਰਦੀਪ ਕੌਰ ਨੂੰ ਬੈਸਟ ਅਧਿਆਪਕ ਵਜੋਂ ਸਨਮਾਨਿਤ ਕੀਤਾ ਗਿਆ ਅਤੇ ਸਕੂਲ ਦੇ ਬੱਚਿਆਂ ਜਸਮੀਨ ਕੌਰ, ਇਬਾਦਤ ਕੌਰ, ਸੁਖਮਨਜੀਤ ਕੌਰ, ਏਕ ਜੋਤ ਸੰਡਲ, ਤਾਜਬੀਰ ਸਿੰਘ ਅਤੇ ਮਨਵੀਰ ਸਿੰਘ ਨੂੰ ਮੈਰਿਟ ਵਿੱਚ ਚੰਗੇ ਨੰਬਰ ਲੈਣ ਕਰਕੇ ਸਨਮਾਨਿਤ ਕੀਤਾ ਗਿਆ ।ਸਕੂਲ ਪਹੁੰਚਣ 'ਤੇ ਸਕੂਲ ਦੇ ਮੈਨੇਜਿੰਗ ਡਾਇਰੈਕਟਰ ਡਾ: ਮੰਗਲ ਸਿੰਘ ਕਿਸ਼ਨਪੁਰੀ ਅਤੇ ਸਮੂਹ ਸਟਾਫ ਨੇ ਉਨ੍ਹਾਂ ਦਾ ਸ਼ਾਨਦਾਰ ਸਵਾਗਤ ਕੀਤਾ। ਇਸ ਮੌਕੇ ਐੱਮਡੀ ਨੇ ਕਿਹਾ ਕਿ ਇਹ ਪ੍ਰਾਪਤੀਆਂ ਸਕੂਲ ਦੇ ਪ੍ਰਿੰਸੀਪਲ ਡਾ: ਅਮਰਪ੍ਰੀਤ ਕੌਰ ਦੀ ਮਿਹਨਤ, ਲਗਨ, ਕੰਮ ਕਰਨ ਦੀ ਚਾਹਤ ਅਤੇ ਅਤੇ ਬੱਚਿਆਂ ਦੀ ਪੜ੍ਹਾਈ ਵਿੱਚ ਨਵੀਨਤਮ ਗੁਣਵੱਤਾ ਲਿਆਉਣ ਕਰਕੇ ਹੀ ਸੰਭਵ ਹੋਇਆ ਹੈ। ਉਨ੍ਹਾਂ ਨੇ ਸਾਰੇ ਬੱਚਿਆਂ ਨੂੰ ਇਸੇ ਤਰ੍ਹਾਂ ਮਿਹਨਤ ਅਤੇ ਲਗਨ ਨਾਲ ਪੜ੍ਹਾਈ ਕਰਨ ਦੀ ਪ੍ਰੇਰਨਾ ਦਿੱਤੀ।ਇਸ ਮੌਕੇ ਸਕੂਲ ਦੇ ਵਾਈਸ ਪ੍ਰਿੰਸੀਪਲ ਗੁਰਪ੍ਰੀਤ ਕੌਰ, ਸ਼ਿਲਪਾ ਸ਼ਰਮਾ ਕੋਆਰਡੀਨੇਟਰ, ਨੀਲਾਕਸ਼ੀ ਗੁਪਤਾ ਕੁਆਰਡੀਨੇਟਰ ਸਮੂਹ ਸਟਾਫ ਅਤੇ ਬੱਚੇ ਹਾਜ਼ਰ ਸਨ।



# ਸਰਕਾਰੀ ਨੌਕਰੀਆਂ ਦੇਣ ਲਈ ਈਟੀਓ ਦਾ ਧੰਨਵਾਦ : ਸਰਬਜੀਤ ਕੌਰ

**ਜੰਡਿਆਲਾ ਗੁਰੂ (ਹਰਿੰਦਰਪਾਲ ਸਿੰਘ)**- ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਸਰਕਾਰੀ ਨੌਕਰੀਆਂ ਦੇ ਗੱਫੇ ਦੇਣ ਤੇ ਪੰਜਾਬ ਸਰਕਾਰ ਤੇ ਹਰਭਜਨ ਸਿੰਘ ਈਟੀਓ ਕੈਬਨਿਟ ਮੰਤਰੀ ਦਾ ਮੈਡਮ ਸਰਬਜੀਤ ਕੌਰ ਸੋਸ਼ਲ ਮੀਡੀਆ ਬਲਾਕ ਪ੍ਰਧਾਨ ਜੰਡਿਆਲਾ ਗੁਰੂ ਨੇ ਧੰਨਵਾਦ ਕੀਤਾ। ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਦੱਸਿਆ ਕਿ ਬੀਤੇ ਦਿਨੀਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਤੇ ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ਵੱਲੋਂ ਸਹਾਇਕ ਲਾਇਨਮੈਨ ਨੂੰ ਸ੍ਰੀ ਅੰਮ੍ਰਿਤਸਰ ਵਿਖੇ ਨਿਯੁਕਤੀ ਪੱਤਰ ਦਿੱਤੇ ਗਏ ਜਿਨ੍ਹਾਂ ਵਿਚੋਂ ਸਾਡੇ ਜੰਡਿਆਲਾ ਗੁਰੂ ਸ਼ਹਿਰ ਤੋਂ ਸ੍ਰ ਰਮਿੰਦਰ ਸਿੰਘ ਪੁੱਤਰ ਮਨਜੀਤ ਸਿੰਘ ਨੂੰ ਪੰਜਾਬ ਸਰਕਾਰ ਵਿੱਚ ਬਤੌਰ ਸਹਾਇਕ ਲਾਇਨਮੈਨ ਨਿਯੁਕਤ ਕੀਤਾ ਗਿਆ।ਇਸ ਖੁਸ਼ੀ ਦੇ ਮੌਕੇ ਮੰਤਰੀ ਹਰਭਜਨ ਸਿੰਘ ਈਟੀਓ ਵੱਲੋਂ ਅਸੀਂ ਸਾਰੇ ਪਰਿਵਾਰ ਨੂੰ ਮਿਲ ਕੇ ਵਧਾਈ ਦਿੱਤੀ ਤੇ ਪੂਰੀ ਤਨਦੇਹੀ ਤੇ ਇਮਾਨਦਾਰੀ ਨਾਲ ਨੌਕਰੀ ਕਰਨ ਦੀਆਂ ਸ਼ੁੱਭਕਾਮਨਾਵਾਂ ਦਿੱਤੀਆਂ।



# ਫਤਿਹਾਬਾਦ ਸਕੂਲ ਦੇ ਬੱਚਿਆਂ ਦੀ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਫੇਰੀ



**ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)**- ਸ੍ਰੀ ਗੁਰੂ ਅਮਰਦਾਸ ਪਬਲਿਕ ਸਕੂਲ ਫਤਿਹਾਬਾਦ ਦੇ ਬੱਚਿਆਂ ਦਾ ਸ਼੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਸਾਹਿਬ ਵਿਖੇ ਟੂਰ ਲਿਜਾਇਆ ਗਿਆ।ਸਭ ਤੋਂ ਪਹਿਲਾਂ ਵਿਦਿਆਰਥੀਆਂ ਨੂੰ ਜਲ੍ਹਿਆਂਵਾਲੇ ਬਾਗ ਵਿੱਚ ਲਿਜਾਇਆ ਗਿਆ ਜਿੱਥੇ ਅੰਗਰੇਜ਼ ਅਫਸਰ ਜਨਰਲ ਡਾਇਰ ਨੇ ਬਹੁਤ ਸਾਰੇ ਨਿਹੱਥੇ ਲੋਕਾਂ ਉੱਤੇ ਗੋਲੀਆਂ ਵਰ੍ਹਾਈਆਂ ਤੇ ਉਨ੍ਹਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ।ਇਸ ਤੋਂ ਬਾਅਦ ਉਸ ਗੈਲਰੀ ਵਿੱਚ ਲਿਜਾਇਆ ਗਿਆ ਜਿੱਥੇ ਸ਼ਹੀਦਾਂ ਦੀਆਂ ਤਸਵੀਰਾਂ ਲੱਗੀਆਂ ਹੋਈਆਂ ਹਨ।ਫਿਰ ਸ੍ਰੀ ਦਰਬਾਰ ਸਾਹਿਬ ਹਰਿਮੰਦਰ ਸਾਹਿਬ ਵਿਖੇ ਵਿਦਿਆਰਥੀ ਨੂੰ ਲਿਜਾਇਆ ਗਿਆ ਬਾਬਾ ਅਟੱਲ ਰਾਇ ਜੀ ਦੇ ਗੁਰਦੁਆਰਾ ਸਾਹਿਬ ਜੀ ਦੇ ਦਰਸ਼ਨ ਕਰਵਾਏ ।ਅਕਾਲ ਤਖਤ ਸਾਹਿਬ ਤੇ ਬੱਚਿਆਂ ਨੇ ਮੱਥਾ ਟੇਕਿਆ। ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਤਪ ਅਸਥਾਨ ਭੋਰਾ ਸਾਹਿਬ ਦੇ ਦਰਸ਼ਨ ਕੀਤੇ।ਉਸ ਤੋਂ ਬਾਅਦ ਲੰਗਰ ਦਾ ਪ੍ਰਸ਼ਾਦਾ ਛਕਿਆ।ਬਹੁਤ ਸਾਰੇ ਵਿਦਿਆਰਥੀ ਉਹ ਸਨ ਜਿਨ੍ਹਾਂ ਨੇ ਅਜੇ ਤੱਕ ਸ੍ਰੀ ਹਰਿਮੰਦਰ ਸਾਹਿਬ ਦਰਬਾਰ ਸਾਹਿਬ ਅਤੇ ਜਲ੍ਹਿਆਂਵਾਲਾ ਬਾਗ ਨਹੀਂ ਸੀ ਦੇਖਿਆ ।ਉਹ ਇਹ ਸਭ ਕੁਝ ਦੇਖ ਕੇ ਬਹੁਤ ਖੁਸ਼ ਹੋਏ ਅਤੇ ਬਹੁਤ ਸਾਰੀ ਜਾਣਕਾਰੀ ਪ੍ਰਾਪਤ ਵੀ ਕੀਤੀ। ਦਰਬਾਰ ਸਾਹਿਬ ਤੋਂ ਬਾਹਰ ਆ ਕੇ ਸਾਰੇ ਵਿਦਿਆਰਥੀਆਂ ਨੇ ਬਜ਼ਾਰ ਵਿਚੋਂ ਆਪਣੀ ਆਪਣੀ ਪਸੰਦ ਦੀਆਂ ਚੀਜ਼ਾਂ ਖਰੀਦੀਆਂ।ਸਕੂਲ ਦੇ ਐੱਮਡੀ ਸੁਰਜੀਤ ਸਿੰਘ ਭਰੋਵਾਲ ਅਤੇ ਸਾਰਾ ਸਟਾਫ ਵੀ ਨਾਲ ਸੀ।ਅਖੀਰ ਵਿੱਚ ਸਕੂਲ ਦੇ ਐਮ.ਡੀ ਸੁਰਜੀਤ ਸਿੰਘ ਭਰੋਵਾਲ ਨੇ ਬੱਚਿਆਂ ਨੂੰ ਜਲ੍ਹਿਆਂਵਾਲਾ ਬਾਗ ਵਿੱਚ ਜੋ ਸਾਕਾ ਇਥੇ ਹੋਇਆ ਅਤੇ ਜੋ 1984 ਵਿੱਚ ਜਿਸ ਤਰ੍ਹਾਂ ਬਹੁਤ ਸਾਰਾ ਖੂਨ ਖਰਾਬਾ ਹੋਇਆ ਉਸਦੇ ਬਾਰੇ ਬੱਚਿਆਂ ਨੂੰ ਬਹੁਤ ਸਾਰੀ ਜਾਣਕਾਰੀ ਦਿੱਤੀ ਅਤੇ ਨਾਲ ਇਹ ਵੀ ਕਿਹਾ ਕਿ ਇਹੋ ਜਿਹੇ ਸਥਾਨਾਂ ਤੇ ਆਪਣੇ ਇਤਿਹਾਸ ਬਾਰੇ ਜਾਣਕਾਰੀ ਪ੍ਰਾਪਤ ਕਰਨ ਲਈ ਬੱਚਿਆਂ ਨੂੰ ਇਹੋ ਜਿਹੇ ਟੂਰ ਤੇ ਲੈ ਕੇ ਜਾਣਾ ਚਾਹੀਦਾ ਹੈ।

# 2 ਕਰੋੜ ਦੀ ਨਵ-ਨਿਰਮਿਤ ਸੜਕ ਨਾਲ ਲੋਕਾਂ ਨੂੰ ਮਿਲੇਗੀ ਰਾਹਤ ਅਤੇ ਬਿਹਤਰ ਕਨੈਕਟੀਵਿਟੀ : ਡਾ. ਈਸ਼ਾਂਕ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਚੱਬੇਵਾਲ ਵਿਧਾਨਸਭਾ ਹਲਕੇ ਵਿੱਚ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਵੱਲ ਇੱਕ ਵੱਡਾ ਕਦਮ ਚੁੱਕਦੇ ਹੋਏ, ਹਲਕੇ ਦੇ ਵਿਧਾਇਕ ਡਾ. ਈਸ਼ਾਂਕ ਕੁਮਾਰ ਨੇ ਬਸੀ ਕਲਾਂ ਤੋਂ ਬਠੁੱਲਾ ਤੱਕ ਬਣਾਈ ਗਈ ਨਵੀਂ ਸੜਕ ਦਾ ਉਦਘਾਟਨ ਕੀਤਾ। ਇਹ ਸੜਕ ਹੁਸ਼ਿਆਰਪੁਰ-ਗੜ੍ਹਸ਼ੰਕਰ ਰੋਡ ਨੂੰ ਬਿਛੋਹੀ ਰਾਹੀਂ ਬਸੀ ਜਮਾਲ ਖਾਂ ਨਾਲ ਜੋੜਦੀ ਹੈ, ਜਿਸ ਨਾਲ ਇਸ ਖੇਤਰ ਦੀ ਕਨੈਕਟਿਵਿਟੀ ਵਿੱਚ ਮਹੱਤਵਪੂਰਨ ਸੁਧਾਰ ਹੋਵੇਗਾ। ਕੁੱਲ 5.25 ਕਿਲੋਮੀਟਰ ਲੰਬੀ ਇਸ ਸੜਕ ਵਿੱਚ 700 ਮੀਟਰ ਲੰਬਾਈ ਉਹ ਹੈ ਜਿਥੇ ਸੜਕ ਬਾਰ-ਬਾਰ ਟੁੱਟਦੀ ਸੀ, ਇਸ ਭਾਗ ਨੂੰ ਕੰਕਰੀਟ ਨਾਲ ਤਿਆਰ ਕੀਤਾ ਗਿਆ ਹੈ। ਲਗਭਗ 2 ਕਰੋੜ ਰੁਪਏ ਦੀ ਲਾਗਤ ਨਾਲ ਤਿਆਰ ਕੀਤੀ ਗਈ ਇਸ ਸੜਕ ਦੀ ਚੌੜਾਈ ਵੀ 10 ਫੁੱਟ ਤੋਂ ਵਧਾ ਕੇ 14 ਫੁੱਟ ਕਰ ਦਿੱਤੀ ਗਈ ਹੈ, ਜਿਸ ਨਾਲ ਯਾਤਾਯਾਤ ਹੁਣ ਹੋਰ ਸੁਗਮ ਅਤੇ ਸੁਰੱਖਿਅਤ ਹੋਵੇਗਾ। ਸਥਾਨਕ ਲੋਕਾਂ ਦੀ ਸਾਲਾਂ ਤੋਂ ਚੱਲ ਰਹੀ ਮੰਗ ਨੂੰ ਪੂਰਾ ਕਰਦੇ ਹੋਏ, ਇਸ ਸੜਕ ਨੂੰ ਆਧੁਨਿਕ ਮਾਪਦੰਡਾਂ ਅਨੁਸਾਰ ਬਣਾਇਆ ਗਿਆ ਹੈ। ਉਦਘਾਟਨ ਸਮਾਰੋਹ ਦੌਰਾਨ ਹਾਜ਼ਰ ਪਿੰਡ ਵਾਸੀਆਂ ਨੇ ਵਿਧਾਇਕ ਡਾ. ਈਸ਼ਾਂਕ ਕੁਮਾਰ ਦਾ ਧੰਨਵਾਦ ਕੀਤਾ ਅਤੇ ਹਲਕੇ ਵਿੱਚ ਵਿਕਾਸ ਕਾਰਜਾਂ ਨੂੰ ਤੇਜ਼ੀ ਨਾਲ ਅੱਗੇ ਵਧਾਉਣ ਲਈ ਉਨ੍ਹਾਂ ਦੇ ਯਤਨਾਂ ਦੀ ਪ੍ਰਸ਼ੰਸਾ ਕੀਤੀ।



# ਪੁਲਸ ਕਾਰਵਾਈ ਨਾ ਕਰਨ 'ਤੇ ਥਾਣਾ ਚਾਟੀਵਿੰਡ ਗੇਟ ਅੱਗੇ ਨਾਅਰੇਬਾਜ਼ੀ

● ਐੱਸ ਐੱਚ ਓ ਵੱਲੋਂ ਬਣਦੀ ਕਾਰਵਾਈ ਕਰਨ ਦੇ ਮਿਲੇ ਭਰੋਸੇ ਤੋਂ ਬਾਅਦ ਧਰਨਾ ਚੁੱਕਿਆ

**ਚੇਤਨਪੁਰਾ (ਸੁਖਵੰਤ ਚੇਤਨਪੁਰੀ)**- ਭਾਰਤੀ ਕਮਿਊਨਿਸਟ ਪਾਰਟੀ ਬਲਾਕ ਅਟਾਰੀ ਦੇ ਸੈਕਟਰੀ ਕਾਮਰੇਡ ਗੁਰਦੀਪ ਸਿੰਘ ਗੁਰਵਾਲੀ ਦੀ ਰਹਿਨੁਮਾਈ ਹੇਠ ਥਾਣਾ ਚਾਟੀਵਿੰਡ ਦੇ ਗੇਟ ਅੱਗੇ ਨਾਅਰੇਬਾਜ਼ੀ ਕੀਤੀ ਗਈ।ਕਾਮਰੇਡ ਗੁਰਵਾਲੀ ਨੇ ਇਸ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਪਿੰਡ ਵਰਪਾਲ ਦੀ ਮਨਜਿੰਦਰ ਕੌਰ ਵੱਲੋਂ 15 ਨਵੰਬਰ ਨੂੰ ਥਾਣਾ ਚਾਟੀਵਿੰਡ ਵਿਖੇ ਇੱਕ ਦਰਖਾਸਤ ਦਿੱਤੀ ਸੀ ਕਿ ਉਸਦੇ ਗੁਆਂਢੀਆਂ ਨੇ ਉਹਦੇ ਘਰ ਦੀਆਂ ਕੰਧਾਂ ਜ਼ਬਰਦਸਤੀ ਉਸ ਦੇ ਘਰ ਵੜ ਕੇ ਤੋੜ ਦਿੱਤੀਆਂ ਹਨ ਜਿਸ ਨਾਲ ਉਸ ਦਾ ਟੀਵੀ, ਏਸੀ ਅਤੇ ਫਰਿਜ ਵਗੈਰਾ ਬੁਰੀ ਤਰ੍ਹਾਂ ਨੁਕਸਾਨੇ ਗਏ ।ਉਨ੍ਹਾਂ ਅੱਗੇ ਦੱਸਿਆ ਕਿ 15 ਦਿਨ ਬੀਤ ਜਾਣ ਦੇ ਬਾਵਜੂਦ ਵੀ ਪੁਲਸ ਥਾਣਾ ਚਾਟੀਵਿੰਡ ਨੇ ਕੋਈ ਕਾਰਵਾਈ ਨਹੀਂ ਕੀਤੀ ਬਲਕਿ ਜਦੋਂ 28 ਨਵੰਬਰ ਨੂੰ ਦੋਵਾਂ ਧਿਰਾਂ ਨੂੰ ਥਾਣੇ ਬੁਲਾਇਆ ਗਿਆ ਤਾਂ ਐੱਸਆਈ ਹਰਜਿੰਦਰ ਸਿੰਘ ਦੀ ਹਾਜ਼ਰੀ ਵਿੱਚ ਮੁਹਤਬਰ ਵਿਅਕਤੀਆਂ ਨੇ ਉਨ੍ਹਾਂ ਦੀ ਬੇਇੱਜ਼ਤੀ ਕੀਤੀ।ਮਨਜਿੰਦਰ ਕੌਰ ਵੱਲੋਂ ਇਹ ਮਸਲਾ ਭਾਰਤੀ ਕਮਿਊਨਿਸਟ ਪਾਰਟੀ ਸੀਪੀਆਈ ਦੇ ਵਰਕਰਾਂ ਅਤੇ ਆਗੂਆਂ ਦੇ ਧਿਆਨ ਵਿੱਚ ਲਿਆਉਣ ਉਪਰੰਤ ਕਾ: ਮਨਜੀਤ ਸਿੰਘ, ਬਲਵਿੰਦਰ ਸਿੰਘ, ਗੁਰਦੇਵ ਸਿੰਘ, ਲਖਬੀਰ ਸਿੰਘ, ਬੂਟਾ ਸਿੰਘ, ਧਰਮ ਸਿੰਘ, ਮੇਜਰ ਸਿੰਘ, ਬਲਬੀਰ ਸਿੰਘ, ਕਾਮਰੇਡ ਸੋਨੂ ਪੰਡੋਰੀ ਮਹਿਮਾ, ਗੁਰਜੀਤ ਸਿੰਘ ਅਤੇ ਨਰੇਗਾ ਜ਼ਿਲ੍ਹਾ ਅੰਮ੍ਰਿਤਸਰ ਦੇ ਸੰਚਾਲਕ ਬਲਕਾਰ ਸਿੰਘ ਦੁਧਾਲਾ ਅਤੇ ਰਣਜੀਤ ਸਿੰਘ ਜੇਠੂਵਾਲ ਤੇ ਅਧਾਰਿਤ ਇੱਕ ਵਫਦ ਇਸ ਸਬੰਧੀ ਪਤਾ ਕਰਨ ਲਈ ਠਾਣੇ ਪਹੁੰਚਿਆ।ਥਾਣੇ ਪਹੁੰਚ ਕੇ ਪਤਾ ਲੱਗਾ ਕਿ ਐੱਸਐੱਚਓ ਰਾਤ ਦੇ ਬਦਲ ਗਏ ਹਨ ਅਤੇ ਨਵੇਂ ਐੱਸਐੱਚਓ ਹਰਚੰਦ ਸਿੰਘ ਆਏ ਹਨ।ਕਾਮਰੇਡ ਬਲਕਾਰ ਦੁਧਾਲਾ ਨੇ ਐੱਸਐੱਚਓ ਹਰਚੰਦ ਸਿੰਘ ਨਾਲ ਫੋਨ ਤੇ ਗੱਲਬਾਤ ਕੀਤੀ ਤਾਂ ਉਨ੍ਹਾਂ ਨੇ ਕਿਹਾ ਕਿ ਉਹ ਇਸ ਵਕਤ ਅਜਨਾਲੇ ਥਾਣੇ ਦੇ ਵਿੱਚ ਹਨ ਅਤੇ ਸ਼ਾਮ ਨੂੰ 4 ਵਜੇ ਆਣ ਕੇ ਜੋ ਵੀ ਸੱਚਾਈ ਹੋਵੇਗੀ ਉਸ ਮੁਤਾਬਿਕ ਕਾਰਵਾਈ ਕੀਤੀ ਜਾਵੇਗੀ, ਜਿਸ ਤੋਂ ਬਾਅਦ ਕਾਮਰੇਡਾਂ ਨੇ ਆਪਣਾ ਧਰਨਾ ਚੁੱਕ ਲਿਆ। ਇਸ ਸਮੇਂ ਕਾਮਰੇਡ ਗੁਰਦੀਪ ਸਿੰਘ ਨੇ ਪੁਲਸ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਜੇ ਇਨਸਾਫ ਨਾ ਮਿਲਿਆ ਤਾਂ ਥਾਣਾ ਚਾਟੀਵਿੰਡ ਦਾ ਘਿਰਾਓ ਕੀਤਾ ਜਾਵੇਗਾ ਜਿਸ ਦੀ ਜ਼ਿੰਮੇਵਾਰੀ ਪ੍ਰਸ਼ਾਸਨ ਦੀ ਅਤੇ ਪੁਲਸ ਦੀ ਹੋਵੇਗੀ।



# 'ਵੇਅਰਹਾਊਸ ਐਸੋਸੀਏਟ' ਤੇ 'ਐਲਡਰਲੀ ਕੇਅਰ ਕੰਪੈਨੀਅਨ' ਦੇ ਕਰਵਾਏ ਜਾਣਗੇ ਮੁਫਤ ਕੋਰਸ

**ਜਲੰਧਰ (ਸੁਰਿੰਦਰ ਕੁਮਾਰ)**- ਡਿਪਟੀ ਡਾਇਰੈਕਟਰ, ਜ਼ਿਲ੍ਹਾ ਬਿਊਰੋ ਆਫ ਰੋਜ਼ਗਾਰ ਉੱਤਪਤੀ, ਹੁਨਰ ਵਿਕਾਸ, ਤੇ ਸਿੱਖਲਾਈ, ਜਲੰਧਰ ਨੀਲਮ ਮਹੇ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਘੱਟ ਗਿਣਤੀ ਮਾਮਿਲਆਂ ਦੇ ਮੰਤਰਾਲੇ ਭਾਰਤ ਸਰਕਾਰ ਦੁਆਰਾ ਪ੍ਰਧਾਨ ਮੰਤਰੀ ਵਿਰਾਸਤ ਕਾ ਸੰਵਰਧਨ (ਪੀ.ਐਮ.-ਵਿਕਾਸ) ਸਕੀਮ ਅਧੀਨ ਮਲਟੀ ਸਕਿੱਲ ਡਿਵੈਲਪਮੈਂਟ ਸੈਂਟਰ, ਜਲੰਧਰ ਵਿਖੇ 'ਵੇਅਰਹਾਊਸ ਐਸੋਸੀਏਟ' ਅਤੇ 'ਐਲਡਰਲੀ ਕੇਅਰ ਕੰਪੈਨੀਅਨ' ਦੇ ਦੋ ਮੁਫਤ ਕੋਰਸ ਕਰਵਾਏ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਇਹ ਕੋਰਸ ਕੇਵਲ 4 ਮਹੀਨੇ ਦੀ ਮਿਆਦ ਦੇ ਹੋਣਗੇ ਅਤੇ ਇਨ੍ਹਾਂ ਕੋਰਸਾਂ ਵਿੱਚ ਦਾਖਲੇ ਲਈ ਪ੍ਰਾਰਥੀ ਦਾ ਘੱਟੋ-ਘੱਟ 10ਵੀਂ ਪਾਸ ਤੇ ਉਮਰ 18 ਤੋਂ 35 ਸਾਲ ਦੇ ਦਰਮਿਆਨ ਹੋਣੀ ਚਾਹੀਦੀ ਹੈ। ਉਨ੍ਹਾਂ ਦੱਸਿਆ ਕਿ ਕੋਰਸ ਉਪਰੰਤ ਸਰਕਾਰੀ ਸਰਟੀਫਿਕੇਟ ਅਤੇ ਪ੍ਰਾਈਵੇਟ ਅਦਾਰੇ ਵਿਚ ਨੌਕਰੀ ਕਰਨ ਦਾ ਮੌਕਾ ਪ੍ਰਾਪਤ ਹੋਵੇਗਾ। ਉਨ੍ਹਾਂ ਦੱਸਿਆ ਕਿ ਕੋਰਸ ਦੀ ਟ੍ਰੇਨਿੰਗ ਦਾ ਮਟੀਰੀਅਲ, ਕਿਤਾਬਾਂ ਅਤੇ ਵਰਦੀ ਸਰਕਾਰ ਵੱਲੋਂ ਮੁਫ਼ਤ ਦਿੱਤੀ ਜਾਏਗੀ। ਉਨ੍ਹਾ ਕਿਹਾ ਕਿ ਕੋਰਸ ਦੇ ਸਫਲਤਾਪੂਰਵਕ ਪੂਰਾ ਹੋਣ 'ਤੇ 6000 ਰੁਪਏ ਦਾ ਵਜੀਫ਼ਾ ਅਤੇ ਨੌਕਰੀ ਜੁਆਇਨ ਕਰਨ ਤੋਂ ਬਾਅਦ 4000/-ਰੁਪਏ ਦੀ ਪੋਸਟ ਪਲੇਸਮੈਂਟ ਆਰਿਥਕ ਸਹਾਇਤਾ ਵੀ ਦਿੱਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਉਕਤ ਕੋਰਸ ਕਰਨ ਦੇ ਚਾਹਵਾਨ ਪ੍ਰਾਰਥੀ ਆਪਣਾ ਨਾਂਅ ਦਰਜ ਕਰਾਉਣ ਲਈ ਲੋੜੀਂਦੇ ਦਸਤਾਵੇਜ਼ ਜਿਵੇਂ ਕਿ ਅਧਾਰ ਕਾਰਡ, 10ਵੀਂ ਜਾਂ 12ਵੀਂ ਜਮਾਤ ਦਾ ਸਰਟੀਫਿਕੇਟ, 2 ਪਾਸਪੋਰਟ ਸਾਈਜ਼ ਫੋਟੋਆਂ ਅਤੇ ਘੱਟ ਗਿਣਤੀ ਸਰਟੀਫਿਕੇਟ ਨਾਲ ਆਪਣਾ ਨਾਮ ਦਰਜ ਕਰਵਾਉਣ ਲਈ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਡੀ.ਸੀ. ਕੰਪਲੈਕਸ, ਤੀਸਰੀ ਮੰਜ਼ਿਲ, ਕਮਰਾ ਨੰ. 320 ਵਿਖੇ ਸੰਪਰਕ ਕਰ ਸਕਦੇ ਹਨ। ਉਨ੍ਹਾਂ ਇਹ ਵੀ ਦੱਸਿਆ ਕਿ ਕੋਰਸ ਦੀ ਰਜਿਸਟਰੇਸ਼ਨ ਲਈ ਗੂਗਲ ਲਿੰਕ ਦੀ ਵਰਤੋਂ ਵੀ ਕੀਤੀ ਜਾ ਸਕਦੀ ਹੈ।

ਨਵਾਂ ਜ਼ਮਾਨਾ
ਸੋਮਵਾਰ, 1 ਦਸੰਬਰ 2025

# ਹਿੰਦੂ ਰਾਸ਼ਟਰ ਦੀ ਹੜਬੜੀ

*25 ਨਵੰਬਰ ਨੂੰ ਅਯੁਧਿਆ ਵਿੱਚ ਰਾਮ ਮੰਦਰ 'ਤੇ ਭਗਵਾ ਧਵੱਜ ਝੁਲਾਉਣ ਦੀ ਰਸਮ ਅਦਾ ਕਰਨ ਵੇਲੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਇਹ ਦਿਨ ਭਾਰਤ ਲਈ ਇੱਕ ਟਰਨਿੰਗ ਪੁਆਇੰਟ ਹੈ। ਇਹ ਧਰਮ ਧਵੱਜ ਸਿਰਫ ਇੱਕ ਝੰਡਾ ਨਹੀਂ, ਇਹ ਭਾਰਤੀ ਸਭਿਅਤਾ ਦੇ ਪੁਨਰ- ਉੱਥਾਨ ਦਾ ਪ੍ਰਤੀਕ ਹੈ। ਇਸ ਦਾ ਕੇਸਰੀ ਰੰਗ, ਸੂਰਯਵੰਸ਼ ਦਾ ਚਿੰਨ੍ਹ, ਪਵਿੱਤਰ ਓਮ ਤੇ ਕੋਵੀਦਾਰ ਬਿਰਖ ਮਿਲ ਕੇ ਰਾਮ ਰਾਜ ਦੀ ਵਿਸ਼ਾਲਤਾ ਨੂੰ ਦਰਸਾਉਂਦੇ ਹਨ।*

*ਧਾਰਮਕ ਵਿਵਧਤਾਵਾਂ ਨਾਲ ਭਰੀ ਵਿਰਾਸਤ ਵਾਲੇ ਸ਼ੈਵ, ਸ਼ਾਕਤ, ਵੈਸ਼ਨਵ ਧਰਮਾਂ ਸਣੇ ਬੋਧ, ਜੈਨ, ਸਿੱਖ ਧਰਮਾਂ ਦੀਆਂ ਪੁਰਾਣੀਆਂ ਤੇ ਮਜ਼ਬੂਤ ਪਰੰਪਰਾਵਾਂ ਅਤੇ ਇਸਲਾਮ, ਪਾਰਸੀ ਤੇ ਈਸਾਈ ਆਦਿ ਦੀ ਪਤਾ ਨਹੀਂ ਕਦੋਂ ਤੋਂ ਮੌਜੂਦਗੀ ਵਾਲੇ ਦੇਸ਼ ਵਿੱਚ ਧਰਮ ਦੀ ਸਿਰਫ ਇੱਕ ਧਾਰਾ ਨੂੰ ਰਾਸ਼ਟਰ ਧਰਮ ਦੱਸਣਾ ਅਤੇ ਭਗਵਾ ਧਵੱਜ ਨੂੰ ਭਾਰਤੀ ਸਭਿਅਤਾ ਦੇ ਪੁਨਰ-ਉੱਥਾਨ ਦਾ ਪਰਿਆਏ ਦੱਸਦਿਆਂ ਅਮਲ ਵਿੱਚ ਉਸ ਨੂੰ ਰਾਸ਼ਟਰ ਧਵੱਜ ਨਾਲੋਂ ਵੀ ਉੱਚੇ ਸਥਾਨ 'ਤੇ ਬਿਠਾਉਣਾ ਵਾਕਈ ਇੱਕ ਟਰਨਿੰਗ ਪੁਆਇੰਟ ਹੈ—ਇੱਕ ਖਤਰਨਾਕ ਟਰਨਿੰਗ ਪੁਆਇੰਟ।*

*ਕੁਲ ਮਿਲਾ ਕੇ 25 ਨਵੰਬਰ ਦਾ ਅਯੁਧਿਆ ਕਾਂਡ ਆਰ ਐੱਸ ਐੱਸ ਦੀ ਸਥਾਪਨਾ ਦੇ 100ਵੇਂ ਸਾਲ ਵਿੱਚ ਭਾਰਤ ਨੂੰ ਉਸ ਦੇ ਏਜੰਡੇ ਮੁਤਾਬਕ ਢਾਲਣ ਦੀ ਦਿਸ਼ਾ ਵਿੱਚ ਘੜੇ ਜਾ ਰਹੇ ਬਿਰਤਾਂਤ ਦਾ ਹੀ ਇੱਕ ਹੋਰ ਰੂਪ ਸੀ, ਜੋ ਸੰਵਿਧਾਨ ਨੂੰ ਬਦਲੇ ਬਿਨਾਂ ਹੀ ਬਦਲ ਦੇਣ ਦੇ ਹੋਰਨਾਂ ਤਰੀਕਿਆਂ ਨਾਲ ਅਮਲ ਵਿੱਚ ਲਿਆਂਦਾ ਜਾ ਰਿਹਾ ਹੈ। ਦੇਸ਼ ਦੇ ਕਰੀਬ ਸਾਢੇ ਤਿੰਨ ਦਰਜਨ ਕਾਨੂੰਨਾਂ ਨੂੰ ਚਾਰ ਲੇਬਰ ਕੋਡਾਂ ਵਿੱਚ ਬਦਲ ਦੇਣਾ ਇਸੇ ਦੀ ਇੱਕ ਮਿਸਾਲ ਹੈ। ਇਹ ਮਜ਼ਦੂਰਾਂ ਨੂੰ ਸਹੀ ਅਰਥਾਂ ਵਿੱਚ ਗੁਲਾਮ ਬਣਾਉਣ ਦਾ ਰਾਹ ਸਾਫ ਕਰਦੇ ਹਨ। ਭਾਰਤ ਦਾ ਸੰਵਿਧਾਨ ਜਥੇਬੰਦ ਹੋਣ ਦਾ ਅਧਿਕਾਰ ਬੁਨਿਆਦੀ ਅਧਿਕਾਰਾਂ ਵਿੱਚ ਸ਼ਾਮਲ ਕਰਦਾ ਹੈ, ਪਰ ਇਹ ਲੇਬਰ ਕੋਡ ਉਸ ਨੂੰ ਵੀ ਖੋਹ ਲੈਂਦੇ ਹਨ। ਦੂਜੀ ਮਿਸਾਲ ਵੋਟਰ ਸੂਚੀਆਂ ਦੀ ਵਿਸ਼ੇਸ਼ ਡੂੰਘੀ ਸੁਧਾਈ (ਐੱਸ ਆਈ ਆਰ) ਦੀ ਹੈ, ਜਿਸ ਨੂੰ ਪ੍ਰਧਾਨ ਮੰਤਰੀ ਮੋਦੀ ਨੇ ਵੋਟਰ ਸੂਚੀਆਂ ਦੇ ਸ਼ੁੱਧੀਕਰਨ ਦਾ ਪੁੰਨ ਵਾਲਾ ਕੰਮ ਦੱਸਿਆ ਹੈ। ਉਨ੍ਹਾ ਦੇ ਕੁਨਬੇ ਵਿੱਚ ਸ਼ੁੱਧੀਕਰਨ ਸ਼ਬਦ ਜਿਸ ਅਰਥ ਵਿੱਚ ਇਸਤੇਮਾਲ ਕੀਤਾ ਜਾਂਦਾ ਹੈ, ਉਸ ਹਿਸਾਬ ਨਾਲ ਦੇਖੀਏ ਤਾਂ ਇਰਾਦਾ ਸਮਝ ਵਿੱਚ ਆ ਜਾਂਦਾ ਹੈ। ਐੱਸ ਆਈ ਆਰ ਦੇ ਨਾਂਅ 'ਤੇ ਵੋਟ ਦੇ ਅਧਿਕਾਰ ਤੋਂ ਬਾਹਰ ਕੀਤੇ ਜਾਣ ਵਾਲਿਆਂ ਵਿੱਚੋਂ ਬਹੁਤੇ ਸਮਾਜੀ ਤੌਰ 'ਤੇ ਉਨ੍ਹਾਂ ਸ਼੍ਰੇਣੀਆਂ ਵਿੱਚ ਆਉਂਦੇ ਹਨ, ਜਿਨ੍ਹਾਂ ਨੂੰ ਸੰਘ ਬਰਾਬਰੀ ਦਾ ਹੱਕਦਾਰ ਮੰਨਣਾ ਤਾਂ ਦੂਰ ਰਿਹਾ, ਨਾਗਰਿਕਤਾ ਦਾ ਹੱਕ ਵੀ ਨਹੀਂ ਦੇਣਾ ਚਾਹੁੰਦਾ। ਇਨ੍ਹਾਂ ਵਿੱਚ ਧਾਰਮਕ ਘੱਟ ਗਿਣਤੀ, ਦਲਿਤ, ਆਦਿਵਾਸੀ, ਪੱਛੜੇ ਤੇ ਗਰੀਬ ਹੀ ਹਨ, ਜਿਨ੍ਹਾਂ ਦੇ ਨਾਂਅ 'ਸ਼ੁੱਧ' ਕੀਤੀ ਸੂਚੀ ਤੋਂ ਬਾਹਰ ਰਹਿ ਜਾਣਗੇ। ਇਸੇ ਕੜੀ ਵਿੱਚ ਸੁਪਰੀਮ ਕੋਰਟ ਦਾ ਇੱਕ ਈਸਾਈ ਫੌਜੀ ਅਧਿਕਾਰੀ ਦੀ ਬਰਖਾਸਤਗੀ ਨੂੰ ਸਹੀ ਤੇ ਜਾਇਜ਼ ਠਹਿਰਾਉਣ ਦਾ ਫੈਸਲਾ ਹੈ। ਉਸ ਅਧਿਕਾਰੀ ਨੇ ਧਰਮ ਸਥਾਨ ਦੇ ਗਰਭ ਗ੍ਰਹਿ ਵਿੱਚ ਹੋਣ ਵਾਲੇ ਧਾਰਮਕ ਅਨੁਸ਼ਠਾਨ ਵਿੱਚ ਸ਼ਾਮਲ ਹੋਣ ਤੋਂ ਇਹ ਕਹਿ ਕੇ ਇਨਕਾਰ ਕਰ ਦਿੱਤਾ ਸੀ ਕਿ ਉਸ ਦੀ ਧਾਰਮਕ ਮਾਨਤਾ ਉਸ ਨੂੰ ਇਸ ਦੀ ਆਗਿਆ ਨਹੀਂ ਦਿੰਦੀ। ਕਾਇਦੇ ਤੋਂ ਸੁਪਰੀਮ ਕੋਰਟ ਦੇ ਮਾਣਯੋਗ ਜੱਜਾਂ ਨੂੰ ਪੁੱਛਣਾ ਚਾਹੀਦਾ ਸੀ ਕਿ ਕਿਸੇ ਧਰਮ ਸਥਾਨ ਵਿੱਚ ਪੂਜਾ-ਪਾਠ ਨੂੰ ਫੌਜ ਦੇ ਕੰਮਕਾਜ ਦਾ ਲਾਜ਼ਮੀ ਹਿੱਸਾ ਕਿਉਂ ਕਰਾਰ ਦਿੱਤਾ ਜਾ ਰਿਹਾ ਹੈ? ਮੰਦਰ, ਮਸਜਿਦ, ਚਰਚ ਤੇ ਗੁਰਦੁਆਰੇ ਵਿੱਚ ਪੂਜਾ, ਇਬਾਦਤ, ਪ੍ਰਾਰਥਨਾ ਜਾਂ ਅਰਦਾਸ ਕਰਨਾ ਫੌਜ ਦਾ ਜ਼ਰੂਰੀ ਕੰਮ ਨਹੀਂ ਹੈ। ਸੁਪਰੀਮ ਕੋਰਟ ਦਾ ਫੈਸਲਾ ਨਵੀਂ ਰਵਾਇਤ ਨੂੰ ਜਨਮ ਦੇਣ ਵਾਲਾ ਹੈ, ਜਿਸ ਦੀ ਕਿੰਨੀ ਦੁਰਵਰਤੋਂ ਕੀਤੀ ਜਾਵੇਗੀ, ਇਹ ਸਮਝਿਆ ਜਾ ਸਕਦਾ ਹੈ।*

*ਸੰਵਿਧਾਨ ਨਿਰਮਾਤਾ ਡਾ. ਭੀਮ ਰਾਓ ਅੰਬੇਡਕਰ ਨੇ ਕਿਹਾ ਸੀ ਕਿ ਜੇ ਇਸ ਦੇਸ਼ ਵਿੱਚ ਹਿੰਦੂ ਰਾਜ ਅਸਲੀਅਤ ਬਣ ਜਾਂਦਾ ਹੈ ਤਾਂ ਇਹ ਨਿਰਸੰਦੇਹ ਇਸ ਦੇਸ਼ ਲਈ ਸਭ ਤੋਂ ਵੱਡੀ ਬਿਪਤਾ ਹੋਵੇਗੀ ਅਤੇ ਇੱਕ ਖੌਫਨਾਕ ਮੁਸੀਬਤ ਹੋਵੇਗੀ, ਕਿਉਂਕਿ ਹਿੰਦੂ ਰਾਸ਼ਟਰ ਦਾ ਸੁਫਨਾ ਆਜ਼ਾਦੀ, ਬਰਾਬਰੀ ਤੇ ਭਾਈਚਾਰੇ ਦੇ ਖਿਲਾਫ ਹੈ ਅਤੇ ਇਹ ਲੋਕਤੰਤਰ ਦੇ ਬੁਨਿਆਦੀ ਸਿਧਾਂਤਾਂ ਨਾਲ ਮੇਲ ਨਹੀਂ ਖਾਂਦਾ। ਹਿੰਦੂ ਰਾਜ ਨੂੰ ਕਿਸੇ ਵੀ ਕੀਮਤ 'ਤੇ ਰੋਕਿਆ ਜਾਣਾ ਚਾਹੀਦਾ ਹੈ।*

*ਚੰਗੀ ਗੱਲ ਹੈ ਕਿ ਇਸ ਸਭ ਦੇ ਬਾਵਜੂਦ ਦੇਸ਼ ਦੇ ਮਿਹਨਤਕਸ਼ ਲੋਕ ਆਪਣੀ ਲੜਾਈ ਜਾਰੀ ਰੱਖ ਰਹੇ ਹਨ। 26 ਨਵੰਬਰ ਨੂੰ ਦੇਸ਼ ਭਰ ਵਿੱਚ ਹੋਈ ਵੱਡੀ ਲਾਮਬੰਦੀ ਇਸ ਦੀ ਮਿਸਾਲ ਹੈ। ਸਮਾਜ ਦੇ ਹੋਰ ਜਾਗਰੂਕ ਹਿੱਸੇ ਵੀ ਖਤਰੇ ਨੂੰ ਸਮਝ ਰਹੇ ਹਨ, ਪਰ ਸਿਰਫ ਏਨਾ ਕਾਫੀ ਨਹੀਂ। ਜ਼ਿੰਦਗੀ ਨੂੰ ਬਿਹਤਰ ਬਣਾਉਣ ਦੀ ਲੜਾਈ ਸਮਾਜ ਨੂੰ ਬਿਹਤਰ ਬਣਾਉਣ ਦੀ ਲੜਾਈ ਤੋਂ ਵੱਖ ਰੱਖ ਕੇ ਨਹੀਂ ਜਿੱਤੀ ਜਾ ਸਕਦੀ। ਲੋਕਤੰਤਰ, ਸੰਵਿਧਾਨ, ਬਰਾਬਰੀ ਤੇ ਮਨੁੱਖਤਾ ਦੀ ਰਾਖੀ ਧਰਮ ਨਿਰਪੱਖ ਤੇ ਭਾਈਚਾਰੇ ਦੇ ਅਹਿਸਾਸ ਨੂੰ ਬਚਾ ਕੇ ਹਰ ਤਰ੍ਹਾਂ ਦੇ ਸ਼ੋਸ਼ਣ ਦੇ ਖਿਲਾਫ ਚੌਕਸ ਰੁਖ਼ ਅਪਣਾ ਕੇ ਹੀ ਜਿੱਤੀ ਜਾ ਸਕਦੀ ਹੈ।*

# ਕੀ ਪੀਲਾ ਪੰਜਾ ਨਸ਼ੇ ਖ਼ਤਮ ਕਰ ਸਕੇਗਾ?

ਅਕਸਰ ਲੋਕ 'ਨਸ਼ੇ'ਅੱਖਰ ਦੀ ਵਰਤੋਂ ਕਰਦੇ ਸੁਣੇ ਜਾਂਦੇ ਹਨ। ਨਸ਼ਾ ਅੱਖਰ ਚੰਗੇ ਅਤੇ ਬੁਰੇ ਦੋਨਾਂ ਦਾ ਹੀ ਪ੍ਰਤੀਕ ਹੈ। ਪਹਿਲਾਂ ਚੰਗੇ ਪਾਸੇ ਦੀ ਉਦਾਹਰਨ, ਅਸੀਂ ਆਮ ਹੀ ਕਹਿੰਦੇ ਹਾਂ ਉਸ ਇਨਸਾਨ ਲਈ ਜਿਸ ਨੂੰ ਕਿਸੇ ਕੰਮ ਦੀ ਲਗਨ ਲੱਗੀ ਹੋਵੇ ਚਾਹੇ, ਉਹ ਪੜ੍ਹਾਈ ਲਿਖਾਈ, ਵਪਾਰ, ਨੌਕਰੀ ਵਿੱਚ ਤਰੱਕੀ ਹੋਵੇ। ਏਥੋਂ ਤੱਕ ਕਿ ਕਈ ਲੋਕਾਂ ਨੂੰ ਸਵੇਰ ਦੀ ਸੈਰ ਦਾ ਵੀ ਨਸ਼ਾ ਹੈ, ਜਿਨ੍ਹਾਂ ਚਿਰ ਉਹ ਸੈਰ ਨਾ ਕਰਨ ਉਹਨਾਂ ਨੂੰ ਹੋਰ ਕੰਮ-ਕਾਰ ਚੰਗਾ ਨਹੀਂ ਲੱਗਦਾ । ਇਹ ਬੰਦੇ ਆਪਣੀ ਮੰਜ਼ਲ ਹਾਸਲ ਕਰਨ ਲਈ ਦਿਨ-ਰਾਤ ਇੱਕ ਕਰ ਦਿੰਦੇ ਹਨ। ਗੱਲ ਕੀ ਮਿਹਨਤੀ ਵਿਅਕਤੀ ਕਿਸੇ ਵੀ ਧੰਦੇ ਵਿੱਚ ਹੋਵੇ, ਉਸ ਨੂੰ ਆਪਣਾ ਕੰਮ ਕਰਕੇ ਜੋ ਤਸੱਲੀ ਮਿਲਦੀ ਹੈ, ਉਸ ਨਾਲ ਉਸ ਦੇ ਸਰੀਰ ਵਿੱਚ ਚੰਗੇ ਹਾਰਮੋਨ ਦਾ ਪੱਧਰ ਵਧ ਜਾਂਦਾ ਹੈ, ਜਿਸ ਨਾਲ ਉਸ ਨੂੰ ਅੰਦਰੂਨੀ ਖੁਸ਼ੀ ਮਿਲਦੀ ਹੈ। ਉਸ ਦੀ ਥਕਾਵਟ ਦੂਰ ਹੋ ਜਾਂਦੀ ਹੈ ਇਸੇ ਦਾ ਦੂਜਾ ਪੱਖ ਹੈ ਉਹ ਵਿਅਕਤੀ ਜੋ ਕੁਝ ਖਾ-ਪੀ ਕੇ ਆਪਣੇ ਸਰੀਰ ਨੂੰ ਆਰਜ਼ੀ ਤਾਕਤ ਦਿੰਦਾ ਹੈ ਜਾਂ ਫਿਰ ਆਪਣੇ ਦਿਮਾਗ ਨੂੰ ਨਕਾਰਾਤਮਕ ਸੋਚ ਕਾਰਨ ਆਰਜ਼ੀ ਤੌਰ 'ਤੇ ਧਿਆਨ ਹੋਰ ਪਾਸੇ ਲਾਉਂਦਾ ਹੈ। ਇਸ ਨਸ਼ੇ ਦੇ ਕਈ ਸਰੋਤ ਹਨ, ਜਿਵੇਂ ਕਿ ਬਨਾਸਪਤੀ ਤੋਂ ਪ੍ਰਚੱਲਤ ਡੋਡੇ, ਭੰਗ, ਅਫ਼ੀਮ ਆਦਿ । ਇਸ ਤੋਂ ਇਲਾਵਾ ਸ਼ਰਾਬ, ਜੋ ਸਰਕਾਰੀ ਤੌਰ ਤੇ ਵੇਚੀ ਜਾਂਦੀ ਹੈ ਅਤੇ ਸੂਬਿਆਂ ਦੀ ਆਮਦਨੀ ਦਾ ਵੱਡਾ ਸਰੋਤ ਹੈ। ਇਸ ਤੋਂ ਬਾਅਦ ਰਸਾਇਣ (ਸਿੰਥੈਟਿਕ ਪਦਾਰਥ) ਜੋ ਨਸ਼ਾ ਦਿੰਦੇ ਹਨ। ਇਹ ਸ਼ੁਰੂ ਹੁੰਦੇ ਹਨ ਥੋੜ੍ਹੇ ਤੋਂ, ਪਰ ਵਧੇ ਜਾਂਦੇ ਹਨ ਅਤੇ ਅੰਤ ਤੱਕ ਇਨਸਾਨ ਨੂੰ ਲੈ ਬੈਠਦੇ ਹਨ।

**ਅੰਤਰਰਾਸ਼ਟਰੀ ਪੱਧਰ 'ਤੇ ਨਸ਼ਾ**

ਸਭ ਤੋਂ ਪਹਿਲਾਂ ਗੱਲ ਕਰੀਏ ਤਾਂ ਅੰਤਰ-ਰਾਸ਼ਟਰੀ ਨਾਰਕੋਟਿਕਸ ਕੰਟਰੋਲ ਬੋਰਡ ਇਹ ਇੱਕ ਅੰਤਰ-ਰਾਸ਼ਟਰੀ ਆਤਮ ਨਿਰਭਰ (ਸੁਤੰਤਰ) ਸੰਸਥਾ ਹੈ, ਜੋ ਅੰਤਰ-ਰਾਸ਼ਟਰੀ ਨਸ਼ਾ ਤਸਕਰੀ ਨੂੰ ਕੰਟਰੋਲ ਕਰਦੀ ਹੈ। ਇਹ ਤਕਰੀਬਨ 1961 ਵਿੱਚ ਸਥਾਪਤ ਕੀਤੀ ਗਈ ਸੀ ਅਤੇ ਹੁਣ ਯੂ ਐਨ ਓ ਡੀ ਸੀ, ਡਬਲਯੂ ਐਚ ਓ, ਇੰਟਰਪੋਲ ਅਤੇ ਡਬਲਯੂ ਸੀ ਓ ਨਾਲ ਮਿਲ ਕਿ ਕੰਮ ਕਰਦੀ ਹੈ। ਆਈ ਐੱਨ ਸੀ ਬੀ ਦੀ 2024 ਦੀ ਰਿਪੋਰਟ ਜੋ ਮਾਰਚ 2025 ਵਿੱਚ ਜਨਤਕ ਹੋਈ, ਉਸ ਮੁਤਾਬਕ ਦੁਨੀਆਂ ਦੇ ਸਾਰੇ ਹੀ ਮਹਾਂਦੀਪ ਅਤੇ ਉਹਨਾਂ ਦੇ ਸਾਰੇ ਦੇਸ਼ ਨਸ਼ੇ ਦੀ ਸਮੱਸਿਆ ਦਾ ਸ਼ਿਕਾਰ ਹਨ। ਉੱਤਰੀ ਅਮਰੀਕਾ ਤੋਂ ਲੈ ਕੇ ਅਫਰੀਕਾ ਦੇ ਦੇਸ਼ਾਂ ਤੱਕ ਸਭ ਸਿੰਥੈਟਿਕ ਨਸ਼ੇ ਤੋਂ ਪੀੜਤ ਹਨ। ਇਸ ਰਿਪੋਰਟ ਮੁਤਾਬਕ ਸਾਰਿਆਂ ਨਾਲੋਂ ਜ਼ਿਆਦਾ ਨਸ਼ਾ ਅਫ਼ਰੀਕਾ ਦੇ ਦੇਸ਼ਾਂ ਵਿੱਚ ਹੈ, ਜਦਕਿ ਉਸ ਤੋਂ ਬਾਅਦ ਦੱਖਣੀ ਪੂਰਬੀ ਏਸ਼ੀਆ ਦੇ ਦੇਸ਼ ਆਉਂਦੇ ਹਨ। ਖਾਸ ਕਰਕੇ ਉਹ ਦੇਸ਼, ਜੋ ਸਮੁੰਦਰੀ ਤੱਟ ਨਾਲ ਲੱਗਦੇ ਹਨ।

ਇਸੇ ਰਿਪੋਰਟ ਮੁਤਾਬਕ ਇਸ ਸੰਸਥਾ ਨੇ ਜਦੋਂ 1972 ਵਿੱਚ ਕਾਨੂੰਨਾਂ ਵਿੱਚ ਸੋਧ ਕਰਕੇ ਬਨਾਸਪਤੀ (ਪਲਾਂਟ ਬੇਸਡ) ਨਸ਼ੇ ਬੰਦ ਕੀਤੇ, ਉਦੋਂ ਤੋਂ ਸਿੰਥੈਟਿਕ ਨਸ਼ੇ ਵਧਣੇ ਸ਼ੁਰੂ ਹੋ ਗਏ। ਸਿੰਥੈਟਿਕ ਨਸ਼ੇ ਥੋੜ੍ਹੀ ਜਗ੍ਹਾ ਵਿੱਚ ਦਵਾਈਆਂ ਵਾਂਗੂ ਬਣਾਏ ਜਾਂਦੇ ਹਨ ਅਤੇ ਦਵਾਈਆਂ ਨਾਲ ਹੀ ਇੱਕ ਜਗ੍ਹਾ ਤੋਂ ਦੂਜੀ ਜਗ੍ਹਾ ਸੌਖੀ ਪਹੁੰਚ ਹੋ ਜਾਂਦੀ ਹੈ। ਕਿਹਾ ਜਾਂਦਾ ਹੈ ਕਿ ਭਾਰਤ ਵਿੱਚ ਨਸ਼ਾ ਅਫਗਾਨਿਸਤਾਨ, ਅਫ਼ਰੀਕਾ ਅਤੇ ਉੱਤਰੀ ਅਮਰੀਕਾ ਤੋਂ ਵੀ ਆਉਂਦਾ ਹੈ।

**ਰਾਸ਼ਟਰੀ ਪੱਧਰ 'ਤੇ ਨਸ਼ਾ**

ਸਾਡੇ ਦੇਸ਼ ਵਿੱਚ ਤਕਰੀਬਨ ਹਰ ਸੂਬੇ ਵਿੱਚ ਨਸ਼ਾ ਪ੍ਰਚੱਲਿਤ ਹੈ। ਐੱਨ ਸੀ ਆਰ ਬੀ ਦੇ ਸਾਲ 2024 ਦੇ ਅੰਕੜੇ ਮੁਤਾਬਕ ਸਭ ਤੋਂ ਵੱਧ ਨਸ਼ੇ ਦੇ ਕੇਸ ਕੇਰਲ ਵਿੱਚ ਹੋਏ, ਉੱਤਰ ਪ੍ਰਦੇਸ਼ ਵੀ ਪੰਜਾਬ ਦੇ ਨੇੜੇ-ਤੇੜੇ ਹੀ ਹੈ, ਜਦਕਿ ਸਾਲ 2022-2023 ਵਿੱਚ ਉੱਤਰ ਪ੍ਰਦੇਸ਼ ਵਿੱਚ ਵੀ ਨਸ਼ੇ ਖਿਲਾਫ਼ ਜੰਗ ਵਿੱਢੀ ਸੀ। ਉਥੋਂ ਦੀ ਸਰਕਾਰ ਨੇ ਪਹਿਲੀ ਵਾਰ ਨਸ਼ਾ ਤਸਕਰਾਂ ਦੇ ਘਰ ਢਾਹੇ ਸਨ, ਪਰ ਬਾਵਜੂਦ ਇਸ ਦੇ ਕਟੌਤੀ ਜ਼ਰੂਰ ਹੋਈ, ਪਰ ਨਸ਼ਾ ਬੰਦ ਨਹੀਂ ਹੋਇਆ।

ਕੇਂਦਰ ਸਰਕਾਰ ਵੱਲੋਂ ਵੀ ਨਸ਼ਾ ਮੁਕਤ ਭਾਰਤ ਅਭਿਆਨ 15 ਅਗਸਤ 2020 ਨੂੰ ਸ਼ੁਰੂ ਕੀਤਾ ਗਿਆ। ਇਸ ਤਹਿਤ 272 ਜ਼ਿਲ੍ਹੇ ਜਿਹੜੇ ਨਸ਼ੇ ਵਿੱਚ ਉਪਰ ਸਨ, ਉਹਨਾਂ ਨੂੰ ਚੁਣਿਆ ਗਿਆ। ਇਸ ਨੂੰ ਤਿੰਨ ਲੜੀ ਪ੍ਰੋਗਰਾਮ ਤਹਿਤ ਚਲਾਇਆ ਗਿਆ। ਪਹਿਲਾਂ ਨਸ਼ੇ ਦੀ ਸਪਲਾਈ 'ਤੇ ਨੱਥ ਪਾਉਣਾ, ਦੂਜਾ ਲੋਕਾਂ ਤੱਕ ਪਹੁੰਚ ਕਰਕੇ ਉਹਨਾਂ ਨੂੰ ਇਸ ਪ੍ਰਤੀ ਜਾਗਰੂਕ ਕਰਨ ਅਤੇ ਤੀਜਾ ਲੋਕਾਂ ਦਾ ਨਸ਼ਾ ਛੁਡਾਉਣ ਲਈ ਮੁਫ਼ਤ ਇਲਾਜ ਕਰਵਾਉਣਾ। ਜੇ ਨਸ਼ਾ ਸਾਰੇ ਭਾਰਤ ਵਿੱਚ ਹੀ ਹੈ ਅਤੇ ਕਈ ਸਾਡੇ ਸੂਬੇ ਤੋਂ ਉਪਰ ਹਨ। ਫਿਰ ਬਦਨਾਮੀ ਪੰਜਾਬ ਦੀ ਜ਼ਿਆਦਾ ਕਿਉਂ ? ਕੀ ਨਸ਼ੇ ਦੀ ਆੜ ਵਿੱਚ ਸਿਆਸਤ ਤਾਂ ਨਹੀਂ ਖੇਡੀ ਜਾ ਰਹੀ। ਪੰਜਾਬ ਨੂੰ ਵੱਡੀ ਢਾਹ ਲਾਈ ਸਾਲ 2017 ਵਿੱਚ ਆਈ ਫਿਲਮ 'ਉਡਤਾ ਪੰਜਾਬ' ਨੇ, ਜਿਸ ਤੋਂ ਬਾਅਦ ਵਿਰੋਧੀਆਂ ਨੇ ਉਸ ਸਮੇਂ ਦੀ ਸਰਕਾਰ ਨੂੰ ਆੜੇ ਹੱਥੀਂ ਲਿਆ। ਜੇ ਤਕਰੀਬਨ ਪਿਛਲੇ ਢਾਈ ਦਹਾਕਿਆਂ ਤੋਂ ਲਈਏ ਤਾਂ 5 ਸਰਕਾਰਾਂ ਤਿੰਨ ਪਾਰਟੀਆਂ ਦੀਆਂ ਬਣੀਆਂ ਹਨ, ਹਰ ਸਰਕਾਰ ਨੇ ਆਪਣੇ ਬਣਨ ਵੇਲੇ ਨਸ਼ਾ ਖਤਮ ਕਰਨ ਦੀ ਗੱਲ ਕੀਤੀ ਅਤੇ ਖੂਬ ਪ੍ਰਚਾਰ ਕਰਕੇ ਵੋਟਰਾਂ/ਜਨਤਾ ਨੂੰ ਗੁੰਮਰਾਹ ਕੀਤਾ ਅਤੇ ਵੋਟਾਂ ਬਟੋਰੀਆਂ ਅਤੇ ਸਰਕਾਰਾਂ ਬਣਾਈਆਂ ਪਰ ਨਸ਼ੇ ਦਾ ਪਰਨਾਲਾ ਉੱਥੇ ਦਾ ਉੱਥੇ ਹੀ ਹੈ।



ਡਾ. ਅਮਨਪ੍ਰੀਤ ਸਿੰਘ ਬਰਾੜ

2025 ਵਿੱਚ ਇੱਕ ਵੱਡਾ ਹਾਦਸਾ ਹੋਇਆ ਕਿ ਜ਼ਹਿਰੀਲੀ ਸ਼ਰਾਬ ਪੀਣ ਨਾਲ 25-30 ਲੋਕਾਂ ਦੀ ਮੌਤ ਹੋ ਗਈ, ਜਿਸ ਵਿੱਚ ਜ਼ਿਆਦਾ ਕਰਕੇ ਨੌਜਵਾਨ ਭਾਵ 25 ਤੋਂ 34 ਸਾਲ ਦੀ ਉਮਰ ਦੇ ਸਨ। ਮੌਕੇ ਦੀ ਸਰਕਾਰ ਨੇ ਕੁਝ ਸਮੇਂ ਲਈ ਸਖਤੀ ਤਾਂ ਕੀਤੀ, ਪਰ ਨਾਲ-ਨਾਲ ਮ੍ਰਿਤਕਾਂ ਦੇ ਪਰਵਾਰਾਂ ਨੂੰ 10-10 ਲੱਖ ਰੁਪਏ ਅਤੇ ਇੱਕ-ਇੱਕ ਮੈਂਬਰ ਨੂੰ ਨੌਕਰੀ ਦੇਣ ਦਾ ਵੱਡਾ ਐਲਾਨ ਕਰ ਦਿੱਤਾ।

| ਸਾਲ | 2002-2006 | 2007-2012 | 2012-2015 | 2017-2022 | 2022-2024 |
|---|---|---|---|---|---|
| ਸਰਕਾਰ ਕੇਸ : ਐੱਨ ਡੀ ਪੀ ਐਸ | ਕਾਂਗਰਸ | ਅਕਾਲੀ-ਭਾਜਪਾ | ਅਕਾਲੀ-ਭਾਜਪਾ | ਕਾਂਗਰਸ | ਆਪ |
| ਕੇਸ ਦਰਜ | 19501 | 26560 | 49535 | 51461 | 28207 |
| ਲੋਕ ਫੜੇ | 22938 | 30442 | 57730 | 67081 | 38511 |
| ਔਸਤ (ਕੇਸ ਦਰਜ) ਪ੍ਰਤੀ ਸਾਲ | 3900 | 5312 | 12383.75 | 10292.2 | 11282.8 |
| ਔਸਤ (ਲੋਕ ਫੜੇ) ਪ੍ਰਤੀ ਸਾਲ | 4587.6 | 6088.4 | 14432.5 | 13416.2 | 15404.4 |

ਸਾਰਣੀ1:- ਪੰਜਾਬ ਵਿੱਚ ਨਸ਼ਾ ਵਿਰੋਧੀ ਮੁਹਿੰਮ ਤਹਿਤ ਫੜੇ ਗਏ ਲੋਕਾਂ ਦੀ ਗਿਣਤੀ:

ਸਰੋਤ:- ਹਿੰਦੁਸਤਾਨ ਟਾਈਮਜ਼, ਟਾਈਮਜ਼ ਆਫ ਇੰਡੀਆ, ਐੱਨ ਸੀ ਆਰ ਬੀ।

ਸਾਰਨੀ ਵਿੱਚ 2002 ਤੋਂ 2025 ਤੱਕ ਨਸ਼ੇ ਵਿਰੁੱਧ ਮੁਹਿੰਮ ਤਹਿਤ ਕਿਹੜੀ ਸਰਕਾਰ ਨੇ ਕਿੰਨੇ ਕੇਸ ਦਰਜ ਕੀਤੇ ਅਤੇ ਕਿੰਨੇ ਲੋਕਾਂ ਨੂੰ ਫੜਿਆ ਗਿਆ, ਇਸ 'ਤੇ ਝਾਤ ਮਾਰਦੇ ਹਾਂ। 20 ਅਪ੍ਰੈਲ 2025 ਨੂੰ ਟਾਈਮਜ਼ ਆਫ਼ ਇੰਡੀਆ ਵਿੱਚ ਛਪੀ ਖ਼ਬਰ ਮੁਤਾਬਕ ਪਿਛਲੇ ਪੰਜਾਹ ਦਿਨਾਂ ਵਿੱਚ ਪੰਜਾਬ ਪੁਲਸ ਨੇ 6737 ਲੋਕ ਗ੍ਰਿਫਤਾਰ ਕੀਤੇ। ਤਰਾਸਦੀ ਦੇਖੋਂ ਕਿ ਇੱਕ ਪਾਸੇ ਸਿੱਧੇ ਨਸ਼ੇ ਤਸਕਰਾਂ ਦੇ ਘਰ ਢਾਹੇ ਜਾ ਰਹੇ ਹਨ, ਦੂਜੇ ਪਾਸੇ ਮਹਿਲਾ ਕਾਂਸਟੇਬਲ ਨੂੰ ਕੁਝ ਦਿਨਾਂ ਵਿੱਚ ਹੀ ਨਸ਼ੇ ਤਸਕਰੀ ਵਿੱਚ ਜ਼ਮਾਨਤ ਮਿਲ ਜਾਂਦੀ ਹੈ।

ਨਸ਼ਾ ਉਦੋਂ ਤੱਕ ਨਹੀਂ ਖਤਮ ਹੋ ਸਕਦਾ, ਜਿੰਨਾ ਚਿਰ ਸਾਡੀ ਨੌਜਵਾਨ ਪੀੜ੍ਹੀ ਨੂੰ ਰੁਜ਼ਗਾਰ ਨਹੀਂ ਮਿਲਦਾ ਅਤੇ ਰੁਜ਼ਗਾਰ ਨਾਲ ਪੈਸੇ। ਜਦੋਂ ਤੱਕ ਇਹ ਦੋਨੋਂ ਚੀਜ਼ਾਂ ਉਸ ਦੇ ਹੱਥ ਵਿੱਚ ਨਹੀਂ ਆਉਂਦੀਆਂ, ਉਦੋਂ ਤੱਕ ਉਸ ਨੂੰ ਨਸ਼ੇ ਦੀ ਦਲਦਲ ਵਿੱਚ ਬਾਹਰ ਕੱਢਣਾ ਮੁਸ਼ਕਲ ਹੀ ਨਹੀਂ, ਸਗੋਂ ਨਾਮੁਮਕਿਨ ਹੈ।

ਨੌਜਵਾਨ ਬੇਰੁਜ਼ਗਾਰੀ ਅਤੇ ਘਰਦਿਆਂ ਦੇ ਤਾਹਨੇ-ਮਿਹਣਿਆਂ ਤੋਂ ਨਿਰਾਸ਼ ਹੋ ਜਾਂਦਾ ਹੈ ਅਤੇ ਉਸ ਦਾ ਫਾਇਦਾ ਨਸ਼ਾ ਤਸਕਰ ਖੂਬ ਉਠਾਉਂਦੇ ਹਨ। ਜੋ ਦੋਸਤ ਬਣ ਕੇ ਮਨ ਬਦਲਣ ਦੇ ਬਹਾਨੇ ਕਿਸੇ ਪਾਰਟੀ ਵਿੱਚ ਲੈ ਵੜਦੇ ਹਨ। ਇਥੋਂ ਸ਼ੁਰੂਆਤ ਹੁੰਦੀ ਹੈ ਨਸ਼ੇ ਦੀ, ਇਸ ਤੋਂ ਇਲਾਵਾ ਜਵਾਨੀ ਵਿੱਚ ਊਰਜਾ ਬਹੁਤ ਹੁੰਦੀ ਹੈ, ਜੋ ਬੱਚੇ ਜਿੰਮ ਲੱਗ ਜਾਂਦੇ ਹਨ, ਮਾਪੇ ਵੀ ਕਹਿੰਦੇ ਹਨ ਕਿ ਕੋਈ ਗੱਲ ਨਹੀਂ ਕਸਰਤ ਕਰਦਾ ਹੈ, ਨਾਲ ਕੋਈ ਟਾਈਮ ਪਾਸ ਹੋਊਗਾ। ਉਥੇ ਜਾ ਕੇ ਨਵੀਂ ਗੱਲ ਸ਼ੁਰੂ ਹੁੰਦੀ ਹੈ ਐਨਰਜੀ ਡ੍ਰਿਕਸ ਅਤੇ ਪ੍ਰੋਟੀਨ ਪਾਊਡਰ। ਇਸ ਦੀ ਵੱਧਦੀ ਵਰਤੋਂ ਸਰੀਰ 'ਤੇ ਕਾਫੀ ਹਾਨੀਕਾਰਕ ਅਸਰ ਪਾਉਂਦੀ ਹੈ ਜਿਵੇਂ ਬੀ.ਪੀ ਵਧਣਾ, ਹਾਰਟ ਰੇਟ ਵਧਾਉਣਾ ਅਤੇ ਹਾਰਟ ਅਟੈਕ, ਚਿੰਤਾ ਨਾਲ ਪੇਟ ਦੇ ਅੰਤੜੀਆਂ ਦੇ ਰੋਗ, ਘਬਰਾਹਟ, ਇਸ ਦੇ ਨਾਲ ਹੀ ਕੁਝ ਭਿਆਨਕ ਬੀਮਾਰੀਆਂ ਜਿਵੇਂ ਕਿਡਨੀ ਤੇ ਅਸਰ, ਰੈਬਡੋਮਾਇਓਲਿਸਿਸ ਉਹ ਮਸਲ, ਜੋ ਖੂਨ ਵਿੱਚ ਪ੍ਰੋਟੀਨ ਛੱਡਦੇ ਹਨ। ਇਸ ਨਾਲ ਪ੍ਰੋਟੀਨ ਜੋ ਘਟਦਾ ਹੈ, ਉਸ ਨੂੰ ਪੂਰਾ ਕਰਨ ਲਈ ਆਰਟੀਫੀਸ਼ੀਅਲ ਪ੍ਰੋਟੀਨ ਪਾਊਡਰ ਦੇ ਰੂਪ ਵਿੱਚ ਦਿੱਤੀ ਜਾਂਦੀ ਹੈ। ਇਸ ਵਿੱਚ ਹਾਰਵਰਡ ਹੈੱਲਥ ਪਬਲਿਸਿੰਗ ਵਿੱਚ 2022 ਵਿੱਚ ਕਲੀਨ ਲੇਬਲ ਪਰੋਜੈਕਟ ਮੁਤਾਬਕ 134 ਪ੍ਰੋਡਕਟਸ ਵਿੱਚੋਂ 130 ਪ੍ਰੋਡਕਟਸ ਵਿੱਚ ਹਾਨੀਕਾਰਕ ਤੱਥ ਜਿਵੇਂ ਲੈਡ, ਆਰਸੈਨਿਕ, ਕੈਡਮੀਅਮ ਅਤੇ ਮਰਕਰੀ, ਬਿਸਫੇਨੋਲ-ਏ, ਜਿਸ ਤੋਂ ਪਲਾਸਟਿਕ ਬਣਦਾ ਹੈ ਅਤੇ ਪੈਸਟੀਸਾਈਡ ਇਹ ਸਾਰੇ ਹੀ ਵੱਡਾ ਕਾਰਨ ਹਨ ਕੈਂਸਰ ਦਾ। ਗੱਲ ਕੀ ਹਾਲਾਤ ਹੀ ਬੱਚਿਆਂ ਨੂੰ ਨਸ਼ਿਆਂ ਵੱਲ ਧੱਕ ਰਹੇ ਹਾਂ।

ਕੀ ਪੀਲ਼ਾ ਪੰਜਾ ਨਸ਼ਾ ਬੰਦ ਕਰ ਸਕੇਗਾ ? ਮੇਰੇ ਮੁਤਾਬਕ ਘਰ ਢਾਹੁਣਾ ਕੋਈ ਹੱਲ ਨਹੀਂ, ਸਗੋਂ ਸਰਕਾਰ ਨੂੰ ਉਹ ਸੰਪਤੀ ਜ਼ਬਤ ਕਰਕੇ ਉਸ ਨੂੰ ਸਰਕਾਰੀ ਸੰਪਤੀ ਬਣਾਉਣਾ ਚਾਹੀਦਾ ਹੈ। ਢਾਹੁਣਾ ਤਾਂ ਸਾਡੇਸਰੋਤਾਂ (ਰਿਸੋਰਸਿਸ) ਦੀ ਕੌਮੀ ਬਰਬਾਦੀ ਹੈ। ਉਸ ਤਸਕਰ ਨੂੰ ਉਹ ਜਗ੍ਹਾ ਤੇ ਉਸਾਰੀ ਹਮੇਸ਼ਾ ਯਾਦ ਦਿਵਾਊਗੀ ਕਿ ਇਹ ਜਗ੍ਹਾ ਮੇਰੀ ਸੀ, ਜੋ ਹੁਣ ਮੇਰੇ ਬੁਰੇ ਕੰਮਾਂ ਕਰਕੇ ਸਰਕਾਰੀ ਸੰਪਤੀ ਬਣ ਗਈ ਹੈ।

***# ਸੰਪਰਕ : 96537-90000***

## ਜਨਮ ਦਿਵਸ 'ਤੇ ਵਿਸ਼ੇਸ਼

# ਅਮਰੀਕਾ ਵਿਚਲੇ ਗਦਰੀ ਬਾਬਾ—ਬਾਵਾ ਨਨਕਾਣਾ ਬਿਸ਼ਨ


**ਜਸਦੇਵ ਸਿੰਘ ਲਲਤੋਂ**

ਆਪ ਦਾ ਜਨਮ ੧ ਦਸੰਬਰ 1877 ਨੂੰ ਮਾਤਾ ਬਸੰਤ ਕੌਰ ਦੀ ਕੁੱਖੋਂ ਪਿਤਾ ਸੰਤ ਰਾਮ ਢੁਡੀਕੇ ਦੇ ਘਰੇ ਪਿੰਡ ਕੋਟ ਸੰਤ ਰਾਮ ਵਿੱਖੇ (ਨਨਕਾਣਾ ਸਾਹਿਬ ਦੇ ਨਾਲ) ਹੋਇਆ। ਇਹ ਪਿੰਡ ਹੁਣ ਨਨਕਾਣਾ ਸਾਹਿਬ ਦੀ (ਪਾਕਿਸਤਾਨ) ਦੀ ਸੰਤ ਰਾਮ ਕਲੋਨੀ ਦੇ ਨਾਂਅ ਨਾਲ ਜਾਣਿਆ ਜਾਂਦਾ ਹੈ। ਮੁਢਲੀ ਸਿਖਿਆ ਦੌਰਾਨ ਆਪ ਨੇ ਗੁਰਮੁਖੀ ਤੇ ਉਰਦੂ ਭਾਸ਼ਾ ਸਿਖੀ। ਰੁਜ਼ਗਾਰ ਤੇ ਚੰਗੀ ਜ਼ਿੰਦਗੀ ਦੀ ਭਾਲ ਲਈ ਆਪ ਚੁੱਪਚਾਪ ਮਾਤਾ ਜੀ ਦੇ ਰੱਖੇ ਹੋਏ 82 ਰੁਪਏ ਲੈ ਕੇ ਰੇਲ ਗੱਡੀ ਰਾਹੀਂ 1895 'ਚ ਬਰਮਾ ਪੁੱਜੇ । ਮਿਹਨਤ-ਮਜ਼ਦੂਰੀ ਕਰਦਿਆਂ ਆਪ ਨੇ ਕਰੀਬ 3 ਸਾਲ ਬਰਮਾ 'ਚ ਬਿਤਾਏ। ਉਸ ਤੋਂ ਪਿਛੋਂ ਚੀਨ ਜਾ ਕੇ ਸਭ ਤੋ ਔਖੀ ਭਾਸ਼ਾ ਚੀਨੀ ਦਾ ਸਰਟੀਫਿਕੇਟ ਪਾਸ ਕੀਤਾ ਤੇ ਚੀਨੀ ਪੁਲਸ ਵਿਚ 2 ਸਾਲ ਨੌਕਰੀ ਕੀਤੀ । ਇਸ ਤੋ ਬਾਅਦ ਸਿੰਘਾਪੁਰ ਪੁੱਜ ਕੇ 4 ਸਾਲ ਫੌਜੀ ਸਰਵਿਸ ਕੀਤੀ ਤੇ ਪਿੰਡੋਂ ਮੰਗਵਾਈ ਜ਼ਰੂਰੀ ਚਿੱਠੀ ਰਾਹੀ ਡਿਸਚਾਰਜ ਹੋ ਕੇ 1904 'ਚ ਸਾਨਫਰਾਂਸਿਸਕੋ (ਅਮਰੀਕਾ) ਵਿਖੇ ਪਹੁੰਚੇ। ਮਜ਼ਦੂਰੀ ਕਰਦਿਆਂ ਆਪ ਨੇ ਕਾਫੀ ਡਾਲਰ ਜੋੜੇ ਤੇ ਕੁਝ ਹੋਰ ਸੱਜਣਾਂ ਨਾਲ ਜੁੜ ਕੇ ਇਕ ਹਜ਼ਾਰ ਏਕੜ ਦਾ ਫਾਰਮ ਠੇਕੇ 'ਤੇ ਲੈ ਕੇ ਸਬਜ਼ੀਆਂ ਦੀ ਕਾਸ਼ਤ ਕਰਨ ਤੇ ਘਰ-ਘਰ ਵੇਚਣ ਦਾ ਕਾਰੋਬਾਰ ਸ਼ੁਰੂ ਕਰ ਦਿੱਤਾ। ਬਿਸ਼ਨ ਜੀ ਗੁਰਦੁਆਰਿਆਂ 'ਚ ਹੋਣ ਵਾਲੇ ਭਾਰਤੀਆਂ ਦੇ ਹਫਤਾਵਾਰੀ ਇਕੱਠਾਂ ਵਿਚ ਜਾਂਦੇ, ਜਿਥੇ ਪਰਵਾਸੀਆਂ ਦੀਆਂ ਸਮੱਸਿਆਵਾਂ, ਦੁੱਖਾਂ ਅਤੇ ਹੱਲ ਬਾਰੇ ਵਿਚਾਰਾਂ ਹੁੰਦੀਆਂ। 1911-12 ਦੌਰਾਨ ਆਪ ਜੀ ਦਾ ਮੇਲ ਭਾਰਤੀ ਕ੍ਰਾਂਤੀਕਾਰੀ ਆਗੂਆਂ- ਲਾਲਾ ਹਰਦਿਆਲ ਤੇ ਸਾਥੀਆਂ ਨਾਲ ਹੋਇਆ। 1913 ਵਿਚ ਗਦਰ ਪਾਰਟੀ (ਹਿੰਦੀ ਪੈਸੀਫਿਕ ਕੋਸਟ ਐਸੋਸੀਏਸ਼ਨ) ਬਣਨ ਉਪਰੰਤ ਆਪ ਗਦਰ ਪਾਰਟੀ ਦੇ ਮੈਂਬਰ ਬਣ ਗਏ। ਗਦਰ ਪਾਰਟੀ ਦੀ ਲਹਿਰ ਤੇ ਗਦਰ ਅਖਬਾਰ ਦੀਆਂ ਸਾਰੀਆ ਸਰਗਰਮੀਆਂ ਵਿਚ ਹਿੱਸਾ ਲੈਣ ਲੱਗੇ। ਆਪ ਨੇ ਤਨ, ਮਨ ਅਤੇ ਵਿਸ਼ੇਸ਼ ਕਰਕੇ ਧਨ ਨਾਲ ਗਦਰ ਪਾਰਟੀ ਦੀ ਬਹੁਤ ਵੱਡੀ ਸਹਾਇਤਾ ਲਗਾਤਾਰ ਜਾਰੀ ਰੱਖੀ।

1922-23 'ਚ ਜਦੋਂ ਊਧਮ ਸਿੰਘ ਅਮਰੀਕਾ ਪੁੱਜਾ, ਤਾਂ ਆਪ ਨਾਲ ਗਦਰ ਪਾਰਟੀ ਰਾਹੀਂ ਉਸ ਦਾ ਮੇਲਜੋਲ ਬਣਿਆ। ਦੋਨੋਂ ਪੱਕੇ ਮਿੱਤਰ ਬਣ ਗਏ ਤੇ ਮੈਰੀਲੈਂਡ ਵਿਖੇ ਦੋ ਸਾਲ ਇੱਕਠੇ ਰਹੇ। ਮਕਾਨ 'ਤੇ ਅਮਰੀਕੀ ਪੁਲਸ ਦਾ ਛਾਪਾ ਪੈਣ ਉਪਰੰਤ ਊਧਮ ਸਿੰਘ ਸਫਲਤਾ ਨਾਲ ਪਿਛਲੇ ਪਾਸੇ ਦੀ ਬਚ ਨਿਕਲਿਆ। ਆਪ ਨੇ ਊਧਮ ਸਿੰਘ ਦੀ ਪੈਸੇ ਨਾਲ ਭਾਰੀ ਮਦਦ ਕੀਤੀ ਤੇ ਹੋਰ ਸਾਥੀਆਂ ਤੋਂ ਵੀ ਕਰਵਾਈ। ਉਸ ਨੇ ਕੀਮਤੀ ਅਸਲਾ ਖਰੀਦਿਆ, ਗਦਰ ਸਾਹਿਤ ਲਿਆ ਤੇ ਭਾਰਤ ਨੂੰ ਚਾਲੇ ਪਾ ਦਿੱਤੇ। 1927 ਚ ਊਧਮ ਸਿੰਘ ਅੰਮ੍ਰਿਤਸਰ ਤੋਂ ਫੜੇ ਗਏ ਤੇ 1928 'ਚ 5 ਸਾਲ ਦੀ ਕੈਦ ਹੋ ਗਈ। ਫੱਕਰ ਸੁਭਾਅ ਵਾਲੇ ਬਿਸ਼ਨ ਜੀ 32 ਸਾਲ ਬਾਅਦ ਪਹਿਲੀ ਵੇਰ ਘਰੇ ਨਨਕਾਣਾ ਸਾਹਿਬ ਪਰਤੇ ਅਤੇ ਅੰਮ੍ਰਿਤਸਰ ਜਾ ਕੇ ਊਧਮ ਸਿੰਘ ਨਾਲ ਮੁਲਾਕਾਤ ਕੀਤੀ। ਬਿਸ਼ਨ ਜੀ ਨੇ ਦੱਸਿਆ ਸੀ ਕਿ 1932 ਵਿਚ ਊਧਮ ਸਿੰਘ ਰਿਹਾਅ ਹੋ ਕਿ ਜੰਮੂ-ਕਸ਼ਮੀਰ ਦੇ ਪਹਾੜਾਂ ਵੱਲ ਨੂੰ ਚਲਾ ਗਿਆ, ਇਕ ਸਾਧੂ ਦਾ ਭੇਸ ਧਾਰ ਕੇ। ਇਥੇ ਉਸ ਦਾ ਮੇਲ ਇਕ ਅਮੀਰ ਆਦਮੀ ਨਾਲ ਹੋਇਆ, ਜਿਸ ਨੇ ਉਸ ਤੋਂ ਪ੍ਰਭਾਵਤ ਹੋ ਕੇ ਊਧਮ ਸਿੰਘ ਨੂੰ 'ਬਾਵਾ' ਦੇ ਨਾਂਅ ਹੇਠ ਲਾਹੌਰ ਤੋਂ ਨਵਾਂ ਪਾਸਪੋਰਟ ਜਾਰੀ ਕਰਵਾਇਆ ਤੇ ਵਲੈਤ (ਇੰਗਲੈਂਡ) ਭਿਜਵਾਇਆ। ਬਿਸ਼ਨ ਤੇ ਊਧਮ ਸਿੰਘ ਦਾ ਮੇਲ-ਜੋਲ ਚਿੱਠੀ ਪੱਤਰ ਰਾਹੀਂ ਲਗਾਤਾਰ ਬਣਿਆ ਰਿਹਾ। 1936 'ਚ ਆਪ ਦੇ ਫੌਜੀ ਭਰਾ ਕਿਸ਼ਨ ਦਾਸ ਦੀ ਪਲੇਗ ਕਾਰਨ ਮੌਤ ਹੋ ਗਈ। ਆਪ ਨਨਕਾਣਾ ਸਾਹਿਬ ਆਏ, ਪਲੇਗ ਦਾ ਇਲਾਜ ਕਰ ਰਹੇ ਅੰਗਰੇਜ਼ ਡਾਕਟਰਾਂ ਦੀ ਟੀਮ (ਜਿਹਨਾਂ ਨੂੰ ਭਾਸ਼ਾ ਦੀ ਸਮੱਸਿਆ ਸੀ) ਨਾਲ ਰਹਿ ਕੇ 6 ਮਹੀਨੇ ਇਲਾਕੇ ਦੇ ਲੋਕਾਂ ਦੀ ਬੇਹੱਦ ਸੇਵਾ ਕੀਤੀ। ਇਸੇ ਸਮੇਂ ਆਪ ਦਾ ਵਿਆਹ ਬੀਬੀ ਹਰਬੰਸ ਕੌਰ ਨਾਲ ਹੋਇਆ। ਆਪ ਮੁੜ ਅਮਰੀਕਾ ਚਲੇ ਗਏ। ਹਰਬੰਸ ਕੌਰ ਸਮੇਤ ਸਾਰਾ ਪਰਵਾਰ ਨਨਕਾਣਾ ਸਾਹਿਬ ਹੀ ਰਿਹਾ। ਆਪ 4-4 ਸਾਲ ਬਾਅਦ ਦੇਸ਼ ਆਉਣ ਲੱਗੇ। ਆਪ ਦੇ ਘਰੇ 5 ਧੀਆਂ ਤੇ 1 ਸਪੁੱਤਰ ਨੇ ਜਨਮ ਲਿਆ।



ਬਾਵਾ ਨਨਕਾਣਾ ਬਿਸ਼ਨ



ਊਧਮ ਸਿੰਘ ਨੇ ਆਪਣੀ ਉਕਤ ਫੋਟੋ 13.03.1940 ਤੋਂ ਕੁੱਝ ਦਿਨ ਪਹਿਲਾਂ ਬਾਵਾ ਨਨਕਾਣਾ ਮਿਸ਼ਨ ਦੇ ਪਤੇ ਤੇ ਭੇਜੀ ਸੀ, ਜਿਸਦੇ ਪਿਛਲੇ ਪਾਸੇ ਲਿਖਿਆ ਹੈ, "ਆਪਨੂੰ ਯਾਦਗਾਰ ਭੇਜਦਾ ਹਾਂ ਕਦੀ ਇਸ ਨੂੰ ਦੇ

1940 'ਚ ਲੰਡਨ ਵਿਚ ਕੀਤੇ ਜਾਣ ਵਾਲੇ ਸਰ ਮਾਈਕਲ ਓਡਵਾਇਰ ਵਾਲੇ ਕੌਮੀ ਬਦਲੇ ਦੇ ਇਤਿਹਾਸਕ ਸਾਕੇ ਤੋਂ ਥੋੜ੍ਹਾ ਅਰਸਾ ਪਹਿਲਾਂ ਊਧਮ ਸਿੰਘ ਨੇ ਪਰਮ ਮਿੱਤਰ ਹੋਣ ਕਰਕੇ ਆਪ ਨੂੰ ਇਗਲੈਂਡ ਸੱਦਿਆ ਤੇ ਪੂਰੇ 20 ਦਿਨ ਦੋਨਾਂ ਇਕੱਠਿਆਂ ਗੁਜ਼ਾਰੇ । ਵਾਪਸੀ ਮੌਕੇ ਦੱਸਿਆ ਕਿ ਜਲਦੀ ਹੀ ਤੁਹਾਨੂੰ ਅਜੇਹੀ ਨਿਵੇਕਲੀ ਖਬਰ ਮਿਲੇਗੀ, ਜਿਸ ਨਾਲ ਮੇਰੀ ਜ਼ਿੰਦਗੀ ਦਾ ਵੱਡਾ ਟੀਚਾ ਪੂਰਾ ਹੋ ਜਾਵੇਗਾ, ਜੋ ਕਿ 13 ਮਾਰਚ 1940 ਨੂੰ ਵਾਪਰਿਆ। ਊਧਮ ਸਿੰਘ ਦੇ ਫੜੇ ਜਾਣ 'ਤੇ ਬਿਸ਼ਨ ਜੀ ਦੀ ਪਹਿਲਕਦਮੀ ਨਾਲ ਅਮਰੀਕਾ ਦੀ ਗਦਰ ਪਾਰਟੀ ਨੇ ਮੁਕੱਦਮਾ ਲੜਨ ਲਈ ਦੋ ਵੱਡੇ ਵਕੀਲ ਖੜ੍ਹੇ ਕੀਤੇ, ਤਾਂ ਜੋ ਊਧਮ ਸਿੰਘ ਨੂੰ ਬਚਾਉਣ ਦਾ ਯਤਨ ਕੀਤਾ ਜਾ ਸਕੇ। ਊਧਮ ਸਿੰਘ ਨੇ ਬਿਸ਼ਨ ਨੂੰ ਆਪਣੇ ਅਸਲੀ ਦਸਤਖਤਾਂ ਵਾਲੀ ਆਖਰੀ ਫੋਟੋ ਲੰਡਨ ਜੇਲ੍ਹ ਵਿਚੋਂ ਡਾਕ ਰਾਹੀਂ ਅਮਰੀਕਾ ਭੇਜੀ, ਜਿਸ ਦੇ ਪਿਛਲੇ ਪਾਸੇ ਲਿਖਿਆ ਹੋਇਆ ਸੀ-ਮੁਹੰਮਦ ਸਿੰਘ ਆਜ਼ਾਦ, ਆਪ ਨੂੰ ਯਾਦਗਾਰ ਭੇਜਦਾ ਹਾਂ, ਕਦੀ ਇਸ ਨੂੰ ਦੇਖ ਲਿਆ ਕਰਨਾ। ਐੱਮ ਐੱਸ ਆਜ਼ਾਦ, ਜੋ ਕਿ ਪ੍ਰੋ: ਮਲਵਿੰਦਰਜੀਤ ਸਿੰਘ ਵੜੈਚ ਨੇ ਲੰਮੀ ਖੋਜ ਉਪਰੰਤ ਉਨ੍ਹਾ ਪਾਸੋਂ 1969 'ਚ ਪ੍ਰਾਪਤ ਕੀਤੀ।

ਆਪ ਦੇ ਪਿਆਰੇ ਵਤਨ ਤੇ ਵਤਨ ਵਾਸੀਆਂ ਦੇ ਖਿੱਚੇ ਬਿਸ਼ਨ ਜੀ 1952 'ਚ ਅਮਰੀਕਾ ਤੋਂ ਪਰਵਾਰ ਪਾਸ ਡਡਹੇੜੀ ਪਿੰਡ ਪਹੁੰਚੇ ਤੇ ਬਾਅਦ 'ਚ ਪਰਿਵਾਰ ਸਮੇਤ ਮੰਡੀ ਗੋਬਿੰਦਗੜ੍ਹ (ਜ਼ਿਲ੍ਹਾ ਫਤਿਹਗੜ੍ਹ ਸਾਹਿਬ) ਰਹਿਣ ਲੱਗੇ। ਬਾਵਾ ਜੀ ਲਗਾਤਾਰ ਦੇਸ਼ ਭਗਤੀ ਤੇ ਲੋਕ ਸੇਵਾ ਦੇ ਕਾਰਜਾਂ ਵਿਚ ਜੁਟੇ ਰਹੇ। ਆਪ ਦੀ ਪੱਕੀ ਸਮਝ ਸੀ ਕਿ ਦੂਜੀ ਸੰਸਾਰ ਜੰਗ ਪਿਛੋਂ ਬਦਲੀਆਂ ਹੋਈਆਂ ਸੰਸਾਰ ਹਾਲਤਾਂ ਅੰਦਰ ਤੇ ਭਾਰਤ ਦੀਆਂ ਕੌਮੀ ਆਜ਼ਾਦੀ ਲਹਿਰਾਂ ਦੇ ਭਾਰੀ ਦਬਾਅ ਕਾਰਨ 1947 ਵਿੱਚ ਬੇਸ਼ੱਕ ਅੰਗਰੇਜ਼ਾਂ ਨੂੰ ਇਥੋਂ ਨਿਕਲਣਾ ਪਿਆ, ਪਰੰਤੂ ਦੇਸ਼ ਦੇ ਰਾਜ ਪ੍ਰਬੰਧ 'ਤੇ ਵੱਡੇ ਦਲਾਲ ਸਰਮਾਏਦਾਰ, ਜਗੀਰਦਾਰ, ਭ੍ਰਿਸ਼ਟ ਅਫਸਰਸ਼ਾਹੀ ਤੇ ਸਾਮਰਾਜੀ ਕੰਪਨੀਆਂ ਅੱਜ ਵੀ ਕਾਬਜ਼ ਹਨ। ਉਹ ਸਮਝਦੇ ਸਨ ਕਿ ਆਜ਼ਾਦੀ ਦੀ ਲਾਲੀ 90 ਫੀਸਦੀ ਕਿਸਾਨਾਂ, ਮਜ਼ਦੂਰਾਂ, ਤਮਾਮ ਕਿਰਤੀਆਂ ਦੇ ਘਰਾਂ 'ਚ ਨਹੀਂ ਪਹੁੰਚੀ। ਇਸ ਤਰ੍ਹਾਂ ਵੱਡੇ ਇਨਕਲਾਬ ਦੀ ਆਸ ਤੇ ਵਿਸ਼ਵਾਸ਼ ਮਨਾਂ ਵਿਚ ਜ਼ਿੰਦਾ ਰੱਖਦੇ ਹੋਏ 16 ਜੂਨ 1975 ਨੂੰ ਸਾਨੂੰ ਸਦੀਵੀ ਵਿਛੋੜਾ ਦੇ ਗਏ। ਕੌਮੀ ਅਜ਼ਾਦੀ ਤੇ ਨਵੇਂ-ਨਰੋਏ ਅਤੇ ਲੋਕ-ਪੱਖੀ ਜਮਹੂਰੀ ਰਾਜ ਪ੍ਰਬੰਧ ਦੀ ਸਥਾਪਨਾ ਲਈ ਕੀਤੇ ਵੱਡੇ ਤਿਆਗ ਤੇ ਭਾਰੀ ਕੁਰਬਾਨੀਆਂ ਬਦਲੇ ਉਹ ਸਦਾ ਯਾਦ ਰਹਿਣਗੇ।

**# ਸੰਪਰਕ : 96464-02470**

# ਜ਼ਹਿਰੀਲੀ ਹਵਾ ਬੇਵਕਤੀ ਮੌਤ ਵੱਲ ਲਿਜਾ ਰਹੀ

**ਡਾ. ਕ੍ਰਿਸ਼ਨ ਲਾਲ**

ਹਵਾ ਪ੍ਰਦੂਸ਼ਣ ਅੱਜ ਦੀ ਦੁਨੀਆ ਦਾ ਸਭ ਤੋਂ ਗੰਭੀਰ ਵਾਤਾਵਰਣਕ ਸੰਗਰਾਮਾਂ ਵਿੱਚੋਂ ਇੱਕ ਹੈ । ਸਾਹ ਲਈ ਸਾਫ਼ ਹਵਾ ਹਰ ਜੀਵ ਦੀ ਮੁੱਢਲੀ ਲੋੜ ਹੈ, ਪਰ ਤੇਜ਼ੀ ਨਾਲ ਵਧ ਰਹੇ ਉਦਯੋਗ, ਵਾਹਨਾਂ ਦੀ ਵਧਦੀ ਗਿਣਤੀ, ਫਸਲਾਂ ਦੀ ਸੜ੍ਹਾਂਦ, ਧੂੰਏ ਅਤੇ ਰਸਾਇਣਕ ਕਿਰਿਆਵਾਂ ਕਰਕੇ ਹਵਾ ਵਿਚ ਖਤਰਨਾਕ ਗੈਸਾਂ ਤੇ ਕਣਾਂ ਦਾ ਜਮਾਵੜੇ ਦੀ ਮਾਤਰਾ ਖਤਰਨਾਕ ਪੱਧਰ 'ਤੇ ਹੈ। ਵਿਸ਼ਵ ਸਿਹਤ ਸੰਸਥਾ ਦੇ ਮੁਤਾਬਕ ਹਰ ਸਾਲ ਦੁਨੀਆ ਵਿਚ ਲਗਭਗ 70 ਲੱਖ ਲੋਕ ਹਵਾ ਪ੍ਰਦੂਸ਼ਣ ਕਾਰਨ ਅਕਾਲ ਮੌਤ ਦਾ ਸ਼ਿਕਾਰ ਹੁੰਦੇ ਹਨ। ਭਾਰਤ ਦੀ ਰਾਜਧਾਨੀ ਦਿੱਲੀ ਅਤੇ ਆਲੇ-ਦੁਆਲੇ ਦੇ ਖੇਤਰ ਹਰ ਸਰਦੀਆਂ ਵਿੱਚ ਧੂੰਏਂ ਦੀ ਇੱਕ ਪਰਤ ਨਾਲ ਢਕੇ ਰਹਿੰਦੇ ਹਨ, ਕਿਉਂਕਿ ਠੰਢ, ਭਾਰੀ ਹਵਾ, ਉਸਾਰੀ ਦੀ ਧੂੜ, ਵਾਹਨਾਂ ਦੇ ਨਿਕਾਸ ਅਤੇ ਗੁਆਂਢੀ ਰਾਜਾਂ ਪੰਜਾਬ ਅਤੇ ਹਰਿਆਣਾ ਵਿੱਚ ਫ਼ਸਲਾਂ ਦੀ ਪਰਾਲੀ ਸਾੜਨ ਤੋਂ ਨਿਕਲਣ ਵਾਲੇ ਧੂੰਏਂ ਨੂੰ ਫਸਾਉਂਦੀ ਹੈ।

ਨਵੀਂ ਦਿੱਲੀ ਦਾ ਹਵਾ ਗੁਣਵੱਤਾ ਸੂਚਕਾਂਕ 400 ਦੇ ਆਸਪਾਸ ਰਿਹਾ, ਗੰਭੀਰ ਸ਼੍ਰੇਣੀ ਵਿੱਚ ਦਰਜਾਬੰਦੀ, ਅਧਿਕਾਰੀਆਂ ਨੂੰ ਉਸਾਰੀ ਅਤੇ ਉਦਯੋਗਿਕ ਗਤੀਵਿਧੀਆਂ ਤੇ ਪਾਬੰਦੀਆਂ ਵਧਾਉਣ ਲਈ ਪ੍ਰੇਰਿਤ ਕੀਤਾ। ਹਰ ਸਰਦੀਆਂ ਵਿੱਚ ਪਰਾਲੀ ਸਾੜਨ ਨਾਲ ਨਵੀਂ ਦਿੱਲੀ ਦੁਨੀਆ ਦੇ ਸਭ ਤੋਂ ਪ੍ਰਦੂਸ਼ਤ ਸ਼ਹਿਰਾਂ ਵਿੱਚੋਂ ਇੱਕ ਬਣ ਗਈ ਹੈ, ਜਿਸ ਵਿੱਚ ਧੂੰਆਂ ਵਾਹਨਾਂ ਦੇ ਨਿਕਾਸ ਅਤੇ ਧੂੜ ਨਾਲ ਮਿਲਦਾ ਹੈ ਅਤੇ ਘੱਟ ਤਾਪਮਾਨ ਵਿੱਚ ਹਵਾ ਦੀ ਗਤੀ ਹੌਲੀ ਹੋਣ ਕਾਰਨ ਵਾਯੂ ਮੰਡਲ ਵਿੱਚ ਫਸਿਆ ਰਹਿੰਦਾ ਹੈ। ਸਵਿਟਜ਼ਰਲੈਂਡ-ਅਧਾਰਤ ਹਵਾ ਗੁਣਵੱਤਾ ਨਿਗਰਾਨੀ ਡੇਟਾਬੇਸ ਦੀ ਇੱਕ ਰਿਪੋਰਟ ਦੇ ਅਨੁਸਾਰ ਭਾਰਤ ਵਿੱਚ ਵਿਸ਼ਵ ਪੱਧਰ 'ਤੇ 10 ਸਭ ਤੋਂ ਪ੍ਰਦੂਸ਼ਤ ਸ਼ਹਿਰਾਂ ਵਿੱਚੋਂ ਛੇ ਹਨ ਅਤੇ ਨਵੀਂ ਦਿੱਲੀ ਸਭ ਤੋਂ ਪ੍ਰਦੂਸ਼ਤ ਰਾਜਧਾਨੀ ਹੈ ।

ਭਾਰਤ ਦੁਨੀਆ ਦੇ ਸਭ ਤੋਂ ਪ੍ਰਦੂਸ਼ਿਤ ਦੇਸ਼ਾਂ ਵਿੱਚੋਂ ਇੱਕ ਹੈ। 2024-25 ਵਿੱਚ ਭਾਰਤ ਦੇ 20 ਵਿੱਚੋਂ 12 ਸ਼ਹਿਰ ਦੁਨੀਆ ਦੇ ਸਭ ਤੋਂ ਪ੍ਰਦੂਸ਼ਤ ਸ਼ਹਿਰਾਂ ਵਿੱਚ ਦਿੱਲੀ, ਗਾਜ਼ੀਆਬਾਦ, ਲਖਨਊ, ਲੁਧਿਆਣਾ, ਅੰਮ੍ਰਿਤਸਰ ਉਚੇ ਪੱਧਰ 'ਤੇ ਹਨ ।ਨਵੀਂ ਦਿੱਲੀ ਦੇ ਇੰਡੀਅਨ ਇੰਸਟੀਚਿਊਟ ਆਫ਼ ਟੈਕਨਾਲੋਜੀ ਦੇ ਸੈਂਟਰ ਫਾਰ ਐਟਮੋਸਫੀਕਲ ਸਾਇੰਸਜ਼ ਦੇ ਪ੍ਰੋਫੈਸਰ ਕ੍ਰਿਸ਼ਨਾ ਅਚਿਊਤਾ ਰਾਓ ਨੇ ਕਿਹਾ ਕਿ ਹਵਾ ਪ੍ਰਦੂਸ਼ਣ ਨੂੰ ਘਟਾਉਣ ਲਈ ਬੱਦਲ ਬੀਜਣਾ ਬੇਅਸਰ ਹੈ, ਕਿਉਂਕਿ ਇਹ ਪ੍ਰਦੂਸ਼ਣ ਨੂੰ ਸਿਰਫ ਕੁਝ ਦਿਨਾਂ ਲਈ ਹੀ ਖਤਮ ਕਰ ਸਕਦਾ ਹੈ, ਜਿਸ ਤੋਂ ਬਾਅਦ ਹਵਾ ਦੀ ਗੁਣਵੱਤਾ ਪਹਿਲਾਂ ਵਾਲੀ ਸਥਿਤੀ ਵਿੱਚ ਵਾਪਸ ਆ ਜਾਂਦੀ ਹੈ। ਇਸ ਦੀ ਬਜਾਏ ਰਾਓ ਨੇ ਕਿਹਾ-ਸਖ਼ਤ ਕਾਨੂੰਨਾਂ ਨੂੰ ਲਾਗੂ ਕਰਨਾ, ਜਿਸ ਦੇ ਨਤੀਜੇ ਵਜੋਂ ਉਦਯੋਗਾਂ, ਵਾਹਨਾਂ ਦੇ ਪ੍ਰਦੂਸ਼ਣ ਅਤੇ ਉਸਾਰੀ ਸਮੇਤ ਸਾਰੇ ਸਰੋਤਾਂ ਤੋਂ ਨਿਕਾਸ ਨੂੰ ਘਟਾਇਆ ਜਾ ਸਕਦਾ ਹੈ, ਭਾਰਤ ਦੀ ਹਵਾ ਨੂੰ ਸਾਫ਼ ਕਰਨ ਦਾ ਇੱਕੋ-ਇੱਕ ਤਰੀਕਾ ਹੈ।

ਵਿਸ਼ਵ ਸਿਹਤ ਸੰਗਠਨ ਡਬਲਿਊ ਐੱਚ ਓ ਦੇ 2021 ਚ ਇਕ ਮੈਡੀਕਲ ਅਧਿਐਨ ਤੋਂ ਪਤਾ ਚੱਲਦਾ ਹੈ ਕਿ ਪੀ ਐੱਮ 2.5 'ਚ ਹਰ 10 ਗ੍ਰਾਮ/ਘਣਮੀਟਰ ਵਾਧਾ ਬੱਚਿਆਂ 'ਚ ਦਮਾ, ਬ੍ਰੋਕਾਈਟਿਸ ਅਤੇ ਨਿਮੋਨੀਆ ਦੇ ਕਾਰਨ ਉਨ੍ਹਾਂ ਦੇ ਹਸਪਤਾਲ ਚ ਦਾਖਲ ਹੋਣ ਦਾ ਵਾਧਾ ਦਰਸਾਉਂਦਾ ਹੈ, ਕਿਉਂਕਿ ਬੱਚੇ ਜਦੋਂ ਤੇਜ਼ ਸਾਹ ਲੈਂਦੇ ਹਨ, ਉਨ੍ਹਾਂ ਦੀਆਂ ਸਾਹ ਨਲੀਆਂ ਛੋਟੀਆਂ ਹੋਣ ਕਾਰਨ ਜਿਸ ਨਾਲ ਪ੍ਰਦੂਸ਼ਕ ਡੂੰਘੇ ਪ੍ਰਵੇਸ਼ ਕਰ ਜਾਂਦੇ ਹਨ ਅਤੇ ਵਧੇਰੇ ਸੋਜ਼ਿਸ਼ ਪੈਦਾ ਕਰਦੇ ਹਨ । ਬਾਲ ਰੋਗ ਵਿਗਿਆਨੀ ਡਾ. ਵਿਵੇਕ ਨਾਂਗੀਆ ਨੇ 2019 'ਚ ਮੀਡੀਆ ਨੂੰ ਦਿੱਤੇ ਇਕ ਬਿਆਨ ਚ ਕਿਹਾ ਸੀ ਕਿ ਹੁਣ ਬੱਚਿਆਂ 'ਤੇ 5-7 ਦਿਨਾਂ ਦੀ ਦਵਾਈ ਦਾ ਅਸਰ ਨਹੀਂ ਹੋ ਰਿਹਾ। ਹੁਣ ਘੱਟੋ-ਘੱਟ ਦੋ ਹਫ਼ਤਿਆਂ ਦਾ ਕੋਰਸ ਜ਼ਰੂਰੀ ਹੈ। ਇਕ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਵੀ ਸਾਹ ਲੈਣ ਵਿਚ ਮੁਸ਼ਕਲ ਆ ਰਹੀ ਹੈ।

2024 ਦੇ ਇਕ ਅਮਰੀਕੀ ਅਧਿਐਨ ਚ ਪਾਇਆ ਗਿਆ ਹੈ ਕਿ ਪ੍ਰਦੂਸ਼ਤ ਹਵਾ ਦੇ ਲੰਮੇ ਸਮੇਂ ਤੱਕ ਸੰਪਰਕ ਵਿੱਚ ਰਹਿਣ ਨਾਲ ਬੱਚਿਆਂ ਦੀ ਸਿੱਖਣ, ਯਾਦਾਸ਼ਤ ਅਤੇ ਧਿਆਨ ਦੀ ਮਿਆਦ ਪ੍ਰਭਾਵਤ ਹੋ ਸਕਦੀ ਹੈ । 2017 ਚ ਹੀ ਯੂਨੀਸੇਫ ਨੇ ਚਿਤਾਵਨੀ ਦਿੱਤੀ ਸੀ ਕਿ 1.7 ਕਰੋੜ ਬੱਚੇ ਅਜਿਹੇ ਇਲਾਕਿਆਂ 'ਚ ਰਹਿੰਦੇ ਹਨ, ਜਿੱਥੇ ਹਵਾ ਪ੍ਰਦੂਸ਼ਣ ਗਲੋਬਲ ਰੇਂਜ ਤੋਂ ਛੇ ਗੁਣਾ ਵੱਧ ਹੈ, ਜੋ ਉਨ੍ਹਾਂ ਦੇ ਦਿਮਾਗ ਦੇ ਵਿਕਾਸ ਨੂੰ ਖ਼ਤਰੇ ਵਿਚ ਪਾ ਸਕਦਾ ਹੈ। ਹਵਾ ਪ੍ਰਦੂਸ਼ਣ ਬੱਚਿਆਂ ਨੂੰ ਸਕੂਲ ਛੱਡਣ 'ਤੇ ਮਜਬੂਰ ਕਰਦਾ ਹੈ ਅਤੇ ਉਨ੍ਹਾਂ ਦੀ ਸਿਹਤ ਅਤੇ ਤੰਦਰੁਸਤੀ ਨੂੰ ਲੰਮੇ ਸਮੇਂ ਲਈ ਨੁਕਸਾਨ ਪਹੁੰਚਾ ਸਕਦਾ ਹੈ। 'ਇੰਡੀਆ ਟੂਡੇ' ਦੀ ਰਿਪੋਰਟ ਅਨੁਸਾਰ ਦੱਖਣੀ ਏਸ਼ੀਆ ਅਤੇ ਉਪ-ਸਹਾਰਾ ਅਫਰੀਕਾ ਚ ਮੈਟਾ-ਵਿਸ਼ਲੇਸ਼ਣ ਵਾਤਾਵਰਣ ਦੇ ਹਵਾ ਪ੍ਰਦੂਸ਼ਣ ਨਾਲ ਜੁੜੇ ਉੱਚ ਨਵਜੰਮੇ ਬੱਚਿਆਂ ਅਤੇ ਪੰਜ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੀ ਮੌਤ ਦਰ ਦੀ ਪੁਸ਼ਟੀ ਕਰਦੇ ਹਨ। ਰਿਪੋਰਟ ਦੇ ਅਨੁਸਾਰ 2019 'ਚ ਸੈਂਟਰ ਫਾਰ ਸਾਇੰਸ ਐਂਡ ਐਨਵਾਇਰਮੈਂਟ ਨੇ ਚਿਤਾਵਨੀ ਦਿੱਤੀ ਸੀ ਕਿ ਹਵਾ ਪ੍ਰਦੂਸ਼ਣ ਇਕ ਰਾਸ਼ਟਰੀ ਐਮਰਜੈਂਸੀ ਬਣ ਗਿਆ ਹੈ, ਜਿਸ ਕਾਰਨ ਭਾਰਤ ਵਿਚ ਹਰ ਸਾਲ 5 ਸਾਲ ਤੋਂ ਘੱਟ ਉਮਰ ਦੇ 1,00,000 ਬੱਚਿਆਂ ਦੀ ਮੌਤ ਹੋ ਰਹੀ ਹੈ।

ਏਅਰ ਕੁਆਲਿਟੀ ਮੈਨੇਜਮੈਂਟ ਕਮਿਸ਼ਨ ਨੇ ਪਰਾਲੀ ਸਾੜਨ ਦੀਆਂ ਘਟਨਾਵਾਂ ਨੂੰ ਰੋਕਣ ਲਈ ਫਸਲਾਂ ਦੀ ਰਹਿੰਦ-ਖੂੰਹਦ ਦੇ ਪ੍ਰਬੰਧਨ ਲਈ ਯਤਨ ਤੇਜ਼ ਕਰਨ, ਮਸ਼ੀਨਰੀ ਦੀ ਸਮੇਂ ਸਿਰ ਉਪਲੱਬਧਤਾ ਨੂੰ ਯਕੀਨੀ ਬਣਾਉਣ ਅਤੇ ਕੰਪਰੈੱਸਡ ਬਾਇਓ ਗੈਸ ਪਲਾਂਟਾਂ ਲਈ ਸਹਾਇਤਾ ਵਧਾਉਣ ਦਾ ਨਿਰਦੇਸ਼ ਦਿੱਤਾ। ਮਜ਼ਬੂਤੀ ਨਾਲ ਲਾਗੂ ਕਰਨ ਅਤੇ ਜਵਾਬਦੇਹੀ 'ਤੇ ਜ਼ੋਰ ਦਿੰਦੇ ਹੋਏ ਕਮਿਸ਼ਨ ਨੇ ਪੰਜਾਬ ਨੂੰ ਜਾਗਰੂਕਤਾ ਮੁਹਿੰਮਾਂ ਨੂੰ ਤੇਜ਼ ਕਰਨ ਅਤੇ ਖੇਤਾਂ ਵਿੱਚ ਅੱਗ ਲਗਾਉਣ ਦੇ ਮਾਮਲਿਆਂ ਵਾਲੇ ਖੇਤਰਾਂ ਵਿੱਚ ਅਧਿਕਾਰੀਆਂ ਵਿਰੁੱਧ ਸਖ਼ਤ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ।

ਜਦੋਂ ਹਵਾ ਵਿੱਚ ਨੁਕਸਾਨਦਾਇਕ ਗੈਸਾਂ, ਧੂੜ, ਰਸਾਇਣ, ਧੂੰਆਂ, ਸੜਿਆ ਹੋਇਆ ਬਾਲਣ ਅਤੇ ਖਤਰਨਾਕ ਕਣ ਵਧ ਜਾਂਦੇ ਹਨ, ਤਾਂ ਉਸ ਨੂੰ ਹਵਾ ਪ੍ਰਦੂਸ਼ਣ ਕਿਹਾ ਜਾਂਦਾ ਹੈ। ਬਾਹਰੀ ਹਵਾ ਪ੍ਰਦੂਸ਼ਣ ਜਿਵੇਂ ਉਦਯੋਗਾਂ ਦਾ ਧੂੰਆਂ, ਵਾਹਨਾਂ ਦੇ ਧੂੰਏਂ ਵਿਚ ਨਾਈਟਰੋਜਨ ਡਾਈਆਕਸਾਈਡ, ਕਾਰਬਨ ਮੋਨੋਆਕਸਾਈਡ ਅਤੇ ਸਲਫਰ ਡਾਈਆਕਸਾਈਡ, ਫਸਲਾਂ ਦੀ ਸੜਾਂਦ, ਭੱਠੇ, ਪਲਾਸਟਿਕ ਸਾੜਨਾ, ਕੋਇਲਾ ਸਾੜਨਾ, ਧੂੜ ਅਤੇ ਮਿੱਟੀ, ਖੇਤੀਬਾੜੀ ਵਿਚ ਕੀਟਨਾਸ਼ਕਾਂ ਦੀ ਵਰਤੋਂ-ਘਰੇਲੂ ਹਵਾ ਪ੍ਰਦੂਸ਼ਣ ਜਿਵੇਂ ਲੱਕੜ/ਕੋਇਲਾ ਨਾਲ ਚੁੱਲ੍ਹਾ ਬਾਲਣਾ, ਰਸੋਈ ਵਿੱਚ ਧੂੰਆਂ, ਘਰਾਂ ਵਿੱਚ ਰਸਾਇਣ (ਸਪਰੇਅ, ਫਰਸ਼ ਕਲੀਨਰ), ਅਣ-ਹਵਾਦਾਰ ਕਮਰੇ, ਮੱਛਰ ਮਾਰ ਦਵਾਈ, ਧੂਪ, ਖੁਸ਼ਬੂਦਾਰ ਮੋਮਬੱਤੀਆਂ ਹਵਾ ਪ੍ਰਦੂਸ਼ਣ ਦੇ ਮੁੱਖ ਕਾਰਨ ਹਨ।

ਹਵਾ ਪ੍ਰਦੂਸ਼ਣ ਦੇ ਸਿਹਤ 'ਤੇ ਪ੍ਰਭਾਵ ਜਿਵੇਂ ਸਾਹ ਸੰਬੰਧੀ ਬਿਮਾਰੀਆਂ - ਦਮਾ, ਬਰਾਂਕਾਈਟਿਸ, ਫੇਫੜਿਆਂ ਦੀ ਸੰਕੁਚਨ ਅਤੇ ਐਲਰਜੀ ; ਦਿਲ ਦੇ ਰੋਗ । ਵਿਸ਼ਵ ਸਿਹਤ ਸੰਸਥਾ ਮੁਤਾਬਕ ਹਵਾ ਪ੍ਰਦੂਸ਼ਣ ਦਿਲ ਦੇ ਦੌਰੇ ਦੇ ਖਤਰੇ ਨੂੰ 25-30 ਫੀਸਦੀ ਵਧਾ ਦਿੰਦਾ ਹੈ। ਕੈਂਸਰ - ਲੰਮਾ ਸਮਾਂ ਪ੍ਰਦੂਸ਼ਤ ਹਵਾ ਵਿੱਚ ਰਹਿਣ ਨਾਲ ਫੇਫੜਿਆਂ ਦੇ ਕੈਂਸਰ ਦਾ ਖਤਰਾ ਵਧਦਾ ਹੈ ।ਬੱਚਿਆਂ 'ਤੇ ਪ੍ਰਭਾਵ, ਜਿਵੇਂ ਫੇਫੜਿਆਂ ਦੀ ਵਿਕਾਸ ਪ੍ਰਕਿਰਿਆ ਧੀਮੀ, ਦਿਮਾਗੀ ਵਿਕਾਸ 'ਤੇ ਪ੍ਰਭਾਵ, ਸਕੂਲ ਪ੍ਰਦਰਸ਼ਨ ਘਟਣਾ ; ਗਰਭਵਤੀ ਮਹਿਲਾਵਾਂ, ਜਿਵੇਂ ਜਨਮ ਤੋਂ ਪਹਿਲਾਂ ਬੱਚੇ ਦੇ ਵਧਦੇ ਖਤਰੇ, ਘੱਟ ਵਜ਼ਨ ਵਾਲੇ ਬੱਚੇ ਦਾ ਜਨਮ।

ਹਵਾ ਪ੍ਰਦੂਸ਼ਣ ਮਨੁੱਖੀ ਸਿਹਤ, ਵਾਤਾਵਰਣ, ਖੇਤੀਬਾੜੀ ਅਤੇ ਪੂਰੀ ਧਰਤੀ ਲਈ ਇਕ ਵੱਡਾ ਖਤਰਾ ਹੈ । ਸਮੇਂ ਰਹਿੰਦਿਆਂ ਜੇ ਅਸੀਂ ਇਲੈਕਟ੍ਰਿਕ ਵਾਹਨ, ਸਾਫ਼ ਊਰਜਾ, ਦਰੱਖਤ ਲਗਾਉਣ, ਘਰੇਲੂ ਧੂੰਆਂ ਘਟਾਉਣ ਅਤੇ ਪਰਾਲੀ ਸਾੜਨ ਤੋਂ ਦੂਰ ਹੋਏ ਤਾਂ ਅਸੀਂ ਆਉਣ ਵਾਲੀ ਪੀੜ੍ਹੀ ਨੂੰ ਇੱਕ ਸਾਫ਼, ਸੁਰੱਖਿਅਤ ਅਤੇ ਤੰਦਰੁਸਤ ਵਾਤਾਵਰਣ ਦੇ ਸਕਦੇ ਹਾਂ। ਰਿਪੋਰਟਾਂ ਅਨੁਸਾਰ ਪੰਜਾਬ ਦੇ ਲਗਭਗ 800 ਪਿੰਡਾਂ ਵਿੱਚ ਕਿਸਾਨ ਹੁਣ ਪਰਾਲੀ ਨੂੰ ਸਾੜਨ ਦੀ ਥਾਂ ਫੈਕਟਰੀਆਂ ਵੱਲ ਭੇਜ ਰਹੇ ਹਨ, ਜਿੱਥੇ ਉਹ ਇਸ ਨੂੰ ਬਾਇਓ ਗੈਸ, ਆਈ ਬਾਇਓ ਵਰਤੋਂਯੋਗ ਖਾਦ ਅਤੇ ਗੱਤਾ ਬਣਾਉਣ ਵਿੱਚ ਵਰਤਿਆ ਜਾ ਰਿਹਾ ਹੈ। ਸੰਗਰੂਰ ਦੇ ਫੱਗੂਵਾਲਾ ਪਿੰਡ ਦੇ 53 ਸਾਲਾ ਕਿਸਾਨ ਗੁਰਨਾਇਬ ਸਿੰਘ ਦਾ ਕਹਿਣਾ ਹੈ ਕਿ ਉਸ ਨੇ ਰਹਿੰਦ-ਖੂੰਹਦ ਦੀ ਪਰਾਲੀ ਤੋਂ ਗੱਤੇ ਬਣਾਉਣ ਲਈ ਇੱਕ ਫੈਕਟਰੀ ਸਥਾਪਤ ਕੀਤੀ ਹੈ ਅਤੇ ਨਾ ਸਿਰਫ ਹਵਾ ਨੂੰ ਸਾਫ਼ ਰੱਖਣ ਵਿੱਚ ਮਦਦ ਕਰ ਰਿਹਾ ਹੈ, ਸਗੋਂ ਆਪਣੇ ਪਲਾਂਟ ਵਿੱਚ ਦਰਜਨਾਂ ਲੋਕਾਂ ਨੂੰ ਰੁਜ਼ਗਾਰ ਵੀ ਪ੍ਰਦਾਨ ਕਰ ਰਿਹਾ ਹੈ। ਨਾਗਰਿਕਾਂ ਨੂੰ ਪੱਤੇ, ਲੱਕੜ, ਫਸਲਾਂ ਦੀ ਰਹਿੰਦ-ਖੂੰਹਦ ਜਾਂ ਕਿਸੇ ਵੀ ਤਰ੍ਹਾਂ ਦੀ ਰਹਿੰਦ-ਖੂੰਹਦ ਨੂੰ ਖੁੱਲ੍ਹੇ ਵਿੱਚ ਸਾੜਨ ਤੋਂ ਬਚਣ ਅਤੇ ਪਟਾਕਿਆਂ ਦੀ ਵਰਤੋਂ ਤੋਂ ਪਰਹੇਜ਼ ਕਰਨਾ ਚਾਹੀਦਾ ਹੈ, ਜੋ ਪ੍ਰਦੂਸ਼ਣ ਨੂੰ ਵਧਾਉਂਦੇ ਹਨ। ਇਹ ਐਂਟੀਆਕਸੀਡੈਂਟਸ ਨਾਲ ਭਰਪੂਰ ਮੌਸਮੀ ਫਲ ਅਤੇ ਸਬਜ਼ੀਆਂ ਖਾਣ ਅਤੇ ਹਾਈਡਰੇਟਿਡ ਰਹਿਣ ਲਈ ਭਰਪੂਰ ਪਾਣੀ ਪੀਣ ਦਾ ਸੁਝਾਅ ਦਿੰਦਾ ਹੈ।

**# ਸੰਪਰਕ : 62831-16797**

# ਸ਼ੇਰ ਸਿੰਘ ਦੌਲਤਪੁਰਾ ਸੀ ਪੀ ਆਈ ਬਲਾਕ ਮੋਗਾ-2 ਦੇ ਸਕੱਤਰ ਬਣੇ

## ਕਰਮਵੀਰ ਬੱਧਨੀ ਤੇ ਜਗਸੀਰ ਖੋਸਾ ਸਹਾਇਕ ਸਕੱਤਰ ਚੁਣੇ

**ਮੋਗਾ (ਇਕਬਾਲ ਸਿੰਘ ਖਹਿਰਾ)**

ਭਾਰਤੀ ਕਮਿਊਨਿਸਟ ਪਾਰਟੀ ਜ਼ਿਲ੍ਹਾ ਮੋਗਾ ਦੇ ਬਲਾਕ ਮੋਗਾ-2 ਦੀ ਕਾਨਫਰੰਸ ਸ਼ਹੀਦ ਨਛੱਤਰ ਸਿੰਘ ਧਾਲੀਵਾਲ ਭਵਨ ਵਿਖੇ ਸਫਲਤਾ ਪੂਰਵਕ ਸੰਪੰਨ ਹੋਈ।ਇਹ ਕਾਨਫਰੰਸ ਕਰਮਵੀਰ ਬੱਧਨੀ, ਸਰਬਜੀਤ ਕੌਰ ਖੋਸਾ ਤੇ ਓਂਕਾਰ ਸਿੰਘ ਦੀ ਪ੍ਰਧਾਨਗੀ ਹੇਠ ਹੋਈ।ਇਸ ਵਿੱਚ ਕੌਮੀ ਕੰਟਰੋਲ ਕਮਿਸ਼ਨ ਦੇ ਮੈਂਬਰ ਜਗਜੀਤ ਸਿੰਘ ਨਿਹਾਲ ਸਿੰਘ ਵਾਲਾ ਬਤੌਰ ਨਿਗਰਾਨ ਪਹੁੰਚੇ।ਪਾਰਟੀ ਦੇ ਸੀਨੀਅਰ ਆਗੂ ਡਾਕਟਰ ਇੰਦਰਵੀਰ ਗਿੱਲ ਨੇ ਉਦਘਾਟਨੀ ਭਾਸ਼ਣ ਦਿੰਦਿਆਂ ਆਏ ਹੋਏ ਡੈਲੀਗੇਟਾਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਭਾਰਤੀ ਕਮਿਊਨਿਸਟ ਪਾਰਟੀ ਦਾ ਇਤਿਹਾਸ ਸ਼ਾਨਾ ਮੱਤਾ ਇਤਿਹਾਸ ਹੈ।ਪਾਰਟੀ ਦਾ ਇਹ 100 ਸਾਲਾ ਸ਼ਤਾਬਦੀ ਵਰ੍ਹਾ ਚੱਲ ਰਿਹਾ ਹੈ। ਇਸ ਪਾਰਟੀ 'ਚ ਕੰਮ ਕਰਨ ਵਾਲੇ ਆਗੂਆਂ ਨੇ ਹਮੇਸ਼ਾ ਲੋਕ ਹਿੱਤਾਂ ਦੇ ਘੋਲਾਂ ਦੀ ਅਗਵਾਈ ਕੀਤੀ ਤੇ ਜਿੱਤ ਪ੍ਰਾਪਤ ਕੀਤੀ।ਇਸ ਪਾਰਟੀ 'ਚ ਕੰਮ ਕਰਦੇ ਵਰਕਰਾਂ ਨੂੰ ਮਾਣ ਹੈ ਕਿ ਇਹ ਆਜ਼ਾਦੀ ਤੋਂ ਪਹਿਲਾ ਬਣੀ ਰਾਜਨੀਤਕ ਪਾਰਟੀ ਹੈ, ਜਿਸ ਦੇ ਆਗੂਆਂ ਨੇ ਅਜ਼ਾਦੀ ਦੀ ਲੜਾਈ ਲਈ ਝੰਡਾ ਬੁਲੰਦ ਕੀਤਾ। ਉਨ੍ਹਾਂ ਕਿਹਾ ਕਿ ਅੱਜ ਦੀਆਂ ਰਾਜਨੀਤਕ ਪਾਰਟੀਆਂ ਬਦਲਾਓ ਦੇ ਨਾਂ 'ਤੇ ਲੋਕਾਂ ਨੂੰ ਗੁੰਮਰਾਹ ਕਰ ਰਹੀਆਂ ਹਨ।ਅੱਜ ਕੇਂਦਰ ਸਰਕਾਰ ਵੱਲੋਂ ਆਏ ਦਿਨ ਪਾਸ ਕੀਤੇ ਜਾ ਰਹੇ ਲੋਕ ਵਿਰੋਧੀ ਕਾਨੂੰਨ ਇਸ ਦਾ ਸਾਫ ਅਮਲ ਹੈ।ਉਨ੍ਹਾਂ ਕਿਹਾ ਕਿ ਲੇਬਰ ਕੋਡ ਪਾਸ ਕਰਨਾ ਵੀ ਕਿਰਤ ਵਿਰੋਧੀ ਅਮਲ ਹੈ, ਜੋ ਲੋਕਾਂ ਦੇ ਜੀਵਨ ਨੂੰ ਹੋਰ ਦੁੱਖਾਂ ਵੱਲ ਧੱਕੇਗਾ।ਲੋਕ ਹਿੱਤਾਂ ਦੇ ਬਦਲਾਓ ਲਈ ਉਨ੍ਹਾਂ ਦੇ ਪੱਖ ਦੇ ਕਾਨੂੰਨ ਪਾਸ ਕਰਨੇ ਅੱਜ ਸਮੇਂ ਦੀ ਮੁੱਖ ਲੋੜ ਹੈ।ਪਾਰਟੀ ਦੇ ਜ਼ਿਲ੍ਹਾ ਸਕੱਤਰ ਕਾਮਰੇਡ ਕੁਲਦੀਪ ਸਿੰਘ ਭੋਲਾ, ਸਰਬ ਭਾਰਤ ਨੌਜਵਾਨ ਸਭਾ ਦੇ ਕੌਮੀ ਪ੍ਰਧਾਨ ਸੁਖਜਿੰਦਰ ਸਿੰਘ ਮਹੇਸ਼ਰੀ ਤੇ ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਦੇ ਸੂਬਾ ਸਕੱਤਰ ਜਗਸੀਰ ਸਿੰਘ ਖੋਸਾ ਨੇ ਕਿਹਾ ਕਿ ਇਤਿਹਾਸ ਗਵਾਹ ਹੈ ਕਿ ਦੇਸ਼ ਵਿੱਚ ਜਦੋਂ ਵੀ ਕਮਿਊਨਿਸਟ ਸੱਤਾ ਵਿੱਚ ਆਏ ਹਨ ਜਾਂ ਉਨ੍ਹਾਂ ਦੀ ਸੱਤਾ ਵਿੱਚ ਭਾਈਵਾਲੀ ਵਧੀ ਹੈ, ਉਨ੍ਹਾਂ ਹਮੇਸ਼ਾ ਕਿਰਤ ਕਰਨ ਵਾਲੇ ਲੋਕਾਂ ਦੇ ਹੱਕ ਦੇ ਕਾਨੂੰਨ ਬਣਾਏ ਹਨ, ਜਿਸ ਦੀ ਮੌਜੂਦਾ ਉਦਾਹਰਨ ਕੌਮੀ ਪੇਂਡੂ ਰੁਜ਼ਗਾਰ ਗਰੰਟੀ ਐਕਟ (ਨਰੇਗਾ) ਹੈ।ਉਨ੍ਹਾਂ ਕਿਹਾ ਕਿ ਕਮਿਊਨਿਸਟ ਪਾਰਟੀਆਂ ਤੇ ਉਨ੍ਹਾਂ ਨਾਲ ਸਬੰਧਤ ਜਥੇਬੰਦੀਆਂ, ਨਰੇਗਾ ਮਜ਼ਦੂਰਾਂ ਦੀਆਂ ਮੰਗਾਂ ਮਨਵਾਉਣ ਤੇ ਮੁਸ਼ਕਲਾਂ ਨੂੰ ਹੱਲ ਕਰਨ ਦੀ ਲੜਾਈ ਲੜ ਰਹੀਆਂ ਹਨ, ਉਥੇ ਉਨ੍ਹਾਂ ਦੇ ਸੰਘਰਸ਼ ਦਾ ਸਿੱਟਾ ਹੈ ਕਿ ਨਰੇਗਾ ਦੇ ਕੰਮ ਦੇ ਦਿਨਾਂ ਦੀ ਗਰੰਟੀ ਵਿੱਚ 50 ਦਿਨ ਦਾ ਵਾਧਾ ਹੋ ਕੇ ਦਿਨਾਂ ਦੀ ਗਰੰਟੀ ਹੁਣ 150 ਹੋ ਚੁੱਕੀ ਹੈ।ਉਨ੍ਹਾਂ ਕਿਹਾ ਕਿ ਦੇਸ਼ ਦੇ ਨੌਜਵਾਨਾਂ ਨੂੰ ਬੇਰੁਜ਼ਗਾਰੀ ਤੇ ਉਸ ਦੇ ਸਿੱਟੇ ਵਜੋਂ ਲੱਗੀਆਂ ਨਸ਼ਿਆਂ ਵਰਗਾਂ ਅਲਾਮਤਾਂ ਤੋਂ ਛੁਟਕਾਰਾ ਦਿਵਾਉਣ ਲਈ ਭਗਤ ਸਿੰਘ ਕੌਮੀ ਰੁਜ਼ਗਾਰ ਗਰੰਟੀ ਐਕਟ (ਬਨੇਗਾ) ਬਣਾਉਣ ਲਈ ਸੰਘਰਸ਼ ਤੇਜ਼ ਕੀਤਾ ਜਾਵੇਗਾ।




ਬਲਾਕ ਸਕੱਤਰ ਸ਼ੇਰ ਸਿੰਘ ਦੌਲਤਪੁਰਾ ਵੱਲੋਂ ਕੌਮੀ ਤੇ ਦੇਸ਼ ਪੱਧਰੀ ਆਰਥਿਕ ਅਤੇ ਰਾਜਨੀਤਕ ਹਾਲਾਤਾਂ ਤੇ ਬਲਾਕ ਦੀਆਂ ਪਿਛਲੀਆਂ ਸਰਗਰਮੀਆਂ ਦੀ ਰਿਪੋਰਟ ਪੇਸ਼ ਕੀਤੀ ਗਈ, ਜਿਸ 'ਤੇ ਰਾਜੂ ਮਹੇਸ਼ਰੀ, ਜਸਵੀਰ ਕੌਰ ਚੰਦ ਨਵਾਂ, ਅਮਰੀਕ ਸਿੰਘ ਖੋਸਾ ਪਾਂਡੋ, ਮਨਦੀਪ ਕੌਰ ਸੱਦਾ ਸਿੰਘ ਵਾਲਾ, ਮੁਖਤਿਆਰ ਸਿੰਘ ਮੋਗਾ, ਬੂਟਾ ਸਿੰਘ ਭੱਟੀ, ਸੁਖਵਿੰਦਰ ਸਿੰਘ ਦੁੱਨੇ ਕੇ, ਪੁਖਰਾਜ਼ ਮੋਗਾ, ਜਸਪ੍ਰੀਤ ਕੌਰ ਬੱਧਨੀ, ਰਵਿੰਦਰ ਕੌਰ, ਸਰਬਜੀਤ ਕੌਰ, ਪੂਜਾ ਕੌਰ, ਕੁਲਦੀਪ ਕੌਰ, ਰਾਧੇ ਸ਼ਿਆਮ ਆਦਿ ਆਗੂਆਂ ਨੇ ਬਹਿਸ ਵਿੱਚ ਹਿੱਸਾ ਲਿਆ ਅਤੇ ਵਾਧਿਆਂ ਸਮੇਤ ਸਰਬਸੰਮਤੀ ਨਾਲ ਰਿਪੋਰਟ ਪਾਸ ਹੋਈ।ਇਸ ਉਪਰੰਤ ਪੁਰਾਣੀ ਬਲਾਕ ਕਮੇਟੀ ਨੂੰ ਭੰਗ ਕਰਕੇ ਨਵੀਂ ਬਲਾਕ ਕਮੇਟੀ ਦੀ ਚੋਣ ਕੀਤੀ ਗਈ, ਜਿਸ ਵਿੱਚ ਬਲਾਕ ਸਕੱਤਰ ਦੇ ਤੌਰ 'ਤੇ ਸ਼ੇਰ ਸਿੰਘ ਦੌਲਤਪੁਰਾ ਅਤੇ ਦੋ ਸਹਾਇਕ ਸਕੱਤਰ ਕਰਮਵੀਰ ਕੌਰ ਬੱਧਨੀ ਤੇ ਜਗਸੀਰ ਖੋਸਾ ਅਤੇ ਭੁਪਿੰਦਰ ਸਿੰਘ ਸੇਖੋਂ ਕੈਸ਼ੀਅਰ ਵਜੋਂ ਸਰਬ ਸੰਮਤੀ ਨਾਲ ਚੁਣੇ ਗਏ।ਇਸ ਤੋਂ ਇਲਾਵਾ ਜ਼ਿਲ੍ਹਾ ਕਾਨਫਰੰਸ ਲਈ ਡੈਲੀਗੇਟਾਂ ਦੀ ਵੀ ਚੋਣ ਕੀਤੀ ਗਈ।

## ਸਿਖਲਾਈ ਸੈਸ਼ਨ ਦੇ ਮੁੱਖ ਮੰਤਰੀ ਦਾ ਸਨਮਾਨ 7 ਨੂੰ

**ਧੂਰੀ (ਸੁਖਦੇਵ ਸ਼ਰਮਾ)**-ਪੰਜਾਬੀ ਸਾਹਿਤ ਸਭਾ ਧੂਰੀ ਵੱਲੋਂ ਮਹੀਨਾਵਾਰ ਸਾਹਿਤਕ ਸਮਾਗਮ ਹਰ ਵਾਰੀ ਦੀ ਤਰ੍ਹਾਂ ਪਹਿਲੇ ਐਤਵਾਰ 7 ਦਸੰਬਰ ਨੂੰ ਸਭਾ ਦੇ ਦਫ਼ਤਰ ਡਾ. ਰਾਮ ਸਿੰਘ ਸਿੱਧੂ ਯਾਦਗਾਰੀ ਸਾਹਿਤ ਭਵਨ ਦਸਮੇਸ਼ ਨਗਰ ਧੂਰੀ ਵਿਖੇ ਸਵੇਰੇ 10 ਵਜੇ ਕੀਤਾ ਜਾਵੇਗਾ, ਜਿਸ ਵਿੱਚ ਸੰਵਿਧਾਨ ਦਿਵਸ ਮੌਕੇ ਪੰਜਾਬ ਸਰਕਾਰ ਵੱਲੋਂ ਵਿਦਿਆਰਥੀਆਂ ਦੇ ਮੌਕ ਵਿਧਾਨ ਸਭਾ ਸੈਸ਼ਨ ਵਿੱਚ ਧੂਰੀ ਹਲਕੇ ਦੇ ਵਿਧਾਇਕ ਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਭੂਮਿਕਾ ਅਦਾ ਕਰਨ ਵਾਲੇ ਇੱਕ ਦਿਨਾ ਮੁੱਖ ਮੰਤਰੀ ਹਰਿਕਮਲ ਸਿੰਘ ਦੀਦਾਰ ਗੜ੍ਹ ਦਾ ਸਨਮਾਨ ਕੀਤਾ ਜਾਵੇਗਾ।ਇਸ ਦੌਰਾਨ ਉਹ ਆਪਣੀ ਚੋਣ ਵਿਧੀ ਤੇ ਸੈਸ਼ਨ ਦੌਰਾਨ ਹੋਇਆ ਤਜਰਬਾ ਵੀ ਹਾਜ਼ਰੀਨ ਨਾਲ ਸਾਂਝਾ ਕਰੇਗਾ। ਪ੍ਰੈੱਸ ਨਾਲ ਇਹ ਜਾਣਕਾਰੀ ਸਾਂਝੀ ਕਰਦਿਆਂ ਸਭਾ ਦੇ ਪ੍ਰਧਾਨ ਮੂਲ ਚੰਦ ਸ਼ਰਮਾ ਨੇ ਦੱਸਿਆ ਕਿ ਹਰਿਕਮਲ ਸਿੰਘ ਜੋ ਕਿ ਸਕੂਲ ਆਫ਼ ਐਮੀਨੈਂਸ ਘਨੌਰੀ ਕਲਾਂ ਤਹਿਸੀਲ ਧੂਰੀ ਦਾ ਵਿਦਿਆਰਥੀ ਹੈ, ਸਭਾ ਦੇ ਮੈਂਬਰ ਤੇ ਪ੍ਰਸਿੱਧ ਕਹਾਣੀਕਾਰ ਜਸਵੀਰ ਸਿੰਘ ਦੀਦਾਰਗੜ੍ਹ ਦਾ ਸਪੁੱਤਰ ਹੈ।ਦੋਵੇਂ ਪਿਓ-ਪੁੱਤ ਵਾਤਾਵਰਨ ਪ੍ਰੇਮੀ ਤੇ ਸਮਾਜ ਸੇਵਾ ਨਾਲ ਜੁੜੇ ਹੋਏ ਹਨ।ਇਸ ਮੌਕੇ ਉਨ੍ਹਾਂ ਨਾਲ ਪ੍ਰਿੰਸੀਪਲ ਕਿਰਪਾਲ ਸਿੰਘ ਜਵੰਧਾ, ਮੈਨੇਜਰ ਜਗਦੇਵ ਸ਼ਰਮਾ ਬੁਗਰਾ, ਚਰਨਜੀਤ ਸਿੰਘ ਮੀਮਸਾ ਤੇ ਗੁਰਮੀਤ ਸਿੰਘ ਸੋਹੀ ਵੀ ਹਾਜ਼ਰ ਸਨ।ਸਮਾਗਮ ਦੇ ਦੂਸਰੇ ਦੌਰ ਵਿੱਚ 'ਬੰਦੇ ਤੋਂ ਇਨਸਾਨ' ਕਾਵਿ ਸੰਗ੍ਰਹਿ ਉੱਪਰ ਸਾਹਿਤਕ ਗੋਸ਼ਟੀ ਵੀ ਕੀਤੀ ਜਾਵੇਗੀ, ਜਿਸ ਬਾਰੇ ਖੋਜ ਭਰਪੂਰ ਪਰਚਾ ਪ੍ਰਮੁੱਖ ਲੇਖਕ ਤੇ ਆਲੋਚਕ ਡਾ. ਧਰਮ ਚੰਦ ਵਾਤਿਸ਼ ਪੇਸ਼ ਕਰਨਗੇ।ਅੰਤ ਵਿੱਚ ਹਾਜ਼ਰ ਕਵੀਆਂ ਦੁਆਰਾ ਕਵੀ ਦਰਬਾਰ ਵੀ ਕੀਤਾ ਜਾਵੇਗਾ।

# ਕਾਮਰੇਡ ਸ਼ਮਸ਼ੇਰ ਸ਼ੇਰੀ ਦੀ ਬਰਸੀ 'ਤੇ ਹਕੂਮਤੀ ਜਬਰ ਦਾ ਕੀਤਾ ਡਟਵਾਂ ਵਿਰੋਧ



**ਦਿੜ੍ਹਬਾ/ਮੋਗਾ (ਜਸਵੀਰ ਲਾਡੀ/ ਇਕਬਾਲ ਸਿੰਘ ਖਹਿਰਾ)**

ਲੋਕ ਸੰਗਰਾਮ ਮੋਰਚਾ ਪੰਜਾਬ ਦੇ ਸੂਬਾ ਪ੍ਰਧਾਨ ਤਾਰਾ ਸਿੰਘ ਮੋਗਾ ਨੇ ਪ੍ਰੈੱਸ ਨੂੰ ਬਿਆਨ ਜਾਰੀ ਕਰਕੇ ਦੱਸਿਆ ਕਿ 29 ਨਵੰਬਰ ਨੂੰ ਕਾਮਰੇਡ ਸ਼ਮਸ਼ੇਰ ਸ਼ੇਰੀ ਦੀ ਬਰਸੀ ਉਨ੍ਹਾਂ ਦੇ ਜੱਦੀ ਪਿੰਡ ਖੋਖਰ ਕਲਾਂ ਵਿਖੇ ਮਨਾਈ ਗਈ, ਜਿਸ ਵਿੱਚ ਕ੍ਰਾਂਤੀਕਾਰੀ ਕਿਸਾਨ ਯੂਨੀਅਨ, ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ, ਲੋਕ ਚੇਤਨਾ ਮੰਚ ਲਹਿਰਾਗਾਗਾ, ਜਮਹੂਰੀ ਅਧਿਕਾਰ ਸਭਾ, ਐੱਸ ਐੱਫ ਐੱਸ, ਡੀ ਐੱਸ ਓ ਤੇ ਕਾਮਰੇਡ ਸ਼ਮਸ਼ੇਰ ਸ਼ੇਰੀ ਦੇ ਨੇੜਲੇ ਸਾਥੀਆਂ ਨੇ ਹਿੱਸਾ ਲਿਆ।ਸਭ ਤੋਂ ਪਹਿਲਾਂ ਕਾਮਰੇਡ ਸ਼ਮਸ਼ੇਰ ਸ਼ੇਰੀ ਦੀ ਲਾਟ 'ਤੇ ਮੋਨ ਧਾਰ ਕੇ ਸ਼ਰਧਾਂਜਲੀ ਦਿੱਤੀ ਗਈ ਤੇ ਜੋਸ਼ੋ ਖਰੋਸ਼ ਨਾਲ ਨਾਹਰੇ ਲਗਾ ਕੇ ਯਾਦਗਾਰ 'ਤੇ ਝੰਡਾ ਝੁਲਾਇਆ ਗਿਆ।ਲੋਕ ਗਾਇਕ ਤਾਰਾ ਸਿੰਘ ਛਾਜਲੀ ਨੇ ਝੰਡੇ ਦਾ ਇਨਕਲਾਬੀ ਗੀਤ ਗਾ ਕੇ ਸ਼ਰਧਾਂਜਲੀ ਭੇਟ ਕੀਤੀ।ਸਟੇਜ ਸੰਚਾਲਕ ਰਾਜੇਸ਼ ਮਾਲਹੋਤਰਾ ਨੇ ਕਾਮਰੇਡ ਸ਼ਮਸ਼ੇਰ ਸ਼ੇਰੀ ਦੀ ਜੀਵਨ ਸਾਥਣ ਹਰਬੰਸ ਕੌਰ, ਲੋਕ ਸੰਗਰਾਮ ਮੋਰਚਾ ਦੇ ਸੂਬਾ ਆਗੂ ਸਤਵੰਤ ਸਿੰਘ ਲਵਲੀ, ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਦੇ ਸੂਬਾ ਪ੍ਰਧਾਨ ਬਲਦੇਵ ਸਿੰਘ ਜੀਰਾ, ਸ਼ਮਸ਼ੇਰ ਸ਼ੇਰੀ ਦੇ ਭਤੀਜੇ ਅਮਰੀਕ ਸਿੰਘ ਅਤੇ ਪਰਮਜੀਤ ਸਿੰਘ, ਜਗਜੀਤ ਭੁਟਾਲ, ਕਾਮਰੇਡ ਸ਼ਮਸ਼ੇਰ ਸ਼ੇਰੀ ਦਾ ਨਜ਼ਦੀਕੀ ਦੋਸਤ ਭਗਵਾਨ ਭਾਨਾ ਤੇ ਸੰਪੂਰਨ ਸਿੰਘ ਵਕੀਲ, ਮਜ਼ਦੂਰ ਆਗੂ ਕਰਮ ਦਿਓਲ ਨੂੰ ਪ੍ਰਧਾਨਗੀ ਮੰਡਲ ਵਿੱਚ ਸਟੇਜ 'ਤੇ ਬਿਠਾਇਆ ਗਿਆ।ਕਾਮਰੇਡ ਸ਼ਮਸ਼ੇਰ ਸ਼ੇਰੀ ਦੀ ਫੋਟੋ ਨੂੰ ਫੁੱਲ ਭੇਟ ਕਰਕੇ ਆਗੂਆਂ ਨੇ ਸ਼ਰਧਾਂਜਲੀ ਅਰਪਣ ਕੀਤੀ।ਹਕੂਮਤ ਵੱਲੋਂ ਮਾਓਵਾਦੀਆਂ ਤੇ ਆਦਿਵਾਸੀਆਂ 'ਤੇ ਕੀਤੇ ਜਾ ਰਹੇ ਜਬਰ ਵਿਰੁੱਧ ਜ਼ੋਰਦਾਰ ਨਾਅਰੇਬਾਜ਼ੀ ਕੀਤੀ ਗਈ।ਕਾਨਫਰੰਸ ਨੂੰ ਲੋਕ ਸੰਗਰਾਮ ਮੋਰਚਾ ਦੇ ਜਨਰਲ ਸਕੱਤਰ ਸੁਖਮੰਦਰ ਸਿੰਘ, ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਦੇ ਚੇਅਰਮੈਨ ਸੁਰਜੀਤ ਫੂਲ, ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਦੇ ਬਲਜੀਤ ਨਾਮੋਲ, ਐੱਸ ਐੱਫ ਐੱਸ ਦੇ ਆਗੂ ਸੰਦੀਪ ਚੰਡੀਗੜ੍ਹ, ਜਮਹੂਰੀ ਅਧਿਕਾਰ ਸਭਾ ਦੇ ਜਗਜੀਤ ਭੁਟਾਲ, ਲੋਕ ਚੇਤਨਾ ਮੰਚ ਲਹਿਰਾਗਾਗਾ ਦੇ ਆਗੂ ਪੂਰਨ ਸਿੰਘ ਖਾਈ, ਇਨਕਲਾਬੀ ਆਗੂ ਬਸ਼ੇਸ਼ਰ ਰਾਮ ਤੇ ਸੰਪੂਰਨ ਸਿੰਘ ਵਕੀਲ ਨੇ ਸੰਬੋਧਨ ਕੀਤਾ।ਬੁਲਾਰਿਆਂ ਨੇ ਕਿਹਾ ਕਿ ਜਿਵੇਂ ਅਸੀਂ ਪੰਜਾਬ ਵਿੱਚ ਕਾਰਪੋਰੇਟਾਂ ਤੋਂ ਜ਼ਮੀਨਾਂ ਦੀ ਰਾਖੀ ਕਰਨ ਦੇ ਲਈ ਲੜ ਰਹੇ ਹਾਂ ਆਦਿਵਾਸੀ ਖੇਤਰਾਂ ਦੇ ਲੋਕ ਵੀ ਆਪਣੀਆਂ ਜ਼ਮੀਨਾਂ ਅਤੇ ਜ਼ਨਾਂ ਵਿੱਚ ਦੱਬੇ ਖਣਿਜ ਪਦਾਰਥਾਂ ਦੇ ਖਜ਼ਾਨਿਆਂ ਨੂੰ ਬਚਾਉਣ ਲਈ ਲੜ ਰਹੇ ਹਨ।ਬੁਲਾਰਿਆਂ ਨੇ ਮੰਗ ਕੀਤੀ ਕਿ ਝੂਠੇ ਪੁਲਸ ਮੁਕਾਬਲੇ ਬੰਦ ਕੀਤੇ ਜਾਣ ਤੇ ਜਿਹੜੇ ਪੁਲਸ ਅਧਿਕਾਰੀਆਂ ਨੇ ਝੂਠੇ ਪੁਲਸ ਮੁਕਾਬਲਿਆਂ ਵਿੱਚ ਮਾਓਵਾਦੀਆਂ ਤੇ ਆਦਿਵਾਸੀਆਂ ਨੂੰ ਮਾਰਿਆ ਹੈ, ਉਨ੍ਹ ਨੂੰ ਸਖਤ ਸਜ਼ਾਵਾਂ ਦਿੱਤੀਆਂ ਜਾਣ।ਕਾਮਰੇਡ ਸ਼ਮਸ਼ੇਰ ਸ਼ੇਰੀ ਦੇ ਪਰਿਵਾਰ, ਤੀਜੇ ਅਮਰੀਕ ਸਿੰਘ ਤੇ ਪਰਮਜੀਤ ਸਿੰਘ ਹੋਰਨਾਂ ਨੇ ਲੰਗਰ ਤੇ ਚਾਹ-ਪਾਣੀ ਦਾ ਬਹੁਤ ਵਧੀਆ ਪ੍ਰਬੰਧ ਕੀਤਾ ਹੋਇਆ ਸੀ।ਅਖੀਰ ਵਿੱਚ ਲੋਕ ਸੰਗਰਾਮ ਮੋਰਚਾ ਦੇ ਪ੍ਰਧਾਨ ਤਾਰਾ ਸਿੰਘ ਮੋਗਾ ਨੇ ਸਹਿਯੋਗ ਦੇਣ ਵਾਲੀਆਂ ਜਥੇਬੰਦੀਆਂ ਤੇ ਪਰਿਵਾਰਕ ਮੈਂਬਰਾਂ ਦਾ ਧੰਨਵਾਦ ਕੀਤਾ।

## ਕਾਤਰਾਂ

### ਗੁਰਬਿੰਦਰ ਭਗਤਾ ਹਲਕਾ ਨਿਹਾਲ ਸਿੰਘ ਵਾਲਾ ਦੇ ਇੰਚਾਰਜ ਨਿਯੁਕਤ



**ਬਠਿੰਡਾ (ਰਾਜੀਵ ਗੋਇਲ)**- ਸੂਬੇ ਅੰਦਰ ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਚੋਣਾਂ ਦੇ ਐਲਾਨ ਤੋਂ ਬਾਅਦ ਸਿਆਸੀ ਪਾਰਟੀਆਂ ਨੇ ਕੰਨ ਖੜ੍ਹੇ ਕਰ ਲਏ ਹਨ ਅਤੇ ਭਾਜਪਾ ਵੱਲੋਂ ਆਪਣੇ ਹਲਕਾ ਇੰਚਾਰਜਾਂ ਦਾ ਐਲਾਨ ਕਰ ਦਿੱਤਾ ਹੈ। ਇਸੇ ਹੀ ਲੜੀ ਤਹਿਤ ਭਾਜਪਾ ਵੱਲੋਂ ਗੁਰਬਿੰਦਰ ਸਿੱਧੂ ਨੂੰ ਹਲਕਾ ਨਿਹਾਲ ਸਿੰਘ ਵਾਲਾ ਦਾ ਇੰਚਾਰਜ ਨਿਯੁਕਤ ਕੀਤਾ ਗਿਆ ਹੈ। ਗੱਲਬਾਤ ਕਰਦਿਆਂ ਭਗਤਾ ਨੇ ਕਿਹਾ ਕਿ ਭਾਜਪਾ ਵੱਲੋਂ ਹਰ ਜਗ੍ਹਾ ਆਪਣੇ ਉਮੀਦਵਾਰ ਖੜ੍ਹੇ ਕੀਤੇ ਜਾਣਗੇ ਤੇ ਟੱਕਰ ਦਿੱਤੀ ਜਾਵੇਗੀ।

### ਰਾਈਟ-ਵੇ ਦੀ ਗਗਨਪ੍ਰੀਤ ਨੇ ਪੀ ਟੀ ਈ 'ਚ ਪ੍ਰਾਪਤ ਕੀਤੇ 66 ਸਕੋਰ



**ਮੋਗਾ (ਇਕਬਾਲ ਸਿੰਘ ਖਹਿਰਾ)**-ਮਾਲਵਾ ਖਿੱਤੇ ਦੀ ਮਸ਼ਹੂਰ ਸੰਸਥਾ ਰਾਈਟ-ਵੇ ਏਅਰਲਿੰਕਸ ਦੀ ਵਿਦਿਆਰਥਣ ਗਗਨਪ੍ਰੀਤ ਕੌਰ ਵਾਸੀ ਮੋਗਾ ਨੇ ਕ੍ਰਮਵਾਰ ਲਿਸਨਿੰਗ 'ਚ 60, ਰੀਡਿੰਗ 'ਚ 61, ਰਾਈਟਿੰਗ 'ਚ 68, ਸਪੀਕਿੰਗ 'ਚ 72 ਤੇ ਓਵਰਆਲ ਪੀ.ਟੀ.ਈ. ਵਿੱਚੋਂ 66 ਸਕੋਰ ਪ੍ਰਾਪਤ ਕਰਕੇ ਆਪਣੇ ਮਾਤਾ-ਪਿਤਾ ਤੇ ਸ਼ਹਿਰ ਦਾ ਨਾਮ ਰੋਸ਼ਨ ਕੀਤਾ।ਇਸ ਮੌਕੇ ਸੰਸਥਾ ਦੇ ਡਾਇਰੈਕਟਰ ਦੇਵਪ੍ਰਿਆ ਤਿਆਗੀ ਨੇ ਗਗਨਪ੍ਰੀਤ ਕੌਰ ਨੂੰ ਵਧਾਈ ਦਿੱਤੀ।ਉਨ੍ਹਾਂ ਦੱਸਿਆ ਕਿ ਇਸ ਸੰਸਥਾ 'ਚ ਬੱਚਿਆਂ ਨੂੰ ਤਜਰਬੇਕਾਰ ਟੀਚਰਾਂ ਵੱਲੋਂ ਆਈਲਟਸ ਤੇ ਪੀ.ਟੀ.ਈ. ਦੇ ਟੈਸਟ ਦੀ ਤਿਆਰੀ ਕਰਵਾਈ ਜਾਂਦੀ ਹੈ।ਉਨ੍ਹਾਂ ਇਹ ਵੀ ਕਿਹਾ ਕਿ ਸੰਸਥਾ ਵੱਲੋਂ ਵਿਦਿਆਰਥੀਆਂ ਨੂੰ ਆਈਲਟਸ ਤੇ ਪੀ.ਟੀ.ਈ. ਦਾ ਸਾਰਾ ਲੋੜੀਂਦਾ ਮਟੀਰੀਅਲ ਮੁਹੱਈਆ ਕਰਵਾਇਆ ਜਾਂਦਾ ਹੈ।ਉਨ੍ਹਾਂ ਗਗਨਪ੍ਰੀਤ ਕੌਰ ਦੇ ਚੰਗੇ ਭਵਿੱਖ ਦੀ ਕਾਮਨਾ ਕਰਦਿਆਂ ਗਗਨਪ੍ਰੀਤ ਕੌਰ ਨੂੰ ਹੋਰ ਜ਼ਿਆਦਾ ਮਿਹਨਤ ਕਰਕੇ ਅੱਗੇ ਵਧਣ ਲਈ ਪ੍ਰੇਰਿਤ ਕੀਤਾ।ਇਸ ਮੌਕੇ ਗਗਨਪ੍ਰੀਤ ਕੌਰ ਨੇ ਰਾਈਟ-ਵੇ ਏਅਰਲਿੰਕਸ ਦੇ ਸਾਰੇ ਸਟਾਫ ਮੈਂਬਰਾਂ ਅਤੇ ਸੰਸਥਾ ਦੇ ਡਾਇਰੈਟਰ ਦਾ ਧੰਨਵਾਦ ਕੀਤਾ।

### ਸਲਾਈਟ ਵਿਖੇ ਅਖੰਡ ਪਾਠ ਦੇ ਭੋਗ ਭਲਕੇ

**ਲੌਂਗੋਵਾਲ(ਪ੍ਰਦੀਪ ਸੱਪਲ)**-ਸਥਾਨਕ ਸਲਾਈਟ ਕਾਲਜ ਦੇ ਸਮੂਹ ਵਿਦਿਆਰਥੀਆਂ ਵੱਲੋਂ ਗੁਰਦੁਆਰਾ ਭਾਈ ਕੀ ਸਮਾਧ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕਰਵਾਏ ਗਏ।ਇਨ੍ਹਾਂ ਪਾਠਾਂ ਦੇ ਭੋਗ 2 ਦਸੰਬਰ ਨੂੰ ਪਾਏ ਜਾਣਗੇ।ਇਸ ਮੌਕੇ ਗੁਰਦੁਆਰਾ ਸਾਹਿਬ ਦੇ ਮੈਨੇਜਰ ਅਮਰੀਕ ਸਿੰਘ, ਹੈੱਡ ਗ੍ਰੰਥੀ ਭਾਈ ਧਨਵੰਤ ਸਿੰਘ, ਜਗਸੀਰ ਸਿੰਘ ਗਾਂਧੀ, ਕੇਵਲ ਸਿੰਘ ਡੋਗਰ, ਗੋਲਡੀ ਤੋਂ ਇਲਾਵਾ ਸਮੂਹ ਵਿਦਿਆਰਥੀ ਤੇ ਵਿਦਿਆਰਥਣਾਂ ਆਦਿ ਹਾਜ਼ਰ ਸਨ।

## ਟਰੇਡ ਯੂਨੀਅਨਾਂ ਦੇ ਸਾਂਝੇ ਫਰੰਟ ਵੱਲੋਂ ਰੋਡਵੇਜ਼ ਤੇ ਪਨਬਸ ਵਰਕਰਾਂ ਦੇ ਸੰਘਰਸ਼ ਦੀ ਹਮਾਇਤ

### ਵਰਕਰਾਂ 'ਤੇ ਬੇਲੋੜੇ ਤਸ਼ੱਦਦ ਦੀ ਨਿਖੇਧੀ



**ਲੁਧਿਆਣਾ (ਐੱਮ ਐੱਸ ਭਾਟੀਆ)**-ਰੋਡਵੇਜ਼ ਤੇ ਪਨਬਸ ਦੇ ਹੜਤਾਲ ਕਰਨ ਵਾਲੇ 170 ਕੰਟਰੈਕਟ ਤੇ ਆਊਟਸੋਰ ਵਰਕਰਾਂ ਨੂੰ ਫ਼ਾਰਗ ਕਰਨ ਦੇ ਸਰਕਾਰ ਦੇ ਫੈਸਲੇ ਦੀ ਸਖਤ ਨਿਖੇਧੀ ਕਰਦਿਆਂ ਏਟਕ, ਇੰਟਕ, ਸੀਟੂ ਤੇ ਸੀਟੀਯੂ ਪੰਜਾਬ ਦੇ ਸਾਂਝੇ ਯੂਨਾਈਟਡ ਫਰੰਟ ਆਫ਼ ਟਰੇਡ ਯੂਨੀਅਨਜ਼ ਲੁਧਿਆਣਾ ਨੇ ਕਿਹਾ ਕਿ ਆਪਣੀਆਂ ਹੱਕੀ ਮੰਗਾਂ ਲਈ ਲੜ ਰਹੇ ਵਰਕਰਾਂ 'ਤੇ ਸਰਕਾਰ ਦਾ ਇਹ ਅੱਤਿਆਚਾਰ ਬੇਲੋੜਾ ਹੈ।ਇਸ ਵੇਲੇ ਲਗਭਗ 9 ਹਜ਼ਾਰ ਮੁਲਾਜ਼ਮ ਆਰਜ਼ੀ ਤੌਰ 'ਤੇ ਕੰਮ ਕਰ ਰਹੇ ਹਨ ਤੇ ਆਪਣੀਆਂ ਮੰਗਾਂ ਨੂੰ ਲੈ ਕੇ ਹੜਤਾਲ 'ਤੇ ਹਨ।ਸੂਬੇ ਵਿੱਚ ਸਰਕਾਰੀ ਬੱਸ ਸੇਵਾਵਾਂ ਦੇ ਕਈ ਠੇਕਾ ਕਰਮਚਾਰੀਆਂ ਨੂੰ ਕਿਲੋਮੀਟਰ ਅਧਾਰਤ ਬੱਸ ਸਕੀਮ ਨਾਲ ਸੰਬੰਧਤ ਟੈਂਡਰ ਖੋਲ੍ਹਣ ਵਿਰੁੱਧ ਕੀਤੇ ਪ੍ਰਦਰਸ਼ਨ ਦੌਰਾਨ ਗ੍ਰਿਫਤਾਰ ਕੀਤਾ ਗਿਆ ਹੈ।ਲੁਧਿਆਣਾ ਵਿੱਚ ਪ੍ਰਦਰਸ਼ਨਕਾਰੀਆਂ ਨੇ ਪੁਲਸ ਕਾਰਵਾਈ ਦੀ ਨਿੰਦਾ ਕੀਤੀ ਹੈ।48 ਆਗੂਆਂ ਨੇ ਦੋਸ਼ ਲਾਇਆ ਹੈ ਕਿ ਪਿਛਲੇ ਚਾਰ ਸਾਲਾਂ ਵਿੱਚ ਸਰਕਾਰ ਨੇ ਪੰਜਾਬ ਰੋਡਵੇਜ਼ ਨੂੰ ਇੱਕ ਵੀ ਨਵੀਂ ਬੱਸ ਮੁਹਈਆ ਨਹੀਂ ਕਰਵਾਈ।500 ਤੋਂ ਵੱਧ ਪੁਰਾਣੀਆਂ ਸੜਕਾਂ ਤੋਂ ਉੱਤਰ ਚੁੱਕੀਆਂ ਬੱਸਾਂ ਅਜੇ ਵੀ ਚੱਲ ਰਹੀਆਂ ਹਨ, ਉਹ ਵੱਡੀਆਂ ਮੁਰੰਮਤ ਦੀਆਂ ਸਮੱਸਿਆਵਾਂ ਦਾ ਸਾਹਮਣਾ ਕਰ ਰਹੀਆਂ ਹਨ।ਉਨ੍ਹਾਂ ਦੋਸ਼ ਲਾਇਆ ਕਿ ਵਿਭਾਗ ਕੋਲ ਟਾਇਰਾਂ ਤੇ ਜ਼ਰੂਰੀ ਮੁਰੰਮਤ ਲਈ ਵੀ ਫੰਡ ਨਹੀਂ ਹਨ।ਬਿਆਨ ਜਾਰੀ ਕਰਨ ਵਾਲਿਆਂ ਵਿੱਚ ਐੱਮ ਐੱਸ ਭਾਟੀਆ, ਗੁਰਜੀਤ ਸਿੰਘ ਜਗਪਾਲ, ਜੋਗਿੰਦਰ ਰਾਮ, ਜਗਦੀਸ਼ ਚੰਦ, ਵਿਜੇ ਕੁਮਾਰ, ਸਰਬਜੀਤ ਸਿੰਘ ਸਰਹਾਲੀ, ਸੁਖਮਿੰਦਰ ਸਿੰਘ ਲੋਟੇ, ਪਰਮਜੀਤ ਸਿੰਘ, ਹਨੂਮਾਨ ਪ੍ਰਸਾਦ, ਕੇਵਲ ਸਿੰਘ ਬਣਵੈਤ ਤੇ ਬਲਰਾਮ ਸ਼ਾਮਲ ਸਨ।

# ਪੰਜਾਬ ਰੋਡਵੇਜ਼ ਤੇ ਪੀ ਆਰ ਟੀ ਸੀ ਅਧੀਨ ਨਵੀਆਂ ਬੱਸਾਂ ਤੁਰੰਤ ਪਾਈਆਂ ਜਾਣ

## ਪੰਜਾਬ ਗੌਰਮਿੰਟ ਟਰਾਂਸਪੋਰਟ ਵਰਕਰਜ਼ ਯੂਨੀਅਨ ਤੇ ਪੰਜਾਬ ਪੈਨਸ਼ਨਰਜ਼ ਯੂਨੀਅਨ ਸਬੰਧਤ ਏਟਕ ਨੇ ਪੰਜਾਬ ਸਰਕਾਰ ਤੋਂ ਕੀਤੀ ਮੰਗ

**ਮੋਗਾ (ਇਕਬਾਲ ਸਿੰਘ ਖਹਿਰਾ)**



ਪੰਜਾਬ ਗੌਰਮਿੰਟ ਟਰਾਂਸਪੋਰਟ ਵਰਕਰਜ਼ ਯੂਨੀਅਨ ਸਬੰਧਤ ਏਟਕ ਦੇ ਸੂਬਾ ਪ੍ਰਧਾਨ ਦੀਦਾਰ ਸਿੰਘ ਮੰਡ, ਸੂਬਾ ਜਨਰਲ ਸਕੱਤਰ ਗੁਰਜੰਟ ਸਿੰਘ ਕੋਕਰੀ ਤੇ ਸੂਬਾਈ ਵਿੱਤ ਸਕੱਤਰ ਸੁਰਿੰਦਰ ਸਿੰਘ ਬਰਾੜ, ਪੰਜਾਬ ਪੈਨਸ਼ਨਰਜ਼ ਯੂਨੀਅਨ ਸਬੰਧਤ ਏਟਕ ਦੇ ਸੂਬਾ ਚੇਅਰਮੈਨ ਕਾਮਰੇਡ ਗੁਰਦੀਪ ਸਿੰਘ ਮੋਤੀ, ਸੂਬਾ ਪ੍ਰਧਾਨ ਜਗਦੀਸ਼ ਸਿੰਘ ਚਾਹਲ ਤੇ ਸੂਬਾ ਜਨਰਲ ਸਕੱਤਰ ਪ੍ਰੇਮ ਚਾਵਲਾ ਨੇ ਦੱਸਿਆ ਕਿ ਜਥੇਬੰਦੀਆਂ ਲਗਾਤਾਰ ਪੰਜਾਬ ਸਰਕਾਰ ਤੋਂ ਮੰਗ ਕਰ ਰਹੀਆਂ ਹਨ ਕਿ ਪੰਜਾਬ ਰੋਡਵੇਜ਼ ਤੇ ਪੀ ਆਰ ਟੀ ਸੀ ਅਧੀਨ ਨਵੀਆਂ ਬੱਸਾਂ ਤੁਰੰਤ ਪਾਈਆਂ ਜਾਣ ਅਤੇ ਪੰਜਾਬ ਰੋਡਵੇਜ਼ ਦਾ 2407 ਬੱਸਾਂ ਦਾ ਫਲੀਟ ਤੁਰੰਤ ਪੂਰਾ ਕੀਤਾ ਜਾਵੇ।

ਆਗੂਆਂ ਨੇ ਅਫਸੋਸ ਪ੍ਰਗਟ ਕੀਤਾ ਕਿ ਹੁਣ ਭਗਵੰਤ ਮਾਨ ਸਰਕਾਰ ਪੰਜਾਬ ਰੋਡਵੇਜ਼ ਤੇ ਪੀ ਆਰ ਟੀ ਸੀ ਵਿੱਚ ਕਿਲੋਮੀਟਰ ਸਕੀਮ ਤਹਿਤ ਨਵੀਆਂ ਬੱਸਾਂ ਪਾਉਣ ਦਾ ਫੈਸਲਾ ਕਰਕੇ ਸਿੱਧਾ ਹੀ ਨਿੱਜੀ ਟਰਾਂਸਪੋਰਟਰਾਂ ਦੀ ਮਦਦ ਕਰਨ ਦੇ ਰਾਹ ਤੁਰ ਪਈ ਹੈ।ਇਸ ਫੈਸਲੇ ਨਾਲ ਪੰਜਾਬ ਰੋਡਵੇਜ਼ ਤੇ ਪੀ ਆਰ ਟੀ ਸੀ ਵਿੱਚ ਕੰਮ ਕਰਦੇ ਸੈਂਕੜੇ ਡਰਾਈਵਰ ਤੇ ਕੰਡਕਟਰਾਂ 'ਤੇ ਛਾਂਟੀ ਦੀ ਤਲਵਾਰ ਲਟਕ ਗਈ ਹੈ।ਪੰਜਾਬ ਸਰਕਾਰ ਦੇ ਇਸ ਲੋਕ ਵਿਰੋਧੀ ਫੈਸਲੇ ਖਿਲਾਫ ਸੰਘਰਸ਼ ਕਰ ਰਹੇ ਪੰਜਾਬ ਰੋਡਵੇਜ਼ ਤੇ ਪੀ ਆਰ ਟੀ ਸੀ ਦੇ ਕੱਚੇ ਮੁਲਾਜ਼ਮਾਂ ਨੂੰ ਆਪਣੇ ਘਰਾਂ ਵਿੱਚੋਂ ਚੁੱਕ ਕੇ ਨਜਾਇਜ਼ ਪੁਲਸ ਹਿਰਾਸਤ ਵਿੱਚ ਰੱਖਣ, ਸੰਘਰਸ਼ਸ਼ੀਲ ਮੁਲਾਜ਼ਮਾਂ 'ਤੇ ਲਾਠੀਚਾਰਜ ਕਰਨ, ਵੱਖ ਵੱਖ ਥਾਵਾਂ 'ਤੇ ਮੁਲਾਜ਼ਮਾਂ 'ਤੇ ਝੂਠੇ ਪੁਲਸ ਮੁੱਕਦਮੇ ਦਰਜ ਕਰਨ ਅਤੇ ਨੌਕਰੀਆਂ ਤੋਂ ਬਾਹਰ ਦਾ ਰਸਤਾ ਵਿਖਾ ਕੇ ਘਰੋਂ ਬੇਘਰ ਕਰਨ ਦੇ ਪੁੱਠੇ ਰਾਹ ਤੁਰ ਪਈ ਹੈ ਤੇ ਇਹ ਰਾਹ ਸਿੱਧਾ ਆਮ ਆਦਮੀ ਪਾਰਟੀ ਦੇ ਪਤਨ ਵੱਲ ਨੂੰ ਜਾਂਦਾ ਹੈ।ਆਗੂਆਂ ਨੇ ਪੰਜਾਬ ਸਰਕਾਰ ਵੱਲੋਂ ਅਖਤਿਆਰ ਕੀਤੀ ਗਈ ਮੁਲਾਜ਼ਮ ਵਿਰੋਧੀ ਪਹੁੰਚ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ।ਆਗੂਆਂ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਤੇ ਪੰਜਾਬ ਦੇ ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਤੋਂ ਮੰਗ ਕੀਤੀ ਹੈ ਕਿ ਟਰਾਂਸਪੋਰਟ ਮੁਲਾਜ਼ਮਾਂ ਪ੍ਰਤੀ ਅਪਣਾਈਆਂ ਗਈਆਂ ਦਮਨਕਾਰੀ ਨੀਤੀਆਂ ਤੁਰੰਤ ਵਾਪਸ ਲਈਆਂ ਜਾਣ ਤੇ ਗੱਲਬਾਤ ਰਾਹੀਂ ਮਸਲਾ ਹੱਲ ਕੀਤਾ ਜਾਵੇ ਤੇ ਤੁਰੰਤ ਕਿਲੋਮੀਟਰ ਸਕੀਮ ਤਹਿਤ ਬੱਸਾਂ ਪਾਉਣ ਦਾ ਫੈਸਲਾ ਵਾਪਸ ਲਿਆ ਜਾਵੇ ਅਤੇ ਪੰਜਾਬ ਰੋਡਵੇਜ਼ ਤੇ ਪੀ ਆਰ ਟੀ ਸੀ ਵਿੱਚ ਨਵੀਆਂ ਬੱਸਾਂ ਤੁਰੰਤ ਪਾਈਆਂ ਜਾਣ।

# ਲਿਬਰੇਸ਼ਨ ਨੇ ਫੂਕਿਆ ਮਾਨ ਸਰਕਾਰ ਦਾ ਪੁਤਲਾ

## ਕਿਲੋਮੀਟਰ ਸਕੀਮ ਤਹਿਤ ਦਿੱਲੀ ਦੀਆਂ ਬੱਸਾਂ ਪਾਉਣ ਦੀ ਬਜਾਏ, ਨਵੀਆਂ ਸਰਕਾਰੀ ਬੱਸਾਂ ਪਾਉਣ ਦੀ ਮੰਗ



**ਮਾਨਸਾ (ਆਤਮਾ ਸਿੰਘ ਪਮਾਰ)**

ਮਾਨ ਸਰਕਾਰ ਵੱਲੋਂ ਕਿਲੋਮੀਟਰ ਸਕੀਮ ਰਾਹੀਂ ਦਿੱਲੀ ਦੀਆਂ ਬੱਸਾਂ ਪਾ ਕੇ ਪੀਆਰਟੀਸੀ ਤੇ ਪੰਜਾਬ ਰੋਡਵੇਜ਼ ਦੇ ਅਸਿੱਧੇ ਨਿੱਜੀਕਰਨ ਦੀ ਨੀਤੀ ਖਿਲਾਫ ਸੰਘਰਸ਼ ਕਰ ਰਹੇ ਰੋਡਵੇਜ਼ ਵਰਕਰਾਂ 'ਤੇ ਥਾਂ ਥਾਂ ਕੀਤੇ ਲਾਠੀਚਾਰਜ ਅਤੇ ਆਗੂਆਂ ਦੀਆਂ ਗ੍ਰਿਫ਼ਤਾਰੀਆਂ ਖ਼ਿਲਾਫ਼ ਇਥੇ ਸੀਪੀਆਈ (ਐੱਮ ਐੱਲ) ਲਿਬਰੇਸ਼ਨ ਵੱਲੋਂ ਮਾਨ ਸਰਕਾਰ ਦਾ ਪੁਤਲਾ ਫੂਕਿਆ ਗਿਆ ਤੇ ਅੰਦੋਲਨਕਾਰੀਆਂ ਉੱਤੇ ਢਾਹੇ ਗਏ ਜਬਰ ਦੀ ਸਖ਼ਤ ਸ਼ਬਦਾਂ 'ਚ ਨਿੰਦਾ ਕੀਤੀ ਗਈ।ਬਾਜ਼ਾਰ 'ਚ ਰੋਸ ਮੁਜ਼ਾਹਰਾ ਕਰਨ ਉਪਰੰਤ ਸ਼ਹੀਦ ਸੇਵਾ ਸਿੰਘ ਠੀਕਰੀਵਾਲਾ ਚੌਕ 'ਚ ਆ ਕੇ ਅਰਥੀ ਸਾੜਨ ਮੌਕੇ ਕੀਤੀ ਗਈ ਰੈਲੀ ਨੂੰ ਲਿਬਰੇਸ਼ਨ ਦੇ ਸੂਬਾਈ ਆਗੂ ਕਾਮਰੇਡ ਜਸਬੀਰ ਕੌਰ ਨੱਤ, ਮਾਨਸਾ ਤਹਿਸੀਲ ਦੇ ਸਕੱਤਰ ਗੁਰਸੇਵਕ ਸਿੰਘ ਮਾਨ, ਮਜ਼ਦੂਰ ਮੁਕਤੀ ਮੋਰਚਾ ਲਿਬਰੇਸ਼ਨ ਦੇ ਜ਼ਿਲ੍ਹਾ ਪ੍ਰਧਾਨ ਬਲਵਿੰਦਰ ਸਿੰਘ ਘਰਾਂਗਣਾਂ, ਆਇਸਾ ਦੇ ਸੂਬਾਈ ਆਗੂ ਸੁਖਜੀਤ ਸਿੰਘ ਰਾਮਾਨੰਦੀ ਤੇ ਇਸ ਰਿਕਸ਼ਾ ਯੂਨੀਅਨ ਦੇ ਪ੍ਰਧਾਨ ਨਿਰਮਲ ਸਿੰਘ ਤੇ ਕਾਮਰੇਡ ਗੇਜਾ ਸਿੰਘ ਨੇ ਵੀ ਸੰਬੋਧਨ ਕੀਤਾ।ਇਸ ਮੌਕੇ ਸੁਖਦਰਸ਼ਨ ਸਿੰਘ ਨੱਤ, ਅੰਗਰੇਜ਼ ਸਿੰਘ ਘਰਾਂਗਣਾਂ ਤੇ ਹੋਰ ਆਗੂ ਤੇ ਵਰਕਰ ਹਾਜ਼ਰ ਸਨ।ਵਿਖਾਵਾਕਾਰੀਆਂ ਨੇ ਮੰਗ ਕੀਤੀ ਕਿ ਸਾਲਾਂ ਤੋਂ ਕੰਟਰੈਕਟ ਉਤੇ ਕੰਮ ਕਰਦੇ ਸਾਰੇ ਡਰਾਈਵਰਾਂ ਤੇ ਕੰਡਕਟਰਾਂ ਨੂੰ ਪੱਕਾ ਕੀਤਾ ਜਾਵੇ, ਦਿੱਲੀ ਤੋਂ ਲਿਆ ਕੇ ਕਿਲੋਮੀਟਰ ਸਕੀਮ ਵਿੱਚ ਬੱਸਾਂ ਪਾਉਣ ਦੀ ਥਾਂ ਪੰਜਾਬ ਰੋਡਵੇਜ਼ ਤੇ ਪੀਆਰਟੀਸੀ ਵਿੱਚ ਨਵੀਆਂ ਸਰਕਾਰੀ ਬੱਸਾਂ ਪਾਈਆਂ ਜਾਣ ਅਤੇ ਅੰਦੋਲਨ ਦੌਰਾਨ ਸਸਪੈਂਡ ਕੀਤੇ ਗਏ ਸਾਰੇ ਵਰਕਰਾਂ ਨੂੰ ਤੁਰੰਤ ਬਹਾਲ ਕੀਤਾ ਜਾਵੇ।

# ਰੋਡਵੇਜ਼ ਮੁਲਾਜ਼ਮਾਂ 'ਤੇ ਪੁਲਸ ਜਬਰ ਦੀ ਕੇ ਕੇ ਯੂ ਵੱਲੋਂ ਨਿੰਦਾ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ\ਪੂਜਾ)**

ਕਿਲੋਮੀਟਰ ਸਕੀਮ ਪਾਉਣ ਦੇ ਵਿਰੋਧ ਵਜੋਂ ਪੰਜਾਬ ਵਿੱਚ ਹੜਤਾਲ ਤੇ ਚੱਕਾ ਜਾਮ ਕਰਨ ਵਾਲੇ ਪੀਆਰਟੀਸੀ, ਪੰਜਾਬ ਰੋਡਵੇਜ਼, ਪਨਬੱਸ ਕੰਟਰੈਕਟ ਯੂਨੀਅਨ ਦੇ ਆਗੂਆਂ 'ਤੇ ਤਾਨਾਸ਼ਾਹੀ ਢੰਗ ਨਾਲ ਪੰਜਾਬ ਪੁਲਸ ਵੱਲੋਂ ਅੰਨ੍ਹਾ ਜਬਰ ਕਰਕੇ ਜੇਲ੍ਹਾਂ 'ਚ ਡੱਕਣ, ਜਮਹੂਰੀ ਹੱਕਾਂ ਨੂੰ ਕੁਚਲਨ ਤੇ ਘਰੋ ਘਰੀ ਛਾਪੇਮਾਰੀ ਕਰਕੇ ਡਿਟੇਨ ਕਰਨ ਅਤੇ ਉਨ੍ਹਾਂ ਨੂੰ ਨੌਕਰੀਆਂ ਤੋਂ ਕੱਢਣ ਦੀ ਕਿਰਤੀ ਕਿਸਾਨ ਯੂਨੀਅਨ ਵੱਲੋਂ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਗਈ ਹੈ।ਇਸ ਮੌਕੇ ਕਿਰਤੀ ਕਿਸਾਨ ਯੂਨੀਅਨ (ਢੁੱਡੀਕੇ) ਦੇ ਸੂਬਾ ਵਿੱਤ ਸਕੱਤਰ ਜਸਵਿੰਦਰ ਸਿੰਘ ਝਬੇਲਵਾਲੀ, ਜ਼ਿਲ੍ਹਾ ਪ੍ਰਧਾਨ ਬਲਜੀਤ ਸਿੰਘ ਲੰਡੇ ਰੋਡੇ ਨੇ ਬੋਲਦਿਆਂ ਕਿਹਾ ਕਿ ਪੰਜਾਬ ਸਰਕਾਰ ਨੇ ਨਵੀਆਂ ਸਰਕਾਰੀ ਬੱਸਾਂ ਪਾਉਣ ਦਾ ਵਾਅਦਾ ਕਰਕੇ ਪ੍ਰਾਈਵੇਟ ਬੱਸ ਕੰਪਨੀਆਂ ਨੂੰ ਲਾਹਾ ਪਹੁੰਚਾਉਣ ਲਈ ਕਿਲੋਮੀਟਰ ਸਕੀਮ ਸ਼ੁਰੂ ਕਰ ਰਹੀ ਹੈ।ਉਨ੍ਹਾਂ ਕਿਹਾ ਕਿ ਅਸਲ ਵਿੱਚ ਸਰਕਾਰ ਦਾ ਏਜੰਡਾ ਇਕ ਇਕ ਕਰਕੇ ਸਰਕਾਰੀ ਮਹਿਕਮਿਆਂ ਨੂੰ ਖਤਮ ਕਰਕੇ ਕਾਰਪੋਰੇਟ ਘਰਾਣਿਆਂ ਨੂੰ ਸੌਂਪਣਾ ਹੈ।ਇਸ ਕਰਕੇ ਹੀ ਕਲੋਮੀਟਰ ਸਕੀਮ ਨੀਤੀ ਨੂੰ ਲਿਆਂਦਾ ਜਾ ਰਿਹਾ ਤਾਂ ਜੋ ਭਵਿੱਖ ਵਿੱਚ ਪੰਜਾਬ ਰੋਡਵੇਜ਼ ਪੀਆਰਟੀਸੀ ਦੇ ਅਦਾਰਿਆਂ ਨੂੰ ਖਤਮ ਕੀਤਾ ਜਾ ਸਕੇ।ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਸਕੱਤਰ ਜਥੇਦਾਰ ਹਰਪ੍ਰੀਤ ਸਿੰਘ ਝਬੇਲਵਾਲੀ ਨੇ ਕਿਹਾ ਕਿ ਜਥੇਬੰਦੀ ਕੰਟਰੈਕਟ ਵਰਕਰ ਯੂਨੀਅਨ ਕਾਮਿਆਂ ਦੇ ਸੰਘਰਸ਼ ਦੀ ਡੱਟ ਕੇ ਹਮਾਇਤ ਕਰਦੀ ਹੈ।ਇਸ ਮੌਕੇ ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਮੀਤ ਪ੍ਰਧਾਨ ਬਲਵਿੰਦਰ ਸਿੰਘ ਥਾਂਦੇਵਾਲਾ ਨੇ ਪ੍ਰੈੱਸ ਨੋਟ ਜਾਰੀ ਕਰਦਿਆਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਕੱਚੇ ਕਾਮਿਆਂ ਨੂੰ ਤੁਰੰਤ ਪੱਕੇ ਕੀਤਾ ਜਾਵੇ, ਨਿੱਜੀਕਰਨ ਬੰਦ ਕੀਤਾ ਜਾਵੇ, ਨੌਕਰੀ ਤੋਂ ਕੱਢੇ ਕਾਮਿਆਂ ਨੂੰ ਤੁਰੰਤ ਬਹਾਲ ਕੀਤਾ ਜਾਵੇ, ਗ੍ਰਿਫ਼ਤਾਰ ਕੀਤੇ ਕਾਮਿਆਂ ਨੂੰ ਰਿਹਾਅ ਕੀਤਾ ਜਾਵੇ।ਇਸ ਮੌਕੇ ਜਸਵੀਰ ਸਿੰਘ ਸਰਾਏਨਾਗਾ, ਬਲਵਿੰਦਰ ਸਿੰਘ ਕੋਟਲੀ ਸੰਘਰ, ਜਸਵੰਤ ਸਿੰਘ ਡੋਡਾਂਵਾਲੀ, ਪ੍ਰਗਟ ਸਿੰਘ ਝਬੇਲਵਾਲੀ, ਲੱਖਾ ਸਿੰਘ ਵੜਿੰਗ, ਜਸਪਾਲ ਸਿੰਘ ਚੱਕ ਗਾਂਧਾ ਸਿੰਘ ਵਾਲਾ, ਚਮਕੌਰ ਸਿੰਘ ਤਖ਼ਤ ਮੁਲਾਣਾ, ਬਲਜੀਤ ਸਿੰਘ ਫੌਜੀ, ਸੁਖਦੇਵ ਸਿੰਘ ਝਬੇਲਵਾਲੀ ਆਦਿ ਕਿਸਾਨ ਆਗੂ ਹਾਜ਼ਰ ਸਨ।

# ਮਜ਼ਦੂਰ ਮੁਕਤੀ ਮੋਰਚਾ ਨੇ ਕੀਤੀ ਰੈਲੀ

**ਭੀਖੀ (ਗੁਰਿੰਦਰ ਸਿੰਘ ਔਲਖ)**-ਮਜ਼ਦੂਰ ਮੁਕਤੀ ਮੋਰਚਾ ਲਬਰੇਸ਼ਨ ਵੱਲੋਂ ਪਿੰਡ ਅਤਲਾ ਵਿਖੇ ਮਜ਼ਦੂਰਾਂ ਦੀ ਇੱਕ ਭਰਵੀਂ ਰੈਲੀ ਕੀਤੀ ਗਈ।ਰੈਲੀ ਨੂੰ ਦਿਨੇਸ਼ ਸੋਨੀ ਮਜ਼ਦੂਰ ਮੁਕਤੀ ਮੋਰਚਾ ਦੇ ਤਹਿਸੀਲ ਪ੍ਰਧਾਨ ਤੇ ਸੁਖਦੇਵ ਸਿੰਘ ਭੁਪਾਲ ਨੇ ਕਿਹਾ ਕਿ ਸਰਕਾਰਾਂ ਮਜ਼ਦੂਰਾਂ ਨੂੰ ਹਰ ਪੱਖ ਤੋਂ ਅਣਗੌਲਿਆਂ ਕਰਦੀਆਂ ਤੁਰੀਆਂ ਆ ਰਹੀਆਂ ਨੇ।ਮਜ਼ਦੂਰਾਂ ਨਾਲ ਹਰ ਪੈਰ ਦੇ ਉੱਤੇ ਵਿਤਕਰਾ ਕੀਤਾ ਜਾ ਰਿਹਾ।ਬਦਲਾਓ ਦੀ ਸਰਕਾਰ 'ਚ ਲੋਕਾਂ ਨੇ ਵੱਡੀਆਂ ਆਸਾਂ ਲਾਈਆਂ ਸੀ, ਪਰ ਇਸ ਸਰਕਾਰ ਦਾ ਹੋਰ ਵੀ ਬੁਰਾ ਹਾਲ ਹੈ।

ਮਜ਼ਦੂਰਾਂ ਨੂੰ ਹਾਸ਼ੀਏ 'ਤੇ ਧੱਕਿਆ ਜਾ ਰਿਹਾ ਹੈ।ਮਜ਼ਦੂਰਾਂ ਦੀਆਂ ਸਮੱਸਿਆਵਾਂ ਦਿਨੋ ਦਿਨ ਵਧ ਰਹੀਆਂ ਨੇ। ਇਹ ਸਰਕਾਰ ਕੇਂਦਰ ਦੀ ਲੋਕ ਵਿਰੋਧੀ ਸਰਕਾਰ ਦੇ ਪਦ ਚਿੰਨ੍ਹਾਂ 'ਤੇ ਚੱਲ ਰਹੀ ਹੈ, ਜਿਸ ਕਰਕੇ ਕੇਂਦਰ ਵੱਲੋਂ ਲਿਆਂਦੇ ਚਾਰ ਲੇਬਰ ਕੋਡ ਕਾਨੂੰਨਾਂ ਇਹ ਲਾਗੂ ਕਰਨ ਜਾ ਰਹੀ ਹੈ। ਬਿਜਲੀ ਬਿੱਲ 2025 ਨੂੰ ਲਾਗੂ ਕਰਕੇ ਬਿਜਲੀ ਬੋਰਡ ਨੂੰ ਪ੍ਰਾਈਵੇਟ ਹੱਥਾਂ ਵਿੱਚ ਧੱਕਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।ਲੋਕਾਂ ਨਾਲ ਕੀਤੇ ਸਾਰੇ ਵਾਅਦੇ ਹਵਾ ਵਿੱਚ ਉੱਡ ਰਹੇ ਨੇ।ਪਿਛਲੇ ਸਮੇਂ ਵਿੱਚ ਮੀਂਹ ਤੇ ਹੜ੍ਹਾਂ ਕਾਰਨ ਲੋਕਾਂ ਦੇ ਘਰਾਂ ਦਾ ਹੋਏ ਨੁਕਸਾਨ ਗਰੀਬਾਂ ਦੇ ਟੁੱਟ ਗਏ ਘਰ।

ਉਨ੍ਹਾਂ ਲਈ ਸਿਰਫ ਗੱਲਾਂ ਕੀਤੀਆਂ ਜਾ ਰਹੀਆਂ ਨੇ। ਪੂਰਾ ਮੁਆਵਜ਼ਾ ਦੇਣ ਦੀ ਬਜਾਏ ਅੱਖਾਂ ਪੂੰਜਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।ਉਹ ਵੀ ਸਿਰਫ ਗੱਲਾਂ ਨਾਲ ਤੇ ਨਰੇਗਾ ਦਾ ਕੰਮ ਕੇਂਦਰ ਤੇ ਪੰਜਾਬ ਸਰਕਾਰ ਮਿਲ ਕੇ ਠੇਕੇਦਾਰੀ ਸਿਸਟਮ ਅਧੀਨ ਲਿਆ ਕੇ ਉਹਨੂੰ ਖਤਮ ਕਰਨ ਦੀ ਕੋਸ਼ਿਸ਼ ਕਰ ਰਹੇ ਨੇ।ਇਨ੍ਹਾਂ ਸਾਰੀਆਂ ਗੱਲਾਂ ਦੇ ਖਿਲਾਫ ਮੋਰਚਾ ਲਗਾਤਾਰ ਸੰਘਰਸ਼ਸ਼ੀਲ ਰਹੇਗਾ।5 ਦਸੰਬਰ ਨੂੰ ਜ਼ਿਲ੍ਹਾ ਪੱਧਰੀ ਧਰਨਾ ਡੀਸੀ ਦਫਤਰ ਵਿਖੇ ਦਿੱਤਾ ਜਾਵੇਗਾ ਤਾਂ ਜੁ ਮਜ਼ਦੂਰਾਂ ਨੂੰ ਤੁਰੰਤ ਪੂਰਾ ਮੁਆਵਜ਼ਾ ਦਵਾਇਆ ਜਾ ਸਕੇ।ਘਰਾਂ ਦੇ ਤੇ ਨਰੇਗਾ ਦਾ ਕੰਮ ਤੁਰੰਤ ਲਾਗੂ ਕਰਾਇਆ ਜਾ ਸਕੇ।ਚਾਰ ਲੇਬਰ ਕੋਲ ਕਾਨੂੰਨਾਂ ਖਿਲਾਫ ਤੇ ਬਿਜਲੀ 2000 ਬਿੱਲ 25 ਖਿਲਾਫ ਡੀਸੀ ਰਾਹੀਂ ਮੰਗ ਪੱਤਰ ਦਿੱਤਾ ਜਾ ਸਕੇ।



# ਕਾਮਰੇਡ ਧਰਮ ਸਿੰਘ ਫੱਕਰ ਦੀ 52ਵੀਂ ਬਰਸੀ 'ਤੇ ਹੋਵੇਗੀ ਵਿਸ਼ਾਲ ਕਾਨਫਰੰਸ : ਚੌਹਾਨ



**ਮਾਨਸਾ (ਆਤਮਾ ਸਿੰਘ ਪਮਾਰ)**

ਸੂਬੇ ਦੀ ਅਮਨ ਕਾਨੂੰਨ ਦੀ ਡਾਵਾਂਡੋਲ ਵਿਵਸਥਾ, ਆਰਥਿਕ ਤੇ ਸਮਾਜਿਕ ਹਾਲਤ ਅਤਿ ਤਰਸਯੋਗ ਬਣ ਚੁੱਕੀ ਹੈ, ਆਮ ਲੋਕਾਂ ਦੀ ਸਰਕਾਰ ਤੇ ਬਦਲਾਅ ਦੇ ਨਾਹਰੇ ਦਾ ਗਲਤ ਤੇ ਗੁੰਮਰਾਹਕੁਨ ਪ੍ਰਚਾਰ ਕਰਨ ਵਾਲੇ ਸੂਬੇ ਦੇ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਦਾ ਲੋਕ ਵਿਰੋਧੀ ਚਿਹਰਾ ਤੇ ਨੀਤੀਆਂ ਸ਼ਰੇਆਮ ਜਨਤਕ ਹੋ ਚੁੱਕੀਆਂ ਹਨ।ਉਕਤ ਸ਼ਬਦਾਂ ਦਾ ਪ੍ਰਗਟਾਵਾ ਸੀ ਪੀ ਆਈ ਦੇ ਜ਼ਿਲ੍ਹਾ ਸਕੱਤਰ ਕ੍ਰਿਸ਼ਨ ਚੌਹਾਨ ਨੇ ਨੇੜਲੇ ਪਿੰਡ ਦਲੇਲ ਸਿੰਘ ਵਾਲਾ ਵਿਖੇ ਕਾਮਰੇਡ ਧਰਮ ਸਿੰਘ ਫੱਕਰ ਦੀ 52ਵੀਂ ਬਰਸੀ ਸਬੰਧੀ ਤਿਆਰੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਕੀਤਾ।ਉਨ੍ਹਾਂ ਭਵਿੱਖ ਦੀਆਂ ਚੁਣੌਤੀਆਂ ਤੇ ਡਿੱਗ ਰਹੇ ਅਰਥਚਾਰੇ 'ਤੇ ਚਿੰਤਾ ਪ੍ਰਗਟ ਕੀਤੀ ਕਿ ਕੇਂਦਰ ਤੇ ਸੂਬਾਈ ਸਰਕਾਰਾਂ ਦਾ ਸਰਮਾਏਦਾਰ ਲੋਕਾਂ ਦੀ ਆਪਸੀ ਸਾਂਝ ਆਮ ਲੋਕਾਂ ਦੇ ਭਵਿੱਖ ਲਈ ਖ਼ਤਰਨਾਕ ਸਾਬਿਤ ਹੋਣਗੇ।ਸਾਥੀ ਚੌਹਾਨ ਨੇ ਕਿਸਾਨ, ਮਜ਼ਦੂਰ, ਜ਼ਮੀਨ, ਪਾਣੀ ਤੇ ਛੋਟੇ ਕਾਰੋਬਾਰੀਆਂ ਨੂੰ ਦੇ ਭਵਿੱਖ ਲਈ ਲੋਕ ਚੇਤਨਾ ਤੇ ਮਜ਼ਬੂਤ ਸੰਗਠਨ ਬਣਾਉਣ ਦੀ ਅਪੀਲ ਕੀਤੀ।ਇਸ ਮੌਕੇ ਉਨ੍ਹਾਂ ਕਿਹਾ ਕਿ ਮੁਜ਼ਾਰਾ ਲਹਿਰ ਦੇ ਬਾਨੀ, ਉੱਘੇ ਦੇਸ਼ ਭਗਤ, ਮਹਾਨ ਕਮਿਊਨਿਸਟ ਤੇ ਸਾਬਕਾ ਵਿਧਾਇਕ ਕਾਮਰੇਡ ਕਾਮਰੇਡ ਧਰਮ ਸਿੰਘ ਫੱਕਰ ਦੀ ਬਰਸੀ ਮੌਕੇ ਰਾਜਸੀ ਕਾਨਫਰੰਸ ਉਨ੍ਹਾਂ ਦੇ ਜ਼ੱਦੀ ਪਿੰਡ ਦਲੇਲ ਸਿੰਘ ਵਾਲਾ ਵਿਖੇ ਕੀਤੀ ਜਾਵੇਗੀ।

ਕਾਨਫਰੰਸ ਮੌਕੇ ਵੱਖ ਵੱਖ ਆਗੂਆਂ ਸੀ ਪੀ ਆਈ ਦੇ ਨੈਸ਼ਨਲ ਕੌਂਸਲ ਮੈਂਬਰ ਤੇ ਸਾਬਕਾ ਵਿਧਾਇਕ ਕਾਮਰੇਡ ਹਰਦੇਵ ਸਿੰਘ ਅਰਸ਼ੀ ਤੇ ਸੰਯੁਕਤ ਕਿਸਾਨ ਮੋਰਚੇ ਦੇ ਰੁਲਦੂ ਸਿੰਘ ਮਾਨਸਾ ਆਦਿ ਤੋਂ ਇਲਾਵਾ ਸੀਨੀਅਰ ਲੀਡਰਸ਼ਿਪ ਵੀ ਸੰਬੋਧਨ ਕਰੇਗੀ ਤੇ ਨਾਟਕ ਡਰਾਮਿਆਂ ਤੋਂ ਇਲਾਵਾ ਕੋਰਿਓਗ੍ਰਾਫੀਆਂ ਦੀ ਪੇਸ਼ਕਾਰੀ ਵੀ ਕੀਤੀ ਜਾਵੇਗੀ।ਇਸ ਵਰਤਮਾਨ ਹਾਲਤਾਂ ਤੇ ਸਥਿਤੀਆਂ 'ਤੇ ਵਿਸਥਾਰਤ ਚਰਚਾ ਕੀਤੀ ਜਾਵੇਗੀ।ਮੀਟਿੰਗ ਦੌਰਾਨ ਕਾਮਰੇਡ ਗੁਰਦਿਆਲ ਸਿੰਘ, ਕ੍ਰਿਸ਼ਨ ਸ਼ਰਮਾ, ਗੁਰਦੇਵ ਸਿੰਘ, ਕੁਲਵੰਤ ਸਿੰਘ, ਨਛੱਤਰ ਖਾਂ, ਲਾਭ ਖਾਂ ਤੇ ਆਤਮਾ ਸਿੰਘ ਆਦਿ ਹਾਜ਼ਰ ਸਨ।

# ਡੀ ਬੀ ਯੂ 'ਚ 350ਵੇਂ ਸ਼ਹੀਦੀ ਦਿਵਸ 'ਤੇ ਰਾਸ਼ਟਰੀ ਸੈਮੀਨਾਰ




**ਮੰਡੀ ਗੋਬਿੰਦਗੜ੍ਹ (ਪ੍ਰਮੋਦ ਭਾਰਦਵਾਜ)**-ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਵਸ ਸਬੰਧੀ ਪੰਜਾਬ ਸਰਕਾਰ ਵੱਲੋਂ ਆਯੋਜਿਤ ਕੀਤੇ ਜਾ ਰਹੇ ਪ੍ਰੋਗਰਾਮਾਂ ਤਹਿਤ, ਦੇਸ਼ ਭਗਤ ਯੂਨੀਵਰਸਿਟੀ ਮੰਡੀ ਗੋਬਿੰਦਗੜ੍ਹ ਵਿਖੇ ਚਾਂਸਲਰ ਡਾ. ਜ਼ੋਰਾ ਸਿੰਘ ਤੇ ਪ੍ਰੋ-ਚਾਂਸਲਰ ਡਾ. ਤੇਜਿੰਦਰ ਕੌਰ ਦੀ ਅਗਵਾਈ ਹੇਠ ਇੱਕ ਰੋਜ਼ਾ ਰਾਸ਼ਟਰੀ ਸੈਮੀਨਾਰ ਕਰਵਾਇਆ ਗਿਆ। ਇਸ ਮੌਕੇ ਐਗਰੀਕਲਚਰ ਫੈਕਲਟੀ ਦੇ ਡਾਇਰੈਕਟਰ ਪ੍ਰੋ. ਐੱਚ. ਕੇ. ਸਿੱਧੂ ਨੇ ਉੱਘੇ ਵਿਦਵਾਨਾਂ, ਸਿੱਖਿਆ ਸ਼ਾਸਤਰੀਆਂ ਤੇ ਸਰੋਤ ਵਿਅਕਤੀਆਂ ਦਾ ਸਵਾਗਤ ਕੀਤਾ ਅਤੇ ਯੂਨੀਵਰਸਿਟੀ ਦੇ ਹਿਸਟਰੀ ਵਿਭਾਗ ਦੇ ਮੁਖੀ ਡਾ. ਰਾਮ ਸਿੰਘ ਗੁਰਨਾ ਨੇ ਸੈਮੀਨਾਰ ਦੇ ਕੇਂਦਰੀ ਵਿਸ਼ਿਆਂ ਬਾਰੇ ਜਾਣ-ਪਛਾਣ ਕਰਵਾਈ।ਆਪਣੇ ਉਦਘਾਟਨੀ ਭਾਸ਼ਣ ਵਿੱਚ ਚਾਂਸਲਰ ਡਾ. ਜ਼ੋਰਾ ਸਿੰਘ ਨੇ ਕਿਹਾ ਕਿ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੂੰ ਦੁਨੀਆ ਭਰ ਵਿੱਚ ਯਾਦ ਕੀਤਾ ਜਾਂਦਾ ਹੈ ਅਤੇ ਇਹ ਕੇਂਦਰ ਤੇ ਰਾਜ ਸਰਕਾਰਾਂ ਦੋਵਾਂ ਦੁਆਰਾ ਆਯੋਜਿਤ ਰਾਸ਼ਟਰੀ ਯਾਦਗਾਰੀ ਪ੍ਰੋਗਰਾਮਾਂ ਦਾ ਇੱਕ ਮਹੱਤਵਪੂਰਨ ਹਿੱਸਾ ਹੈ।ਉਨ੍ਹਾਂ ਕਿਹਾ ਕਿ ਇਹ ਸੈਮੀਨਾਰ ਯੂਨੀਵਰਸਿਟੀ ਵੱਲੋਂ ਗੁਰੂ ਤੇਗ ਬਹਾਦਰ ਜੀ ਤੇ ਤਿੰਨ ਪੂਜਨੀਕ ਸਿੱਖਾਂ ਭਾਈ ਦਿਆਲਾ ਜੀ, ਭਾਈ ਮਤੀ ਦਾਸ ਜੀ ਤੇ ਭਾਈ ਸਤੀ ਦਾਸ ਜੀ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਆਯੋਜਿਤ ਕੀਤਾ ਗਿਆ ਹੈ, ਜਿਨ੍ਹਾਂ ਨੇ ਧਰਮ ਦੀ ਆਜ਼ਾਦੀ ਨੂੰ ਬਚਾਉਣ ਲਈ ਆਪਣੀਆਂ ਜਾਨਾਂ ਵਾਰ ਦਿੱਤੀਆਂ।ਇਕੱਠ ਨੂੰ ਸੰਬੋਧਨ ਕਰਦੇ ਹੋਏ ਡਾ. ਅਮਰਜੀਤ ਸਿੰਘ ਪ੍ਰੋ-ਵਾਈਸ ਚਾਂਸਲਰ (ਅਕਾਦਮਿਕ) ਨੇ ਜ਼ਿਕਰ ਕੀਤਾ ਕਿ ਗੁਰੂ ਤੇਗ ਬਹਾਦਰ ਜੀ 'ਹਿੰਦ ਦੀ ਚਾਦਰ' ਬ੍ਰਹਿਮੰਡ ਦੇ ਰੱਖਿਅਕ ਸਨ ਅਤੇ ਇਹੀ ਕਾਰਨ ਹੈ ਕਿ ਦੁਨੀਆ ਭਰ ਦੇ 142 ਤੋਂ ਵੱਧ ਦੇਸ਼ਾਂ ਵਿੱਚ ਉਨ੍ਹਾਂ ਦੀ ਸ਼ਹਾਦਤ ਨੂੰ ਯਾਦ ਕੀਤਾ ਜਾਂਦਾ ਹੈ।ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ਵ ਯੂਨੀਵਰਸਿਟੀ ਫਤਿਹਗੜ੍ਹ ਸਾਹਿਬ ਦੇ ਵਾਈਸ-ਚਾਂਸਲਰ ਪ੍ਰੋ. ਪ੍ਰਿਤਪਾਲ ਸਿੰਘ ਨੇ ਸਿੱਖ ਦਰਸ਼ਨ ਦੇ ਸਿਧਾਂਤਾਂ 'ਤੇ ਗੱਲ ਕੀਤੀ।ਪ੍ਰਸਿੱਧ ਸਮਾਜਿਕ-ਰਾਜਨੀਤਕ ਵਿਸ਼ਲੇਸ਼ਕ ਪ੍ਰੋ. ਹਰਜਿੰਦਰ ਪਾਲ ਸਿੰਘ ਵਾਲੀਆ ਨੇ ਸਹਿ-ਹੋਂਦ, ਸਹਿਣਸ਼ੀਲਤਾ ਤੇ ਇੱਕ ਦੂਜੇ ਪ੍ਰਤੀ ਸਤਿਕਾਰ ਦੀ ਬਿਰਤਾਂਤ ਉਸਾਰਨ ਦੀ ਲੋੜ 'ਤੇ ਜ਼ੋਰ ਦਿੱਤਾ।ਸਮਾਗਮ ਦੇ ਮੁੱਖ ਮਹਿਮਾਨ ਵਜੋਂ ਹਾਜ਼ਰ ਸੀਨੀਅਰ ਪੱਤਰਕਾਰ ਪਦਮ ਸ਼੍ਰੀ ਡਾ. ਜਗਜੀਤ ਸਿੰਘ ਦਰਦੀ ਨੇ ਸਿੱਖ ਧਰਮ ਦੀਆਂ ਡੂੰਘੀਆਂ ਅਧਿਆਤਮਿਕ ਤੇ ਦਾਰਸ਼ਨਿਕ ਜੜ੍ਹਾਂ ਬਾਰੇ ਗੱਲ ਕੀਤੀ। ਉਨ੍ਹਾਂ ਨੇ ਗੁਰੂ ਤੇਗ ਬਹਾਦਰ ਸਾਹਿਬ ਦੀ ਸਰਵਉੱਚ ਕੁਰਬਾਨੀ ਨੂੰ ਵਿਸ਼ਵ ਇਤਿਹਾਸ ਵਿੱਚ ਬੇਮਿਸਾਲ ਦੱਸਿਆ ਤੇ ਇਤਿਹਾਸਕ ਮਹੱਤਵ ਦੇ ਕਈ ਕਿੱਸੇ ਸਾਂਝੇ ਕੀਤੇ।ਇਸ ਮੌਕੇ ਕਰਨਲ ਦਲਬਿੰਦਰ ਸਿੰਘ ਗਰੇਵਾਲ ਦੁਆਰਾ ਲਿਖੀ ਗਈ 'ਲਾਈਫ ਐਂਡ ਜਰਨੀ ਵਿੱਦ ਮੈਪਸ' ਨਾਮਕ ਇੱਕ ਕਿਤਾਬ ਵੀ ਰਿਲੀਜ਼ ਕੀਤੀ ਗਈ।

ਇਸ ਦੌਰਾਨ ਦੋ ਸਮਾਨਾਂਤਰ ਤਕਨੀਕੀ ਸੈਸ਼ਨ ਵੀ ਕਰਵਾਏ ਗਏ ਇੱਕ ਦੀ ਪ੍ਰਧਾਨਗੀ ਸਾਬਕਾ ਰਜਿਸਟਰਾਰ, ਪੰਜਾਬੀ ਯੂਨੀਵਰਸਿਟੀ ਪ੍ਰੋ. ਪਰਮ ਬਖਸ਼ੀਸ਼ ਸਿੱਧੂ ਤੇ ਦੂਜੇ ਦੀ ਡਾਇਰੈਕਟਰ ਰਿਸਰਚ ਦੇਸ਼ ਭਗਤ ਯੂਨੀਵਰਸਿਟੀ ਡਾ. ਅਜੇ ਗੁਪਤਾ ਨੇ ਕੀਤੀ।25 ਤੋਂ ਵੱਧ ਵਿਦਵਾਨਾਂ ਨੇ ਗੁਰੂ ਤੇਗ ਬਹਾਦਰ ਜੀ ਦੇ ਜੀਵਨ, ਦਰਸ਼ਨ ਤੇ ਵਿਰਾਸਤ ਦੇ ਵੱਖ-ਵੱਖ ਪਹਿਲੂਆਂ 'ਤੇ ਖੋਜ ਪੱਤਰ ਪੇਸ਼ ਕੀਤੇ।ਸਮਾਗਮ ਦੀ ਕਾਰਵਾਈ ਡਾ. ਰੇਣੂ ਸ਼ਰਮਾ, ਡਾ. ਨਵਨਿੰਦਰ ਗਰੇਵਾਲ ਤੇ ਪ੍ਰੋ. ਧਰਮਿੰਦਰ ਸਿੰਘ ਦੁਆਰਾ ਚਲਾਈ ਗਈ। ਧੰਨਵਾਦ ਦਾ ਰਸਮੀ ਮਤਾ ਡਾ. ਸੁਰਜੀਤ ਕੌਰ ਪਥੇਜਾ ਦੁਆਰਾ ਪੇਸ਼ ਕੀਤਾ ਗਿਆ।

## ਠੀਕਰੀਵਾਲਾ ਵਾਸੀਆਂ ਵੱਲੋਂ ਸ਼ਰਾਬ ਦੇ ਠੇਕੇ ਮੂਹਰੇ ਰੋਸ ਧਰਨਾ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਪਿੰਡ ਠੀਕਰੀਵਾਲਾ ਵਿਖੇ ਸ਼ਰਾਬ ਦੇ ਠੇਕੇਦਾਰਾਂ ਦੀਆਂ ਮਨਮਾਨੀਆਂ ਤੇ ਆਬਕਾਰੀ ਵਿਭਾਗ ਵੱਲੋਂ ਪੰਚਾਇਤ ਮੈਂਬਰ ਦੇ ਘਰ ਕੀਤੀ ਗਈ ਛਾਪੇਮਾਰੀ ਦੇ ਰੋਸ 'ਚ ਪਿੰਡ ਵਾਸੀਆਂ ਵੱਲੋਂ ਸ਼ਰਾਬ ਦੇ ਠੇਕੇ ਮੂਹਰੇ ਰੋਸ ਧਰਨਾ ਦਿੱਤਾ ਗਿਆ।ਧਰਨਾਕਾਰੀਆਂ ਨੇ ਛਾਪੇਮਾਰੀ ਕਰਨ ਵਾਲੇ ਅਧਿਕਾਰੀਆਂ ਵਿਰੁੱਧ ਸਖ਼ਤ ਕਾਰਵਾਈ ਦੀ ਮੰਗ ਉਠਾਈ।ਪਿੰਡ ਦੇ ਸਰਪੰਚ ਕਿਰਨਜੀਤ ਸਿੰਘ, ਜਸਪ੍ਰੀਤ ਹੈਪੀ, ਗੁਰਦੁਆਰਾ ਕਮੇਟੀ ਦੇ ਪ੍ਰਧਾਨ ਜਗਸੀਰ ਸਿੰਘ, ਪ੍ਰਧਾਨ ਜਸਪ੍ਰੀਤ ਸਿੰਘ ਜੱਸੀ ਨੇ ਦੱਸਿਆ ਕਿ ਦੋ ਦਿਨ ਪਹਿਲਾਂ ਠੇਕੇਦਾਰਾਂ ਦੀ ਸ਼ਹਿ 'ਤੇ ਆਬਕਾਰੀ ਵਿਭਾਗ ਤੇ ਪੁਲਸ ਨੇ ਪੰਚ ਮਨਪ੍ਰੀਤ ਸਿੰਘ ਦੇ ਘਰ ਨੂੰ ਨਿਸ਼ਾਨਾ ਬਣਾਉਂਦੇ ਹੋਏ ਛਾਪੇਮਾਰੀ ਕੀਤੀ ਸੀ, ਜਦੋਂ ਕਿ ਘਰ ਵਿੱਚੋਂ ਕੋਈ ਵੀ ਗੈਰ-ਕਾਨੂੰਨੀ ਵਸਤੂ ਬਰਾਮਦ ਨਹੀਂ ਹੋਈ।ਛਾਪੇ ਦੌਰਾਨ ਮੌਜੂਦ ਪੰਚ ਦੀ ਪਤਨੀ ਨਾਲ ਬਦਸਲੂਕੀ ਤੇ ਧਮਕੀਆਂ ਦੇਣ ਦੇ ਦੋਸ਼ ਵੀ ਪਿੰਡ ਵਾਸੀਆਂ ਨੇ ਲਗਾਏ ਹਨ, ਜਿਸ ਨੂੰ ਉਨ੍ਹਾਂ ਨੇ ਪਿੰਡ ਦੀ ਬੇਇਜ਼ਤੀ ਦੱਸਿਆ।ਪਿੰਡ ਵਾਸੀਆਂ ਨੇ ਇਹ ਵੀ ਕਿਹਾ ਕਿ ਸਰਕਾਰੀ ਸਕੂਲ ਦੇ ਨੇੜੇ ਸਥਾਪਤ ਕੀਤਾ ਗਿਆ ਦੂਜਾ ਸ਼ਰਾਬ ਠੇਕਾ ਪਿਛਲੇ ਸਾਲ ਵੀ ਡਿਪਟੀ ਕਮਿਸ਼ਨਰ ਬਰਨਾਲਾ ਨੂੰ ਮਤਾ ਪਾ ਕੇ ਹਟਾਉਣ ਦੀ ਮੰਗ ਕੀਤੀ ਗਈ ਸੀ, ਪਰ ਅਜੇ ਤੱਕ ਕੋਈ ਕਾਰਵਾਈ ਨਹੀਂ ਹੋਈ।ਧਰਨਾਕਾਰੀਆਂ ਨੇ ਕਿਹਾ ਕਿ ਸਕੂਲ ਨੇੜੇ ਤੋਂ ਠੇਕਾ ਤੁਰੰਤ ਹਟਾਇਆ ਜਾਵੇ ਤੇ ਛਾਪੇਮਾਰੀ ਕਰਨ ਵਾਲੇ ਅਧਿਕਾਰੀਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇ।ਉਨ੍ਹਾਂ ਸਪੱਸ਼ਟ ਕਿਹਾ ਕਿ ਮੰਗਾਂ ਪੂਰੀਆਂ ਹੋਣ ਤੱਕ ਧਰਨਾ ਜਾਰੀ ਰਹੇਗਾ।

# ਕਾਮਰੇਡ ਸੋਹੀ ਨੂੰ ਅੰਤਮ ਅਰਦਾਸ ਮੌਕੇ ਨਿੱਘੀਆਂ ਸ਼ਰਧਾਂਜਲੀਆਂ

## ਇਨਸਾਨ ਵੱਲੋਂ ਸਮਾਜ 'ਚ ਕੀਤੀ ਕਮਾਈ ਦਾ ਉਸ ਦੇ ਤੁਰ ਜਾਣ ਮਗਰੋਂ ਪਤਾ ਲਗਦੈ : ਕਾਮਰੇਡ ਸ਼ਰਮਾ



**ਧੂਰੀ (ਮਨੋਹਰ ਸਿੰਘ ਸੱਗੂ)**-ਭਾਰਤੀ ਕਮਿਊਨਿਸਟ ਪਾਰਟੀ ਦੇ ਸਾਬਕਾ ਤਹਿਸੀਲ ਸਕੱਤਰ ਤੇ ਸੂਬਾ ਕੌਂਸਲ ਦੇ ਮੈਂਬਰ ਕਾਮਰੇਡ ਕਰਨੈਲ ਸਿੰਘ ਸੋਹੀ (87), ਜੋ ਪਿਛਲੇ ਦਿਨੀਂ ਸਦੀਵੀਂ ਵਿਛੋੜਾ ਦੇ ਗਏ ਸਨ, ਨਮਿੱਤ ਅੰਤਿਮ ਅਰਦਾਸ ਤੇ ਸ਼ਰਧਾਂਜਲੀ ਸਮਾਗਮ ਸਥਾਨਕ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਨਗਰ ਵਿਖੇ ਹੋਇਆ।ਇਸ ਮੌਕੇ ਭਾਈ ਅਮਨਦੀਪ ਸਿੰਘ ਦੇ ਰਾਗੀ ਜੱਥੇ ਵੱਲੋਂ ਵੈਰਾਗਮਈ ਕੀਰਤਨ ਕੀਤਾ ਗਿਆ।ਇਸ ਮੌਕੇ ਸਮਾਜ ਸੇਵੀ ਤੇ ਧਾਰਮਿਕ ਸੰਸਥਾਵਾਂ ਅਤੇ ਰਾਜਨੀਤਕ ਪਾਰਟੀਆਂ ਦੇ ਆਗੂਆਂ ਤੇ ਪਤਵੰਤਿਆਂ ਨੇ ਵਿੱਛੜੀ ਰੂਹ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ।ਸੀ ਪੀ ਆਈ ਦੇ ਜ਼ਿਲ੍ਹਾ ਸਕੱਤਰ ਕਾਮਰੇਡ ਸੁਖਦੇਵ ਸ਼ਰਮਾ ਨੇ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਕਿਹਾ ਕਿ ਕਾਮਰੇਡ ਸੋਹੀ ਨੇ ਸਰਕਾਰੀ ਅਧਿਆਪਕ ਵਜੋਂ ਸੇਵਾਵਾਂ ਨਿਭਾਉਂਦਿਆਂ ਅਧਿਆਪਕ ਹੱਕਾਂ ਲਈ ਅਤੇ ਸੇਵਾ ਮੁਕਤੀ ਉਪਰੰਤ ਭਾਰਤੀ ਕਮਿਊਨਿਸਟ ਪਾਰਟੀ 'ਚ ਵੱਖ ਵੱਖ ਅਹੁਦਿਆਂ 'ਤੇ ਕੰਮ ਕਰਦਿਆਂ ਕਿਸਾਨਾਂ, ਮਜ਼ਦੂਰਾਂ ਤੇ ਮੁਲਾਜ਼ਮ ਹੱਕਾਂ ਲਈ ਸੰਘਰਸ਼ ਕੀਤਾ ਅਤੇ ਲੋਕ ਤੇ ਸਮਾਜ ਦੀ ਸੇਵਾ ਕਰਦਿਆਂ ਸਮਾਜ ਸੁਧਾਰ ਲਈ ਜੀ ਜਾਨ ਨਾਲ ਸੇਵਾ ਕੀਤੀ।ਬੁਲਾਰਿਆਂ ਨੇ ਵਿੱਛੜੀ ਰੂਹ ਨੂੰ ਸ਼ਰਧਾ ਤੇ ਸਤਿਕਾਰ ਭੇਟ ਕਰਦਿਆਂ ਕਿਹਾ ਕਿ ਇਨਸਾਨ ਵੱਲੋਂ ਸਮਾਜ 'ਚ ਵਿਚਰਦਿਆਂ ਕੀਤੀ ਕਮਾਈ ਦਾ ਉਸ ਦੇ ਇਸ ਫਾਨੀ ਸੰਸਾਰ ਤੋਂ ਰੁਖਸਤ ਹੋਣ ਤੋਂ ਬਾਅਦ ਪਤਾ ਲਗਦਾ ਹੈ।ਹੋਰਨਾਂ 'ਚ ਸੀ ਪੀ ਆਈ ਆਗੂ ਐਡਵੋਕੇਟ ਸੰਪੂਰਨ ਸਿੰਘ ਛਾਜਲੀ, ਤਹਿਸੀਲ ਸਕੱਤਰ ਡਾ: ਮਨਿੰਦਰ ਸਿੰਘ ਧਾਲੀਵਾਲ, ਭਾਈ ਦਿਆ ਸਿੰਘ ਲਹੌਰੀਆ, ਸਾਬਕਾ ਵਿਧਾਇਕ ਦਲਬੀਰ ਸਿੰਘ ਗੋਲਡੀ, ਫੂਡ ਕਮਿਸ਼ਨ ਪੰਜਾਬ ਦੇ ਮੈਂਬਰ ਜਸਵੀਰ ਸਿੰਘ ਜੱਸੀ ਸੇਖੋਂ, ਪੰਜਾਬ ਗਊਸੇਵਾ ਕਮਿਸ਼ਨ ਦੇ ਚੇਅਰਮੈਨ ਅਸ਼ੋਕ ਕੁਮਾਰ ਲੱਖਾ, ਕਾਂਗਰਸ ਆਗੂ ਹਰਦੀਪ ਸਿੰਘ ਦੌਲਤਪੁਰ, ਯੂਥ ਕਾਂਗਰਸ ਦੇ ਸ਼ੁਭਮ ਸ਼ਰਮਾ, ਨਗਰ ਕੌਂਸਲ ਦੀ ਪ੍ਰਧਾਨ ਸ੍ਰੀਮਤੀ ਪੁਸ਼ਪਾ ਤਾਇਲ ਤੇ ਸਾਬਕਾ ਪ੍ਰਧਾਨ ਸੰਦੀਪ ਤਾਇਲ, ਅਕਾਲੀ ਆਗੂ ਗਿਆਨ ਸਿੰਘ ਬਾਵਾ, ਭਰਪੂਰ ਸਿੰਘ ਬੇਨੜਾ ਤੇ ਪਰਮਜੀਤ ਸਿੰਘ ਪੰਮਾ, ਫੈਡਰੇਸ਼ਨ ਆਫ਼ ਆੜ੍ਹਤੀਆ ਐਸੋਸੀਏਸ਼ਨ ਦੇ ਜ਼ਿਲ੍ਹਾ ਪ੍ਰਧਾਨ ਸਾਥੀ ਜਗਤਾਰ ਸਿੰਘ ਸਮਰਾ, ਆੜ੍ਹਤੀਆ ਐਸੋਸੀਏਸ਼ਨ ਧੂਰੀ ਦੇ ਪ੍ਰਧਾਨ ਜਤਿੰਦਰ ਸਿੰਘ ਸੋਨੀ ਮੰਡੇਰ, ਪੈਨਸ਼ਨਰਜ਼ ਆਗੂਆਂ 'ਚ ਹਰਦੇਵ ਸਿੰਘ ਜਵੰਧਾ, ਜਸਵਿੰਦਰ ਸਿੰਘ ਮੂਲੋਵਾਲ, ਡਾ: ਅਮਰਜੀਤ ਸਿੰਘ ਤੇ ਰਤਨ ਸਿੰਘ ਭੰਡਾਰੀ, ਸਿੱਖਿਆ ਸ਼ਾਸਤਰੀ ਡਾ: ਜਗਜੀਤ ਸਿੰਘ ਧੂਰੀ, ਸਾਹਿਤਕਾਰ ਸਾਥੀਆਂ 'ਚ ਮੂਲ ਚੰਦ ਸ਼ਰਮਾ, ਪ੍ਰਿੰਸੀਪਲ ਕ੍ਰਿਪਾਲ ਸਿੰਘ ਜਵੰਧਾ ਤੇ ਰਣਜੀਤ ਆਜ਼ਾਦ ਕਾਂਝਲਾ, ਸੀਨੀਅਰ ਸਿਟੀਜਨ ਆਗੂਆਂ 'ਚ ਗਿਆਨੀ ਰਾਮ ਲਾਲ ਤੇ ਸਾਥੀ ਸਰਬਜੀਤ ਸਿੰਘ ਰਾਜੋਮਾਜਰਾ ਤੇ ਸਮਾਜ ਸੇਵੀ ਸੰਦੀਪ ਬਾਂਸਲ ਆਦਿ ਸ਼ਾਮਲ ਸਨ।ਆਖਰ 'ਚ ਮੁੱਖ ਮੰਤਰੀ ਪੰਜਾਬ ਦੇ ਸਾਬਕਾ ਓ ਐੱਸ ਡੀ ਪ੍ਰੋ: ਓਂਕਾਰ ਸਿੰਘ ਸਿੱਧੂ ਨੇ ਕਾਮਰੇਡ ਸੋਹੀ ਦੇ ਸਪੁੱਤਰ ਪਰਮਜੀਤ ਸਿੰਘ ਸੋਹੀ ਦੇ ਪਰਿਵਾਰ ਵੱਲੋਂ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।

## ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਚੋਣਾਂ ਲਈ ਉਮੀਦਵਾਰਾਂ ਦਾ ਐਲਾਨ ਜਲਦ : ਗੋਲਡੀ ਖੰਗੂੜਾ



**ਧੂਰੀ (ਮੋਹਿਤ ਗਰਗ, ਮਨੋਹਰ ਸੱਗੂ, ਬਿੰਨੀ ਗਰਗ)**-ਆਉਣ ਵਾਲੀਆਂ 14 ਦਸੰਬਰ ਨੂੰ ਹੋਣ ਵਾਲੀਆਂ ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਚੋਣਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਸਾਬਕਾ ਹਲਕਾ ਵਿਧਾਇਕ ਦਲਵੀਰ ਸਿੰਘ ਗੋਲਡੀ ਖੰਗੂੜਾ ਨੇ ਵੱਖ-ਵੱਖ ਪਿੰਡਾਂ ਦੇ ਨਿਵਾਸੀਆਂ ਨਾਲ ਮੀਟਿੰਗਾਂ ਕਰਕੇ ਚੋਣ ਤਿਆਰੀਆਂ ਦੀ ਸਮੀਖਿਆ ਕੀਤੀ।ਇਸ ਦੌਰਾਨ ਖੰਗੂੜਾ ਨੇ ਪਿੰਡ ਵਾਸੀਆਂ ਨਾਲ ਪਾਰਟੀ ਰਣਨੀਤੀ, ਉਮੀਦਵਾਰ ਚੋਣ ਅਤੇ ਪਿੰਡ ਪੱਧਰ 'ਤੇ ਮਜ਼ਬੂਤ ਮੁਹਿੰਮ ਚਲਾਉਣ ਬਾਰੇ ਗੱਲਬਾਤ ਕੀਤੀ।ਸ੍ਰੀ ਖੰਗੂੜਾ ਨੇ ਦੱਸਿਆ ਕਿ ਕਾਂਗਰਸ ਪਾਰਟੀ ਇਨ੍ਹਾਂ ਚੋਣਾਂ ਨੂੰ ਪੂਰੀ ਮਜ਼ਬੂਤੀ, ਇੱਕਜੁੱਟਤਾ ਤੇ ਤਗੜੇ ਜਜ਼ਬੇ ਨਾਲ ਲੜ ਰਹੀ ਹੈ।ਉਨ੍ਹਾਂ ਕਿਹਾ ਕਿ ਪਿੰਡ ਪੱਧਰ ਦੀਆਂ ਮੀਟਿੰਗਾਂ ਪਾਰਟੀ ਕੇਡਰ ਨੂੰ ਸਿਰਫ਼ ਉਤਸ਼ਾਹਤ ਹੀ ਨਹੀਂ ਕਰਦੀਆਂ, ਸਗੋਂ ਲੋਕਾਂ ਦੇ ਸੁਝਾਵਾਂ ਅਨੁਸਾਰ ਮਜ਼ਬੂਤ ਯੋਜਨਾਬੰਦੀ ਵਿੱਚ ਵੀ ਸਹਾਇਕ ਹੁੰਦੀਆਂ ਹਨ।ਉਨ੍ਹਾਂ ਦਾਅਵਾ ਕੀਤਾ ਕਿ ਕਾਂਗਰਸ ਪਾਰਟੀ ਨੇ ਪਿਛਲੇ ਸਮੇਂ ਦੌਰਾਨ ਲੋਕ ਭਲਾਈ ਲਈ ਕੀਤੀਆਂ ਸੇਵਾਵਾਂ ਤੇ ਜ਼ਮੀਨੀ ਪੱਧਰ 'ਤੇ ਕੀਤੇ ਕਾਰਜਾਂ ਦੇ ਆਧਾਰ 'ਤੇ ਇਸ ਵਾਰ ਵੱਡੀ ਜਿੱਤ ਦਰਜ ਕਰਨੀ ਨਿਸ਼ਚਤ ਹੈ।ਸ੍ਰੀ ਖੰਗੂੜਾ ਨੇ ਕਿਹਾ ਕਿ ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਲਈ ਪਾਰਟੀ ਉਮੀਦਵਾਰ ਲਗਭਗ ਤਹਿ ਹੋ ਚੁੱਕੇ ਹਨ ਤੇ ਉਨ੍ਹਾਂ ਦੀ ਸੂਚੀ ਦਾ ਐਲਾਨ ਜਲਦੀ ਹੀ ਕੀਤਾ ਜਾਵੇਗਾ।ਇਸ ਮੌਕੇ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਇੰਦਰਪਾਲ ਸਿੰਘ ਗੋਲਡੀ ਕਹੇਰੂ, ਚਮਕੌਰ ਸਿੰਘ ਕੁੰਭੜਵਾਲ, ਜਗਤਾਰ ਸਿੰਘ ਤਾਰਾ ਬੇਨੜਾ, ਬਹਾਦਰ ਸਿੰਘ ਪੁੰਨਾਵਾਲ, ਕਾਕਾ ਤੂਰ ਸਮੇਤ ਕਾਂਗਰਸ ਵਰਕਰ ਵੱਡੀ ਗਿਣਤੀ ਵਿੱਚ ਮੌਜੂਦ ਸਨ।

## ਸੜਕ ਹਾਦਸੇ 'ਚ ਜ਼ਖ਼ਮੀਂ ਦੀ ਇਲਾਜ ਦੌਰਾਨ ਹੋਈ ਮੌਤ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਫਿਰੋਜ਼ਪੁਰ ਵਿਖੇ ਸੜਕ ਕਰਾਸ ਕਰਨ ਲੱਗੇ ਇਕ ਵਿਅਕਤੀ 'ਚ ਮੋਟਰਸਾਈਕਲ ਵੱਜਣ ਨਾਲ ਜ਼ਖਮੀਂ ਹੋ ਗਿਆ ਸੀ, ਜਿਸ ਦੀ ਇਲਾਜ ਦੌਰਾਨ ਮੌਤ ਹੋ ਗਈ।ਇਸ ਸਬੰਧੀ ਥਾਣਾ ਸਿਟੀ ਫਿਰੋਜ਼ਪੁਰ ਪੁਲਸ ਨੇ 106 ਬੀਐੱਨਐੱਸ ਤਹਿਤ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਸਾਹਿਲ ਕੁਮਾਰ ਪੁੱਤਰ ਵਿਜੈ ਕੁਮਾਰ ਵਾਸੀ ਵਾਰਡ ਨੰਬਰ 23 ਮਕਾਨ ਨੰਬਰ 95 ਮਿਸਤਰੀਆਂ ਵਾਲੀ ਗਲੀ ਮੋਗਾ ਨੇ ਦੱਸਿਆ ਕਿ 22 ਨਵੰਬਰ 2025 ਨੂੰ ਬਲਵੀਰ ਸਿੰਘ ਪੁੱਤਰ ਮੋਹਨ ਸਿੰਘ ਵਾਸੀ ਸਤੀਏਵਾਲਾ ਸ੍ਰੀ ਰਾਮ ਫਾਇਨਾਂਸ ਲਿਮਟਿਡ ਕੰਪਨੀ ਫਿਰੋਜ਼ਪੁਰ ਵਿੱਚ ਆਏ ਸਨ ਅਤੇ ਵਕਤ ਕਰੀਬ 1 ਵਜੇ ਦੁਪਹਿਰ ਬਲਵੀਰ ਸਿੰਘ ਤੇ ਨਿਤੀਸ਼ ਸ਼ਰਮਾ ਆਪਣੇ ਦਫਤਰੀ ਕੰਮ ਕਰਨ ਲਈ ਆਪਣੇ ਦਫਤਰ ਤੋਂ ਬਾਹਰ ਆ ਕੇ ਜਦ ਸੜਕ ਕਰਾਸ ਕਰਨ ਲੱਗੇ ਤਾਂ ਇਕ ਮੋਟਰਸਾਈਕਲ ਅਣਪਛਾਤੇ ਚਾਲਕ ਨੇ ਬੜੀ ਤੇਜ਼ੀ ਤੇ ਲਾਪਰਵਾਹੀ ਨਾਲ ਲਿਆ ਕੇ ਬਲਵੀਰ ਸਿੰਘ ਵਿੱਚ ਮਾਰਿਆ, ਜਿਸ ਕਾਰਨ ਉਸ ਨੂੰ ਸੱਟਾਂ ਲੱਗ ਗਈਆਂ, ਜਿਸ ਦੀ ਦੌਰਾਨੇ ਇਲਾਜ 27 ਨਵੰਬਰ 2025 ਨੂੰ ਡੀਐੱਮਸੀ ਹਸਪਤਾਲ ਲੁਧਿਆਣਾ ਵਿੱਚ ਮੌਤ ਹੋ ਗਈ।ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਸੁਖਦੇਵ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਅਣਪਛਾਤੇ ਮੋਟਰਸਾਈਕਲ ਚਾਲਕ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

# ਪੀ ਆਰ ਟੀ ਸੀ ਵਰਕਰਾਂ 'ਤੇ ਸਰਕਾਰੀ ਜਬਰ ਦੀ ਨਿਖੇਧੀ

### ਸਰਕਾਰ ਵਾਅਦੇ ਅਨੁਸਾਰ ਸਮੁੱਚੇ ਵਰਕਰਾਂ ਨੂੰ ਰੈਗੂਲਰ ਕਰੇ : ਡੀ ਟੀ ਐੱਫ਼



**ਮਾਨਸਾ (ਆਤਮਾ ਸਿੰਘ ਪਮਾਰ)**

ਆਪਣੇ ਰੁਜ਼ਗਾਰ ਨੂੰ ਪੱਕਾ ਕਰਵਾਉਣ ਤੇ ਸਰਕਾਰੀ ਅਦਾਰੇ ਨੂੰ ਬਚਾਉਣ ਲਈ ਸੰਘਰਸ਼ ਕਰਦੇ ਪੀ ਆਰ ਟੀ ਸੀ, ਪੰਜਾਬ ਰੋਡਵੇਜ਼ ਤੇ ਪਨਬਸ ਵਰਕਰ ਯੂਨੀਅਨ ਦੇ ਆਗੂਆਂ ਦੀ ਗ੍ਰਿਫ਼ਤਾਰੀ ਪਿੱਛੋਂ ਵਰਕਰਾਂ 'ਤੇ ਹੋਏ ਜਬਰ ਤੇ ਹੜਤਾਲੀ ਮੁਲਾਜ਼ਮਾਂ ਦੀਆਂ ਸੇਵਾਵਾਂ ਖ਼ਤਮ ਕਰਨ ਦੀ ਡੈਮੋਕ੍ਰੇਟਿਕ ਟੀਚਰਜ਼ ਫ਼ਰੰਟ ਪੰਜਾਬ ਦੇ ਸੂਬਾ ਪ੍ਰਧਾਨ ਦਿਗਵਿਜੇ ਪਾਲ ਸ਼ਰਮਾ ਤੇ ਸੂਬਾ ਜਨਰਲ ਸਕੱਤਰ ਰੇਸ਼ਮ ਸਿੰਘ ਬਠਿੰਡਾ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਡੀ ਟੀ ਐੱਫ਼ ਜ਼ਿਲ੍ਹਾ ਮਾਨਸਾ ਦੇ ਪ੍ਰਧਾਨ ਕਰਮਜੀਤ ਤਾਮਕੋਟ ਤੇ ਹਰਜਿੰਦਰ ਅਨੂਪਗੜ੍ਹ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪੰਜਾਬ ਸਰਕਾਰ ਉਕਤ ਕਾਰਵਾਈ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ।

ਆਗੂਆਂ ਨੇ ਇਸ ਨੂੰ ਪੰਜਾਬ ਸਰਕਾਰ ਦੀ ਤਾਨਾਸ਼ਾਹੀ ਕਰਾਰ ਦਿੱਤਾ ਹੈ।ਉਨ੍ਹਾਂ ਕਿਹਾ ਕਿ ਆਪਣੀਆਂ ਮੰਗਾਂ ਨੂੰ ਲੈ ਕੇ ਸੰਘਰਸ਼ ਕਰਨਾ ਮੁਲਾਜ਼ਮਾਂ ਦਾ ਸੰਵਿਧਾਨਕ ਤੇ ਜਮਹੂਰੀ ਹੱਕ ਹੈ, ਪਰ ਆਮ ਆਦਮੀ ਪਾਰਟੀ ਸਰਕਾਰ ਮੁਲਾਜ਼ਮਾਂ ਦੀਆਂ ਮੰਗਾਂ ਮੰਨਣ ਦੀ ਥਾਂ ਜਾਬਰ ਹਥਕੰਡੇ ਵਰਤ ਰਹੀ ਹੈ, ਜਿਸ ਨੂੰ ਕਿਸੇ ਤਰ੍ਹਾਂ ਵੀ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ।ਕਿਲੋਮੀਟਰ ਸਕੀਮ ਦੀਆਂ ਬੱਸਾਂ ਪਾਉਣ ਸਬੰਧੀ ਜਾਰੀ ਟੈਂਡਰ ਨੂੰ ਲੈ ਕੇ ਪੀਆਰਟੀਸੀ, ਪੰਜਾਬ ਰੋਡਵੇਜ਼ ਤੇ ਪਨਬਸ ਕੰਟਰੈਕਟ ਵਰਕਰ ਯੂਨੀਅਨ ਨੇ ਸ਼ੁੱਕਰਵਾਰ ਸਵੇਰੇ ਹੀ ਸੂਬਾ ਪੱਧਰੀ ਹੜਤਾਲ ਸ਼ੁਰੂ ਕਰਕੇ ਸਰਕਾਰੀ ਬੱਸਾਂ ਦਾ ਚੱਕਾ ਜਾਮ ਕੀਤਾ।

ਉਨ੍ਹਾਂ ਕਿਹਾ ਕਿ ਕਿਲੋਮੀਟਰ ਸਕੀਮ ਦੇ ਵਿਰੋਧ 'ਚ ਜਾਰੀ ਧਰਨਿਆਂ ਤੋਂ ਪਹਿਲਾਂ ਹੀ ਵੱਡੇ ਤੜਕੇ ਪਟਿਆਲਾ ਸਮੇਤ ਪੰਜਾਬ ਭਰ ਵਿੱਚੋਂ ਯੂਨੀਅਨ ਦੇ ਕਈ ਆਗੂਆਂ ਨੂੰ ਪੁਲਸ ਨੇ ਹਿਰਾਸਤ ਵਿੱਚ ਲੈ ਲਿਆ।ਧਰਨਾ ਦੇ ਰਹੇ ਮੁਲਾਜ਼ਮਾਂ ਨੂੰ ਪੁਲਸ ਬੱਸਾਂ 'ਚ ਭਰ ਕੇ ਵੱਖ ਵੱਖ ਥਾਣਿਆਂ ਵਿੱਚ ਲੈ ਗਈ।ਪਤਾ ਲੱਗਾ ਹੈ ਕਿ ਕੁੱਝ ਆਗੂਆਂ ਨੂੰ ਘਰਾਂ 'ਚ ਹੀ ਨਜ਼ਰਬੰਦ ਕਰ ਦਿੱਤਾ ਗਿਆ, ਜੋ ਸਰਕਾਰ ਦੀ ਕਿਲੋਮੀਟਰ ਸਕੀਮ ਦਾ ਵਿਰੋਧ ਕਰ ਰਹੇ ਹਨ।ਗ੍ਰਿਫਤਾਰ ਆਗੂਆਂ ਦੀ ਰਿਹਾਈ ਦੀ ਮੰਗ ਕਰਦੇ ਵਰਕਰਾਂ 'ਤੇ ਪੁਲਸ ਨੇ ਬੁਰੀ ਤਰ੍ਹਾਂ ਲਾਠੀਚਾਰਜ ਕੀਤਾ ਅਤੇ ਅੱਜ ਉਨ੍ਹਾਂ ਦੀਆਂ ਸੇਵਾਵਾਂ ਵੀ ਖ਼ਤਮ ਕਰ ਦਿੱਤੀਆਂ ਹਨ, ਜੋ ਕਿ ਇੱਕ ਤਾਨਾਸ਼ਾਹੀ ਫ਼ੈਸਲਾ ਹੈ। ਡੀ ਟੀ ਐੱਫ ਦੇ ਸੀਨੀਅਰ ਮੀਤ ਪ੍ਰਧਾਨ ਰਾਜਵਿੰਦਰ ਸਿੰਘ ਬੈਹਣੀਵਾਲ, ਗੁਰਬਚਨ ਹੀਰੇਵਾਲਾ, ਗੁਰਪ੍ਰੀਤ ਭੀਖੀ, ਨਿਧਾਨ ਸਿੰਘ, ਸ਼ਿੰਗਾਰਾ ਸਿੰਘ, ਤਰਸੇਮ ਬੋੜਾਵਾਲ, ਹਰਫੂਲ ਸਿੰਘ, ਰਾਜਿੰਦਰ ਸਿੰਘ ਨੇ ਮੰਗ ਕੀਤੀ ਕਿ ਗ੍ਰਿਫਤਾਰ ਆਗੂਆਂ ਨੂੰ ਤੁਰੰਤ ਰਿਹਾਅ ਕੀਤਾ ਜਾਵੇ ਤੇ ਬਰਖ਼ਾਸਤ ਕੀਤੇ ਆਗੂਆਂ ਦੀਆਂ ਸੇਵਾਵਾਂ ਬਹਾਲ ਕਰਕੇ ਉਨ੍ਹਾਂ ਨੂੰ ਪੱਕਾ ਕੀਤਾ ਜਾਵੇ।

## ਮਲਟੀਪਰਪਜ਼ ਹੈਲਥ ਵਰਕਰ ਯੂਨੀਅਨ ਮੇਲ-ਫੀਮੇਲ ਪੰਜਾਬ ਵੱਲੋਂ ਮੰਗਾਂ ਨੂੰ ਲੈ ਕੇ ਧਰਨਾ ਭਲਕੇ

**ਫ਼ਿਰੋਜ਼ਪੁਰ (ਗੁਰਬਚਨ ਸਿੰਘ)**-ਮਲਟੀਪਰਪਜ਼ ਹੈਲਥ ਵਰਕਰ ਯੂਨੀਅਨ ਮੇਲ ਫੀਮੇਲ ਪੰਜਾਬ ਵੱਲੋਂ ਜਥੇਬੰਦੀ ਦੀਆਂ ਕਾਫ਼ੀ ਸਮੇਂ ਤੋਂ ਲਟਕਦੀਆਂ ਮੰਗਾਂ ਨੂੰ ਲੈ ਕੇ 2 ਦਸੰਬਰ ਨੂੰ ਡਾਇਰੈਕਟਰ ਸਿਹਤ ਸੇਵਾਵਾਂ ਪਰਿਵਾਰ ਭਲਾਈ ਦੇ ਦਫ਼ਤਰ ਚੰਡੀਗੜ੍ਹ 34 ਏ ਦੇ ਬਾਹਰ ਰੋਸ ਧਰਨੇ ਦੇਣਗੇ।ਇਸ ਸਬੰਧੀ ਜਾਣਕਾਰੀ ਦਿੰਦਿਆਂ ਮੀਤ ਪ੍ਰਧਾਨ ਗੁਰਪ੍ਰੀਤ ਨਰਿੰਦਰ ਸ਼ਰਮਾ ਨੇ ਦੱਸਿਆ ਕਿ ਗੁਰਪ੍ਰੀਤ ਸਿੰਘ ਮੰਗਵਾਲ, ਹਰਵਿੰਦਰ ਸਿੰਘ ਸ਼ੀਨਾ, ਮਨਜੀਤ ਕੌਰ ਬਾਜਵਾ ਤੇ ਸੁਖਵਿੰਦਰ ਕੌਰ ਫਾਜ਼ਿਲਕਾ, ਰਣਧੀਰ ਸਿੰਘ ਫਤਿਹਗੜ੍ਹ ਸਾਹਿਬ, ਸੁਖਜੀਤ ਸਿੰਘ ਮੁਕਤਸਰ, ਹਰਜੀਤ ਬੇਵਿੰਡ, ਵਿਰਸਾ ਸਿੰਘ, ਗੁਰਦੇਵ ਸਿੰਘ ਢਿੱਲੋਂ, ਬਲਜਿੰਦਰ ਸਿੰਘ ਬਟਾਲਾ, ਅਵਤਾਰ ਸਿੰਘ ਗੰਡੂਆਂ, ਜਸਵਿੰਦਰ ਸਿੰਘ ਭਧੋੜ, ਨਿਰਾਹੀ ਰਾਮ ਮਲੇਰਕੋਟਲਾ, ਸਤਨਾਮ ਸਿੰਘ ਫ਼ਿਰੋਜ਼ਪੁਰ, ਰਮੇਸ਼ ਕੁਮਾਰ, ਮਨਜੀਤ ਕੌਰ, ਰਣਜੋਤ ਕੌਰ, ਕਵਿਤਾ ਜ਼ਿਲ੍ਹਾ ਪ੍ਰਧਾਨ ਗੁਰਦਾਸਪੁਰ ਹੋਰ ਆਗੂਆਂ ਵੱਲੋਂ ਜਥੇਬੰਦੀ ਦੀਆਂ ਕਾਫੀ ਸਮੇਂ ਦੀਆਂ ਲਟਕਦੀਆਂ ਮੰਗਾਂ ਨੂੰ ਲੈ ਕੇ ਆਪਣੇ ਆਪਣੇ ਜ਼ਿਲ੍ਹਿਆਂ ਵਿੱਚ ਵੱਡੀ ਪੱਧਰ 'ਤੇ ਸ਼ਮੂਲੀਅਤ ਕੀਤੀ ਜਾਵੇਗੀ।ਉਨ੍ਹਾਂ ਦੱਸਿਆ ਕਿ ਜਥੇਬੰਦੀ ਦੀਆਂ ਜਾਇਜ਼ ਮੰਗਾਂ ਇਨ੍ਹਾਂ ਵਿੱਚੋਂ ਕੇਂਦਰ ਸਕੇਲ ਅਧੀਨ ਮੁਲਾਜ਼ਮਾਂ ਨੂੰ ਪੰਜਾਬ ਦੀ ਤਰਜ਼ 'ਤੇ ਸਕੇਲ ਲਾਗੂ ਕਰਨ ਕੰਟਰੈਕਟ ਮੁਲਾਜ਼ਮਾਂ ਨੂੰ ਬਰਾਬਰ ਤਨਖ਼ਾਹ ਦੇ ਫੈਸਲੇ ਨੂੰ ਲਾਗੂ ਕਰਨਾ, ਕੱਟੇ ਭੱਤਿਆਂ ਨੂੰ ਬਹਾਲ ਕਰਨਾ, ਕੇਡਰ ਦਾ ਨਾਮ ਬਦਲ ਸਿਰਫ਼ ਲਾਭ ਤੇ ਪਹਿਲ ਦੇ ਅਧਾਰ 'ਤੇ ਬਦਲਣਾ, ਪਦਉਨਤੀਆਂ ਸਮੇਂ ਕਰਨੀਆਂ ਮੈਡੀਕਲ ਅਫ਼ਸਰਾਂ ਦੀ ਤਰਜ਼ 'ਤੇ ਏਸੀਪੀ ਸਕੀਮ ਬਹਾਲ ਕਰਨੀ ਆਦਿ ਮੰਗਾਂ ਨੂੰ ਲੈ ਕੇ 2 ਦਸੰਬਰ ਨੂੰ ਡਾਇਰੈਕਟਰ ਦਫ਼ਤਰ ਵਿਖੇ ਰੋਸ ਧਰਨਾ ਦਿੱਤਾ ਜਾਵੇਗਾ।ਉਨ੍ਹਾਂ ਚੇਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਸਰਕਾਰ ਨੇ ਉਨ੍ਹਾਂ ਦੀਆਂ ਜਲਦੀ ਮੰਗਾਂ ਨਾ ਮੰਨੀਆਂ ਤਾਂ ਜ਼ਿਲ੍ਹੇ ਵਿੱਚ ਰੋਸ ਧਰਨਾ ਦਿੱਤਾ ਜਾਵੇਗਾ।ਇਸ ਸਮੇਂ ਹਰਦੀਪ ਸਿੰਘ ਇਲਾਵਾ ਬਲਜੀਤ ਕੌਰ, ਗੁਰਮੀਤ ਕੌਰ, ਕਿਰਨਪਾਲ ਕੌਰ, ਇੰਦਰਜੀਤ ਕੌਰ, ਸੰਗੀਤਾ ਧਾਮੀ, ਬਲਵਿੰਦਰ ਕੌਰ, ਪਰਮਜੀਤ ਕੌਰ, ਸੋਮਾ, ਜਸਵਿੰਦਰ ਕੌਰ, ਗੁਰਦੇਵ ਸਿੰਘ, ਰਮੇਸ਼ ਕੁਮਾਰ, ਅਰਵਿੰਦਰ ਸਿੰਘ, ਰਮਨ ਕੁਮਾਰ, ਮਨਜੀਤ ਸਿੰਘ, ਪਲਵਿੰਦਰ ਸਿੰਘ, ਦਵਿੰਦਰ ਸਿੰਘ, ਕੁਲਵਿੰਦਰ ਸਿੰਘ, ਬਲਦੇਵ ਸਿੰਘ, ਸੁਖਵਿੰਦਰ ਸਿੰਘ, ਸੁਖਦੇਵ ਸਿੰਘ ਨੇ ਕਿਹਾ ਕਿ ਧਰਨੇ ਵਿੱਚ ਵੱਡੀ ਪੱਧਰ 'ਤੇ ਸ਼ਮੂਲੀਅਤ ਕੀਤੀ ਜਾਵੇਗੀ।

## ਆਲ ਇੰਡੀਆ ਆਂਗਣਵਾੜੀ ਵਰਕਰ-ਹੈਲਪਰ ਯੂਨੀਅਨ ਏਟਕ ਦੀ ਬਲਾਕ ਪੱਧਰੀ ਮੀਟਿੰਗ



**ਨਿਹਾਲ ਸਿੰਘ ਵਾਲਾ (ਲਵਲੀ ਕੁਮਾਰ)**-ਨਿਹਾਲ ਸਿੰਘ ਵਾਲਾ ਵਿਖੇ ਆਲ ਇੰਡੀਆ ਆਂਗਣਵਾੜੀ ਵਰਕਰ ਹੈਲਪਰ ਯੂਨੀਅਨ ਏਟਕ ਵੱਲੋਂ ਗੁਰਚਰਨ ਕੌਰ ਮੋਗਾ ਤੇ ਬਲਵਿੰਦਰ ਕੌਰ ਖੋਸਾ ਦੀ ਅਗਵਾਈ ਹੇਠ ਬਲਾਕ ਪੱਧਰੀ ਮੀਟਿੰਗ ਕੀਤੀ ਗਈ, ਜਿਸ ਵਿੱਚ ਪ੍ਰਦੀਪ ਕੌਰ ਗਾਜ਼ੀਆਣਾ ਬਲਾਕ ਪ੍ਰਧਾਨ ਤੇ ਹਰਪ੍ਰੀਤ ਕੌਰ ਨਿਹਾਲ ਸਿੰਘ ਵਾਲਾ ਮੀਤ ਪ੍ਰਧਾਨ ਤੇ ਪ੍ਰਿੰਅਕਾ ਰਾਣੀ ਖਜ਼ਾਨਚੀ ਤੇ ਗੁਰਦੀਪ ਕੌਰ ਧੂਰਕੋਟ ਸੈਕਟਰੀ ਨੂੰ ਸਾਰਿਆਂ ਦੀ ਸਹਿਮਤੀ ਨਾਲ ਚੁਣਿਆ ਗਿਆ। ਮੀਟਿੰਗ ਵਿੱਚ ਆਲ ਇੰਡੀਆ ਯੂਨੀਅਨ ਵੱਲੋਂ ਆਪਣੀ ਸੋਚ ਬਾਰੇ ਵਿਚਾਰਾਂ ਤੇ ਮੰਗਾਂ ਸਬੰਧੀ ਚਾਨਣਾ ਪਾਇਆ ਗਿਆ।ਠੇਕਾ ਪ੍ਰਣਾਲੀ ਤੇ ਕੰਮ ਕਰਦੇ ਵਰਕਰਾਂ ਤੇ ਲਾਠੀਚਾਰਜ ਤੇ ਜੇਲ੍ਹਾਂ ਵਿੱਚ ਡੱਕਣ ਦਾ ਸਖ਼ਤ ਵਿਰੋਧ ਕੀਤਾ ਗਿਆ। ਇਸ ਤਰ੍ਹਾਂ ਆਵਾਜ਼ ਦਬਾ ਕੇ ਲੋਕਤੰਤਰ ਦਾ ਘਾਣ ਨਹੀਂ ਹੋਣ ਦਿੱਤਾ ਜਾਵੇਗਾ।ਇਸ ਮੀਟਿੰਗ ਵਿੱਚ ਅਮਰਜੀਤ ਕੌਰ, ਨਿਹਾਲ ਸਿੰਘ ਵਾਲਾ, ਸੁਖਜੀਤ ਕੌਰ ਨਿਹਾਲ ਸਿੰਘ ਵਾਲਾ, ਸਰਬਜੀਤ ਕੌਰ, ਆਸ਼ਾ ਸ਼ਰਮਾ, ਪ੍ਰਭਜੋਤ ਕੌਰ, ਇੰਦਰਜੀਤ ਕੌਰ, ਕੁਲਦੀਪ ਕੌਰ, ਅਮਨਦੀਪ ਕੌਰ, ਨਸੀਬ ਕੌਰ, ਬਲਵਿੰਦਰ ਕੌਰ, ਪਰਮਜੀਤ ਕੌਰ, ਬਲਵਿੰਦਰ ਕੌਰ, ਵੀਰਪਾਲ ਕੌਰ, ਬਲਜੀਤ ਕੌਰ, ਚਰਨਜੀਤ ਕੌਰ, ਦਲਜੀਤ ਕੌਰ, ਗੁਰਮੀਤ ਕੌਰ, ਮਲਕੀਤ ਕੌਰ, ਬਿਮਲਜੀਤ ਕੌਰ, ਚਰਨਜੀਤ ਕੌਰ, ਗੁਰਪ੍ਰੀਤ ਕੌਰ, ਹਰਭਜਨ ਕੌਰ, ਦਿਦਰਜੀਤ ਕੌਰ, ਜਸਪਾਲ ਕੌਰ, ਸੁਰਜੀਤ ਕੌਰ ਆਦਿ ਹਾਜ਼ਰ ਸਨ।

# ਦੇਵ ਸਮਾਜ ਕਾਲਜ ਫਾਰ ਵੂਮੈਨ ਵਿਖੇ ਸਕੂਲ ਪ੍ਰਿੰਸੀਪਲ ਤੇ ਮੁਖੀਆਂ ਦੀ ਮੀਟਿੰਗ

### ਬੱਚਿਆਂ ਦੀ ਗਿਣਤੀ ਵਧਾਉਣਾ ਹੋਵੇਗਾ ਸਾਡਾ ਮੁੱਖ ਟੀਚਾ : ਮੁਨੀਲਾ ਅਰੋੜਾ



**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**

ਦੇਵ ਸਮਾਜ ਕਾਲਜ ਫਾਰ ਵੂਮੈਨ ਵਿਖੇ ਪ੍ਰਿੰਸੀਪਲ ਤੇ ਸਕੂਲ ਮੁਖੀਆਂ ਦੀ ਮੀਟਿੰਗ ਜ਼ਿਲ੍ਹਾ ਸਿੱਖਿਆ ਅਫ਼ਸਰ ਮੁਨੀਲਾ ਅਰੋੜਾ ਦੀ ਯੋਗ ਅਗਵਾਈ ਹੇਠ ਹੋਈ। ਉਨ੍ਹਾਂ ਸਕੂਲਾਂ ਵਿੱਚ ਵਿਦਿਆਰਥੀਆਂ ਦੀ ਗਿਣਤੀ ਵਧਾਉਣ 'ਤੇ ਜ਼ੋਰ ਦਿੱਤਾ। ਇਸ ਮੌਕੇ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਡਾ. ਸਤਿੰਦਰ ਸਿੰਘ ਨੇ ਸਕੂਲਾਂ ਦੇ ਪ੍ਰਬੰਧਾਂ ਨੂੰ ਹੋਰ ਵਧੀਆ ਸੁਚੱਜੇ ਢੰਗ ਨਾਲ ਚਲਾਉਣ ਬਾਰੇ ਵਿਚਾਰ ਚਰਚਾ ਕੀਤੀ। ਇਸ ਦੌਰਾਨ ਡੀ ਐਸ ਐਮ ਸ੍ਰੀ ਦਿਨੇਸ਼ ਚੌਹਾਨ ਨੇ ਮਿਸ਼ਨ ਸਮਰੱਥ ਉੱਤੇ ਵਿਸਥਾਰ ਨਾਲ ਚਰਚਾ ਕੀਤੀ ਤੇ ਭਵਿੱਖ ਵਿਚ ਮਿਸ਼ਨ 4.0 ਸੁਚਾਰੂ ਢੰਗ ਨਾਲ ਚਲਾਉਣ ਬਾਰੇ ਵਿਚਾਰ ਦਿੱਤੇ। ਇਸ ਮੌਕੇ 'ਤੇ ਐਮਆਈਐਸ ਕੋਆਰਡੀਨੇਟਰ ਪਵਨ ਮਦਾਨ ਨੇ ਸਕੂਲ ਵਾਈਜ਼ ਅੰਕੜੇ ਸਾਹਮਣੇ ਰੱਖ ਤੇ ਗੰਭੀਰਤਾ ਨਾਲ ਦਾਖਲੇ ਨੂੰ ਵਧਾਉਣ ਬਾਰੇ ਸਕੂਲ ਮੁਖੀਆਂ ਨੂੰ ਕਿਹਾ। ਇਸ ਮੌਕੇ ਬੋਲਦੇ ਹੋਏ ਪ੍ਰਿੰਸੀਪਲ ਰਕੇਸ਼ ਸ਼ਰਮਾ ਨੇ ਵਿਭਾਗ ਤੋਂ ਪ੍ਰਾਪਤ ਗਰਾਂਟਾਂ ਨੂੰ ਨਿਯਮਾਂ ਅਨੁਸਾਰ ਤੇ ਸਮੇਂ ਸਿਰ ਖਰਚ ਕਰਨ ਬਾਰੇ ਕਿਹਾ ਤੇ ਵਿਦਿਆਰਥੀਆਂ ਦੀ ਗੈਰ-ਹਾਜ਼ਰੀ ਨੂੰ ਕਿਵੇਂ ਘਟਾਇਆ ਜਾ ਸਕਦਾ ਹੈ, ਉਸ ਬਾਰੇ ਵਿਸਥਾਰ ਨਾਲ ਦੱਸਿਆ। ਇਸ ਤੋਂ ਬਾਅਦ ਜ਼ਿਲ੍ਹਾ ਗਾਈਡੈਂਸ ਤੇ ਕੌਂਸਲਰ ਸੰਦੀਪ ਕੰਬੋਜ ਨੇ ਬਿਜ਼ਨੈੱਸ ਬਲਾਸਟਰ ਤੇ ਸਾਈਕੋਮੈਟ੍ਰਿਕ ਟੈਸਟ ਬਾਰੇ ਜਾਣਕਾਰੀ ਦਿੱਤੀ। ਉਮੇਸ਼ ਕੁਮਾਰ ਮੁੱਖ ਅਧਿਆਪਕਾ ਵੱਲੋਂ ਵੀ ਆਪਣੇ ਕੀਮਤੀ ਸੁਝਾਅ ਦਿੱਤੇ ਗਏ। ਇਸ ਦੇ ਨਾਲ ਹੀ ਬੀਆਰਸੀ ਇੰਗਲਿਸ਼ ਹਰਪ੍ਰੀਤ ਸਿੰਘ ਨੇ ਇੰਗਲਿਸ਼ ਹੈਲਪਰ ਪਾਇਲਟ ਪ੍ਰੋਜੈਕਟ ਬਾਰੇ ਸਕੂਲਾਂ ਨੂੰ ਜਾਣਕਾਰੀ ਦਿੱਤੀ। ਇਸ ਮੌਕੇ ਦੇਵ ਸਮਾਜ ਕਾਲਜ ਫਾਰ ਵੂਮੈਨ ਦੇ ਪ੍ਰਿੰਸੀਪਲ ਸੰਗੀਤਾ ਨੇ ਜ਼ਿਲ੍ਹਾ ਸਿੱਖਿਆ ਅਫ਼ਸਰ ਮਨੀਲਾ ਅਰੋੜਾ ਤੇ ਸਮੂਹ ਸਕੂਲ ਮੁਖੀਆਂ ਦਾ ਨਿੱਘਾ ਸਵਾਗਤ ਕੀਤਾ ਤੇ ਹੋਰ ਪਤਵੰਤਿਆਂ ਨੂੰ ਜੀ ਆਇਆਂ ਆਖਿਆ ਅਤੇ ਉਨ੍ਹਾਂ ਨੇ ਆਖਿਆ ਕਿ ਸਿੱਖਿਆ ਦੇ ਖੇਤਰ ਵਿਚ ਸਾਡੀ ਸੰਸਥਾ ਹਮੇਸ਼ਾ ਵਿਭਾਗਾਂ ਦੇ ਨਾਲ ਖੜੀ ਹੈ। ਇਸ ਮੌਕੇ ਆਰ ਸੀ ਪ੍ਰਵੀਨ ਕੁਮਾਰ, ਹਰਪ੍ਰੀਤ ਸਿੰਘ, ਬੂੜ ਸਿੰਘ, ਅਮਿਤ ਆਨੰਦ, ਬੀ ਆਰ ਸੀ ਵਿਸ਼ਾਲ ਗਾਂਧੀ ਨੇ ਸਾਰੇ ਪ੍ਰਬੰਧ ਨੂੰ ਸੁਚਾਰੂ ਢੰਗ ਨਾਲ ਚਲਾਇਆ। ਸਮੂਹ ਬਲਾਕ ਨੋਡਲ ਅਫਸਰ ਤੇ ਸਕੂਲ ਮੁਖੀ, ਸੁਖਚੈਨ ਸਿੰਘ ਸਟੈਨੋ ਮੀਟਿੰਗ ਵਿੱਚ ਹਾਜ਼ਰ ਸਨ।

# ਸ਼੍ਰੋਮਣੀ ਅਕਾਲੀ ਦਲ ਵੱਲੋਂ ਸ਼ੁਤਰਾਣਾ 'ਚ ਜਥੇਬੰਦੀ ਦਾ ਵਿਸਥਾਰ

### ਉਮੀਦਵਾਰ ਦਲ ਦੇ ਚੋਣ ਨਿਸ਼ਾਨ ਤੱਕੜੀ 'ਤੇ ਚੋਣ ਲੜਨਗੇ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**

ਸ਼੍ਰੋਮਣੀ ਅਕਾਲੀ ਦਲ ਨੂੰ ਮਜ਼ਬੂਤ ਕਰਨ ਦੇ ਮਕਸਦ ਨਾਲ ਸ਼ੁਰੂ ਕੀਤੀ ਗਈ ਮੁਹਿੰਮ ਤਹਿਤ ਵਿਧਾਨ ਸਭਾ ਹਲਕਾ ਸ਼ੁਤਰਾਣਾ ਵਿੱਚ ਜਥੇਬੰਦੀ ਦਾ ਵਿਸਥਾਰ ਕਰਦਿਆਂ ਨਵੇਂ ਅਹੁਦੇਦਾਰਾਂ ਦਾ ਐਲਾਨ ਕੀਤਾ ਗਿਆ ਹੈ।ਦਲ ਦੇ ਜ਼ਿਲ੍ਹਾ ਪ੍ਰਧਾਨ ਜਗਮੀਤ ਸਿੰਘ ਹਰਿਆਊ ਨੇ ਯੂਥ ਅਕਾਲੀ ਆਗੂ ਬਚਿੱਤਰ ਸਿੰਘ ਦੇ ਗ੍ਰਹਿ ਵਿਖੇ ਨਵੇਂ ਨਿਯੁਕਤ ਕੀਤੇ ਗਏ ਅਹੁਦੇਦਾਰਾਂ ਦੀ ਸੂਚੀ ਜਾਰੀ ਕੀਤੀ ਗਈ। ਨਵੇਂ ਨਿਯੁਕਤ ਕੀਤੇ ਗਏ ਅਹੁਦੇਦਾਰਾਂ ਸਬੰਧੀ ਜਾਣਕਾਰੀ ਦਿੰਦਿਆਂ ਦਲ ਦੇ ਪ੍ਰੈੱਸ ਸਕੱਤਰ ਅਜੈਬ ਸਿੰਘ ਮੱਲੀ ਨੇ ਦੱਸਿਆ ਕਿ ਜ਼ਿਲ੍ਹਾ ਪ੍ਰਧਾਨ ਜਗਮੀਤ ਸਿੰਘ ਹਰਿਆਊ ਨੇ ਜਥੇਬੰਦੀ ਦਾ ਵਿਸਥਾਰ ਕਰਦੇ ਹੋਏ ਹਲਕਾ ਸ਼ੁਤਰਾਣਾ ਤੋਂ ਸ਼੍ਰੋਮਣੀ ਅਕਾਲੀ ਦਲ ਵੱਲੋਂ 2 ਨਵੇਂ ਹਲਕਾ ਕੋ-ਆਰਡੀਨੇਟਰ ਨਿਯੁਕਤ ਕੀਤੇ ਗਏ ਹਨ, ਜਿਨ੍ਹਾਂ ਵਿੱਚ ਗੁਰਦੀਪ ਸਿੰਘ ਖਾਂਗ ਤੇ ਰਣਜੀਤ ਸਿੰਘ ਸ਼ਾਹੀ ਸ਼ਾਮਲ ਹਨ, ਜਦੋਂਕਿ 16 ਨਵੇਂ ਸਰਕਲ ਪ੍ਰਧਾਨ ਨਿਯੁਕਤ ਕੀਤੇ ਗਏ ਹਨ, ਜਿਨ੍ਹਾਂ ਵਿੱਚ ਸੀਨੀਅਰ ਅਕਾਲੀ ਆਗੂ ਜਥੇਦਾਰ ਗੁਰਦੀਪ ਸਿੰਘ ਖਾਂਗ ਨੂੰ ਸਰਕਲ ਪਾਤੜਾਂ (ਦਿਹਾਤੀ), ਜੋਗਿੰਦਰ ਸਿੰਘ ਬਾਵਾ ਨੂੰ ਸਰਕਲ ਠਰੂਆ, ਰਣਜੀਤ ਸਿੰਘ ਸ਼ਾਹੀ ਸਰਕਲ ਘੱਗਾ (ਸ਼ਹਿਰੀ), ਅਵਤਾਰ ਸਿੰਘ ਦੋਦੜਾ ਨੂੰ ਸਰਕਲ ਕੁਲਾਰਾਂ ਸਰਕਲ ਕਕਰਾਲਾ, ਜਥੇਦਾਰ ਤਰਲੋਕ ਸਿੰਘ ਨੂੰ ਸਰਕਲ ਨਨਹੇੜਾ, ਸਾਹਿਬ ਸਿੰਘ ਨੂੰ ਸਰਕਲ ਬਾਦਸ਼ਾਹਪੁਰ, ਸੁਰਜੀਤ ਸਿੰਘ ਮਾਹਲ ਨੂੰ ਸਰਕਲ ਬਕਰਾਹਾ, ਸਰਕਲ ਅਰਨੋਂ ਦੇ ਪ੍ਰਧਾਨ ਸੁਖਵਿੰਦਰ ਸਿੰਘ, ਸਵਰਨ ਸਿੰਘ ਭੁੱਲਰ ਸਰਕਲ ਗੁਲਾਹੜ, ਕ੍ਰਿਸ਼ਨ ਸਿੰਘ ਸਰਕਲ ਦੁਗਾਲ ਕਲਾਂ, ਨਿਰਮਲ ਸਿੰਘ ਧੂਹੜ ਸਰਕਲ ਘੱਗਾ ਦਿਹਾਤੀ, ਜੀਤ ਸਿੰਘ ਕਲਵਾਣੂ ਸਰਕਲ ਕਲਵਾਣੂ, ਵਿਸ਼ਾਲ ਗੋਇਲ ਸਰਕਲ ਪਾਤਰਾਂ ਸ਼ਹਿਰੀ-1 ਤੇ ਜੋਗਾ ਸਿੰਘ ਸਿੱਧੂ ਸਰਕਲ ਪਾਤੜਾਂ ਸ਼ਹਿਰੀ-2 ਅਤੇ ਬਲਦੇਵ ਸਿੰਘ ਚੀਮਾ ਨੂੰ ਸਰਕਲ ਸ਼ੁਤਰਾਣਾ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ।ਇਸ ਦੌਰਾਨ ਜ਼ਿਲ੍ਹਾ ਪ੍ਰਧਾਨ ਹਰਿਆਊ ਨੇ ਦੱਸਿਆ ਕਿ ਆਉਣ ਵਾਲੀਆਂ ਬਲਾਕ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਲਈ ਸ਼੍ਰੋਮਣੀ ਅਕਾਲੀ ਦਲ ਪੂਰੀ ਤਰ੍ਹਾਂ ਤਿਆਰ ਹੈ ਤੇ ਸਾਰੇ ਜ਼ੋਨਾਂ ਤੋਂ ਚੋਣ ਮੈਦਾਨ ਵਿੱਚ ਉਤਾਰੇ ਗਏ ਉਮੀਦਵਾਰ ਦਲ ਦੇ ਚੋਣ ਨਿਸ਼ਾਨ ਤੱਕੜੀ ਉੱਤੇ ਚੋਣ ਲੜਨਗੇ।ਉਨ੍ਹਾਂ ਦੱਸਿਆ ਕਿ ਉਮੀਦਵਾਰਾਂ ਦਾ ਰਸਮੀ ਐਲਾਨ ਜਲਦੀ ਕਰ ਦਿੱਤਾ ਜਾਵੇਗਾ।

## ਢੀਂਡਸਾ ਪਿੰਡ 'ਚੋਂ ਚੁੱਕਿਆ ਸ਼ਰਾਬ ਦਾ ਠੇਕਾ



**ਲਹਿਰਾਗਾਗਾ (ਰੀਤਵਾਲ)**-ਨਜਾਇਜ਼ ਤੌਰ 'ਤੇ ਖੋਲ੍ਹਿਆ ਠੇਕਾ ਬੰਦ ਕਰਾਉਣ ਦੀ ਮੰਗ ਸਬੰਧੀ ਲੱਗੀ ਖਬਰ ਦਾ ਅਸਰ ਉਦੋਂ ਦੇਖਣ ਨੂੰ ਮਿਲਿਆ, ਜਦੋਂ ਪਿੰਡ ਢੀਂਡਸਾ ਤੋਂ ਸ਼ਰਾਬ ਦਾ ਠੇਕਾ ਚੁੱਕਿਆ ਗਿਆ।ਇਸ ਸਬੰਧੀ ਪਿੰਡ ਦੀ ਸਮੂਹ ਪੰਚਾਇਤ, ਸਰਪੰਚ ਤਜਿੰਦਰ ਪਾਲ ਸਿੰਘ, ਭਾਰਤੀ ਕਿਸਾਨ ਯੂਨੀਅਨ ਸਿੱਧੂਪੁਰ ਦੇ ਇਕਾਈ ਪ੍ਰਧਾਨ ਚਮਕੌਰ ਸਿੰਘ, ਉਗਰਾਹਾਂ ਦੇ ਪ੍ਰਧਾਨ ਰਾਮ ਸਿੰਘ, ਸ਼ਹੀਦ ਕਰਤਾਰ ਸਿੰਘ ਸਰਾਭਾ ਸਪੋਰਟਸ ਕਲੱਬ ਦੇ ਪ੍ਰਧਾਨ ਗੁਰਦੀਪ ਸਿੰਘ, ਲਾਇਬ੍ਰੇਰੀ ਕਮੇਟੀ ਦੇ ਪ੍ਰਧਾਨ ਜਸਪਾਲ ਸਿੰਘ, ਖੇਤ ਮਜ਼ਦੂਰ ਯੂਨੀਅਨ ਦੇ ਪ੍ਰਧਾਨ ਲੀਲਾ ਸਿੰਘ, ਗੁਰਜਿੰਦਰ ਸਿੰਘ ਪੰਚ, ਲਾਭ ਸਿੰਘ ਪੰਚ, ਦੌਲਤ ਸਿੰਘ, ਗੁਰਦੀਪ ਸਿੰਘ, ਜਗਤਾਰ ਸਿੰਘ, ਆਤਮਾ ਸਿੰਘ, ਜਗਸੀਰ ਸਿੰਘ, ਸਾਬਕਾ ਪੰਚਾਇਤ ਤੇ ਨਗਰ ਨਿਵਾਸੀਆਂ ਨੇ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ, ਜਿਨ੍ਹਾਂ ਦੀ ਖਬਰ ਸਦਕਾ ਪਿੰਡ ਵਿੱਚੋਂ ਨਜਾਇਜ਼ ਸ਼ਰਾਬ ਦਾ ਠੇਕਾ ਚੁੱਕਿਆ ਗਿਆ।ਇਸ ਸਮੇਂ ਉਪਰੋਕਤ ਆਗੂਆਂ ਨੇ ਦੱਸਿਆ ਕਿ ਇਹ ਪਿੰਡ ਦੇ ਏਕੇ ਦਾ ਸਬੂਤ ਵੀ ਹੈ, ਜਿਸ ਵਿੱਚ ਢੀਂਡਸਾ ਵਿਖੇ ਸਮੂਹ ਜਥੇਬੰਦੀਆਂ ਵੱਲੋਂ ਜੋ ਸ਼ਰਾਬ ਦੇ ਠੇਕੇਦਾਰ ਪਿਛਲੇ ਲੰਮੇ ਸਮੇਂ ਤੋਂ ਪਿੰਡ ਵਿੱਚ ਸ਼ਰਾਬ ਵੇਚ ਰਿਹਾ ਸੀ, ਚੁਕਵਾਇਆ ਗਿਆ।ਇਹ ਠੇਕਾ ਪੁਲਸ ਪ੍ਰਸ਼ਾਸਨ ਨਾਲ ਲੰਮੇ ਸਮੇਂ ਤੋਂ ਜੱਦੋ ਜਹਿਦ ਤੋਂ ਬਾਅਦ ਚੁਕਵਾਇਆ ਗਿਆ।ਇਸ ਸਮੇ ਠੇਕੇਦਾਰਾਂ ਤੇ ਪ੍ਰਸ਼ਾਸਨ ਵੱਲੋਂ ਵਿਸ਼ਵਾਸ ਦਵਾਇਆ ਗਿਆ ਕਿ ਠੇਕੇਦਾਰਾਂ ਵੱਲੋਂ ਪਿੰਡ 'ਚ ਨਜਾਇਜ਼ ਸ਼ਰਾਬ ਦੀ ਵਿਕਰੀ ਨਹੀਂ ਹੋਵੇਗੀ।

## ਦੋ ਨੌਜਵਾਨਾਂ ਨੂੰ ਵਿਦੇਸ਼ ਭੇਜਣ ਦਾ ਝਾਂਸਾ ਦੇ ਕੇ 8 ਲੱਖ ਠੱਗੇ, ਮਾਮਲਾ ਦਰਜ

**ਫਿਰੋਜ਼ਪੁਰ (ਗੁਰਬਚਨ ਸਿੰਘ)**-ਦੋ ਨੌਜਵਾਨਾਂ ਨੂੰ ਵਿਦੇਸ਼ ਭੇਜਣ ਦਾ ਝਾਂਸਾ ਦੇ ਕੇ 8 ਰੁਪਏ ਦੀ ਠੱਗੀ ਮਾਰਨ ਵਾਲੇ ਦੋ ਵਿਅਕਤੀਆਂ ਖਿਲਾਫ ਥਾਣਾ ਸਦਰ ਫਿਰੋਜ਼ਪੁਰ ਪੁਲਸ ਨੇ 318 (4), 61 (2) ਬੀਐੱਨਐੱਸ 13 ਪੰਜਾਬ ਟਰੈਵਲਜ਼ ਐਂਡ ਪ੍ਰੋਫੈਸ਼ਨਲ (ਰੈਗੂਲੇਸ਼ਨ ਐਕਟ) ਤਹਿਤ ਮਾਮਲਾ ਦਰਜ ਕੀਤਾ ਹੈ।ਸੁਖਵਿੰਦਰ ਸਿੰਘ ਐੱਸਡੀ ਐੱਸਪੀ ਸਿਟੀ ਫਿਰੋਜ਼ਪੁਰ ਨੇ ਦੱਸਿਆ ਕਿ ਦਰਖਾਸਤ ਨੰਬਰ ਯੂਆਈਡੀ ਨੰਬਰ 597467 ਮਿਤੀ 12 ਜੂਨ 2025 ਵੱਲੋਂ ਗੁਰਸਾਹਿਬ ਸਿੰਘ ਪੁੱਤਰ ਹਰਬੰਸ ਸਿੰਘ ਵਾਸੀ ਪਿੰਡ ਸਾਬੂਆਣਾ ਅਤੇ ਲਵਪ੍ਰੀਤ ਸਿੰਘ ਪੁੱਤਰ ਬਲਜਿੰਦਰ ਸਿੰਘ ਵਾਸੀ ਪੱਲਾ ਮੇਘਾ ਨੇ ਦੱਸਿਆ ਕਿ ਮੋਰੇਸ਼ੀਅਸ ਵਿੱਚ ਵਰਕ ਵੀਜ਼ੇ 'ਤੇ ਜਾਣ ਵਾਸਤੇ ਗਗਨਦੀਪ ਸਿੰਘ ਪੁੱਤਰ ਰਜਿੰਦਰ ਸਿੰਘ ਵਾਸੀ ਬਸਤੀ ਦਾਨਿਸ਼ਮੰਦਾ ਜਲੰਧਰ ਤੇ ਵਿਸ਼ਾਲ ਸ਼ਰਮਾ, ਮਾਲਕ ਸ਼ਾਮ ਆਰਟਸ ਨੇੜੇ ਮਿਲਾਪ ਚੌਂਕ ਜਲੰਧਰ ਸ਼ਹਿਰ ਨਾਲ ਗੱਲਬਾਤ ਕੀਤੀ ਸੀ।ਗੁਰਸਾਹਿਬ ਸਿੰਘ ਤੇ ਲਵਪ੍ਰੀਤ ਸਿੰਘ ਨੇ ਦੱਸਿਆ ਕਿ ਵਿਸ਼ਾਲ ਸ਼ਰਮਾ ਅਤੇ ਗਗਨਦੀਪ ਸਿੰਘ ਨੇ ਉਨ੍ਹਾਂ ਨੂੰ ਆਪਣੇ ਭਰੋਸੇ ਵਿਚ ਲੈ ਕੇ ਉਨ੍ਹਾਂ ਪਾਸੋਂ 4-4 ਲੱਖ ਰੁਪਏ ਨਕਦ ਹਾਸਲ ਕੀਤੇ ਤੇ ਵਿਦੇਸ਼ ਭੇਜਣ ਦਾ ਝਾਂਸਾ ਦੇ ਕੇ ਸਾਡੇ ਪਾਸੋਂ 8 ਲੱਖ ਰੁਪਏ ਨਗਦ ਵਸੂਲ ਪਾਏ ਹਨ ਅਤੇ ਵਾਅਦੇ ਮੁਤਾਬਕ ਵਿਦੇਸ਼ ਵਿਚ ਸੈਟਲ ਨਹੀਂ ਕੀਤਾ।ਜਾਂਚਕਰਤਾ ਸੁਖਵਿੰਦਰ ਸਿੰਘ ਐੱਸਡੀ ਐੱਸਪੀ ਸਿਟੀ ਫਿਰੋਜ਼ਪੁਰ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਉਕਤ ਦੋਸ਼ੀਅਨ ਖਿਲਾਫ ਮਾਮਲਾ ਦਰਜ ਕਰ ਲਿਆ ਗਿਆ ਹੈ।

# ਕੰਚਨਪ੍ਰੀਤ ਦੀ ਗ੍ਰਿਫ਼ਤਾਰੀ ਸਿਆਸੀ ਬਦਲਾਖ਼ੋਰੀ ਦਾ ਨਤੀਜਾ : ਸੰਨੀ ਗਿੱਲ

### ਸ਼੍ਰੋਮਣੀ ਅਕਾਲੀ ਦਲ ਕਰੇਗਾ ਇਸ ਦਾ ਡਟਵਾਂ ਵਿਰੋਧ



**ਮੋਗਾ (ਇਕਬਾਲ ਸਿੰਘ ਖਹਿਰਾ)**-ਹਲਕਾ ਤਰਨਤਾਰਨ ਤੋਂ ਜ਼ਿਮਨੀ ਚੋਣ ਲੜੀ ਸ਼੍ਰੋਮਣੀ ਅਕਾਲੀ ਦਲ ਦੀ ਉਮੀਦਵਾਰ ਬੀਬੀ ਸੁਖਵਿੰਦਰ ਕੌਰ ਰੰਧਾਵਾ ਦੀ ਬੇਟੀ ਕੰਚਨਪ੍ਰੀਤ ਕੌਰ ਨੂੰ ਉਸ ਸਮੇਂ ਗ੍ਰਿਫਤਾਰ ਕਰ ਲਿਆ ਗਿਆ, ਜਦੋਂ ਉਹ ਆਪਣੇ ਸਮੱਰਥਕਾਂ ਤੇ ਅਕਾਲੀ ਦਲ ਦੇ ਆਗੂਆਂ ਨਾਲ ਪੁੱਛਗਿੱਛ ਲਈ ਪੁਲਸ ਕੋਲ ਆਈ ਸੀ, ਪਰ ਉਸ ਨੂੰ ਮਜੀਠਾ ਪੁਲਸ ਨੇ ਗ੍ਰਿਫਤਾਰ ਕਰ ਲਿਆ ਅਤੇ ਇਹ ਗ੍ਰਿਫਤਾਰੀ ਸਤਾਧਾਰੀ ਸਰਕਾਰ ਨੇ ਸਿਆਸੀ ਬਦਲਾਖ਼ੋਰੀ ਤਹਿਤ ਕੀਤੀ ਹੈ, ਜਿਸ ਤੋਂ ਇਹ ਸਾਬਿਤ ਹੋ ਗਿਆ ਹੈ ਕਿ ਦਿਨੋਂ ਦਿਨ ਹੋ ਰਹੀ ਸ਼੍ਰੋਮਣੀ ਅਕਾਲੀ ਦਲ ਦੀ ਚੜ੍ਹਤ ਤੋਂ ਆਪ ਸਰਕਾਰ ਬੁਖਲਾਹਟ ਵਿੱਚ ਆ ਗਈ ਹੈ, ਕਿਉਂਕਿ ਤਰਨਤਾਰਨ ਜ਼ਿਮਨੀ ਚੋਣ ਵਿੱਚ ਆਪ ਸਰਕਾਰ ਨੇ ਆਪਣੀ ਨੈਤਿਕ ਹਾਰ ਮੰਨ ਲਈ ਸੀ ਤੇ ਲੋਕਤੰਤਰ ਨੂੰ ਛਿੱਕੇ ਟੰਗ ਕੇ ਇਹ ਸੀਟ ਜਿੱਤੀ ਸੀ।ਇਹ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਹਲਕਾ ਮੋਗਾ ਦੇ ਇੰਚਾਰਜ ਸੰਜੀਤ ਸਿੰਘ ਸੰਨੀ ਗਿੱਲ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕੀਤਾ। ਉਨ੍ਹਾਂ ਕਿਹਾ ਕਿ ਜ਼ਿਮਨੀ ਚੋਣ ਦੌਰਾਨ ਵੀ ਸ਼੍ਰੋਮਣੀ ਅਕਾਲੀ ਦਲ ਦੇ ਜੁਝਾਰੂ ਵਰਕਰਾਂ ਤੇ ਆਗੂਆਂ 'ਤੇ ਪੁਲਸ ਨੇ ਝੂਠੇ ਪਰਚੇ ਦਰਜ ਕੀਤੇ ਸਨ ਤੇ ਉਸ ਦਾ ਇਨਸਾਫ਼ ਲੈਣ ਲਈ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਮਾਣਯੋਗ ਅਦਾਲਤ ਵਿੱਚ ਗਏ ਸਨ ਤੇ ਮਾਣਯੋਗ ਅਦਾਲਤ ਨੇ ਉਨ੍ਹਾਂ ਦਰਜ ਪਰਚਿਆਂ ਨੂੰ ਬੇਵਜ੍ਹਾ ਤੇ ਰੰਜਿਸ਼ਨ ਦੱਸ ਕੇ ਪਰਚੇ ਰੱਦ ਕਰਨ ਦੇ ਹੁਕਮ ਦੇ ਦਿੱਤੇ ਸਨ ਤੇ ਇਸ ਲੜਾਈ ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਜਿੱਤ ਹੋਈ ਸੀ ਅਤੇ ਹੁਣ ਵੀ ਸ਼੍ਰੋਮਣੀ ਅਕਾਲੀ ਦਲ ਕੰਚਨਪ੍ਰੀਤ ਕੌਰ ਦੇ ਹੱਕ ਵਿੱਚ ਚੁੱਪ ਨਹੀਂ ਬੈਠੇਗਾ ਅਤੇ ਜਿੰਨੀਂ ਵੀ ਲੜਾਈ ਲੜਨੀ ਪਈ, ਲੜੀ ਜਾਵੇਗੀ ਅਤੇ ਇਸ ਗ੍ਰਿਫਤਾਰੀ ਲਈ ਮਾਣਯੋਗ ਅਦਾਲਤ ਦਾ ਦਰਵਾਜ਼ਾ ਵੀ ਖਟਖਟਾਇਆ ਜਾਵੇਗਾ।ਸੰਜੀਤ ਸਿੰਘ ਸੰਨੀ ਗਿੱਲ ਨੇ ਕਿਹਾ ਕਿ ਸੱਤਾਧਾਰੀ ਸਰਕਾਰ ਅਕਾਲੀ ਦਲ ਦੇ ਜੁਝਾਰੂ ਵਰਕਰਾਂ ਤੇ ਜਿੰਨੇ ਵੀ ਝੂਠੇ ਪਰਚੇ ਦਰਜ ਕਰੇ, ਉਹ ਡਰਨ ਵਾਲੇ ਨਹੀਂ ਤੇ ਸਰਕਾਰ ਦੇ ਇਸ ਜਬਰ ਦਾ ਮੁਕਾਬਲਾ ਕੀਤਾ ਜਾਵੇਗਾ।ਉਨ੍ਹਾਂ ਕਿਹਾ ਕਿ ਅੱਜ ਆਪ ਸਰਕਾਰ ਦੀਆਂ ਬਦਲਾਖ਼ੋਰੀ ਨੀਤੀਆਂ ਨੂੰ ਸੂਬੇ ਦੇ ਲੋਕ ਭਲੀਭਾਂਤ ਸਮਝ ਚੁੱਕੇ ਹਨ ਤੇ ਇਸ ਦਾ ਠੋਕਵਾਂ ਜਵਾਬ ਸਾਲ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਦੇਣਗੇ।

## 'ਮੇਰੀ ਸਿੱਖੀ ਮੇਰੀ ਪਹਿਚਾਣ' ਗੁਰਮਤਿ ਸਮਾਗਮ ਦੇ ਸੈਮੀ-ਫਾਈਨਲ ਮੁਕਾਬਲੇ




**ਜਗਰਾਉਂ (ਅਮਿਤ ਖੰਨਾ)**-ਜੀ ਐੱਚ ਜੀ ਅਕੈਡਮੀ ਕੋਠੇ ਬੱਗੂ ਜਗਰਾਓਂ ਵਿੱਚ ਅੱਜ ਰਚਨਾਤਮਕਤਾ ਤੇ ਜੋਸ਼ ਦਾ ਖੂਬਸੂਰਤ ਨਜ਼ਾਰਾ ਦੇਖਣ ਨੂੰ ਮਿਲਿਆ।ਸਕੂਲ ਵਿੱਚ ਲਗਾਈ ਗਈ ਪ੍ਰਦਰਸ਼ਨੀ ਵਿੱਚ ਵਿਦਿਆਰਥੀਆਂ ਨੇ ਵਿਗਿਆਨ, ਤਕਨੀਕ, ਵਾਤਾਵਰਣ, ਗਣਿਤ ਤੇ ਸਮਾਜਿਕ ਵਿਸ਼ਿਆਂ ਨਾਲ ਸੰਬੰਧਤ ਆਪਣੇ ਕੰਮ ਕਰਦੇ ਮਾਡਲ ਸ਼ਾਨਦਾਰ ਢੰਗ ਨਾਲ ਪੇਸ਼ ਕੀਤੇ।ਸਭ ਨੇ ਬੱਚਿਆਂ ਦੀ ਮਿਹਨਤ ਤੇ ਕਾਬਲਿਯਤ ਦੀ ਤਾਰੀਫ਼ ਕੀਤੀ।ਇਸ ਦੇ ਨਾਲ ਹੀ ਸਕੂਲ ਵਿੱਚ 'ਮੇਰੀ ਸਿੱਖੀ ਮੇਰੀ ਪਹਿਚਾਣ-ਗੁਰਮਤਿ ਸਮਾਗਮ' ਮੁਕਾਬਲੇ ਦਾ ਸੈਮੀ-ਫਾਈਨਲ ਰਾਊਂਡ ਵੀ ਕਰਵਾਇਆ ਗਿਆ।ਵਿਦਿਆਰਥੀਆਂ ਨੇ ਲਿਖਤੀ ਟੈਸਟ ਵਿੱਚ ਬੜੇ ਉਤਸ਼ਾਹ ਨਾਲ ਭਾਗ ਲਿਆ ਤੇ ਸਿੱਖ ਇਤਿਹਾਸ ਤੇ ਮੁੱਲਾਂ ਬਾਰੇ ਆਪਣੀ ਵਧੀਆ ਜਾਣਕਾਰੀ ਦਿਖਾਈ। ਇਸ ਸਮਾਗਮ ਨੇ ਸਕੂਲ ਦੀ ਸਮੁੱਚੀ ਸਿੱਖਿਆ ਪ੍ਰਤੀ ਲਗਨ ਨੂੰ ਦਰਸਾਇਆ, ਜਿੱਥੇ ਵਿਗਿਆਨਕ ਨਵੀਂ ਸੋਚ ਤੇ ਸਭਿਆਚਾਰਕ ਮੁੱਲ ਦੋਵਾਂ ਨੂੰ ਇੱਕੋ ਜਿਹੀ ਥਾਂ ਮਿਲਦੀ ਹੈ।ਸਕੂਲ ਦੇ ਪ੍ਰਿੰਸੀਪਲ, ਮਾਪਿਆਂ ਤੇ ਸਟਾਫ ਨੇ ਵਿਦਿਆਰਥੀਆਂ ਦੀ ਮਿਹਨਤ ਦੀ ਭਰਪੂਰ ਪ੍ਰਸ਼ੰਸਾ ਕੀਤੀ।

## ਭਗੌੜੇ ਠੱਗ ਦੀ ਭਾਲ 'ਚ ਮੁਰਾਦਾਬਾਦ ਪੁਲਸ ਸਮਾਣਾ ਪਹੁੰਚੀ



**ਸਮਾਣਾ (ਗੁਰਪਿਆਰ ਸਿੰਘ ਬੱਲ)**-ਸਮਾਣਾ ਦੀ ਮਲਕਾਣਾ ਪੱਤੀ ਨਿਵਾਸੀ ਵਿਮਲ ਭਾਟੀਆ ਪੁੱਤਰ ਵੀਰ ਭਾਨ, ਜਿਸ ਖਿਲਾਫ ਕਰੋੜਾਂ ਦੀ ਠੱਗੀ ਦਾ ਕੇਸ ਮੁਕੱਦਮਾ ਨੰਬਰ 654/24 ਥਾਣਾ ਮੁਰਾਪਾਡੇਂ ਜ਼ਿਲ੍ਹਾ ਮੁਰਾਦਾਬਾਦ ਵਿਖੇ ਦਰਜ ਹੈ।ਵਿਮਲ ਭਾਟੀਆ ਪੁਲਸ ਨੂੰ ਇਸ ਕੇਸ ਵਿੱਚ ਲੋੜੀਂਦਾ ਹੈ। ਦੋਸ਼ੀ ਦੀ ਭਾਲ ਵਿੱਚ ਸਬ ਇੰਸਪੈਕਟਰ ਮੁਕੇਸ਼ ਕੁਮਾਰ ਥਾਣਾ ਸ਼ਹਿਰੀ ਸਮਾਣਾ ਦੀ ਪੁਲਸ ਨੂੰ ਨਾਲ ਲੈ ਕੇ ਉਸ ਦੇ ਘਰ ਗਈ, ਪਰ ਉਹ ਘਰ ਨਹੀਂ ਮਿਲਿਆ। ਪੁਲਸ ਨੇ ਕਥਿਤ ਦੋਸ਼ੀ ਦੇ ਘਰ ਦੇ ਬਾਹਰ ਅਦਾਲਤ ਵੱਲੋਂ ਜਾਰੀ ਨੋਟਿਸ ਚਸਪਾ ਦਿੱਤਾ, ਜਿਸ ਵਿੱਚ ਅਦਾਲਤ ਨੇ ਵਿਮਲ ਭਾਟੀਆ ਨੂੰ ਅਪਰ ਨਿਆਇਕ ਜੱਜ ਕੋਰਟ ਨੰਬਰ 6 ਜਨਪਦ ਮੁਰਾਦਾਬਾਦ ਵਿਖੇ ਪੇਸ਼ ਹੋਣ ਲਈ ਹੁਕਮ ਦਿੱਤਾ ਹੈ। ਮਾਨਯੋਗ ਅਦਾਲਤ ਨੇ ਕੋਰਟ ਵਿੱਚ ਪੇਸ਼ ਨਾ ਹੋਣ ਦੀ ਸੂਰਤ ਵਿੱਚ ਉਸ ਖਿਲਾਫ ਕੁਰਕੀ ਦੇ ਆਦੇਸ਼ ਜਾਰੀ ਕਰਨ ਦੀ ਤਾੜਨਾ ਕੀਤੀ ਹੈ।

# ਪ੍ਰਧਾਨ ਲਖਵੀਰ ਵੱਲੋਂ ਮਾਤਾ-ਪਿਤਾ ਦੀ ਯਾਦ 'ਚ ਅੱਖਾਂ ਦੀ ਜਾਂਚ ਤੇ ਅਪ੍ਰੇਸ਼ਨ ਕੈਂਪ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਬਿਰਧ ਆਸ਼ਰਮ ਸੇਵਾ ਸੁਸਾਇਟੀ ਮਹਿਲ ਕਲਾਂ ਦੇ ਪ੍ਰਧਾਨ ਲਖਵੀਰ ਸਿੰਘ ਗੰਗੋਹਰ ਵੱਲੋਂ ਆਪਣੇ ਪਿਤਾ ਸ੍ਰ. ਬਖਸ਼ੀਸ਼ ਸਿੰਘ ਸੱਗੂ, ਮਾਤਾ ਦਲੀਪ ਕੌਰ ਸੱਗੂ ਦੀ ਯਾਦ ਨੂੰ ਸਮਰਪਤ ਅੱਖਾਂ ਦਾ 29ਵਾਂ ਸਾਲਾਨਾ ਮੁਫ਼ਤ ਚੈੱਕਅਪ ਤੇ ਆਪ੍ਰੇਸ਼ਨ ਕੈਂਪ ਬਿਰਧ ਆਸ਼ਰਮ ਮਹਿਲ ਕਲਾਂ ਵਿਖੇ ਲਗਾਇਆ ਗਿਆ, ਜਿਸ ਦਾ ਉਦਘਾਟਨ ਚੇਅਰਮੈਨ ਵਿਸ਼ੇਸ਼ ਅਧਿਕਾਰ ਕਮੇਟੀ ਹਲਕਾ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਨੇ ਕੀਤਾ।ਵਿਧਾਇਕ ਪੰਡੋਰੀ ਨੇ ਪ੍ਰਬੰਧਕਾਂ ਦੇ ਇਸ ਸਮਾਜ ਸੇਵੀ ਉੱਦਮ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਸਾਨੂੰ ਅਜਿਹੇ ਲੋਕ ਭਲਾਈ ਦੇ ਕਾਰਜ ਪਿੰਡ-ਪਿੰਡ ਵਿੱਚ ਕਰਨੇ ਚਾਹੀਦੇ ਹਨ, ਤਾਂ ਜੋ ਲੋੜਵੰਦ ਲੋਕ ਇਸ ਦਾ ਲਾਭ ਲੈ ਸਕਣ।ਉਨ੍ਹਾਂ ਆਪਣੇ ਵੱਲੋਂ ਇਸ ਸੰਸਥਾ ਲਈ ਹਰ ਸੰਭਵ ਸਹਿਯੋਗ ਦੇਣ ਦਾ ਭਰੋਸਾ ਦੁਆਇਆ।ਨਾਨਕਸਰ ਠਾਠ ਮਹਿਲ ਕਲਾਂ ਦੇ ਮੁੱਖ ਸੇਵਾਦਾਰ ਸੰਤ ਬਾਬਾ ਕੇਹਰ ਸਿੰਘ ਨੇ ਸਮਾਜ ਸੇਵੀ ਲਖਵੀਰ ਸਿੰਘ ਗੰਗੋਹਰ ਵੱਲੋਂ ਲੰਬੇ ਸਮੇਂ ਤੋਂ ਸਮਾਜ ਸੇਵਾ ਨੂੰ ਸਮਰਪਤ ਹੋ ਕੇ ਬੇਸਹਾਰਾ ਬਜ਼ੁਰਗਾਂ ਦੀ ਸਾਂਭ ਸੰਭਾਲ ਕਰਨ ਤੋਂ ਇਲਾਵਾ ਅਦੇਸ਼ ਹਸਪਤਾਲ ਬਠਿੰਡਾ ਸਮੇਤ ਵੱਖ-ਵੱਖ ਹਸਪਤਾਲਾਂ 'ਚ ਲੋੜਵੰਦਾਂ ਲਈ ਹਰ ਰੋਜ਼ ਲੰਗਰਾਂ ਦੇ ਪ੍ਰਬੰਧ ਕਰਨ ਲਈ ਨਿਭਾਈਆਂ ਜਾ ਰਹੀਆਂ ਸੇਵਾਵਾਂ ਸ਼ਲਾਘਾਯੋਗ ਹੈ।ਬਾਠ ਚੈਰੀਟੇਬਲ ਹਸਪਤਾਲ ਜਲਾਲਦੀਵਾਲ ਦੇ ਮੁੱਖ ਪ੍ਰਬੰਧਕ ਅੱਖਾਂ ਦੇ ਮਾਹਰ ਡਾ: ਗੁਰਲਾਭ ਸਿੰਘ ਦੀ ਅਗਵਾਈ ਹੇਠ ਸਹਿਯੋਗੀ ਟੀਮ ਡਾ: ਦੀਪਇੰਦਰ ਸਿੰਘ, ਗੁਰਨੈਬ ਸਿੰਘ ਭਾਈ ਰੂਪਾ, ਗੁਰਸ਼ਰਨ ਸਿੰਘ, ਬਿੱਟੂ ਅਲਬੇਲਾ ਵੱਲੋਂ 400 ਮਰੀਜ਼ਾਂ ਦੀ ਜਾਂਚ ਕਰਨ ਉਪਰੰਤ 120 ਲੋੜਵੰਦ ਮਰੀਜ਼ਾਂ ਨੂੰ ਆਪ੍ਰੇਸ਼ਨ ਲਈ ਚੁਣ ਕੇ ਰੈਫਰ ਕੀਤਾ।ਮੁੱਖ ਪ੍ਰਬੰਧਕ ਲਖਬੀਰ ਸਿੰਘ ਗੰਗੋਹਰ ਨੇ ਇਸ ਕੈਂਪ ਦੀ ਸਫਲਤਾ ਲਈ ਸਹਿਯੋਗ ਦੇਣ 'ਤੇ ਸਭ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਲੋਕ ਸੇਵਾ ਮੁਹਿੰਮ ਨੂੰ ਨਿਰੰਤਰ ਜਾਰੀ ਰੱਖਿਆ ਜਾਵੇਗਾ।ਉਨ੍ਹਾਂ ਵਿਧਾਇਕ ਪੰਡੋਰੀ, ਡਾਕਟਰਾਂ ਦੀ ਟੀਮ ਸਮੇਤ ਵੱਖ-ਵੱਖ ਸ਼ਖਸੀਅਤਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ।ਇਸ ਮੌਕੇ ਹਲਕਾ ਇੰਚਾਰਜ ਨਾਥ ਸਿੰਘ ਹਮੀਦੀ, ਐੱਸ ਐੱਮ ਓ ਡਾ: ਗੁਰਤੇਜਿੰਦਰ ਕੌਰ, ਬਾਬਾ ਬੱਗਾ ਸਿੰਘ ਨਾਨਕਸਰ ਵਿਰਕਾਂ, ਬਾਬਾ ਸ਼ੇਰ ਸਿੰਘ ਖ਼ਾਲਸਾ, ਐੱਸ ਐੱਚ ਓ ਸਰਬਜੀਤ ਸਿੰਘ ਰੰਗੀਆਂ, ਸਰਪੰਚ ਸਰਬਜੀਤ ਸਿੰਘ ਸ਼ੰਭੂ, ਸਰਪੰਚ ਕਿਰਨਾ ਰਾਣੀ ਬਾਂਸਲ, ਭਾਈ ਜਗਸੀਰ ਸਿੰਘ ਖ਼ਾਲਸਾ, ਸੇਵਾਦਾਰ ਭਾਈ ਸੁਖਚੈਨ ਸਿੰਘ, ਬਾਬਾ ਭੁਪਿੰਦਰਪਾਲ ਸ਼ਰਮਾ, ਕਾਕਾ ਰਵਨੀਤ ਸਿੰਘ ਪੰਡੋਰੀ, ਬ੍ਰਹਮ ਕਿਸ਼ੋਰ ਦੱਤ, ਸੁਖਵਿੰਦਰ ਸਿੰਘ ਭੋਲਾ, ਬੂਟਾ ਸਿੰਘ ਪਾਲ, ਬਲਵਿੰਦਰ ਸਿੰਘ ਖੁਰਮੀ, ਲਛਮਣ ਸਿੰਘ ਵਜੀਦਕੇ, ਮਹਿੰਦਰ ਸਿੰਘ ਪੰਡੋਰੀ, ਜੋਗਿੰਦਰ ਸਿੰਘ ਢਿੱਲੋਂ ਆਦਿ ਹਾਜ਼ਰ ਸਨ।

# ਰੋਡਵੇਜ਼ ਕਾਮਿਆਂ ਦੇ ਸੰਘਰਸ਼ ਨੂੰ ਡੰਡੇ ਦੇ ਜ਼ੋਰ ਦਬਾਉਣ ਦੀ ਵੱਖ-ਵੱਖ ਆਗੂਆਂ ਵੱਲੋਂ ਸਖ਼ਤ ਨਿੰਦਾ

### ਪੀ ਆਰ ਟੀ ਸੀ ਡਿੱਪੂ ਬੁਢਲਾਡਾ ਅੱਗੇ ਧਰਨੇ 'ਚ ਪਹੁੰਚ ਕੇ ਦਿੱਤਾ ਸਮਰਥਨ

**ਬੁਢਲਾਡਾ (ਅਸ਼ੋਕ ਲਾਕੜਾ)**

ਸੀ.ਪੀ.ਆਈ. (ਐੱਮ) ਦੇ ਜ਼ਿਲ੍ਹਾ ਸਕੱਤਰ ਕਾਮਰੇਡ ਸਵਰਨਜੀਤ ਸਿੰਘ ਦਲਿਓ ਐਡਵੋਕੇਟ, ਆਂਗਣਵਾੜੀ ਮੁਲਾਜ਼ਮ ਯੂਨੀਅਨ (ਸੀਟੂ) ਜ਼ਿਲ੍ਹਾ ਪ੍ਰਧਾਨ ਰਣਜੀਤ ਕੌਰ ਬਰੇਟਾ, ਸੈਂਟਰ ਆਫ ਇੰਡੀਅਨ ਟਰੇਡ ਯੂਨੀਅਨਜ਼ (ਸੀਟੂ) ਦੇ ਸੀਨੀਅਰ ਆਗੂ ਕਾਮਰੇਡ ਨਛੱਤਰ ਸਿੰਘ ਢੈਪਈ, ਕੁੱਲ ਹਿੰਦ ਖੇਤ ਮਜ਼ਦੂਰ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਕਾਮਰੇਡ ਜਗਸੀਰ ਸਿੰਘ ਜੱਗਾ ਬਰੇਟਾ, ਕਾਮਰੇਡ ਪਰਵਿੰਦਰ ਸਿੰਘ ਭੀਖੀ ਤੇ ਕੁੱਲ ਹਿੰਦ ਕਿਸਾਨ ਸਭਾ ਦੇ ਜ਼ਿਲ੍ਹਾ ਪ੍ਰਧਾਨ ਕਾਮਰੇਡ ਜਸਵੰਤ ਸਿੰਘ ਬੀਰੋਕੇ ਤੇ ਜ਼ਿਲ੍ਹਾ ਸਕੱਤਰ ਕਾਮਰੇਡ ਅਮਰਜੀਤ ਸਿੰਘ ਸਿੱਧੂ ਨੇ ਪੀ.ਆਰ.ਟੀ.ਸੀ. ਤੇ ਪਨਬੱਸ ਰੋਡਵੇਜ਼ ਦੇ ਕੱਚੇ ਕਾਮਿਆਂ ਦੇ ਸੰਘਰਸ਼ ਨੂੰ ਡੰਡੇ ਦੇ ਜਬਰ ਨਾਲ ਦਬਾਉਣ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ ਅਤੇ ਇਨ੍ਹਾਂ ਰੋਡਵੇਜ਼ ਕਾਮਿਆਂ ਦੇ ਸੰਘਰਸ਼ ਦੀ ਡੱਟਵੀਂ ਹਿਮਾਇਤ ਕਰਨ ਦਾ ਐਲਾਨ ਕੀਤਾ ਹੈ।ਉਕਤ ਆਗੂਆਂ ਨੇ ਪੀ.ਆਰ.ਟੀ.ਸੀ. ਡਿੱਪੂ ਬੁਢਲਾਡਾ ਵਿਖੇ ਬੱਸਾਂ ਦਾ ਚੱਕਾ ਜਾਮ ਕਰਕੇ ਚੱਲ ਰਹੇ ਧਰਨੇ ਵਿੱਚ ਪਹੁੰਚ ਕੇ ਸਮਰਥਨ ਦੇਣ ਦਾ ਐਲਾਨ ਕੀਤਾ ਹੈ।

ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਸਰਕਾਰ ਨੇ ਇਨ੍ਹਾਂ ਕੱਚੇ ਕਾਮਿਆਂ ਦੇ ਸੰਘਰਸ਼ ਨੂੰ ਹਾਲਾਂ ਵੀ ਜਬਰ ਦੇ ਡੰਡੇ ਨਾਲ ਦਬਾਉਣ ਦੀ ਨੀਤੀ ਅਪਣਾਈ ਹੋਈ ਹੈ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਇਹਨਾਂ ਕੱਚਿਆਂ ਕਾਮਿਆਂ ਦੀ ਜਥੇਬੰਦੀ ਦੀ ਲੀਡਰਸ਼ਿਪ ਦੇ ਦਰਜਨਾਂ ਆਗੂਆਂ ਨੂੰ ਨੌਕਰੀ ਤੋਂ ਬਰਖਾਸਤ ਕਰ ਦਿੱਤਾ ਹੈ, ਜੋ ਕਿ ਪੰਜਾਬ ਸਰਕਾਰ ਦਾ ਇਹ ਨਾਦਰਸ਼ਾਹੀ ਫੈਸਲਾ ਹੈ ਤੇ ਇਸ ਫੈਸਲੇ ਨਾਲ ਸੰਘਰਸ਼ ਹੋਰ ਤਿੱਖਾ ਹੋਵੇਗਾ।ਉਨ੍ਹਾਂ ਕਿਹਾ ਕਿ ਸਰਕਾਰ ਦੇ ਅਜਿਹੇ ਫੈਸਲੇ ਪੀ.ਆਰ.ਟੀ.ਸੀ. ਤੇ ਪਨਬੱਸ ਰੋਡਵੇਜ਼ ਦੇ ਕੱਚੇ ਕਾਮਿਆਂ ਵਿੱਚ ਰੋਹ ਨੂੰ ਹੋਰ ਤੇਜ਼ ਕਰਨਗੇ।ਆਗੂਆਂ ਨੇ ਕਿਹਾ ਕਿ ਸਰਕਾਰ ਦੀਆਂ ਇਨ੍ਹਾਂ ਲੋਕ ਵਿਰੋਧੀ ਨੀਤੀਆਂ ਦਾ ਪੰਜਾਬ ਦੀਆਂ ਜੁਝਾਰੂ ਜਨਤਕ ਜਥੇਬੰਦੀਆਂ ਠੋਕਵਾਂ ਜਵਾਬ ਦੇਣਗੀਆਂ। ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਦੇ ਪੁੱਠੇ ਦਿਨਾਂ ਦੀ ਗਿਣਤੀ ਸ਼ੁਰੂ ਹੋ ਗਈ ਹੈ ਤੇ ਆਉਣ ਵਾਲੇ ਦਿਨਾਂ ਵਿੱਚ ਸਰਕਾਰ ਨੂੰ ਤਿੱਖੇ ਸੰਘਰਸ਼ਾਂ ਦਾ ਸਾਹਮਣਾ ਕਰਨਾ ਪਵੇਗਾ।ਆਗੂਆਂ ਨੇ ਚੇਤਾਵਨੀ ਦਿੱਤੀ ਕਿ ਜੇਕਰ ਪਨਬਸ ਤੇ ਪੀਆਰਟੀਸੀ ਮੁਲਾਜ਼ਮਾਂ ਦੀਆਂ ਮੰਗਾਂ ਨੂੰ ਪ੍ਰਵਾਨ ਨਾ ਕੀਤਾ ਤਾਂ ਭਵਿੱਖ ਵਿੱਚ ਸੰਘਰਸ਼ ਨੂੰ ਹੋਰ ਤੇਜ਼ ਕੀਤਾ ਜਾਵੇਗਾ।ਉਕਤ ਆਗੂਆਂ ਤੋਂ ਇਲਾਵਾ ਵੱਖ ਵੱਖ ਆਗੂਆਂ ਕਾਮਰੇਡ ਹਰਜਿੰਦਰ ਸਿੰਘ ਬਰੇਟਾ, ਕਾਮਰੇਡ ਰੂਪਾ ਸਿੰਘ ਬੁਢਲਾਡਾ, ਕਾਮਰੇਡ ਗੁਰਜੰਟ ਸਿੰਘ ਕੋਟੜਾ, ਕਾਮਰੇਡ ਦਰਸ਼ਨ ਸਿੰਘ ਧਲੇਵਾਂ, ਕਾਮਰੇਡ ਰਾਮਾ ਸਿੰਘ ਧਲੇਵਾਂ, ਕਾਮਰੇਡ ਬਲਜੀਤ ਸਿੰਘ ਖੀਵਾ ਆਦਿ ਨੇ ਪੰਜਾਬ ਸਰਕਾਰ ਦੇ ਹੈਂਕੜਮਈ ਰਵੱਈਏ ਦੀ ਸਖਤ ਨਿੰਦਾ ਕੀਤੀ ਹੈ।

## ਸ੍ਰੀ ਖਾਟੂ ਸ਼ਿਆਮ ਤੇ ਸ੍ਰੀ ਸਾਲਾਸਰ ਧਾਮ ਲਈ ਬੱਸ ਰਵਾਨਾ



**ਦੋਰਾਹਾ (ਹਰਮਿੰਦਰ ਸੇਠ)**-ਸ੍ਰੀ ਬਾਲਾ ਜੀ ਸ਼ਿਆਮ ਭਗਤਾਂ ਵੱਲੋਂ ਮਹੀਨਾਵਾਰ ਬੱਸ ਯਾਤਰਾ ਦੋਰਾਹਾ ਤੋਂ ਸ੍ਰੀ ਖਾਟੂ ਸ਼ਿਆਮ ਤੇ ਸ੍ਰੀ ਸਾਲਾਸਰ ਧਾਮ ਲਈ ਬੱਸ ਨਵੀਂ ਦਾਣਾ ਮੰਡੀ ਕੋਲੋਂ ਧਾਰਮਿਕ ਰੀਤੀ ਰਿਵਾਜਾਂ ਅਨੁਸਾਰ ਸ਼ਿਆਮ ਭਗਤਾਂ ਦੀ ਅਗਵਾਈ ਹੇਠ ਰਵਾਨਾ ਹੋਈ।ਇਸ ਮੌਕੇ ਨਾਰੀਅਲ ਦੀ ਰਸਮ ਤੇ ਝੰਡੀ ਦੇਣ ਦੀ ਰਸਮ ਅਦਾ ਕਰਦਿਆਂ ਪ੍ਰਦੀਪ ਕੱਦੋਂ, ਅਮਰ ਸ਼ਰਮਾ ਵਿਨੋਦ ਬੇਕਟ੍ਰ ਬਿੱਲਾ, ਸੁਰੇਸ਼ ਆਨੰਦ, ਨਰਿੰਦਰ ਅਗਰਿਸ਼ ਨੇ ਕਰਦਿਆਂ ਕਿਹਾ ਕਿ ਸਾਨੂੰ ਧਾਰਮਿਕ ਅਸਥਾਨਾਂ 'ਤੇ ਜ਼ਰੂਰ ਜਾਣਾ ਚਾਹੀਦਾ ਹੈ ਤਾਂ ਜੋ ਸਾਡੀ ਭਾਈਚਾਰਕ ਸਾਂਝ ਕਾਇਮ ਰਹੇ।ਇਸ ਮੌਕੇ ਪ੍ਰਦੀਪ ਕੱਦੋਂ ਨੇ ਕਿਹਾ ਕਿ ਇਹ ਬੱਸ ਵੱਖ ਵੱਖ ਧਾਰਮਿਕ ਮੰਦਰਾਂ ਦੇ ਦਰਸ਼ਨ ਕਰਨ ਉਪਰੰਤ ਸੋਮਵਾਰ ਸਵੇਰੇ ਦੋਰਾਹਾ ਆਵੇਗੀ ਤੇ ਭਗਤਾਂ ਨੂੰ ਸਮੇਂ ਸਮੇਂ ਤੇ ਰਿਫਰੈਸ਼ਮੈਂਟ ਵੀ ਦਿੱਤੀ ਜਾਂਦੀ ਹੈ।ਇਸ ਮੌਕੇ ਪ੍ਰਦੀਪ ਕੱਦੋਂ, ਸੁਭਾਸ਼ ਗੋਇਲ, ਵਿਨੋਦ ਬੇਕਟ੍ਰ ਬਿੱਲਾ, ਨਰਿੰਦਰ ਅਗਰਿਸ਼, ਅੜ੍ਹਤੀਆ ਸੁਰੇਸ਼ ਆਨੰਦ, ਅਨੀਸ਼ ਬੈਕਟਰ, ਅਮਰ ਸ਼ਰਮਾ ਤੋਂ ਇਲਾਵਾ ਸ਼ਿਆਮ ਭਗਤ ਹਾਜ਼ਰ ਸਨ।


## ਗਿੱਲ ਬੇਰ ਕਲਾਂ ਵੱਲੋਂ ਬਲਾਕ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ 'ਚ ਉਮੀਦਵਾਰ ਉਤਾਰਨ ਲਈ ਸਰਗਰਮੀ ਤੇਜ਼



**ਦੋਰਾਹਾ (ਹਰਮਿੰਦਰ ਸੇਠ)**-ਬਲਾਕ ਕਾਂਗਰਸ ਮਲੌਦ ਦੇ ਪ੍ਰਧਾਨ ਤੇ ਸਾਬਕਾ ਬਲਾਕ ਸੰਮਤੀ ਮੈਂਬਰ ਗੁਰਮੇਲ ਸਿੰਘ ਗਿੱਲ ਬੇਰਕਲਾਂ ਨੇ ਕਿਹਾ ਕਿ ਬਲਾਕ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਵਿੱਚ ਸਾਬਕਾ ਵਿਧਾਇਕ ਲਖਵੀਰ ਸਿੰਘ ਲੱਖਾ ਪਾਇਲ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਚੰਗੇ ਤੇ ਸਾਫ ਸੁਥਰੇ ਅਕਸ ਵਾਲੇ, ਲੋਕਾਂ 'ਚ ਵਿਚਰਣ ਵਾਲੇ ਕਾਂਗਰਸੀ ਪਿਛੋਕੜ ਵਾਲਿਆਂ ਨੂੰ ਹੀ ਚੋਣ ਮੈਦਾਨ ਵਿੱਚ ਉਤਾਰਿਆ ਜਾਵੇਗਾ। ਇਸੇ ਲੜੀ ਤਹਿਤ ਪਿੰਡ ਕੂਹਲੀ ਕਲਾ ਵਿਖੇ ਬਲਾਕ ਕਾਂਗਰਸ ਮਲੌਦ ਦੇ ਸਕੱਤਰ ਹਰਵਿੰਦਰ ਸਿੰਘ ਬਿੰਦੀ ਦੇ ਗ੍ਰਹਿ ਵਿਖੇ ਜ਼ੋਨ ਕੂਹਲੀ ਕਲਾਂ, ਕੂਹਲੀ ਖੁਰਦ, ਬੇਰ ਖੁਰਦ ਤੇ ਕਰਤਾਰਪੁਰ ਦੇ ਪਰਮੁੱਖ ਕਾਂਗਰਸੀ ਆਗੂਆਂ ਦੀ ਬਲਾਕ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਨੂੰ ਲੈ ਕੇ ਮੀਟਿੰਗ ਕੀਤੀ ਗਈ ਅਤੇ ਚੰਗੇ ਉਮੀਦਵਾਰ ਨੂੰ ਚੋਣ ਮੈਦਾਨ ਵਿੱਚ ਉਤਾਰਨ ਲਈ ਉਨ੍ਹਾਂ ਨਾਲ ਸਲਾਹ ਮਸ਼ਵਰਾ ਕੀਤਾ ਗਿਆ। ਪ੍ਰਧਾਨ ਗਿੱਲ ਨੇ ਕਿਹਾ ਕਿ ਪਹਿਲੀ ਵਾਰ ਬਦਲਾਅ ਹੇਠ ਬਣੀ ਸ਼ਹੀਦਾਂ ਦੀਆਂ ਝੂਠੀਆਂ ਕਸਮਾਂ ਖਾ ਕੇ ਹੋਂਦ ਵਿੱਚ ਆਈ ਆਮ ਆਦਮੀ ਪਾਰਟੀ ਦੀ ਸਰਕਾਰ ਟੁੱਟੀਆਂ ਹੋਈਆਂ ਸੜਕਾਂ ਅਤੇ ਬਾਥਰੂਮ ਤੇ ਲੈਟਰੀਨਾਂ ਦੇ ਉਦਘਾਟਨ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਹਲਕਾ ਪਾਇਲ ਦੇ ਲੋਕ ਵਿਧਾਇਕ ਦਾ ਹੰਕਾਰ ਤੋੜ ਕੇ ਕਾਂਗਰਸੀ ਉਮੀਦਵਾਰਾਂ ਨੂੰ ਜਿਤਾਉਣਗੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਤਰਸੇਮ ਸਿੰਘ ਛੋਮਾ ਕੂਹਲੀ ਖੁਰਦ ਸਕੱਤਰ, ਪਰਮਿੰਦਰ ਸਿੰਘ ਕੂਹਲੀ ਖੁਰਦ, ਮੁਲੀਮ ਸਿੰਘ, ਕਾਕੂ ਕਰਤਾਰਪੁਰ, ਗੋਗਾ ਸਿੰਘ, ਬਲਵਿੰਦਰ ਸਿੰਘ ਸੋਨੀ, ਮਿੱਠੂ ਸਿੰਘ, ਗੁਰਦਿਆਲ ਸਿੰਘ ਤੋਂ ਇਲਾਵਾ ਹੋਰ ਵੀ ਹਾਜ਼ਰ ਸਨ।

# ਮੌੜ ਕਲਾਂ ਦੀਆਂ ਕੰਧਾਂ 'ਤੇ ਲਿਖਿਆ ਸਰੇਆਮ ਵਿਕ ਰਿਹੈ ਚਿੱਟਾ!

### ਪਿੰਡ 'ਚ ਨਸ਼ੇ ਨਾਲ ਮਰ ਰਹੇ ਨੇ ਨੌਜਵਾਨ




**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਪੰਜਾਬ ਸਰਕਾਰ ਵੱਲੋਂ ਯੁੱਧ ਨਸ਼ਿਆਂ ਵਿਰੁੱਧ ਚਲਾਈ ਜਾ ਰਹੀ ਮੁਹਿੰਮ ਦੀ ਅੱਜ ਪਿੰਡ ਮੌੜ ਕਲਾਂ ਅੰਦਰ ਉਸ ਸਮੇਂ ਫੂਕ ਨਿਕਲ ਗਈ, ਜਦ ਪਿੰਡ ਦੀਆਂ ਕੰਧਾਂ ਉੱਪਰ ਥਾਂ-ਥਾਂ 'ਤੇ ਲਿਖਿਆ ਹੋਇਆ ਸੀ ਕਿ ਚਿੱਟਾ ਸ਼ਰੇਆਮ ਵਿਕਦਾ ਹੈ ਤੇ ਨਾਲ ਤੀਰ ਦਾ ਨਿਸ਼ਾਨ ਦਿੱਤਾ ਹੋਇਆ ਸੀ, ਤਾਂ ਕਿ ਚਿੱਟਾ ਲੈਣ ਵਾਲਿਆਂ ਨੂੰ ਪਤਾ ਲੱਗ ਸਕੇ ਕਿ ਚਿੱਟਾ ਕਿਸ ਗਲੀ ਵਿੱਚੋਂ ਮਿਲਦਾ ਹੈ। ਭਾਵੇਂ ਮੂੰਹ ਹਨੇਰੇ ਹੀ ਪੁਲਸ ਥਾਣਾ ਮੌੜ ਨੂੰ ਇਸ ਦਾ ਪਤਾ ਲੱਗਣ ਤੋਂ ਬਾਅਦ ਉਨ੍ਹਾਂ ਵੱਲੋਂ ਮਿਟਾਉਣ ਦੀ ਕੋਸ਼ਿਸ਼ ਕੀਤੀ ਗਈ, ਪ੍ਰੰਤੂ ਦੁਖੀ ਹੋਏ ਪਿੰਡ ਵਾਸੀਆਂ ਨੇ ਪੁਲਸ ਮੁਲਾਜ਼ਮਾਂ ਨੂੰ ਮਿਟਾਉਣ ਤੋਂ ਰੋਕ ਦਿੱਤਾ ਅਤੇ ਉਨ੍ਹਾਂ ਨਾਲ ਬਹਿਸਬਾਜ਼ੀ ਵੀ ਕੀਤੀ ਗਈ। ਪਿੰਡ ਅੰਦਰ ਵੱਡੀ ਪੱਧਰ 'ਤੇ ਵਿੱਕ ਰਹੇ ਚਿੱਟੇ ਤੋਂ ਦੁਖੀ ਹੋਏ ਪਿੰਡ ਵਾਸੀਆਂ ਖਾਸ ਕਰ ਔਰਤਾਂ ਨੇ ਪੱਤਰਕਾਰਾਂ ਨੂੰ ਬੁਲਾ ਕੇ ਪਿੰਡ ਦੇ ਮੌਜੂਦਾ ਹਾਲਾਤਾਂ ਤੋਂ ਜਾਣੂ ਕਰਵਾਇਆ ਅਤੇ ਜਿਲ੍ਹਾ ਪ੍ਰਸ਼ਾਸਨ ਖਿਲਾਫ਼ ਭਰਵੀਂ ਨਾਰੇਬਾਜ਼ੀ ਕੀਤੀ ਗਈ।ਦੁਖੀ ਹੋਏ ਪਿੰਡ ਵਾਸੀਆਂ ਨੇ ਦੱਸਦਿਆਂ ਕਿਹਾ ਕਿ ਪਿੰਡ ਅੰਦਰ ਸ਼ਰੇਆਮ ਚਿੱਟਾ ਵਿਕ ਰਿਹਾ ਹੈ।ਭਾਵੇਂ ਇਸ ਦਾ ਪੁਲਸ ਨੂੰ ਪਤਾ ਹੈ ਤੇ ਪੁਲਸ ਚਿੱਟਾ ਵੇਚਣ ਵਾਲਿਆਂ ਦੇ ਨਾਲ ਮਿਲੀ ਹੋਈ ਹੈ। ਉਨ੍ਹਾਂ ਦੱਸਿਆ ਕਿ ਪਿੰਡ ਦੀ ਆਸ਼ਾ ਪੱਤੀ ਅੰਦਰ ਰਹਿੰਦੇ ਨੌਜਵਾਨਾਂ ਦਾ ਜੇਕਰ ਕੋਈ ਟੈਸਟ ਕੀਤਾ ਜਾਵੇ ਤਾਂ ਲਗਭਗ 90% ਨੌਜਵਾਨ ਵੱਖ-ਵੱਖ ਬਿਮਾਰੀਆਂ ਤੋਂ ਪੀੜਤ ਤੇ ਨਸ਼ਿਆਂ ਵਿੱਚ ਗ੍ਰਸਤ ਹੋਣਗੇ। ਦੁਖੀ ਹੋਏ ਪਿੰਡ ਵਾਸੀਆਂ ਨੇ ਇਹ ਵੀ ਦੱਸਿਆ ਕਿ ਪਿਛਲੇ ਦਿਨੀਂ ਇੱਥੇ ਇੱਕ ਚਿੱਟੇ ਨਾਲ ਨੌਜਵਾਨ ਦੀ ਮੌਤ ਹੋਈ ਸੀ, ਪਰ ਪੁਲਸ ਵੱਲੋਂ ਕੋਈ ਕਾਰਵਾਈ ਨਹੀਂ ਕੀਤੀ ਗਈ ਅਤੇ ਲਗਭਗ ਇੱਕ ਮਹੀਨਾ ਪਹਿਲਾਂ ਵੀ ਚਿੱਟੇ ਨਾਲ ਪਿੰਡ ਦੇ ਨੌਜਵਾਨ ਦੀ ਮੌਤ ਹੋਈ ਸੀ।ਪਿੰਡ ਵਾਸੀਆਂ ਨੇ ਕਿਹਾ ਕਿ ਦਿਨ ਢਲਦੇ ਹੀ ਨਸ਼ਾ ਵੇਚਣ ਵਾਲੇ ਗਲੀ ਗਲੀ ਫਿਰਦੇ ਹਨ ਤੇ ਉਹ ਇਸ ਤਰ੍ਹਾਂ ਆਜ਼ਾਦ ਘੁੰਮਦੇ ਹਨ, ਜਿਵੇਂ ਉਨ੍ਹਾਂ ਨੂੰ ਪੁਲਸ ਦਾ ਕੋਈ ਡਰ ਹੀ ਨਾ ਹੋਵੇ। ਪਿੰਡ ਵਾਸੀਆਂ ਨੇ ਅੱਗੇ ਦੁਖੀ ਮਨ ਨਾਲ ਇਹ ਵੀ ਦੱਸਿਆ ਕਿ ਅਸੀਂ ਉਸ ਬਦਲਾਅ ਨੂੰ ਦੇਖ ਕੇ ਵੋਟਾਂ ਪਾਈਆਂ ਸਨ, ਸਾਨੂੰ ਉਮੀਦ ਸੀ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਤੇ ਪੰਜਾਬ ਅੰਦਰ ਨਵੇਂ ਵਪਾਰ ਆਉਣਗੇ ਤੇ ਪੰਜਾਬ ਤਰੱਕੀ ਕਰੇਗਾ ਸਾਡੇ ਨੌਜਵਾਨਾਂ ਨੂੰ ਰੁਜ਼ਗਾਰ ਮਿਲੇਗਾ।ਲੇਕਿਨ ਰੁਜ਼ਗਾਰ ਮਿਲਣ ਦੀ ਥਾਂ ਸਾਡੀ ਨੌਜਵਾਨੀ ਨਸ਼ਿਆਂ ਦੀ ਦਲਦਲ ਵਿੱਚ ਡੁੱਬਦੀ ਜਾ ਰਹੀ ਹੈ ਭਾਵੇਂ ਆਮ ਆਦਮੀ ਪਾਰਟੀ ਦੀ ਸਰਕਾਰ ਇਹ ਕਹਿੰਦੀ ਨਹੀਂ ਥੱਕ ਰਹੀ ਕਿ ਅਸੀਂ ਪੰਜਾਬੀ ਚੋਂ ਨਸ਼ੇ ਖਤਮ ਕਰ ਦਿੱਤੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚੋਂ ਨਸ਼ੇ ਖਤਮ ਨਹੀਂ ਹੋਣੇ ਨਸ਼ੇ ਕਰਨ ਵਾਲੀ ਪੰਜਾਬ ਦੀ ਨੌਜਵਾਨੀ ਇੱਕ ਦਿਨ ਜ਼ਰੂਰ ਖਤਮ ਹੋ ਜਾਵੇਗੀ। ਪਿੰਡ ਮੌੜ ਕਲਾਂ ਅੰਦਰ ਵਿਕ ਰਹੇ ਵੱਡੀ ਪੱਧਰ ਤੇ ਚਿੱਟੇ ਨੂੰ ਲੈ ਕੇ ਸਮਾਜ ਸੇਵੀ ਤੇ ਕਾਂਗਰਸ ਪਾਰਟੀ ਦੇ ਵਿਧਾਨ ਸਭਾ ਹਲਕਾ ਮੌੜ ਦੇ ਸੀਨੀਅਰ ਆਗੂ ਮਨਿੰਦਰ ਸਿੰਘ ਸ਼ੇਖੋਂ ਨੇ ਸਰਕਾਰ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਇੱਕ ਮਹੀਨੇ ਦੇ ਅੰਦਰ ਅੰਦਰ ਜੇਕਰ ਮੌੜ ਕਲਾਂ ਪਿੰਡ ਅੰਦਰ ਚਿੱਟਾ ਵਿਕਣਾ ਬੰਦ ਨਾ ਹੋਇਆ ਤਾਂ ਉਹ ਮੌੜ ਹਲਕੇ ਦੇ 66 ਪਿੰਡਾਂ ਅੰਦਰ ਆਮ ਲੋਕਾਂ ਨੂੰ ਲੈ ਕੇ ਸਰਕਾਰ ਖਿਲਾਫ ਪੈਦਲ ਯਾਤਰਾ ਪ੍ਰਦਰਸ਼ਨ ਕਰਨਗੇ। ਜਦਕਿ ਪੁਲਸ ਥਾਣਾ ਮੁਖੀ ਮੌੜ ਦਾ ਕਹਿਣਾ ਹੈ ਕਿ ਉਨ੍ਹਾਂ ਵੱਲੋਂ ਪਿੰਡ ਅੰਦਰ ਪੂਰੀ ਸਖਤੀ ਕੀਤੀ ਹੋਈ ਹੈ ਅਤੇ ਪਿਛਲੇ ਸਮੇਂ ਦੌਰਾਨ ਪਿੰਡ ਮੌੜ ਕਲਾਂ ਦੇ ਨਸ਼ਾ ਵੇਚਣ ਵਾਲੇ ਅਨਸਰਾਂ ਖਿਲਾਫ਼ 23 ਪਰਚੇ ਦਰਜ ਕੀਤੇ ਗਏ ਹਨ ਤੇ 43 ਨਸ਼ਾ ਵੇਚਣ ਵਾਲਿਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ ਅਤੇ 147 ਗ੍ਰਾਮ ਚਿੱਟਾ ਬਰਾਮਦ ਕੀਤਾ ਗਿਆ ਹੈ।ਉਨ੍ਹਾਂ ਕਿਹਾ ਕਿ ਪੁਲਸ ਪੂਰੀ ਤਰ੍ਹਾਂ ਚੌਕਸ ਹੈ ਤੇ ਹਲਕੇ ਅੰਦਰ ਕਿਸੇ ਵੀ ਅਨਸਰ ਨੂੰ ਚਿੱਟਾ ਜਾਂ ਕੋਈ ਵੀ ਨਸ਼ਾ ਵੇਚਣ ਨਹੀਂ ਦੇਵੇਗੀ। ਉਨ੍ਹਾਂ ਆਮ ਲੋਕਾਂ ਨੂੰ ਅਪੀਲ ਕੀਤੀ ਕਿ ਨਸ਼ਿਆਂ ਖਿਲਾਫ ਪੁਲਸ ਦਾ ਸਾਥ ਦੇਣ ਤੇ ਨਸ਼ਾ ਵੇਚਣ ਵਾਲਿਆਂ ਦੀ ਜਾਣਕਾਰੀ ਪੁਲਸ ਨਾਲ ਸਾਂਝੀ ਕਰਨ।

# ਸੂਬੇ ਦੇ ਵਿਕਾਸ 'ਚ ਕੋਈ ਕਮੀ ਨਹੀਂ ਰਹਿਣ ਦਿੱਤੀ ਜਾਵੇਗੀ : ਬਰਸਟ

### ਲੋਕ ਮਿਲਣੀ ਪ੍ਰੋਗਰਾਮ 'ਚ ਲੋਕਾਂ ਦੀਆਂ ਸਮੱਸਿਆਵਾਂ ਦਾ ਕੀਤਾ ਨਿਪਟਾਰਾ

**ਸਮਾਣਾ (ਗੁਰਪਿਆਰ ਸਿੰਘ ਬੱਲ, ਇਕਬਾਲ ਸਿੰਘ ਬੱਲ)**-ਆਮ ਆਦਮੀ ਪਾਰਟੀ ਪੰਜਾਬ ਦੇ ਸੂਬਾ ਜਨਰਲ ਸਕੱਤਰ ਤੇ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਸ੍ਰ. ਹਰਚੰਦ ਸਿੰਘ ਬਰਸਟ ਵੱਲੋਂ ਪਟਿਆਲਾ ਦਫ਼ਤਰ ਵਿਖੇ ਲੋਕ ਮਿਲਣੀ ਪ੍ਰੋਗਰਾਮ ਦੌਰਾਨ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ ਗਈਆਂ ਤੇ ਮੌਕੇ 'ਤੇ ਹੀ ਸਮੱਸਿਆਵਾਂ ਦਾ ਨਿਪਟਾਰਾ ਕੀਤਾ ਗਿਆ।ਇਸ ਲੋਕ ਮਿਲਣੀ ਪ੍ਰੋਗਰਾਮ ਦੌਰਾਨ ਵਿਧਾਨ ਸਭਾ ਹਲਕਾ ਸਮਾਣਾ ਦੇ ਵੱਖ-ਵੱਖ ਪਿੰਡਾਂ ਦੀਆਂ ਪੰਚਾਇਤਾਂ ਤੇ ਹੋਰ ਮੋਹਤਬਰ ਸੱਜਣਾਂ ਵੱਲੋਂ ਸ੍ਰ. ਹਰਚੰਦ ਸਿੰਘ ਬਰਸਟ ਨਾਲ ਮੁਲਾਕਾਤ ਕੀਤੀ ਗਈ।ਇਸ ਮੌਕੇ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਪਿੰਡਾਂ ਵਿੱਚ ਕੀਤੇ ਜਾ ਰਹੇ ਵਿਕਾਸ ਕਾਰਜਾਂ ਬਾਰੇ ਵਿਚਾਰ-ਵਟਾਂਦਰਾ ਕੀਤਾ ਗਿਆ ਤੇ ਪੰਚਾਇਤਾਂ ਨੇ ਸਰਕਾਰ ਵੱਲੋਂ ਸੂਬੇ ਦੀ ਤਰੱਕੀ ਲਈ ਕੀਤੇ ਜਾ ਰਹੇ ਕਾਰਜਾਂ ਦੀ ਸ਼ਲਾਘਾ ਕੀਤੀ। ਸ. ਬਰਸਟ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੇ ਸਰਬਪੱਖੀ ਵਿਕਾਸ ਤੇ ਤਰੱਕੀ ਲਈ ਵਚਨਬੱਧ ਹੈ।ਲੋਕਾਂ ਨੂੰ ਚੰਗੀਆਂ ਸਹੂਲਤਾਂ ਮੁਹੱਈਆ ਕਰਵਾਉਣ ਲਈ ਲਗਾਤਾਰ ਕਾਰਜ ਕੀਤੇ ਜਾ ਰਹੇ ਹਨ।ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਆਪਣੇ ਸਾਢੇ ਤਿੰਨ ਸਾਲਾਂ ਦੇ ਕਾਰਜਕਾਲ ਦੌਰਾਨ ਹਰ ਖੇਤਰ ਵਿੱਚ ਮਿਸਾਲੀ ਕਾਰਜ ਕੀਤੇ ਗਏ ਹਨ।ਉਨ੍ਹਾਂ ਵਿਸ਼ਵਾਸ ਦਿਵਾਇਆ ਕਿ ਪੰਜਾਬ ਤੇ ਹਲਕਾ ਸਮਾਣਾ ਦੇ ਵਿਕਾਸ ਵਿੱਚ ਕਿਸੇ ਕਿਸਮ ਦੀ ਕਮੀ ਨਹੀਂ ਰਹਿਣ ਦਿੱਤੀ ਜਾਵੇਗੀ।ਉਨ੍ਹਾਂ ਆਮ ਆਦਮੀ ਪਾਰਟੀ ਦੇ ਵਲੰਟੀਅਰਾਂ ਨੂੰ ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸਮਿਤੀ ਦੀਆਂ ਚੋਣਾਂ ਵਿੱਚ ਵੱਧ-ਚੜ੍ਹ ਕੇ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ।ਸ. ਬਰਸਟ ਨੇ ਵਲੰਟੀਅਰਾਂ ਨੂੰ ਕਿਹਾ ਕਿ ਉਹ ਜ਼ਮੀਨੀ ਪੱਧਰ 'ਤੇ ਲੋਕਾਂ ਨਾਲ ਸੰਪਰਕ ਕਰਕੇ ਪਾਰਟੀ ਦੇ ਲੋਕ ਭਲਾਈ ਕਾਰਜਾਂ ਤੇ ਨੀਤੀਆਂ ਨੂੰ ਘਰ-ਘਰ ਤੱਕ ਪਹੁੰਚਾਉਣ।

ਇਸ ਮੌਕੇ ਗੋਸ਼ਾ ਸਿੰਘ ਸਰਪੰਚ ਕੱਲਰ ਭੈਣੀ, ਜਗਦੀਪ ਸਿੰਘ ਸਰਪੰਚ ਪਹਾੜਪੁਰ, ਰਜਿੰਦਰ ਸਿੰਘ ਸਰਪੰਚ ਚੁਹੜਪੁਰ, ਪਰਗਟ ਸਿੰਘ ਸਰਪੰਚ ਗਾਜੇਵਾਸ (ਚੁ), ਸੋਨੀ ਸਰਪੰਚ ਤਰਖਾਨ ਮਾਜਰਾ, ਯਾਦਵਿੰਦਰ ਸਿੰਘ ਸਰਪੰਚ ਪਸਿਆਣਾ, ਮਨਪ੍ਰੀਤ ਸਿੰਘ ਸਰਪੰਚ ਖੇੜੀ ਮਾਨੀਆ, ਬਲਕਾਰ ਸਿੰਘ ਸਾਬਕਾ ਸਰਪੰਚ ਕੱਲਰ ਭੈਣੀ, ਦਵਿੰਦਰ ਸਿੰਘ ਸ਼ੇਰਮਾਜਰਾ, ਗੁਰਸੇਵਕ ਸਿੰਘ ਪੰਚਾਇਤ ਮੈਂਬਰ ਦਦਹੇੜਾ, ਹਰਦੀਪ ਸ਼ੇਖੂਪੁਰ, ਗੁਲਜਾਰ ਸਿੰਘ ਦੁਘਾਟ, ਸ਼ਾਮ ਲਾਲ ਦੱਤ ਸਮੇਤ ਹੋਰ ਲੋਕ ਮੌਜੂਦ ਰਹੇ।

# ਆਸਰਾ ਫਾਊਂਡੇਸ਼ਨ ਨੇ ਅੱਖਾਂ ਦਾ 137ਵਾਂ ਕੈਂਪ ਲਾਇਆ



ਬਰੇਟਾ (ਰੀਤਵਾਲ) ਆਸਰਾ ਫਾਊਂਡੇਸ਼ਨ ਬਰੇਟਾ ਵੱਲੋਂ ਜਿਉਣਾ ਮੱਲ ਕਪੂਰ ਚੰਦ ਦੀ ਯਾਦ ਨੂੰ ਸਮਰਪਤ ਹਰ ਮਹੀਨੇ ਦੇ ਆਖਰੀ ਐਤਵਾਰ ਨੂੰ ਲੱਗਣ ਵਾਲਾ ਅੱਖਾਂ ਦਾ 137ਵਾਂ ਕੈਂਪ ਅੱਜ ਗੁਰਦੁਆਰਾ ਸਾਹਿਬ ਭਾਈ ਘਨੱਈਆ ਜੀ ਨੇੜੇ ਬੱਸ ਸਟੈਂਡ ਬਰੇਟਾ ਵਿਖੇ ਸ਼ੰਕਰਾ ਆਈ ਹਸਪਤਾਲ ਲੁਧਿਆਣਾ ਦੀ ਟੀਮ ਵੱਲੋਂ ਲਾਇਆ ਗਿਆ, ਜਿਸ ਵਿਚ 466 ਬਜ਼ੁਰਗਾਂ ਅਤੇ ਮਾਤਾਵਾਂ ਨੂੰ ਚੈੱਕ ਕਰਕੇ 123 ਮਰੀਜ਼ ਫਰੀ ਲੈਂਜ਼ ਪਾਉਣ ਲਈ ਸਿਲੈਕਟ ਕੀਤੇ ਗਏ।ਟੀਮ ਆਸਰਾ ਦੇ ਅਹੁਦੇਦਾਰ ਡਾ ਬੰਤ ਸਿੰਘ (ਬੰਤ ਲੈਬ ਕੁਲਰੀਆਂ), ਡਾ ਅਵਤਾਰ ਸਿੰਘ ਖੱਤਰੀ ਵਾਲਾ, ਡਾ ਰਾਜ ਸਿੰਘ ਚੋਟੀਆਂ, ਡਾ ਸੰਗਤ ਸਿੰਘ ਵੱਲੋਂ ਆਏ ਹੋਏ ਮਰੀਜਾਂ ਨੂੰ ਅੱਖਾਂ ਦੀਆਂ ਬਿਮਾਰੀਆਂ ਤੇ ਸਾਂਭ ਸੰਭਾਲ ਵਾਰੇ ਵਿਸਤਾਰ ਪੂਰਵਕ ਦੱਸਿਆ ਗਿਆ। ਹਰ ਵਾਰ ਦੀ ਤਰ੍ਹਾਂ ਕੈਂਪ ਵਿੱਚ ਦਵਾਈਆਂ ਦੀ ਸੇਵਾ ਮਹਿੰਦਰ ਸਿੰਘ ਕਟੌਦੀਆ ਸੰਸਥਾਪਕ ਸਾਵਨ ਐਜੂਕੇਸ਼ਨਲ ਟਰੱਸਟ ਚੰਡੀਗੜ੍ਹ ਵੱਲੋਂ ਕੀਤੀ ਗਈ। ਵਿਸ਼ੇਸ਼ ਤੌਰ ਤੇ ਪਹੁੰਚੇ ਬਲਵਿੰਦਰ ਸਿੰਘ ਪਟਵਾਰੀ ਬੁਢਲਾਡਾ ਸੀਨੀਅਰ ਅਕਾਲੀ ਆਗੂ,ਸਤਿਗੁਰ ਸਿੰਘ ਸਰਪੰਚ ਜਲਵੇੜਾ, ਇੰਸਪੈਕਟਰ ਮਹਿੰਦਰ ਸਿੰਘ ਬਹਾਦਰਪੁਰ, ਇੰਸਪੈਕਟਰ ਜਰਨੈਲ ਸਿੰਘ, ਬਲਵਿੰਦਰ ਸਿੰਘ ਢਾਣੀ, ਜਸਪਾਲ ਸਿੰਘ ਚੱਕ ਅਲੀਸ਼ੇਰ, ਮੇਜਰ ਪੰਮੀ ਸਿੰਘ, ਹਾਕਮ ਸਿੰਘ ਭੋਲਾ ਵੱਲੋਂ ਸਾਰੀ ਹੀ ਟੀਮ ਆਸਰਾ ਤੇ ਸੇਵਾਦਾਰਾਂ ਦਾ ਅੱਖਾਂ ਦੇ ਹਰ ਮਹੀਨੇ ਕੈਂਪ ਲਾਉਣ ਲਈ ਧੰਨਵਾਦ ਕਰਦਿਆਂ ਕਿਹਾ ਕਿ ਟੀਮ ਆਸਰਾ ਵੱਲੋਂ ਲਗਾਤਾਰ ਹਰ ਮਹੀਨੇ ਦੇ ਆਖਰੀ ਐਤਵਾਰ ਲਾਏ ਜਾ ਰਹੇ ਕੈਂਪ ਬਹੁਤ ਹੀ ਵੱਡਾ ਨੇਕ ਉਪਰਾਲਾ ਹੈ।ਅਰਿਹੰਤ ਕਾਲਜ ਐਜੂਕੇਸ਼ਨ ਬਰੇਟਾ ਦੇ ਅਧਿਆਪਕ ਕੁਲਦੀਪ ਸਿੰਘ ਦੀ ਅਗਵਾਈ ਵਿੱਚ ਵਿਦਿਆਰਥੀਆਂ ਵੱਲੋਂ ਪੂਰੇ ਡਿਸਪਲਨ ਦੇ ਵਿੱਚ ਆਪਣੀ ਡਿਊਟੀ ਨਿਭਾਈ ਗਈ।ਹਰ ਕੈਂਪ ਵਿੱਚ ਲੰਗਰ ਦੀ ਸੇਵਾ ਬਾਬਾ ਰਣਜੀਤ ਸਿੰਘ ਟੈਨੀ ਮੁੱਖ ਪ੍ਰਬੰਧਕ ਗੁਰਦੁਆਰਾ ਸਾਹਿਬ ਭਾਈ ਘਨੱਈਆ ਜੀ ਵੱਲੋਂ ਕੀਤੀ ਜਾਂਦੀ ਹੈ।ਇਸ ਮੌਕੇ ਮਾਤਾ ਗੁਜਰੀ ਜੀ ਭਲਾਈ ਕੇਂਦਰ ਬੁਢਲਾਡਾ, ਜੈ ਕਾਲੀ ਮਾਤਾ ਮੰਡਲ ਬਰੇਟਾ, ਜ਼ਿਲ੍ਹਾ ਰੂਰਲ ਯੂਥ ਕਲੱਬਜ਼ ਐਸੋਸੀਏਸ਼ਨ ਮਾਨਸਾ, ਗਿਆਨ ਸਾਗਰ ਕਾਨਵੈਂਟ ਸਕੂਲ ਕਾਹਨਗੜ੍ਹ, ਸੰਜੀਵਨੀ ਵੈਲਫੇਅਰ ਸੁਸਾਇਟੀ ਬੁਢਲਾਡਾ, ਆਸ਼ੂ ਹੈਂਡਲੂਮ ਸਟੋਰ ਬਰੇਟਾ, ਭਾਰਤ ਵਿਕਾਸ ਪ੍ਰੀਸ਼ਦ ਬਰੇਟਾ, ਸਤਿਕਾਰ ਕਮੇਟੀ ਵਰੇ ਸਾਹਿਬ, ਐਨੀਮਲ ਏਡ ਟੀਮ ਚੋਟੀਆਂ, ਰਾਧੇ ਸ਼ਾਮ ਐਂਡ ਕੰਪਨੀ ਬਰੇਟਾ,ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਬਲਾਕ ਬਰੇਟਾ, ਇਲਾਕੇ ਤੇ ਸਹਿਰ ਨਿਵਾਸੀਆਂ ਤੋਂ ਇਲਾਵਾ ਆਸਰਾ ਫਾਊਂਡੇਸ਼ਨ ਬਰੇਟਾ ਦੀ ਸਾਰੀ ਟੀਮ ਹਾਜ਼ਰ ਸੀ।ਅਗਲਾ ਕੈਂਪ 28 ਦੰਸਬਰ ਨੂੰ ਇਸੇ ਥਾਂ ਉਤੇ ਲੱਗੇਗਾ।

# ਕਾਂਗਰਸ ਵੱਲੋਂ ਹਰਪਾਲ ਸਿੰਘ ਨੂੰ ਵਿਧਾਨ ਸਭਾ ਹਲਕਾ ਸੁਨਾਮ ਦਾ ਆਬਜ਼ਰਵਰ ਨਿਯੁਕਤ



ਸੰਗਰੂਰ, (ਪ੍ਰਵੀਨ ਸਿੰਘ)-ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਵੱਲੋਂ ਜ਼ਿਲ੍ਹਾ ਪ੍ਰੀਸ਼ਦ ਦੀਆਂ ਚੋਣਾਂ ਦੇ ਮੱਦੇਨਜ਼ਰ ਸੂਬੇ ਦੇ ਵੱਖ ਵੱਖ ਵਿਧਾਨ ਸਭਾ ਹਲਕਿਆਂ ਵਿੱਚ ਚੋਣ ਆਬਜ਼ਰਵਰ ਨਿਯੁਕਤ ਕੀਤੇ ਗਏ ਹਨ, ਜਿਸ ਵਿੱਚ ਸੰਗਰੂਰ ਤੋਂ ਕਾਂਗਰਸ ਪਾਰਟੀ ਦੇ ਪੁਰਾਣੇ ਮਿਹਨਤੀ ਤੇ ਨੌਜਵਾਨ ਵਰਕਰ ਹਰਪਾਲ ਸਿੰਘ ਸੋਨੂੰ ਨੂੰ ਵਿਧਾਨ ਸਭਾ ਹਲਕਾ ਸੁਨਾਮ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ।ਇਸ ਹਰਪਾਲ ਸਿੰਘ ਸੋਨੂੰ, ਜੋ ਕਿ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਓ ਬੀ ਸੀ ਵਿੰਗ ਦੇ ਵਾਈਸ ਚੇਅਰਮੈਨ ਤੇ ਸੰਗਰੂਰ ਤੋਂ ਪਾਰਟੀ ਦੇ ਮੁੱਖ ਬੁਲਾਰੇ ਹਨ, ਨੇ ਕਾਂਗਰਸ ਪਾਰਟੀ ਦੇ ਸੂਬਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਤੇ ਸਾਬਕਾ ਕੈਬਨਿਟ ਮੰਤਰੀ ਵਿਜੇ ਇੰਦਰ ਸਿੰਗਲਾ ਦਾ ਧੰਨਵਾਦ ਕਰਦਿਆਂ ਕਿਹਾ ਕਿ ਪਾਰਟੀ ਵੱਲੋਂ ਜੋ ਜ਼ਿੰਮੇਵਾਰੀ ਮੈਨੂੰ ਸੌਂਪੀ ਗਈ ਹੈ, ਮੈਂ ਪੂਰੀ ਤਨਦੇਹੀ ਨਾਲ ਇਸ ਜ਼ਿੰਮੇਵਾਰੀ ਨੂੰ ਨਿਭਾਉਣ ਲਈ ਯਤਨਸ਼ੀਲ ਰਹਾਂਗਾ ਅਤੇ ਲੋਕਾਂ ਨੂੰ ਕਾਂਗਰਸ ਪਾਰਟੀ ਦੀਆਂ ਨੀਤੀਆਂ ਨਾਲ ਜੋੜਿਆ ਜਾਵੇਗਾ।ਜ਼ਿਕਰਯੋਗ ਹੈ ਕਿ ਸ੍ਰੀ ਸੋਨੂੰ ਕਾਂਗਰਸ ਪਾਰਟੀ ਦੇ ਪੰਜਾਬ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦੇ ਖਾਸ ਹਨ ਤੇ ਸਾਬਕਾ ਕੈਬਨਿਟ ਮੰਤਰੀ ਸ੍ਰੀ ਵਿਜੇ ਇੰਦਰ ਸਿੰਗਲਾ ਦੇ ਨਜ਼ਦੀਕੀ ਮੰਨੇ ਜਾਂਦੇ ਹਨ।

# 11 ਗ੍ਰਾਮ ਹੈਰੋਇਨ ਸਮੇਤ ਦੋ ਕਾਬੂ, ਮਾਮਲਾ ਦਰਜ

ਫਿਰੋਜ਼ਪੁਰ (ਅਸ਼ੋਕ ਸ਼ਰਮਾ) ਥਾਣਾ ਕੁੱਲਗੜ੍ਹੀ ਤੇ ਘੱਲ ਖੁਰਦ ਪੁਲਸ ਨੇ ਗਸ਼ਤ ਤੇ ਚੈਕਿੰਗ ਦੌਰਾਨ ਦੋ ਵਿਅਕਤੀਆਂ ਨੂੰ 11 ਗ੍ਰਾਮ ਹੈਰੋਇਨ ਸਮੇਤ ਗ੍ਰਿਫਤਾਰ ਕਰਕੇ ਉਨ੍ਹਾਂ ਖਿਲਾਫ ਐਨਡੀਪੀਐਸ ਐਕਟ ਤਹਿਤ ਮਾਮਲੇ ਦਰਜ ਕੀਤੇ ਹਨ। ਕੁੱਲਗੜ੍ਹੀ ਪੁਲਸ ਦੇ ਐੱਸ.ਆਈ ਨਿਸ਼ਾਨ ਸਿੰਘ ਨੇ ਦੱਸਿਆ ਕਿ ਜਦ ਪੁਲਸ ਪਾਰਟੀ ਬਾਹੱਦ ਪਿੰਡ ਸੰਧੂ ਤੋਂ ਬੇਗੂ ਪਿੰਡੇ ਸੀ ਤਾਂ ਮੇਨ ਸੜਕ ਦੇ ਇਕ ਕੱਚਾ ਰਸਤਾ ਦੱਖਣ ਸਾਈਡ ਨੂੰ ਖੰਡਾਂ ਵੱਲ ਨੂੰ ਜਾਂਦਾ ਹੈ, ਉਪਰ ਇਕ ਨੌਜਵਾਨ ਅਕਾਸ਼ਦੀਪ ਸਿੰਘ ਪੁੱਤਰ ਮਨਜੀਤ ਸਿੰਘ ਵਾਸੀ ਪਿੰਡ ਮੋਹਕਮ ਵਾਲਾ ਨੂੰ ਸ਼ੱਕ ਦੀ ਬਿਨਾਅ 'ਤੇ ਕਾਬੂ ਕਰਕੇ ਤਲਾਸ਼ੀ ਲਈ ਤਾਂ ਉਸ ਕੋਲੋਂ 6 ਗ੍ਰਾਮ ਹੈਰੋਇਨ ਬਰਾਮਦ ਹੋਈ। ਸਹਾਇਕ ਥਾਣੇਦਾਰ ਅੰਗਰੇਜ਼ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਗਸ਼ਤ ਕਰਦੀ ਹੋਈ ਨਵੇਂ ਪੁਲ ਜੜੀਆਂ ਨਹਿਰਾਂ ਨਾਲ ਉੱਤਰ ਦਿਸ਼ਾ ਵੱਲ ਕੱਚੇ ਰਸਤੇ 'ਤੇ ਪਿੰਡ ਖਿਲਚਿਆਂ ਵਾਲਾ ਨੂੰ ਜਾ ਰਹੇ ਸੀ, ਜਦ ਪੁਲਸ ਪਾਰਟੀ ਦੀ ਗੱਡੀ ਨੇ ਭਾਣੀ ਕਿੱਕਰਾਂ ਦੇ ਝੁੰਡ ਵਿਚ ਦੀ ਪੁਲ ਸੂਆ ਪਾਰ ਕੀਤਾ ਤਾਂ ਸਾਹਮਣੇ ਤੋਂ ਇਕ ਮੋਨਾ ਨੌਜਵਾਨ ਵਿਅਕਤੀ ਜਿਸ ਨੇ ਆਪਣਾ ਨਾਮ ਹਰਚਰਨ ਸਿੰਘ ਉਰਫ ਕਰਨ ਪੁੱਤਰ ਗੁਲਜ਼ਾਰ ਸਿੰਘ ਵਾਸੀ ਨੌਰੰਗ ਕੇ ਸਿਆਲ ਹਾਲ ਵਾਸੀ ਪਿੰਡ ਸੋਢੀ ਨਗਰ ਪੈਦਲ ਆਉਂਦਾ ਦਿਖਾਈ ਦਿੱਤਾ, ਜਿਸ ਨੂੰ ਸ਼ੱਕ ਦੀ ਬਿਨਾਅ 'ਤੇ ਕਾਬੂ ਕਰਕੇ ਉਸ ਦੀ ਜੇਬ ਵਿਚੋਂ 5 ਗ੍ਰਾਮ ਹੈਰੋਇਨ ਬਰਾਮਦ ਹੋਈ। ਪੁਲਸ ਨੇ ਉਕਤ ਦੋਸ਼ੀਆਂ ਖਿਲਾਫ ਮਾਮਲਾ ਦਰਜ ਕਰ ਲਿਆ ਗਿਆ ਹੈ।

## COURT NOTICE

(U/o 5 Rule 20 CPC)
In the Court of Ms. Aanchal Goel
Civil Judge (Junior Division), Jalandhar
CNR No. PBJL02-002117-2023
CS/1558/2023
Next Date:- 02-01-2026
Pee Pee Marketing
Vs. Bajaj Telecoma

Suit for grant of decree for recovery of Rs.----- alongwith interest as prayed for.

Publication Issued To:
1) Bajaj Telecom
Proprieter Mr. Sumit Bajaj Opp. Prince BUSC Stand Kapurthala Distt. Kapurthala Punjab (144621) Mobile No. 84374-04000
2) Mr. Sumit Bajaj, Proprieter M/S Bajaj Telecom Opp Prince BUSC Stand Kapurthala Distt. Kapurthala Punjab (144621) Mobile No. 84374-04000

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 02-01-2026 at 10:00 a.m.
For details logon to https://highcourtchd.gov.in/?mod=district_notice&district=Jalandhar

Civil Judge (Junior Division), Jalandhar
Dated, this day of 26-11-2025

## COURT NOTICE

(U/o 5 Rule 20 CPC)
In The Court of
Sh. Amandeep Singh
Civil Judge (Senior Division)
Tarn Taran

Next Date, Purpose of Case, Orders and Judgments as well as other case, information is available on http://districts.ecourts.gov.in
CNR No. PBTT02-000776-2025
Next Date : 02.01.2026
Jagdish Kumari
Vs
Sumit Sondhi alias Sohan Lal
Publication Issued To :
Raj Kumar
: R/o Gali Kashmirian Waali, Chownk Bhaan Singh, Tran Taran

In above titled case, the defendant(s)/ respondent(s) could not be served. It is ordered that defendant(s)/ respondant(s) should appear in person or through counsel on 02.01.2026 at 10:00 a.m.
For details logon to https://highcourtchd.gov.in/?trs=district_notice&district=Tarn Taran

Civil Judge (Senior Division) Tarn Taran
Dated this day of 27-11-2025

## COURT NOTICE

(U/o 5 Rule 20 CPC)
In The Court of
Sh. Amandeep Singh
Civil Judge (Senior Division) Tarn Taran

Next Date, Purpose of Case, Orders and Judgments as well as other case, information is available on http://districts.ecourts.gov.in
CNR No. PBTT02-000385-2025
Next Date : 12.01.2026
Gurpreet Kaur (Widow)
Vs
General Public
Publication Issued To :
General Public
: Tarn Taran

In above titled case, the defendant(s)/ respondent(s) could not be served. It is ordered that defendant(s)/ respondant(s) should appear in person or through counsel on 12.01.2026 at 10:00 A.M.
For details logon to https://highcourtchd.gov.in/?trs=district_notice&district=Tarn Taran

Civil Judge (Senior Division) Tarn Taran
Dated this day of 27-11-2025

## COURT NOTICE

(U/o 5 Rule 20 CPC)
In the Court of
Sh. Jasvir Singh
Additional Principal Judge
Family Court-II, Jalandhar
CNR No. PBJL01-013539-2024
Next Date:- 21-01-2026
Rakesh Kumar
Vs.
Sandeep Kaur
Publication Issued To:
Sandeep Kaur W/o Rakesh Kumar D/o Sh. Jagseer Singh R/o Village Pakka, P.O. Tehna, Tehsil and Distt. Faridkot, Faridkot, Punjab

In Above Titled Case, The Defendant(s)/Respondent(s) could not be served. it is ordered that defendant(s)/respondent(s) should appear in person or through counsel on 21-01-2026 at 10:00 a.m.
For details logon to https://highcourtchd.gov.in/?mod=district_notice&district=Jalandhar

Additional Principal Judge Family Court-II, Jalandhar
Dated this day of 21-11-2025

## COURT NOTICE

(U/o 5 Rule 20 CPC)
(Under Guardian and Ward Act)
In the Court of
Dr. Sushil Bodh
Additional Civil Judge (Senior Division), Jalandhar
CNR No. PBJL02-004592-2025
Next Date:- 20-01-2026
Bal Krishan Mehmi
Vs.
General Public
Notice To : General Public
General Public

In above titled case, the defendant(s)/ respondent(s) could not be served. It is ordered that defendant(s)/ respondent(s) should appear in person or through counsel on 20-01-2026 at 10:00 a.m.
For details logon to https://highcourtchd.gov.in/?mod=district_notice&district=Jalandhar

Additional Civil Judge (Senior Division) Jalandhar
Dated, this day of 24-11-2025

## COURT NOTICE

(U/o 5 Rule 20 CPC)
In the Court of
Sh. Sandeep Kumar Singla
Principal Judge, Family Court, Patiala
CNR No. PBPT01-000981-2025
Next Date:- 10-02-2026
Jujhar Singh
Vs.
Kanwaljeet Kaur
Publication Issued To:
Kanwaljeet Kaur Daughter of Sh Sajjan Singh, Wife of Jujhar Singh Resident of Village Sidhuwal, Tehsil and District Fatehgarh Sahib.

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 10-02-2026 at 10:00 a.m.
For details logon to https://highcourtchd.gov.in/?mod=district_notice&district=patiala

Principal Judge, Family Court Patiala
Dated, this day of 29-11-2025

## SBI — RETAIL ASSETS CENTRAL PROCESSING CENTRE (05296), CIVIL LINES, FOUNTAIN CHOWK, LUDHIANA

### ਰੂਲ 8(1) ਕਬਜ਼ਾ ਨੋਟਿਸ (ਚੱਲ ਜਾਇਦਾਦ ਵਾਸਤੇ)

ਜਦੋਂ ਕਿ ਨਿਮਨਹਸਤਾਖਰੀ ਨੇ ਸਟੇਟ ਬੈਂਕ ਆਫ ਇੰਡੀਆ, ਆਰ ਏ ਸੀ ਪੀ ਸੀ, ਸਿਵਲ ਲਾਈਨਜ਼, ਲੁਧਿਆਣਾ ਦੇ ਅਧਿਕਾਰਤ ਅਫਸਰ ਵਜੋਂ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਐਸੇਟਸ ਅਤੇ ਸਕਿਉਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਈ ਮਿਤੀ 'ਤੇ ਕਰਜ਼ਦਾਰਾਂ/ਗਰੰਟਰਾਂ ਨੂੰ ਉਕਤ ਨੋਟਿਸਾਂ ਦੀ ਪ੍ਰਾਪਤੀ ਮਿਤੀ ਤੋਂ 60 ਦਿਨਾਂ ਦੇ ਅੰਦਰ ਨੋਟਿਸਾਂ 'ਚ ਦਰਸਾਈ ਰਕਮ ਵਾਪਸ ਮੋੜਨ ਲਈ ਡਿਮਾਂਡ ਨੋਟਿਸ ਜਾਰੀ ਕੀਤੇ ਸਨ।

ਕਰਜ਼ਦਾਰ ਰਕਮ ਅਦਾ ਕਰਨ 'ਚ ਅਸਫਲ ਰਹੇ ਹਨ, ਜਾਇਦਾਦ ਦੇ ਕਰਜ਼ਦਾਰਾਂ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਸਕਿਉਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 8 ਨਾਲ ਪੜ੍ਹੇ ਜਾਂਦੇ ਸੈਕਸ਼ਨ 13 ਦੇ ਸਬ-ਸੈਕਸ਼ਨ (4) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਈ ਜਾਇਦਾਦ ਦਾ ਹੇਠਾਂ ਦਰਸਾਏ ਖਾਤਿਆਂ ਵਿਰੁੱਧ ਇਨ੍ਹਾਂ ਮਿਤੀਆਂ ਨੂੰ ਕਬਜ਼ਾ ਹਾਸਲ ਕਰ ਲਿਆ ਹੈ।

ਖਾਸ ਕਰਕੇ ਸੰਬੰਧਤ ਪਾਰਟੀਆਂ ਅਤੇ ਆਮ ਜਨਤਾ ਨੂੰ ਜਾਇਦਾਦ ਸੰਬੰਧੀ ਸੌਦੇਬਾਜ਼ੀ ਨਾ ਕੀਤੇ ਜਾਣ ਲਈ ਖਬਰਦਾਰ ਕੀਤਾ ਜਾਂਦਾ ਹੈ ਅਤੇ ਜਾਇਦਾਦ ਸੰਬੰਧੀ ਕਿਸੇ ਤਰ੍ਹਾਂ ਦੀ ਸੌਦੇਬਾਜ਼ੀ ਕਰਨ 'ਤੇ ਸਟੇਟ ਬੈਂਕ ਆਫ ਇੰਡੀਆ, ਲੁਧਿਆਣਾ ਵੱਲੋਂ ਹੇਠਾਂ ਦਰਸਾਈ ਕੁੱਲ ਰਕਮ ਜਮ੍ਹਾਂ ਇਸ ਉਪਰ ਭਵਿੱਖੀ ਵਿਆਜ ਅਤੇ ਲਾਗਤਾਂ ਆਦਿ ਵਸੂਲ ਕੀਤੀ ਜਾਵੇਗੀ।

ਉਪਲੱਬਧ ਸਮੇਂ 'ਚ ਸਕਿਉਰਡ ਐਸੇਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰਾਂ ਤੇ ਗਰੰਟਰਾਂ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

| ਲੜੀ ਨੰ. | ਬਰਾਂਚ ਦਾ ਨਾਂਅ / ਕਰਜ਼ਦਾਰ/ਗਰੰਟਰ ਅਤੇ ਜਾਇਦਾਦ ਦਾ ਮਾਲਕ | ਰਹਿਣ ਕੀਤੀਆਂ ਜਾਇਦਾਦਾਂ ਦਾ ਵੇਰਵਾ | ਡਿਮਾਂਡ ਨੋਟਿਸ ਦੀ ਮਿਤੀ | ਕਬਜ਼ੇ ਦੀ ਮਿਤੀ | ਕਬਜ਼ੇ ਦੀ ਕਿਸਮ / ਬਕਾਇਆ ਰਕਮ |
|---|---|---|---|---|---|
| 1. | ਸ਼ਾਖਾ ਦਫਤਰ : ਸਿਵਲ ਲਾਈਨਜ਼ ਲੁਧਿਆਣਾ<br>(ਕਰਜ਼ਦਾਰ) : ਸ੍ਰੀ ਅਰਜੁਨ ਸ਼ਰਮਾ ਪੁੱਤਰ ਸ੍ਰੀ ਰਾਮ ਪ੍ਰਵੇਸ਼ ਸ਼ਰਮਾ # ਨਿਊ ਪੁਨੀਤ ਨਗਰ, ਮਕਾਨ ਨੰ. 34, ਗਲੀ ਨੰ. 3/4, ਤਾਜਪੁਰ ਰੋਡ, ਲੁਧਿਆਣਾ। | ਜਾਇਦਾਦ/ਮਕਾਨ/ਪਲਾਟ ਨੰ. 34 ਦਾ ਸਮੁੱਚਾ ਅਟੁੱਟ ਹਿੱਸਾ, ਰਕਬਾ 100 ਵਰਗ ਗਜ਼, ਖਸਰਾ ਨੰ. 39//25/1/3-40//21/1-22/1 ਖੱਤਾ ਨੰ. 542/551, ਜਮ੍ਹਾਂਬੰਦੀ ਸਾਲ 2006-07 ਅਨੁਸਾਰ, ਪਤਾ ਪਿੰਡ ਕੁਲਿਆਵਾਲ, ਹਦਬਸਤ ਨੰ. 178, ਨਿਊ ਪੁਨੀਤ ਨਗਰ, ਤਾਜਪੁਰ ਰੋਡ, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ, ਸੇਲ ਡੀਡ ਅਨੁਸਾਰ ਵਸੀਕਾ ਨੰ. 12835 ਮਿਤੀ 19/09/2011, ਮਾਲਕ ਸ੍ਰੀ ਅਰਜੁਨ ਸ਼ਰਮਾ ਪੁੱਤਰ ਸ੍ਰੀ ਰਾਮ ਪ੍ਰਵੇਸ਼ ਸ਼ਰਮਾ, ਹੱਦਬੰਦੀ : ਪੂਰਬ : ਮੁਨੀਸ਼ ਰਾਮ 45'-00'', ਪੱਛਮ : ਪ੍ਰਤਾਪ ਤੇ ਰਾਮਾ ਨੰਦ ਗੁਪਤਾ 45'-00'', ਉੱਤਰ : ਗਲੀ 4 ਚੌੜਾਈ 15'20'-00'', ਦੱਖਣ : ਗਲੀ ਨੰ. 3 ਚੌੜਾਈ 20'-00'' | 19.06.2025 | 29.11.2025 | ਸੰਕੇਤਕ ਕਬਜ਼ਾ<br>ਰੁਪਏ 14,51,975/-(ਚੌਦਾਂ ਲੱਖ ਇਕਵੰਜਾ ਹਜ਼ਾਰ ਨੌ ਸੌ ਪਝੰਤਰ ਰੁਪਏ ਕੇਵਲ) 18.06.2025 ਤੱਕ ਜਮ੍ਹਾਂ 19.06.2025 ਤੋਂ ਲਾਗੂ ਹੋਰ ਵਿਆਜ, ਹੋਰ ਚਾਰਜਿਜ਼ ਤੇ ਖਰਚੇ, ਜੋ ਵੀ ਹੋਣ। |
| 2. | ਸ਼ਾਖਾ ਦਫਤਰ : ਗੁਰਦੇਵ ਨਗਰ, ਲੁਧਿਆਣਾ<br>(ਕਰਜ਼ਦਾਰ) : ਸ੍ਰੀ ਜਸਪ੍ਰੀਤ ਸਿੰਘ ਪੁੱਤਰ ਸ੍ਰੀ ਹਰੀ ਓਮ ਸਿੰਘ # ਐੱਮ ਸੀ ਨੰ. ਬੀ-XXXI-6103, ਗਲੀ ਨੰ. 2, ਗੁਰੂ ਅਰਜਨ ਦੇਵ ਨਗਰ, ਨੇੜੇ ਸਮਰਾਲਾ ਚੌਂਕ,ਤਰਫ ਸੈਦਾਂ, ਲੁਧਿਆਣਾ (2) ਸ੍ਰੀਮਤੀ ਮੀਨੂ ਪਤਨੀ ਸ੍ਰੀ ਜਸਪ੍ਰੀਤ ਸਿੰਘ # ਐੱਮ ਸੀ ਨੰ. ਬੀ-XXXI-6103, ਗਲੀ ਨੰ. 2, ਗੁਰੂ ਅਰਜਨ ਦੇਵ ਨਗਰ, ਨੇੜੇ ਸਮਰਾਲਾ ਚੌਂਕ, ਤਰਫ ਸੈਦਾਂ, ਲੁਧਿਆਣਾ। | ਜਾਇਦਾਦ/ਮਕਾਨ/ ਪਲਾਟ ਨੰਬਰ ਦਾ ਸਮੁੱਚਾ ਹਿੱਸਾ, ਰਕਬਾ 50 ਵਰਗ ਗਜ਼, ਖਸਰਾ ਨੰ. 906, ਖੱਤਾ ਨੰ. 717/777, ਜਮ੍ਹਾਂਬੰਦੀ ਸਾਲ 2002-03 ਅਨੁਸਾਰ ਪਤਾ ਪਿੰਡ ਤਰਫ ਸੈਦਾਂ, ਗੁਰੂ ਅਰਜਨ ਦੇਵ ਨਗਰ, ਗਲੀ ਨੰ. 2, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ, ਸੇਲ ਡੀਡ ਵਸੀਕਾ ਨੰ. 21614 ਤਰੀਕ 20/01/2012, ਮਾਲਕ ਸ੍ਰੀ ਜਸਪ੍ਰੀਤ ਸਿੰਘ ਪੁੱਤਰ ਸ੍ਰੀ ਹਰੀ ਓਮ ਸਿੰਘ। ਹੱਦਬੰਦੀ : ਪੂਰਬ : ਗਲੀ 9'-00'', ਪੱਛਮ : ਲੇਖ ਰਾਜ 9'-00'', ਉੱਤਰ : ਮੋਹਨ ਲਾਲ 50'-00'', ਦੱਖਣ : ਰਾਜ ਰਾਣੀ 50'-00'' | 01.07.2025 | 29.11.2025 | ਸੰਕੇਤਕ ਕਬਜ਼ਾ<br>ਰੁਪਏ 1,81,920/-(ਇੱਕ ਲੱਖ ਇਕਾਸੀ ਹਜ਼ਾਰ ਨੌ ਸੌ ਵੀਹ ਰੁਪਏ ਕੇਵਲ) 29.06.2025 ਤੱਕ ਜਮ੍ਹਾਂ 30.06.2025 ਤੋਂ ਲਾਗੂ ਹੋਰ ਵਿਆਜ, ਹੋਰ ਚਾਰਜਿਜ਼ ਤੇ ਖਰਚੇ, ਜੋ ਵੀ ਹੋਣ। |

ਮਿਤੀ : 30.11.2025 ਸਥਾਨ : ਲੁਧਿਆਣਾ ਅਧਿਕਾਰਤ ਅਫਸਰ




## ਨਾਂਅ ਦੀ ਬਦਲੀ

ਮੈਂ ਅਭਿਸ਼ੇਕ ਪੁੱਤਰ ਜੈ ਸਿੰਘ ਮੁਹੱਲਾ ਰਾਮਨਗਰ ਡਾਕ ਖਾਨਾ ਜਨੌੜੀ ਤਹਿਸੀਲ ਅਤੇ ਜਿਲਾ ਹੁਸ਼ਿਆਰਪੁਰ ਦਾ ਪੱਕਾ ਵਸਨੀਕ ਹਾਂ ਮੈਂ ਆਪਣਾ ਨਾਮ ਅਭਿਸ਼ੇਕ ਤੋਂ ਬਦਲ ਕੇ ਅਭਿਸ਼ੇਕ ਬੱਧਨ ਰੱਖ ਲਿਆ ਹੈ ਮੈਨੂੰ ਹੁਣ ਅਭਿਸ਼ੇਕ ਬੱਧਨ ਨਾਮ ਦੇ ਨਾਲ ਬੁਲਾਇਆ ਜਾਏ।

## Change of Name

I Rajwinder Kaur W/o Jatinder Kumar , R/o H.no. 34/34, Raj Nagar, Basti Bawa Khel, Jalandhar have changed my name from Rajwinder Kaur to Given Name Rajwinder and surname as Kaur.

I, Sandhya wife of Maneesh Kumar Singh resident of K53, Old Officer Colony, B-13, Fatehgarh Churiaan Road, Amritsar, Punjab have changed my name from Sandhya to Sandhya Singh. All concerned please note.

I, Jagroop Singh Sandhu S/O Satwinder Singh R/O Sandhu Farm, Village Tahli Sahib, Kartarpur, Distt. Jalandhar - 144801, Punjab have changed my name from Jagroop Singh Sandhu to Jagroop Singh. All note.

I, Harpreet Kaur Sandhu W/O Jagroop Singh R/O Sandhu Farm, Village Tahli Sahib, Kartarpur, Distt. Jalandhar - 144801, Punjab have changed my name from Harpreet Kaur Sandhu to Harpreet Kaur. All Note.

I Mohinder Pal S/o Harbilas R/o VPO. Randhawa Masandan, Jalandhar - 144011, Punjab have changed my name from Mohinder Pal to Pal Mohinder (Surname as Pal). All please note.

I, Pawan Kumar S/o Ram Kishan R/o Gali No.5, Moh. Gobindpura, Phagwara, Distt. Kapurthala have changed my name from Pawan Kumar to Given name as Pawan & Surname as Kumar.

I, Kiran Alias Rajesh Kumari W/o Mohinder Paul R/o B-Xviii/32, Mohalla Jatpura, Near Pyara Lalghori Wala, Kapurthala have changed my name from Kiran Alias Rajesh Kumari to Kiran.

I, Gurmeet Kaur W/o S. Jagjit Singh R/o H.No. 114, New Ganesh Nagar, Po. Dakoha, Tehsil and Distt. Jalandhar have changed my name from Gurmeet Kaur to Jasbir Kaur, after marriage.

## PUBLIC NOTICE

I, Seema wife of Sanjeev Mogla R/o Mohalla Arora Rasta, Tehsil Sultanpur Lodhi, Distt. Kapurthala, Punjab declare that in my passport my name written as Seema Rani and my husband's name written as Sanjeev Kumar and documents Aadhaar Card, Pan Card and Voter Card my name is written as Seema and husband's name written as Sanjeev Mogla. That my correct name is Seema and my husband's correct name is Sanjeev Mogla. All concerned please note.

I, Jaspreet Singh S/o Late. Balwinder Singh R/o VPO. Jaitewali, Distt. Jalandhar, Punjab declare that my wife Sukhveer Kaur & my son Ajay Partap Singh are out of my control. I disinherit them from my movable and immovable properties. I and my family shall not be held responsible for all their acts or activities done by them. All please note.

## ਬੇਦਖਲੀ ਨੋਟਿਸ

ਮੈਂ, ਦਿਲਬਾਗ ਸਿੰਘ ਪੁੱਤਰ ਸ੍ਰੀ ਅਮਰ ਚੰਦ ਵਾਸੀ ਮੀਏਵਾਲ ਅਰਾਈਆ, ਤਹਿਸੀਲ ਸ਼ਾਹਕੋਟ, ਜ਼ਿਲ੍ਹਾ ਜਲੰਧਰ, ਪੰਜਾਬ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਸਲੀਮ ਇਕਬਾਲ ਅਤੇ ਉਸਦੀ ਪਤਨੀ ਨੀਲਮ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਆਪਣੀ ਮਨ ਮਰਜੀ ਕਰਦੇ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸਬੰਧਿਤ ਨੋਟ ਕਰਨ।

ਮੈਂ, ਜੋਗਿੰਦਰ ਸਿੰਘ ਪੁੱਤਰ ਰਤਨਾ ਵਾਸੀ ਪਿੰਡ ਨਜਦੀਕ ਵਾਲਮੀਕ ਮੰਦਿਰ ਮੀਰੇ, ਤਹਿਸੀਲ ਸੁਲਤਾਨਪੁਰ ਲੋਧੀ, ਜ਼ਿਲ੍ਹਾ ਕਪੂਰਥਲਾ, ਪੰਜਾਬ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਜਸਵਿੰਦਰ ਸਿੰਘ (ਕੁਆਰਾ) ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨ ਮਰਜੀ ਕਰਦਾ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸਬੰਧਿਤ ਨੋਟ ਕਰਨ।

## ਬੇਦਖਲੀ ਨੋਟਿਸ

ਮੈਂ, ਰੇਸ਼ਮ ਸਿੰਘ ਪੁੱਤਰ ਸ੍ਰੀ ਕਰਨੈਲ ਸਿੰਘ ਵਾਸੀ ਪਿੰਡ ਸਾਦਿਕਪੁਰ, ਤਹਿਸੀਲ ਸ਼ਾਹਕੋਟ, ਜ਼ਿਲ੍ਹਾ ਜਲੰਧਰ, ਪੰਜਾਬ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਮਨਦੀਪ ਸਿੰਘ (ਕੁਆਰਾ) ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨ ਮਰਜੀ ਕਰਦਾ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸਬੰਧਿਤ ਨੋਟ ਕਰਨ।

ਮੈਂ ਇੰਦਰਜੀਤ ਸਿੰਘ ਪੁੱਤਰ ਹਰਬੰਸ ਸਿੰਘ ਵਾਸੀ ਪਿੰਡ: ਕੋਟ ਧਰਮ ਚੰਦ ਕਲਾਂ ਤਹਿ ਤੇ ਜਿਲ੍ਹਾ ਤਰਨ ਤਾਰਨ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਕੰਵਰਜੀਤ ਸਿੰਘ ਅਤੇ ਇਸਦੀ ਪਤਨੀ ਅਮਨਦੀਪ ਕੌਰ (ਹੁਣ ਤਲਾਕ ਸ਼ੁਦਾ) ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਜਾਂ ਮੇਰੇ ਪਰਿਵਾਰ ਦਾ ਕੋਈ ਵੀ ਤਾਲਕ ਵਾ ਵਾਸਤਾ ਨਹੀਂ ਹੋਵੇਗਾ।

ਮੈਂ, ਸੁਖਦੇਵ ਚੰਦ ਪੁੱਤਰ ਪੂਰਣ ਚੰਦ ਵਾਸੀ ਮਕਾਨ ਨੰ. 3682/5, ਤੇਜ ਮੋਹਨ ਨਗਰ, ਜਲੰਧਰ, ਪੰਜਾਬ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਦੀਪਕ ਕੁਮਾਰ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਮੇਰਾ ਅਤੇ ਮੇਰੇ ਪਰਿਵਾਰ ਦਾ ਇਸ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ। ਜੋ ਕੋਈ ਵੀ ਇਸ ਨਾਲ ਲੈਣ ਦੇਣ ਕਰੇਗਾ, ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸਬੰਧਿਤ ਨੋਟ ਕਰਨ।

ਮੈਂ, ਜਸਬੀਰ ਸਿੰਘ ਪੁੱਤਰ ਬਾਵਾ ਸਿੰਘ, ਵਾਸੀ ਸੀਹੋਵਾਲ, ਡਾਕਖਾਨਾ ਸਾਹੋਵਾਲ, ਤਹਿਸੀਲ ਦੀਨਾਨਗਰ, ਜ਼ਿਲ੍ਹਾ ਗੁਰਦਾਸਪੁਰ ਬਿਆਨ ਕਰਦਾ ਹਾਂ ਕਿ ਮੇਰੀ ਪੁੱਤਰੀ ਬਲਵਿੰਦਰ ਕੌਰ, ਜੋ ਕਿ ਮੇਰੇ ਕਹਿਣੇ ਵਿਚੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰ ਦਿੱਤਾ ਹੈ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਹੋਰ ਪਰਵਾਰਕ ਮੈਂਬਰਾਂ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਪਵਨ ਕੁਮਾਰ ਰਿਸ਼ੀ ਪੁੱਤਰ ਕ੍ਰਿਸ਼ਨ ਲਾਲ ਰਿਸ਼ੀ, ਵਾਸੀ ਮਕਾਨ ਨੰ: 59, ਕਾਂਗੜਾ ਕਾਲੋਨੀ, ਨੇੜੇ ਬਾਬਾ ਬਾਲਕ ਨਾਥ ਮੰਦਰ, ਅੰਮ੍ਰਿਤਸਰ, ਪੰਜਾਬ-143001 ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਰਾਗਵ ਰਿਸ਼ੀ, ਜੋ ਕਿ ਮੇਰੀ ਸਾਂਭ-ਸੰਭਾਲ ਨਹੀਂ ਕਰਦਾ ਅਤੇ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਤੇ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਮਧੂ ਜੇਤਲੀ ਪਤਨੀ ਪਵਨ ਕੁਮਾਰ ਰਿਸ਼ੀ ਵਾਸੀ ਮਕਾਨ ਨੰ: 59, ਕਾਂਗੜਾ ਕਾਲੋਨੀ, ਨੇੜੇ ਬਾਬਾ ਬਾਲਕ ਨਾਥ ਮੰਦਰ, ਅੰਮ੍ਰਿਤਸਰ, ਪੰਜਾਬ-143001 ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਰਾਗਵ ਰਿਸ਼ੀ, ਜੋ ਕਿ ਮੇਰੀ ਸਾਂਭ-ਸੰਭਾਲ ਨਹੀਂ ਕਰਦਾ ਅਤੇ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਤੇ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

## ਅਦਾਲਤੀ ਇਸ਼ਤਿਹਾਰ

ਬਾ ਅਦਾਲਤ ਤਹਿਸੀਲਦਾਰ-ਕਮ-ਸਹਾਇਕ-ਕੁਲੈਕਟਰ ਦਰਜਾ ਪਹਿਲਾ, ਪੱਟੀ ਤਹਿਸੀਲ ਪੱਟੀ, ਜ਼ਿਲ੍ਹਾ ਤਰਨ ਤਾਰਨ

ਤਕਸੀਮ ਕੇਸ ਨੰਬਰ 203 ਤਕਸੀਮ Petition/3/2024
ਅਨੁਵਾਨ : ਬਲਜੀਤ ਸਿੰਘ ਪੁੱਤਰ ਬਲਵੰਤ ਸਿੰਘ ਪੁੱਤਰ ਬਹਾਦਰ ਸਿੰਘ ਵਾਸੀ ਪਿੰਡ ਬੂੜ ਚੰਦ ਤਹਿਸੀਲ ਪੱਟੀ ਜਿਲ੍ਹਾ ਤਰਨ ਤਾਰਨ।...ਸਾਇਲ
ਬਨਾਮ
1. ਅਰਜਨ ਸਿੰਘ ਪੁੱਤਰ ਈਸ਼ਰ ਸਿੰਘ ਪੁੱਤਰ ਬੂੜ ਸਿੰਘ 2 ਸਾਧਾ ਸਿੰਘ 3. ਸ਼ਿੰਗਾਰਾ ਸਿੰਘ ਪੁੱਤਰਾਨ 4. ਵੀਰੋ 5 ਪ੍ਰਕਾਸ਼ ਕੌਰ 6. ਗੁਰਨਾਮ ਕੌਰ ਪੁੱਤਰੀਆਨ ਮੰਗਲ ਸਿੰਘ ਪੁੱਤਰ ਈਸ਼ਰ ਸਿੰਘ 7. ਫੱਗਾ ਸਿੰਘ 8. ਮਹਿਲ ਸਿੰਘ 9. ਬਚਨੋ 10, ਅਮਰਜੀਤ ਕੋਰ ਪੁੱਤਰੀਆਨ ਚੈਂਚਲ ਸਿੰਘ ਪੁੱਤਰ ਈਸ਼ਰ ਸਿੰਘ 1. ਜੋਗਿੰਦਰ ਕੌਰ ਵਿਧਵਾ ਚੈਚਲ ਸਿੰਘ ਪੁੱਤਰ ਈਸ਼ਰ ਸਿੰਘ 12. ਮਨਜਿੰਦਰ ਸਿੰਘ ਪੁੱਤਰ ਮਨਜੀਤ ਸਿੰਘ ਪੁੱਤਰ ਮਹਿੰਦਰ ਸਿੰਘ 13. ਗੁਰਜੰਟ ਸਿੰਘ 14. ਹਰਪਾਲ ਸਿੰਘ ਪੁੱਤਰਾਨ ਸੁਰਜੀਤ ਸਿੰਘ ਪੁੱਤਰ ਮਹਿੰਦਰ ਸਿੰਘ 15. ਮਹਿੰਦਰ ਸਿੰਘ ਪੁੱਤਰ ਈਸੁਰ ਸਿੰਘ ਪੁੱਤਰ ਬੂੜ ਸਿੰਘ 16. ਸੁਖਵਿੰਦਰ ਸਿੰਘ ਪੁੱਤਰ ਮਨਜੀਤ ਸਿੰਘ ਪੁੱਤਰ ਮਹਿੰਦਰ ਸਿੰਘ 17. ਗੁਰਲਾਲ ਸਿੰਘ ਪੁੱਤਰ ਗੁਰਨਾਮ ਸਿੰਘ ਪੁੱਤਰ ਗੰਗਾ ਸਿੰਘ 18. ਨਛੱਤਰ ਸਿੰਘ ਪੁੱਤਰ ਗੁਰਨਾਮ ਸਿੰਘ ਪੁੱਤਰ ਗੰਗਾ ਸਿੰਘ 19. ਸੇਵਾ ਸਿੰਘ ਪੁੱਤਰ ਬੱਗਾ ਸਿੰਘ ਪੁੱਤਰ ਬਿਸ਼ਨ ਸਿੰਘ 20 ਦਰਸ਼ਨ ਕੌਰ ਪੁੱਤਰੀ ਬੱਗਾ ਸਿੰਘ ਪੁੱਤਰ ਬਿਸ਼ਨ ਸਿੰਘ 21. ਹਰਜੀਤ ਸਿੰਘ ਪੁੱਤਰ ਚਰਨ ਸਿੰਘ ਪੁੱਤਰ ਬਹਾਦਰ ਸਿੰਘ 22. ਸੁਖਵਿੰਦਰ ਸਿੰਘ ਪੁੱਤਰ ਮਨਜੀਤ ਸਿੰਘ ਪੁੱਤਰ ਮੱਖਣ ਸਿੰਘ 23. ਬਲਬੀਰ ਸਿੰਘ ਪੁੱਤਰ ਲਾਲ ਸਿੰਘ ਪੁੱਤਰ ਬਿਸ਼ਨ ਸਿੰਘ 24. ਪ੍ਰੀਤਮ ਸਿੰਘ 25. ਗੁਰਦੇਵ ਸਿੰਘ ਪੁੱਤਰਾਨ ਕੇਵਲ ਸਿੰਘ ਪੁੱਤਰ ਲਾਲ ਸਿੰਘ 26. ਰਾਜਵਿੰਦਰ ਕੌਰ ਵਿਧਵਾ ਕੁਲਵਿੰਦਰ ਸਿੰਘ ਪੁੱਤਰ ਕਰਮ ਸਿੰਘ 27, ਸੁਖਵਿੰਦਰ ਸਿੰਘ ਪੁੱਤਰ ਦੇਸਾ ਸਿੰਘ ਪੁੱਤਰ ਸਾਧਾ ਸਿੰਘ ਵਾਸੀਆਨ ਪਿੰਡ ਬੂੜ ਚੰਦ, ਤਹਿਸੀਲ ਪੱਟੀ, ਜ਼ਿਲ੍ਹਾ ਤਰਨ ਤਾਰਨ 28, ਪੰਜਾਬ ਐਂਡ ਸਿੰਧ ਬੈਂਕ ਬਾਂਚ ਦਿਆਲਪੁਰਾ, ਤਹਿਸੀਲ ਪੱਟੀ, ਜ਼ਿਲ੍ਹਾ ਤਰਨ ਤਾਰਨ ਰਾਹੀਂ ਮੈਨੇਜਰ 29. ਐੱਚ.ਡੀ.ਐੱਫ.ਸੀ. ਬੈਂਕ ਲਿਮਟਿਡ ਬਰਾਂਚ ਭਿੱਖੀਵਿੰਡ, ਤਹਿਸੀਲ ਪੱਟੀ, ਜ਼ਿਲ੍ਹਾ ਤਰਨ ਤਾਰਨ ਰਾਹੀਂ ਮੈਨੇਜਰ 30. ਪੰਜਾਬ ਗ੍ਰਾਮੀਣ ਬੈਂਕ ਬਰਾਂਚ ਭਿੱਖੀਵਿੰਡ, ਤਹਿਸੀਲ ਪੱਟੀ ਜ਼ਿਲਾ ਤਰਨ ਤਾਰਨ ਰਾਹੀਂ ਮੈਨੇਜਰ। ...... ਰਿਸਪਾਡੈਂਟਸ

ਤਕਸੀਮ ਕੇਸ ਨੰਬਰ-204 Petition/4/2024
ਅਨੁਵਾਨ : ਬਲਜੀਤ ਸਿੰਘ ਪੁੱਤਰ ਬਲਵੰਤ ਸਿੰਘ ਪੁੱਤਰ ਬਹਾਦਰ ਸਿੰਘ ਵਾਸੀ ਪਿੰਡ ਬੂੜ ਚੰਦ ਤਹਿਸੀਲ ਪੱਟੀ ਜ਼ਿਲ੍ਹਾ ਤਰਨ ਤਾਰਨ। ..ਸਾਇਲ
ਬਨਾਮ
1. ਸੇਵਾ ਸਿੰਘ ਪੁੱਤਰ ਬੱਗਾ ਸਿੰਘ ਪੁੱਤਰ ਬਿਸ਼ਨ ਸਿੰਘ 2. ਦਰਸ਼ਨ ਕੌਰ ਪੁੱਤਰੀ ਬੱਗਾ ਸਿੰਘ ਪੁੱਤਰ ਬਿਸ਼ਨ ਸਿੰਘ 3. ਬਲਬੀਰ ਸਿੰਘ ਪੁੱਤਰ ਲਾਲ ਸਿੰਘ ਪੁੱਤਰ ਬਿਸ਼ਨ ਸਿੰਘ 4. ਸੁਖਵਿੰਦਰ ਸਿੰਘ ਪੁੱਤਰ ਮਨਜੀਤ ਸਿੰਘ ਪੁੱਤਰ ਮੱਖਣ ਸਿੰਘ 5. ਹਰਜੀਤ ਸਿੰਘ ਪੁੱਤਰ ਰਤਨ ਸਿੰਘ ਪੁੱਤਰ ਬਹਾਦਰ ਸਿੰਘ 6, ਨਛੱਤਰ ਸਿੰਘ 7. ਗੁਰਲਾਲ ਸਿੰਘ ਪੁੱਤਰ ਗੁਰਨਾਮ ਸਿੰਘ ਪੁੱਤਰ ਗੰਗਾ ਸਿੰਘ 8. ਗੁਰਦੇਵ ਸਿੰਘ 9. ਪ੍ਰੀਤਮ ਸਿੰਘ ਪੁੱਤਰਾਨ ਕੇਵਲ ਸਿੰਘ ਪੁੱਤਰ ਲਾਲ ਸਿੰਘ 10. ਰਾਜਵਿੰਦਰ ਕੌਰ ਵਿਧਵਾ ਕੁਲਵਿੰਦਰ ਸਿੰਘ ਪੁੱਤਰ ਕਰਮ ਸਿੰਘ ਸਾਰੇ ਵਾਸੀਆਨ ਬੂੜ ਚੰਦ ਤਹਿਸੀਲ ਪੱਟੀ ਜ਼ਿਲ੍ਹਾ ਤਰਨ ਤਾਰਨ 11, ਪੰਜਾਬ ਗ੍ਰਾਮੀਣ ਬੈਂਕ ਬਰਾਂਚ ਭਿੱਖੀਵਿੰਡ, ਤਹਿਸੀਲ ਪੱਟੀ, ਜ਼ਿਲ੍ਹਾ ਤਰਨ ਤਾਰਨ ਰਾਹੀਂ ਬਰਾਂਚ ਮੈਨੇਜਰ 12. ਐੱਚ.ਡੀ.ਐੱਫ.ਸੀ.ਬੈਂਕ ਬਰਾਂਚ ਭਿੱਖੀਵਿੰਡ, ਤਹਿਸੀਲ ਪੱਟੀ, ਜ਼ਿਲ੍ਹਾ ਤਰਨ ਤਾਰਨ ਰਾਹੀਂ ਬਰਚ ਮੈਨੇਜਰ। ...ਰਿਸਪਾਡੈਂਸ

ਤਕਸੀਮ ਕੇਸ ਨੰਬਰ-205 Petition/5/2024
ਅਨੁਵਾਨ : ਬਲਜੀਤ ਸਿੰਘ ਪੁੱਤਰ ਬਲਵੰਤ ਸਿੰਘ ਪੁੱਤਰ ਬਹਾਦਰ ਸਿੰਘ ਵਾਸੀ ਪਿੰਡ ਬੂੜ ਚੰਦ, ਤਹਿਸੀਲ ਪੱਟੀ ਜਿਲ੍ਹਾ ਤਰਨ ਤਾਰਨ। ....ਸਾਇਲ
ਬਨਾਮ
1. ਬਲਬੀਰ ਸਿੰਘ ਪੁੱਤਰ ਲਾਲ ਸਿੰਘ ਪੁੱਤਰ ਬਿਸ਼ਨ ਸਿੰਘ 2, ਦਰਸ਼ਨ ਕੌਰ ਪੁੱਤਰੀ ਬੱਗਾ ਸਿੰਘ ਪੁੱਤਰ ਬਿਸ਼ਨ ਸਿੰਘ 3. ਸੇਵਾ ਸਿੰਘ ਪੁੱਤਰ ਬੱਗਾ ਸਿੰਘ ਪੁੱਤਰ ਬਿਸ਼ਨ ਸਿੰਘ 4. ਜਸਵੰਤ ਸਿੰਘ ਪੁੱਤਰ ਚਾਨਣ ਸਿੰਘ ਪੁੱਤਰ ਸੰਤਾ ਸਿੰਘ 5. ਸੋਹਨ ਸਿੰਘ ਪੁੱਤਰ ਸੰਤਾ ਸਿੰਘ ਪੁੱਤਰ ਬਿਸ਼ਨ ਸਿੰਘ 6. ਸੁਖਵਿੰਦਰ ਸਿੰਘ ਪੁੱਤਰ ਮਨਜੀਤ ਸਿੰਘ ਪੁੱਤਰ ਮੱਖਣ ਸਿੰਘ 7. ਹਰਜੀਤ ਸਿੰਘ ਪੁੱਤਰ ਰਤਨ ਸਿੰਘ ਪੁੱਤਰ ਬਹਾਦਰ ਸਿੰਘ 8. ਨਛੱਤਰ ਸਿੰਘ 9, ਗੁਰਲਾਲ ਸਿੰਘ ਪੁੱਤਰਾਨ ਗੁਰਨਾਮ ਸਿੰਘ ਪੁੱਤਰ ਗੰਗਾ ਸਿੰਘ 10, ਧਰਮ ਸਿੰਘ 11. ਸਾਧੂ ਸਿੰਘ 12. ਭਜਨ ਸਿੰਘ 13. ਗੁਰਨਾਮ ਸਿੰਘ ਪੁੱਤਰਾਨ ਅੱਛਰ ਸਿੰਘ 14. ਪ੍ਰੀਤਮ ਸਿੰਘ 15. ਗੁਰਦੇਵ ਸਿੰਘ ਪੁੱਤਰਾਨ ਕੇਵਲ ਸਿੰਘ ਪੁੱਤਰ ਲਾਲ ਸਿੰਘ 16. ਰਣਜੋਧ ਸਿੰਘ ਪੁੱਤਰ ਕੁਲਵਿੰਦਰ ਸਿੰਘ ਪੁੱਤਰ ਕਰਮ ਸਿੰਘ 17. ਸਾਹਿਬ ਸਿੰਘ ਪੁੱਤਰ ਸੇਵਾ ਸਿੰਘ ਪੁੱਤਰ ਬੱਗਾ ਸਿੰਘ 18. ਕਰਮ ਸਿੰਘ ਪੁੱਤਰ ਬੱਗਾ ਸਿੰਘ ਪੁੱਤਰ ਬਿਸ਼ਨ ਸਿੰਘ 19. ਰਾਜਵਿੰਦਰ ਕੌਰ ਪਤਨੀ ਕੁਲਵਿੰਦਰ ਸਿੰਘ ਪੁੱਤਰ ਕਰਮ ਸਿੰਘ 20. ਧਰਮਿੰਦਰ ਸਿੰਘ ਪੁੱਤਰ ਗੁਰਦਿਆਲ ਸਿੰਘ ਪੁੱਤਰ ਧਾਰਾ ਸਿੰਘ 21. ਹਰਜੀਤ ਸਿੰਘ ਪੁੱਤਰ ਹਰਬੰਸ ਸਿੰਘ ਪੁੱਤਰ ਤਾਰਾ ਸਿੰਘ ਕੁਲਦੀਪ ਸਿੰਘ ਪੁੱਤਰ ਕੁਲਵੰਤ ਸਿੰਘ ਪੁੱਤਰ ਤਾਰਾ ਸਿੰਘ 23, ਸੁਰਜੀਤ ਸਿੰਘ ਪੁੱਤਰ ਕੁਲਵੰਤ ਸਿੰਘ ਪੁੱਤਰ ਤਾਰਾ ਸਿੰਘ 24. ਜਗੀਰ ਸਿੰਘ ਪੁੱਤਰ ਬਲਬੀਰ ਸਿੰਘ ਪੁੱਤਰ ਲਾਲ ਸਿੰਘ 25, ਹਰਦੀਪ ਸਿੰਘ ਪੁੱਤਰ ਹਜਾਰਾ ਸਿੰਘ ਪੁੱਤਰ ਜਿੰਦਰ ਸਿੰਘ 26. ਮੰਗਲ ਸਿੰਘ 27. ਬਾਜ ਸਿੰਘ ਪੁੱਤਰਾਨ ਬਹਾਦਰ ਸਿੰਘ ਪੁੱਤਰ ਸੁੰਦਰ ਸਿੰਘ 28, ਬਲਬੀਰ ਸਿੰਘ 29. ਕੇਵਲ ਸਿੰਘ ਪੁੱਤਰ ਲਾਲ ਸਿੰਘ ਪੁੱਤਰ ਬਿਸ਼ਨ ਸਿੰਘ ਸਾਰੇ ਵਾਸੀਆਨ ਪਿੰਡ ਬੂੜ ਚੰਦ, ਤਹਿਸੀਲ ਪੱਟੀ, ਜ਼ਿਲ੍ਹਾ ਤਰਨ ਤਾਰਨ 30. ਪੰਜਾਬ ਐਂਡ ਸਿੰਧ ਬੈਂਕ ਬਰਾਂਚ ਦਿਆਲਪੁਰਾ, ਤਹਿਸੀਲ ਪੱਟੀ, ਜ਼ਿਲ੍ਹਾ ਤਰਨ ਤਾਰਨ ਰਾਹੀਂ ਬਰਾਂਚ ਮੈਨੇਜਰ 31. ਪੰਜਾਬ ਗ੍ਰਾਮੀਣ ਬੈਂਕ ਬਰਾਂਚ ਭਿੱਖੀਵਿੰਡ, ਤਹਿਸੀਲ ਪੱਟੀ, ਜ਼ਿਲ੍ਹਾ ਤਰਨ ਤਾਰਨ ਰਾਹੀਂ ਬਰਾਂਚ ਮੈਨੇਜਰ 32. ਐੱਚ.ਡੀ.ਐੱਫ.ਸੀ. ਬੈਂਕ ਬਰਾਂਚ ਭਿੱਖੀਵਿੰਡ, ਤਹਿਸੀਲ ਪੱਟੀ, ਜ਼ਿਲ੍ਹਾ ਤਰਨ ਤਾਰਨ ਰਾਹੀਂ ਬਾਂਚ ਮੈਨੇਜਰ। ....ਰਿਸਪਾਡੈਂਟਸ

ਤਕਸੀਮ ਕੇਸ ਨੰਬਰ-206 Petition/6/2024
ਅਨੁਵਾਨ : ਬਲਜੀਤ ਸਿੰਘ ਪੁੱਤਰ ਬਲਵੰਤ ਸਿੰਘ ਪੁੱਤਰ ਬਹਾਦਰ ਸਿੰਘ ਵਾਸੀ ਪਿੰਡ ਬੂੜ ਚੰਦ, ਤਹਿਸੀਲ ਪੱਟੀ, ਜ਼ਿਲ੍ਹਾ ਤਰਨ ਤਾਰਨ। ....ਸਾਇਲ
ਬਨਾਮ
1. ਸੇਵਾ ਸਿੰਘ ਪੁੱਤਰ ਬੱਗਾ ਸਿੰਘ ਪੁੱਤਰ ਬਿਸ਼ਨ ਸਿੰਘ 2. ਦਰਸ਼ਨ ਕੌਰ ਪੁੱਤਰੀ ਬੱਗਾ ਸਿੰਘ ਪੁੱਤਰ ਬਿਸ਼ਨ ਸਿੰਘ 3. ਬਲਬੀਰ ਸਿੰਘ ਪੁੱਤਰ ਲਾਲ ਸਿੰਘ ਪੁੱਤਰ ਬਿਸ਼ਨ ਸਿੰਘ 4. ਸੁਖਵਿੰਦਰ ਸਿੰਘ ਪੁੱਤਰ ਮਨਜੀਤ ਸਿੰਘ ਪੁੱਤਰ ਮੱਖਣ ਸਿੰਘ 5. ਹਰਜੀਤ ਸਿੰਘ ਪੁੱਤਰ ਰਤਨ ਸਿੰਘ ਪੁੱਤਰ ਬਹਾਦਰ ਸਿੰਘ 6, ਨਛੱਤਰ ਸਿੰਘ 7. ਗੁਰਲਾਲ ਸਿੰਘ ਪੁੱਤਰਾਨ ਗੁਰਨਾਮ ਸਿੰਘ ਪੁੱਤਰ ਗੰਗਾ ਸਿੰਘ 8. ਗੁਰਦੇਵ ਸਿੰਘ 9. ਪ੍ਰੀਤਮ ਸਿੰਘ ਪੁੱਤਰਾਨ ਕੇਵਲ ਸਿੰਘ ਪੁੱਤਰ ਲਾਲ ਸਿੰਘ 10. ਰਾਜਵਿੰਦਰ ਕੌਰ ਵਿਧਵਾ ਕੁਲਵਿੰਦਰ ਸਿੰਘ ਪੁੱਤਰ ਕਰਮ ਸਿੰਘ ਸਾਰੇ ਵਾਸੀਆਨ ਬੂੜ ਚੰਦ ਤਹਿਸੀਲ ਪੱਟੀ ਜ਼ਿਲ੍ਹਾ ਤਰਨ ਤਾਰਨ 11. ਪੰਜਾਬ ਗ੍ਰਾਮੀਣ ਬਰਾਂਚ ਬੈਂਕਾਂ, ਤਹਿਸੀਲ ਪੱਟੀ, ਜ਼ਿਲ੍ਹਾ ਤਰਨ ਤਾਰਨ ਰਾਹੀਂ ਮੈਨੇਜਰ 12. ਐੱਚ.ਡੀ.ਐੱਫ.ਸੀ.ਬੈਂਕ ਬਰਾਂਚ ਭਿੱਖੀਵਿੰਡ, ਤਹਿਸੀਲ ਪੱਟੀ, ਜ਼ਿਲ੍ਹਾ ਤਰਨ ਤਾਰਨ ਰਾਹੀਂ ਬਰਾਂਚ ਮੈਨੇਜਰ। ..... ਰਿਸਪਾਡੈਟਸ

ਤਕਸੀਮ ਕੇਸ ਨੰ. 207 Petition/7/2024
ਅਨੁਵਾਨ : ਬਲਜੀਤ ਸਿੰਘ ਪੁੱਤਰ ਬਲਵੰਤ ਸਿੰਘ ਪੁੱਤਰ ਬਹਾਦਰ ਸਿੰਘ ਵਾਸੀ ਪਿੰਡ ਬੂੜ ਚੰਦ, ਤਹਿਸੀਲ ਪੱਟੀ, ਜ਼ਿਲ੍ਹਾ ਤਰਨ ਤਾਰਨ। ...ਸਾਇਲ
ਬਨਾਮ
1. ਸੇਵਾ ਸਿੰਘ ਪੁੱਤਰ ਬੱਗਾ ਸਿੰਘ ਪੁੱਤਰ ਬਿਸ਼ਨ ਸਿੰਘ 2. ਨਛੱਤਰ ਸਿੰਘ 3. ਗੁਰਲਾਲ ਸਿੰਘ ਪੁੱਤਰਾਨ ਗੁਰਨਾਮ ਸਿੰਘ ਪੁੱਤਰ ਗੰਗਾ ਸਿੰਘ 4. ਭਜਨ ਸਿੰਘ 5. ਸਾਧੂ ਸਿੰਘ 6. ਗੁਰਨਾਮ ਸਿੰਘ ਪੁੱਤਰਾਨ ਅੱਛਰ ਸਿੰਘ ਪੁੱਤਰ ਵੀਰ ਸਿੰਘ 7. ਸੁਖਵਿੰਦਰ ਸਿੰਘ ਪੁੱਤਰ ਮਨਜੀਤ ਸਿੰਘ ਪੁੱਤਰ ਮੱਖਣ ਸਿੰਘ 8. ਹਰਜੀਤ ਸਿੰਘ ਪੁੱਤਰ ਰਤਨ ਸਿੰਘ ਪੁੱਤਰ ਬਹਾਦਰ ਸਿੰਘ 9. ਬਲਬੀਰ ਸਿੰਘ ਪੁੱਤਰ ਲਾਲ ਸਿੰਘ ਪੁੱਤਰ ਬੱਗਾ ਸਿੰਘ 10. ਦਰਸ਼ਨ ਕੌਰ ਪੁੱਤਰੀ ਬੱਗਾ ਸਿੰਘ ਪੁੱਤਰ ਬਿਸ਼ਨ ਸਿੰਘ 11. ਪ੍ਰੀਤਮ ਸਿੰਘ 12. ਗੁਰਦੇਵ ਸਿੰਘ ਪੁੱਤਰਾਨ ਕੇਵਲ ਸਿੰਘ ਪੁੱਤਰ ਲਾਲ ਸਿੰਘ 13, ਰਾਜਵਿੰਦਰ ਕੌਰ ਵਿਧਵਾ ਕੁਲਵਿੰਦਰ ਸਿੰਘ ਪੁੱਤਰ ਕਰਮ ਸਿੰਘ ਸਾਰੇ ਵਾਸੀਆਨ ਪਿੰਡ ਬੂੜ ਚੰਦ, ਤਹਿਸੀਲ ਪੱਟੀ, ਜ਼ਿਲ੍ਹਾ ਤਰਨ ਤਾਰਨ 14. ਐੱਚ.ਡੀ.ਐੱਫ.ਸੀ.ਬੈਂਕ ਬਰਾਂਚ ਭਿੱਖੀਵਿੰਡ, ਤਹਿਸੀਲ ਪੱਟੀ, ਜ਼ਿਲ੍ਹਾ ਤਰਨ ਤਾਰਨ ਰਾਹੀਂ ਮੈਨੇਜਰ। ....ਰਿਸਪਾਡੈਂਟਸ

ਤਕਸੀਮ ਕੇਸ ਨੰਬਰ 208 Petition/8/2024
ਅਨੁਵਾਨ : ਬਲਜੀਤ ਸਿੰਘ ਪੁੱਤਰ ਬਲਵੰਤ ਸਿੰਘ ਪੁੱਤਰ ਬਹਾਦਰ ਸਿੰਘ ਵਾਸੀ ਪਿੰਡ ਬੂੜ ਚੰਦ, ਤਹਿਸੀਲ ਪੱਟੀ, ਜ਼ਿਲ੍ਹਾ ਤਰਨ ਤਾਰਨ। ...ਸਾਇਲ
ਬਨਾਮ
1. ਸੁਖਵਿੰਦਰ ਸਿੰਘ ਪੁੱਤਰ ਮਨਜੀਤ ਸਿੰਘ ਪੁੱਤਰ ਮੱਖਣ ਸਿੰਘ, 2. ਹਰਜੀਤ ਸਿੰਘ ਪੁੱਤਰ ਰਤਨ ਸਿੰਘ ਪੁੱਤਰ ਬਹਾਦਰ ਸਿੰਘ ਵਾਸੀਆਨ ਪਿੰਡ ਬੂੜ ਚੰਦ ਤਹਿਸੀਲ ਪੱਟੀ ਜ਼ਿਲ੍ਹਾ ਤਰਨ ਤਾਰਨ 3. ਪੰਜਾਬ ਗ੍ਰਾਮੀਣ ਬੈਂਕ ਬਰਾਂਚ ਭਿੱਖੀਵਿੰਡ, ਤਹਿਸੀਲ ਪੱਟੀ, ਜ਼ਿਲ੍ਹਾ ਤਰਨ ਤਾਰਨ। ...ਰਿਸਪਾਡੈਂਟਸ

ਤਕਸੀਮ ਕੇਸ ਨੰਬਰ 209 Petition/9/2024
ਅਨੁਵਾਨ : ਬਲਜੀਤ ਸਿੰਘ ਪੁੱਤਰ ਬਲਵੰਤ ਸਿੰਘ ਪੁੱਤਰ ਬਹਾਦਰ ਸਿੰਘ ਵਾਸੀ ਪਿੰਡ ਬੂੜ ਚੰਦ, ਤਹਿਸੀਲ ਪੱਟੀ, ਜ਼ਿਲ੍ਹਾ ਤਰਨ ਤਾਰਨ। ...ਸਾਇਲ
ਬਨਾਮ
1. ਅਰਜਨ ਸਿੰਘ 2. ਸੂਬਾ ਸਿੰਘ ਪੁੱਤਰਾਨ ਈਸ਼ਰ ਸਿੰਘ ਪੁੱਤਰ ਬੂੜ ਸਿੰਘ 3. ਸਾਧਾ ਸਿੰਘ 4. ਸ਼ਿੰਗਾਰਾ ਸਿੰਘ ਪੁੱਤਰਾਨ 5. ਵੀਰੋ 6, ਪ੍ਰਕਾਸ਼ ਕੌਰ 7. ਗੁਰਨਾਮ ਕੌਰ ਪੁੱਤਰੀਆਨ ਮੰਗਲ ਸਿੰਘ ਪੁੱਤਰ ਈਸ਼ਰ ਸਿੰਘ 8. ਮਹਿਲ ਸਿੰਘ ਪੁੱਤਰ ਚੈਂਚਲ ਸਿੰਘ ਪੁੱਤਰ ਈਸ਼ਰ ਸਿੰਘ 9, ਬਚਨੋ ਪੁੱਤਰੀ 10, ਅਮਰਜੀਤ ਕੌਰ ਪੱਤਰੀਆਨ ਚੈਚਲ ਸਿੰਘ ਪੁੱਤਰ ਈਸ਼ਰ ਸਿੰਘ 11, ਜੋਗਿੰਦਰ ਕੋਰ ਵਿਧਵਾ ਚੈਂਚਲ ਸਿੰਘ ਪੁੱਤਰ ਈਸ਼ਰ ਸਿੰਘ 12 ਗੁਰਜੰਟ ਸਿੰਘ ਪੁੱਤਰ ਸੁਰਜੀਤ ਸਿੰਘ ਪੁੱਤਰ ਮਹਿੰਦਰ ਸਿੰਘ 13, ਸੁਖਵਿੰਦਰ ਸਿੰਘ 14. ਮਨਜਿੰਦਰ ਸਿੰਘ ਪੁੱਤਰਾਨ ਮਨਜੀਤ ਸਿੰਘ ਪੁੱਤਰ ਮਹਿੰਦਰ ਸਿੰਘ 15. ਹਰਪਾਲ ਸਿੰਘ ਪੁੱਤਰ ਸੁਰਜੀਤ ਸਿੰਘ ਪੁੱਤਰ ਮਹਿੰਦਰ ਸਿੰਘ 16. ਗੁਰਲਾਲ ਸਿੰਘ ਪੁੱਤਰ ਗੁਰਨਾਮ ਸਿੰਘ ਪੁੱਤਰ ਗੰਗਾ ਸਿੰਘ 17. ਸੁਖਵਿੰਦਰ ਸਿੰਘ ਪੁੱਤਰ ਮਨਜੀਤ ਸਿੰਘ ਪੁੱਤਰ ਮੱਖਣ ਸਿੰਘ 18. ਪ੍ਰੀਤਮ ਸਿੰਘ ਪੁੱਤਰ ਕੇਵਲ ਸਿੰਘ ਪੁੱਤਰ ਲਾਲ ਸਿੰਘ 19, ਰਾਜਵਿੰਦਰ ਕੌਰ ਵਿਧਵਾ ਕੁਲਵਿੰਦਰ ਸਿੰਘ ਪੁੱਤਰ ਕਰਮ ਸਿੰਘ 20. ਸੇਵਾ ਸਿੰਘ ਪੁੱਤਰ ਬੱਗਾ ਸਿੰਘ ਪੁੱਤਰ ਬਿਸ਼ਨ ਸਿਘ 21. ਨਛੱਤਰ ਸਿੰਘ ਪੁੱਤਰ ਗੁਰਨਾਮ ਸਿੰਘ ਪੁੱਤਰ ਗੰਗਾ ਸਿੰਘ 22 ਹਰਜੀਤ ਸਿੰਘ ਪੁੱਤਰ ਰਤਨ ਸਿੰਘ ਪੁੱਤਰ ਬਹਾਦਰ ਸਿੰਘ 23. ਬਲਬੀਰ ਸਿੰਘ ਪੁੱਤਰ ਕੇਵਲ ਸਿੰਘ ਪੁੱਤਰ ਲਾਲ ਸਿੰਘ 24. ਗੁਰਦੇਵ ਸਿੰਘ ਪੁੱਤਰ ਕੇਵਲ ਸਿੰਘ ਪੁੱਤਰ ਲਾਲ ਸਿੰਘ 25. ਦਰਸ਼ਨ ਕੌਰ ਪੁੱਤਰੀ ਬੱਗਾ ਸਿੰਘ ਪੁੱਤਰ ਬਿਸ਼ਨ ਸਿੰਘ ਵਾਸੀਆਨ ਪਿੰਡ ਬੂੜ ਚੰਦ, ਤਹਿਸੀਲ ਪੱਟੀ, ਜ਼ਿਲ੍ਹਾ ਤਰਨ ਤਾਰਨ 26 ਪੰਜਾਬ ਗ੍ਰਾਮੀਣ ਬੈਂਕ ਬਰਾਂਚ ਭਿੱਖੀਵਿੰਡ, ਤਹਿਸੀਲ ਪੱਟੀ, ਜ਼ਿਲ੍ਹਾ ਤਰਨ ਤਾਰਨ 27 ਐੱਚ.ਡੀ.ਐੱਫ.ਸੀ.ਬੈਂਕ ਬਰਾਂਚ ਭਿੱਖੀਵਿੰਡ, ਤਹਿਸੀਲ ਪੱਟੀ, ਜ਼ਿਲ੍ਹਾ ਤਰਨ ਤਾਰਨ ਰਾਹੀਂ 28 ਪੰਜਾਬ ਐਂਡ ਸਿੰਧ ਬੈਂਕ ਬਰਾਂਚ ਦਿਆਲਪੁਰਾ ਤਹਿਸੀਲ ਪੱਟੀ ਜ਼ਿਲ੍ਹਾ ਤਰਨ ਤਾਰਨ ਰਾਹੀਂ ਮੈਨੇਜਰ। ....ਰਿਸਪਾਡੈਂਟਸ

**ਪੇਸ਼ੀ ਮਿਤੀ 09 -12-2025**

ਉਪਰੋਕਤ ਤਕਸੀਮ ਕੇਸ (1) ਖੇਵਟ ਨੰਬਰ 68/65, ਖਤੌਨੀ ਨੰਬਰ 159, 160,161 ਕੁੱਲ ਰਕਬਾ 10 ਕਨਾਲਾਂ 09 ਮਰਲੇ (2) ਖੇਵਟ ਨੰਬਰ 97/94 ਖਤੌਨੀ ਨੰਬਰ 293 ਕੁੱਲ ਰਕਬਾ 03 ਕਨਾਲਾਂ 00 ਮਰਲਾ (3) ਖੇਵਟ ਨੰਬਰ 122/119 ਖਤੌਨੀ ਨੰਬਰ 344 ਤੋਂ 358 ਕੁੱਲ ਰਕਬਾ 132 ਕਨਾਲਾਂ 06 ਮਰਲੇ (4) ਖੇਵਟ ਨੰਬਰ 76/73 ਖਤੌਨੀ ਨੰਬਰ 198 ਕੁੱਲ ਰਕਬਾ 14 ਕਨਾਲਾਂ 12 ਮਰਲੇ (5) ਖੇਵਟ ਨੰਬਰ 98/95, ਖਤੌਨੀ ਨੰਬਰ 294 ਕੁੱਲ ਰਕਬਾ 02 ਕਨਾਲਾਂ 00 ਮਰਲਾ (6) ਖੇਵਟ ਨੰਬਰ 41/37 ਖਤੌਨੀ ਨੰਬਰ 103 ਕੁੱਲ ਰਕਬਾ 10 ਕਨਾਲਾਂ 09 ਮਰਲੇ (7) ਖੇਵਟ ਨੰਬਰ 71/68 ਖਤੌਨੀ ਨੰਬਰ 177 ਤੋਂ 178 ਕੁੱਲ ਰਕਬਾ 05 ਕਨਾਲਾਂ 05 ਮਰਲੇ ਮੁਤਾਬਿਕ ਜਮ੍ਹਾਬੰਦੀ ਸਾਲ 2021-2022 ਵਾਕਿਆ ਰਕਬਾ ਬੂੜ ਚੰਦ, ਤਹਿਸੀਲ ਪੱਟੀ, ਜ਼ਿਲ੍ਹਾ ਤਰਨ ਤਾਰਨ ਇਸ ਅਦਾਲਤ ਵਿੱਚ ਕਾਰਵਾਈ ਅਧੀਨ ਹੈ। ਜਿਹਨਾਂ ਵਿੱਚ ਅਗਲੀ ਪੇਸ਼ੀ ਮਿਤੀ 09-12-2025 ਮੁਕੱਰਰ ਕੀਤੀ ਗਈ ਹੈ। ਇਸ ਅਦਾਲਤ ਨੂੰ ਪੂਰਾ ਯਕੀਨ ਹੋ ਚੁੱਕਾ ਹੈ ਕਿ ਰਿਸਪਾਡੈਂਟਸ ਦੀ ਤਾਮੀਲ ਅਸਾਨ ਤਰੀਕੇ ਨਾਲ ਨਹੀਂ ਹੋ ਸਕਦੀ। ਇਸ ਲਈ ਇਸ ਨੋਟਿਸ ਅਖਬਾਰ ਇਸ਼ਤਿਹਾਰ ਰਾਹੀਂ ਰਿਸਪਾਡੈਂਟਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਉਕਤ ਕੇਸ ਤਕਸੀਮ ਦੀ ਪੈਰਵਾਈ ਕਰਨ ਲਈ ਅਸਾਲਤਨ ਜਾਂ ਵਕਾਲਤਨ ਜਾਂ ਵਾਰਸਾਨ ਉਹ ਇਹ ਨੋਟਿਸ ਛਪਣ ਦੀ ਮਿਤੀ ਤੋਂ 15 ਦਿਨਾਂ ਦੇ ਅੰਦਰ-ਅੰਦਰ ਨਿਮਨ ਹਸਤਾਖਰ ਦੀ ਅਦਾਲਤ ਵਿੱਚ ਹਾਜ਼ਰ ਆ ਕੇ ਆਪਣਾ ਪੱਖ ਪੇਸ਼ ਕਰ ਸਕਦੇ ਹਨ। ਮਿਆਦ ਗੁਜਰਨ ਉਪਰੰਤ ਕੋਈ ਉਜਰ/ਇਤਰਾਜ਼ ਨਹੀ ਸੁਣਿਆ ਜਾਵੇਗਾ। ਹਾਜ਼ਰ ਨਾ ਆਉਣ ਦੀ ਸੂਰਤ ਵਿੱਚ ਉਹਨਾਂ ਦੇ ਖਿਲਾਫ ਕਾਨੂੰਨ ਅਨੁਸਾਰ ਕਾਰਵਾਈ ਇੱਕਤਰਫਾ ਅਮਲ ਵਿੱਚ ਲਿਆਂਦੀ ਜਾਵੇਗੀ।

ਅੱਜ ਮਿਤੀ 17-10-2025 ਨੂੰ ਮੇਰੇ ਹਸਤਾਖਰ ਅਤੇ ਮੋਹਰ ਅਦਾਲਤ ਨਾਲ ਜਾਰੀ ਕੀਤਾ ਗਿਆ।

ਨੰਬਰ-324, ਰੀਡਰ ਮਿਤੀ 27/10/25 ਸਹਾਇਕ ਕੁਲੈਕਟਰ ਦਰਜਾ ਪਹਿਲਾ, ਪੱਟੀ (ਤਰਨ ਤਾਰਨ)

## OFFICE OF THE RECOVERY OFFICER
## DEBTS RECOVERY TRIBUNAL-III AT CHANDIGARH
SCO No.33-34-35, Sector-17-A, Chandigarh- 160017

ਆਰ ਸੀ ਨੰ. 526/2023 ਨਿਲਾਮੀ ਵਿਕਰੀ ਦੀ ਮਿਤੀ : 09.01.2026

### ਵਿਕਰੀ ਦੀ ਘੋਸ਼ਣਾ :- ਅਚੱਲ ਜਾਇਦਾਦ

**ਕਰਜ਼ਾ ਅਤੇ ਵਸੂਲੀ ਐਕਟ 1993 ਦੀ ਵਸੂਲੀ ਲਈ ਪੜ੍ਹੇ ਜਾਂਦੇ ਆਮਦਨ ਕਰ ਐਕਟ ਦੀ ਦੂਜੀ ਅਨੁਸੂਚੀ ਦੇ ਰੂਲ 37, 38 ਅਤੇ 52(1)(2) ਅਧੀਨ ਵਿਕਰੀ ਦੀ ਘੋਸ਼ਣਾ**

### ਸੈਂਟਰਲ ਬੈਂਕ ਆਫ ਇੰਡੀਆ ਬਨਾਮ ਸੁਖਜੀਤ ਕੌਰ ਅਤੇ ਹੋਰ

ਸੇਵਾ ਵਿਖੇ
(ਸੀ ਡੀ 1) ਸ੍ਰੀਮਤੀ ਸੁਖਜੀਤ ਕੌਰ ਪਤਨੀ ਸ੍ਰੀ ਬਲਵਿੰਦਰ ਸਿੰਘ, ਵਾਸੀ ਵਰਡ ਨੰ. 4, ਦੌਲਾ ਸਿੰਘ ਵਾਲਾ, ਉਗਰਾਹਾਂ, ਸੁਨਾਮ, ਸੰਗਰੂਰ, ਪੰਜਾਬ-148030
(ਸੀ ਡੀ 2) ਸ੍ਰੀ ਬਲਵਿੰਦਰ ਸਿੰਘ ਪੁੱਤਰ ਸ੍ਰੀ ਕੁੰਡਾ ਸਿੰਘ ਵਾਸੀ ਵਾਰਡ ਨੰ. 4, ਦੌਲਾ ਸਿੰਘ ਵਾਲਾ, ਉਗਰਾਹਾਂ, ਸੁਨਾਮ, ਸੰਗਰੂਰ, ਪੰਜਾਬ-148030

ਜਦੋਂ ਕਿ ਮਾਣਯੋਗ ਪ੍ਰਜ਼ਾਈਡਿੰਗ ਅਫ਼ਸਰ ਕਰਜ਼ਾ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀ ਆਰ ਟੀ 3) ਵੱਲੋਂ ਓ ਏ/2627/2019 'ਚ ਵਸੂਲੀ ਸਰਟੀਫਿਕੇਟ ਨੰ. ਆਰ ਸੀ ਨੰ 526/2023 ਰਕਮ ਰੁਪਏ 44,87,173.00 (ਚੌਤਾਲੀ ਲੱਖ ਸਤਾਸੀ ਹਜ਼ਾਰ ਇੱਕ ਸੌ ਤਿਹੱਤਰ ਰੁਪਏ ਕੇਵਲ) ਸਮੇਤ 27.08.2019 ਤੋਂ 10.00% ਦੀ ਦਰ ਨਾਲ ਸਾਲਾਨਾ ਸਧਾਰਨ ਵਿਆਜ ਦੀ ਵਸੂਲੀ ਅਤੇ ਸੀ ਡੀ 'ਚ ਲਾਗਤਾਂ ਰੁਪਏ 47,000.00 (ਸੰਤਾਲੀ ਹਜ਼ਾਰ ਰੁਪਏ ਕੇਵਲ) ਤੁਹਾਡੇ ਵਿਰੁੱਧ ਸਾਂਝੇ ਅਤੇ ਵੱਖਰੇ-ਵੱਖਰੇ ਤੌਰ 'ਤੇ ਬਕਾਇਆ ਹਨ ਅਤੇ ਤੁਸੀਂ ਬੈਂਕ/ਵਿੱਤੀ ਸੰਸਥਾਵਾਂ 'ਚ ਸਰਟੀਫਿਕੇਟ ਮੁਤਾਬਕ ਰਕਮਾਂ ਦੀ ਅਦਾਇਗੀ ਕਰਨ 'ਚ ਨਾਕਾਮ ਰਹੇ ਹੋ।

ਅਤੇ ਜਦੋਂ ਕਿ ਨਿਮਨਹਸਤਾਖਰੀ ਨੇ ਉਕਤ ਵਸੂਲੀ ਸਰਟੀਫਿਕੇਟ ਦੀ ਵਸੂਲੀ ਲਈ ਹੇਠਾਂ ਅਨੁਸੂਚੀ 'ਚ ਸਰਟੀਫਿਕੇਟ ਡੈਬਟਸ ਦੀਆਂ ਗਿਰਵੀ ਅਟੈਚ ਅਚੱਲ ਜਾਇਦਾਦਾਂ ਦੀ ਵਿਕਰੀ ਦੇ ਹੁਕਮ ਦਿੱਤੇ ਜਾਂਦੇ ਹਨ।

ਇਸ ਦੁਆਰਾ ਨੋਟਿਸ ਦਿੱਤਾ ਜਾਂਦਾ ਹੈ ਕਿ ਉਕਤ ਜਾਇਦਾਦ ਦੇ ਮੁਲਤਵੀ ਦੇ ਹੁਕਮ ਦੀ ਗੈਰ-ਹਾਜ਼ਰੀ 'ਚ ਲਾਟ ਨੰ. 1 ਲਈ ਜਾਇਦਾਦ ਦੀ ਨਿਲਾਮੀ ਰਾਹੀਂ ਵਿਕਰੀ 09.01.2026 ਨੂੰ 14.00 ਵਜੇ ਤੋਂ 15.00 ਵਜੇ ਦਰਮਿਆਨ ਕੀਤੀ ਜਾਵੇਗੀ ਅਤੇ ਬੋਲੀ ਵੈੱਬਸਾਈਟ : https://bankeauctions.com ਰਾਹੀਂ ਆਨਲਾਈਨ/ਆਫਲਾਈਨ ਕੀਤੀ ਜਾਵੇਗੀ।

ਨਿਲਾਮੀ ਸਰਵਿਸ ਪ੍ਰੋਵਾਈਡਰ ਲਈ ਅਧਿਕਾਰਤ ਸੰਪਰਕ ਵਿਅਕਤੀ ਦਾ ਨਾਂਅ ਅਤੇ ਵੇਰਵਾ ਹੈ : ਨਾਂਅ ਐੱਮ/ਐੱਸ ਸੀ 1 ਇੰਡੀਆ ਪ੍ਰਾਈਵੇਟ ਲਿਮਟਿਡ (ਸੰਪਰਕ ਵਿਅਕਤੀ ਸ੍ਰੀ ਮਿਤਲੇਸ਼ ਕੁਮਾਰ, ਸੰਪਰਕ ਨੰ. 7080804466 ਈ-ਮੇਲ: delhi@c1india.com) ਪਲਾਟ ਨੰ. 68, ਤੀਜੀ ਮੰਜ਼ਿਲ, ਸੈਕਟਰ 44, ਗੁੜਗਾਓਂ 122003 (ਹਰਿਆਣਾ) ਹੈਲਪਲਾਈਨ ਨੰ. 7291981124,25,26, ਸਪੋਰਟ ਈ ਮੇਲ support@bankeauctions.com.

ਨਿਲਾਮੀ ਸਰਵਿਸ ਪ੍ਰੋਵਾਈਡਰ ਲਈ ਅਧਿਕਾਰਤ ਬੈਂਕ ਅਫਸਰ ਦਾ ਵੇਰਵਾ, ਸ੍ਰੀ ਅਜੈ ਕੁਮਾਰ ਯਾਦਵ ਪੁੱਤਰ ਲਕਸ਼ਮਨ ਰਾਮ ਯਾਦਵ, ਮੁੱਖ ਪ੍ਰਬੰਧਕ, ਸੈਂਟਰਲ ਬੈਂਕ ਆਫ ਇੰਡੀਆ, ਰੀਜਨਲ ਦਫ਼ਤਰ ਲੁਧਿਆਣਾ, ਮੋਬਾਇਲ ਨੰ. 8808306704 ਈ-ਮੇਲ recviudhro@central-bank.com.in

ਉਕਤ ਨਾਵਾਂ ਦੇ ਮੁਕਾਬਲਿਆਂ/ਸੀਡੀਜ਼ ਦੀਆਂ ਜਾਇਦਾਦਾਂ ਦੀ ਵਿਕਰੀ, ਹੇਠਾਂ ਦਰਸਾਈ ਅਨੁਸੂਚੀ ਦਰਸਾਈ ਗਈ ਹੈ ਅਤੇ ਉਕਤ ਜਾਇਦਾਦਾਂ ਦੀਆਂ ਜ਼ਿੰਮੇਵਾਰੀਆਂ ਅਤੇ ਦਾਅਵੇ ਅਨੁਸੂਚੀ 'ਚ ਉਲੇਖ ਕੀਤੇ ਲਾਟ ਵਿਰੁੱਧ ਨਿਸ਼ਚਿਤ ਕੀਤੇ ਗਏ ਹਨ। ਅਨੁਸੂਚੀ 'ਚ ਉਲੇਖ ਕੀਤੇ ਲਾਟ 'ਚ ਜਾਇਦਾਦ ਦੀ ਵਿਕਰੀ ਕੀਤੀ ਜਾਵੇਗੀ।

ਜੇਕਰ ਜਾਇਦਾਦ ਦੇ ਹਿੱਸੇ ਦੀ ਵਿਕਰੀ ਦੁਆਰਾ ਪ੍ਰਾਪਤ ਰਕਮ ਨਾਲ ਸੰਤੁਸ਼ਟੀ ਹੁੰਦੀ ਹੈ ਤਾਂ ਰੀਮਾਈਂਡਰ ਅਨੁਸਾਰ ਜਾਇਦਾਦ ਦੀ ਵਿਕਰੀ ਤੁਰੰਤ ਰੋਕ ਦਿੱਤੀ ਜਾਵੇਗੀ। ਵਿਕਰੀ ਇਸ ਲਈ ਰੋਕੀ ਜਾ ਸਕੇਗੀ, ਜੇਕਰ ਉਕਤ ਸਰਟੀਫਿਕੇਟ 'ਚ ਦਰਸਾਏ ਬਕਾਇਆ+ਵਿਆਜ+ਲਾਗਤਾਂ (ਵਿਕਰੀ ਦੀ ਲਾਗਤ ਸ਼ਾਮਲ) ਲਾਟ ਦੀ ਘੱਟੋਂ-ਘੱਟ ਕੀਮਤ ਤੋਂ ਪਹਿਲਾਂ ਵਿਕਰੀ ਕਰਵਾ ਰਹੇ ਅਧਿਕਾਰੀ ਜਾਂ ਸੰਤੁਸ਼ਟੀ ਦਾ ਸਬੂਤ ਦਿੰਦੇ ਹੋਏ ਕਿ ਅਜਿਹੇ ਸਰਟੀਫਿਰੇਟ ਦੀ ਰਕਮ, ਵਿਆਜ ਅਤੇ ਲਾਗਤਾਂ ਨਿਮਨਹਸਤਾਖਰੀ ਨੂੰ ਅਦਾ ਕਰ ਦਿੱਤੀਆਂ ਗਈਆਂ ਹਨ।

ਵਿਕਰੀ ਸਮੇਂ ਜਨਤਾ ਨੂੰ ਨਿੱਜੀ ਜਾਂ ਅਧਿਕਾਰਤ ਏਜੰਟ ਰਾਹੀਂ ਬੋਲੀ 'ਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਜਾਂਦਾ ਹੈ। ਕੋਈ ਵੀ ਅਫਸਰ ਜਾਂ ਹੋਰ ਵਿਅਕਤੀ ਵਿਕਰੀ ਦੇ ਸੰਬੰਧ 'ਚ ਸੇਵਾ ਨਿਭਾਅ ਰਿਹਾ ਚਾਹੇ ਸਿੱਧੇ ਤੌਰ 'ਤੇ ਅਸਿੱਧੇ ਤੌਰ 'ਤੇ ਸ਼ਾਮਲ ਨਹੀਂ ਹੋਏਗਾ।

ਵਿਕਰੀ ਇਨਕਮ ਟੈਕਸ ਐਕਟ 1961 ਦੀ ਦੂਜੀ ਅਨੁਸੂਚੀ 'ਚ ਦਰਸਾਏ ਨਿਯਮ ਅਤੇ ਸ਼ਰਤਾਂ ਮੁਤਾਬਕ ਹੋਵੇਗੀ ਅਤੇ ਇਹ ਨਿਯਮ ਸ਼ਰਤਾਂ ਹੇਠ ਅਨੁਸਾਰ ਹਨ:

i) ਅਨੁਸੂਚੀ 'ਚ ਦਰਸਾਏ ਵੇਰਵੇ ਨਿਮਨਹਸਤਾਖਰੀ ਦੀ ਜਾਣਕਾਰੀ ਅਧੀਨ ਸਹੀ ਹਨ, ਫਿਰ ਵੀ ਘੋਸ਼ਣਾ 'ਚ ਕਿਸੇ ਗਲਤੀ, ਗਲਤ ਬਿਆਨਬਾਜ਼ੀ ਜਾਂ ਭੁੱਲ ਲਈ ਜਵਾਬਦੇਹ ਨਹੀਂ ਹੋਵੇਗਾ।
ii) ਰਾਖਵੀਂ ਕੀਮਤ ਤੋਂ ਘੱਟ ਜਿਸ 'ਤੇ ਜਾਇਦਾਦ ਵੇਚੀ ਨਹੀਂ ਜਾਵੇਗੀ, ਅਨੁਸੂਚੀ 'ਚ ਦਰਸਾਈ ਗਈ ਹੈ।
iii) ਰਕਮ ਜਿਸ ਦੁਆਰਾ ਬੋਲੀ ਵਧਾਈ ਜਾਵੇਗੀ। ਰਕਮ ਬੋਲੀ ਵਜੋਂ ਕਿਸੇ ਝਗੜੇ ਸਮੇਂ
ਜਾਂ ਬੋਲੀਕਾਰ ਵਜੋਂ ਤਾਂ ਲਾਟ ਨੂੰ ਨਿਲਾਮੀ ਲਈ ਅੱਗੇ ਪਾ ਦਿੱਤਾ ਜਾਵੇਗਾ ਜਾਂ ਇਸ ਨੂੰ ਰੱਦ ਵੀ ਕੀਤਾ ਜਾ ਸਕਦਾ ਹੈ।
iv) ਉਚਤਮ ਬੋਲੀਕਾਰ ਨੂੰ ਇਹ ਘੋਸ਼ਣਾ ਕਰਨੀ ਕਿ ਉਹ ਲਾਟ ਦੀ ਖਰੀਦਦਾਰੀ ਲਈ ਕਾਨੂੰਨੀ ਤੌਰ 'ਤੇ ਬੋਲੀ ਲਈ ਯੋਗ ਹੈ ਅਤੇ ਉਸ ਦੁਆਰਾ ਬੋਲੀ ਰਕਮ ਰਾਖਵੀਂ ਕੀਮਤ ਤੋਂ ਘੱਟ ਨਹੀਂ ਹੈ। ਇਹ ਨਿਮਨਹਸਤਾਖਰੀ ਦੀ ਮਰਜ਼ੀ 'ਤੇ ਨਿਰਭਰ ਕਰੇਗਾ ਕਿ ਉਹ ਉਚਤਮ ਬੋਲੀ ਦੀ ਪ੍ਰਵਾਨਗੀ ਦਿੰਦਾ ਹੈ ਜਾਂ ਨਹੀਂ, ਜਦੋਂ ਕਿ ਬੋਲੀ ਦੀ ਪੇਸ਼ ਕੀਤੀ ਕੀਮਤ ਨਾਕਾਫੀ ਹੋਵੇਗੀ। ਅਜਿਹਾ ਬੋਲੀਕਾਰ ਲਈ ਅਨੁਚਿਤ ਹੋਵੇਗਾ।
v) ਹਰੇਕ ਚਾਹਵਾਨ ਬੋਲੀਕਾਰ ਨੂੰ ਰਕਮ ਬਿਆਨਾ ਜਮ੍ਹਾਂ (ਈ ਐੱਮ ਡੀ) ਰਿਕਵਰੀ ਅਫਸਰ, ਡੀ ਆਰ ਟੀ III, ਚੰਡੀਗੜ੍ਹ ਦੇ ਪੱਖ 'ਚ ਚੰਡੀਗੜ੍ਹ ਵਿਖੇ ਡੀ ਡੀ ਪੇਅ ਆਰਡਰ ਰਾਹੀਂ ਭੁਗਤਾਨ ਕਰਨਾ ਹੋਵੇਗਾ, ਜੋ ਆਰ ਓ/ਕੋਰਟ ਨਿਲਾਮੀਕਾਰ, ਕਰਜ਼ਾ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀ ਆਰ ਟੀ 3) ਕੋਲ ਜਮ੍ਹਾਂ ਕਰਾਉਣਾ ਹੋਵੇਗਾ ਅਤੇ ਜਾਇਦਾਦ ਦੇ ਵੇਰਵੇ ਸਮੇਤ ਪੈਨ ਕਾਰਡ ਦੀ ਕਾਪੀ, ਪਤੇ ਦਾ ਸਬੂਤ ਅਤੇ ਪਛਾਣ ਦਾ ਸਬੂਤ, ਈ-ਮੇਲ ਆਈਡੀ, ਮੋਬਾਇਲ ਨੰ. ਅਤੇ ਜੇਕਰ ਕੰਪਨੀ ਹੈ ਤਾਂ ਜਾਂ ਕੋਈ ਹੋਰ ਦਸਤਾਵੇਜ਼ ਪ੍ਰਤੀਨਿਧਤਾ/ਕੰਪਨੀ ਦਾ ਅਟਾਰਨੀ ਅਤੇ ਰਸੀਦ/ਕਾਊਂਟਰ ਫਾਈਲ ਪੇਸ਼ ਕਰੇਗਾ। ਇਸ ਤੋਂ ਬਾਅਦ ਈ ਐੱਮ ਡੀ ਜਮ੍ਹਾਂ ਨਿਲਾਮੀ 'ਚ ਭਾਗ ਲੈਣ ਲਈ ਯੋਗ ਨਹੀਂ ਮੰਨੀ ਜਾਵੇਗੀ।

ਰਕਮ ਬਿਆਨਾ ਜਮ੍ਹਾਂ (ਈ ਐੱਮ ਡੀ) ਰਾਖਵੀਂ ਕੀਮਤ ਅਤੇ ਬੋਲੀ ਵਾਧਾ ਹੇਠ ਅਨੁਸਾਰ ਫਿਕਸ ਹੈ :

| ਜਾਇਦਾਦ ਦਾ ਵੇਰਵਾ | ਰਾਖਵੀਂ ਕੀਮਤ (ਲੱਖਾਂ 'ਚ) | ਈ ਐਮ ਡੀ ਰਕਮ (ਲੱਖਾਂ 'ਚ) | ਗਣਨਾ ਕੀਤਾ ਬੋਲੀ ਵਾਧਾ (ਲੱਖਾਂ 'ਚ) |
|---|---|---|---|
| ਖੇਤੀਬਾੜੀ ਵਾਲੀ ਜ਼ਮੀਨ 40 ਕਨਾਲ 0 ਮਰਲੇ -5 ਏਕੜ | Rs. 51,00,000/- | Rs. 5,10,000/- | Rs. 50,000 |

ਖੇਵਟ ਨੰ.598 ਖਤੌਨੀ ਨੰ.1472 ਖਸਰਾ ਅਤੇ ਕਿਲਾ ਨੰ. 158//5(8-0) 6(8-0)15(8-0) 16(3-5) 159//1(8-0) 2(8-0) 3(5-7)4(0-0) 7(2-13) 8(8-0) 9(8-0) 10(8-0) 11(8-0)12(8-0)159//3(7-13) 14/1 (0-3) 14/2(0-8)16(0-7) 17(3-3) 18(7-18) 19(8-0) 20(7-18) 21(2-1) 22(7-2) 23(5-8) 24(7-3) 159//25(7-11) ਸਾਲ 2011-12 ਦੀ ਜਮ੍ਹਾਂਬੰਦੀ ਦੇ ਅਨੁਸਾਰ, ਪਿੰਡ ਹੰਬਲਵਾਸ ਵਿਖੇ ਸਥਿਤ ਕੁੱਲ 156 ਕਨਾਲ 0 ਮਰਲੇ 160/3120 ਹਿੱਸੇ ਦੀ ਹੱਦ ਤੱਕ ਭਾਵ 8 ਕਨਾਲ 0 ਮਰਲੇ (ਲੀਜ਼ ਧਾਰਕ)
ਖੇਵਟ ਨੰ. 9 ਖਤੌਨੀ ਨੰ. 19 ਖਸਰਾ ਅਤੇ ਕਿਲਾ ਨੰ. 18//12/2(1-6) 13/1 (4-0) 18(8-0)19(7-12)21/3(0-8) ਕੁੱਲ 21 ਕਨਾਲ 06 ਮਰਲੇ 1/8 ਹਿੱਸੇ ਦੀ ਹੱਦ ਤੱਕ ਭਾਵ 2 ਕਨਾਲ 13 ਮਰਲੇ।
ਖੇਵਟ ਨੰ.10 ਖਤੌਨੀ ਨੰ. 20 ਤੋਂ 23 ਖਸਰਾ ਅਤੇ ਕਿਲਾ ਨੰ. 121//27(0-3) 67//3(7-14) 8/3(0-8) 9(8-0) 72//7(7-12) 8/2(6-0) ਕੁੱਲ 29 ਨਹਿਰਾਂ 17 ਮਰਲੇ 7/96 ਹਿੱਸੇ ਦੀ ਹੱਦ ਤੱਕ ਭਾਵ 2 ਕਨਾਲ 3 ਮਰਲੇ
ਖੇਵਟ ਨੰ. 21 ਖਤੌਨੀ ਨੰ. 36 ਤੋਂ 37 ਖਸਰਾ ਅਤੇ ਕਿਲਾ ਨੰ. 39//17(1-8) 18(8-0)19(8-0) 20/1(5-0)21/1(5-0) 22(8-0) 23/2(2-0) 43//19/1(5-18) 48/9/2/1 (4-8) 82//62 (0-16) 121/24 (0-3) 25(0-3) 26(0-3) 39//3/1(1-12)4/1(1-12) 7(3-0) 8(7-4) ਕੁੱਲ 62 ਕਨਾਲ 7 ਮਰਲੇ 9 ਕਨਾਲ 1 ਮਰਲੇ ਦੀ ਹੱਦ ਤੱਕ।
ਖੇਵਟ ਨੰ.217 ਖਤੌਨੀ ਨੰ.479 ਖਸਰਾ ਅਤੇ ਕਿਲਾ ਨੰ.18//4(6-6) 5(0-9) 6(1-6) 7/1(5-2) 8(7-13) 9(7-11) 13/2(0-6) 22 (7-12) ਕੁਲ 36 ਕਨਾਲ 5 ਮਰਲੇ, ਕੁਲ 36 ਕਨਾਲ 5 ਮਰਲੇ ਦਾ 1/8 ਹਿੱਸਾ ਭਾਵ 4 ਕਨਾਲ 10 ਮਰਲੇ
ਖੇਵਟ ਨੰ. 222 ਖਤੌਨੀ 485 ਖਸਰਾ ਅਤੇ ਕਿਲਾ ਨੰ. 48//2(8-0) ਕੁੱਲ 8 ਕਨਾਲ 0 ਮਰਲੇ 1/8 ਹਿੱਸੇ ਦੀ ਹੱਦ ਤੱਕ ਭਾਵ 1 ਕਨਾਲ 0 ਮਰਲੇ।
ਖੇਵਟ ਨੰ: 326 ਖਤੌਨੀ ਨੰ: 642 ਖਸਰਾ ਅਤੇ ਕਿੱਲਾ ਨੰ: 17//12(8-0) 9/2(1-3) 10 (2-12)11(7-4) 19/2 (3-12) 20(7-4) ਕੁੱਲ 29 ਕਨਾਲ 15 ਮਰਲੇ 253/595 ਦਾ ਹਿੱਸਾ ਜੋ ਕਿ 12 ਕਨਾਲ 13 ਮਰਲੇ ਕੁਲ ਜ਼ਮੀਨ 40 ਕਨਾਲ 0 ਮਰਲੇ
2012-13 ਦੀ ਜਮ੍ਹਾਂਬੰਦੀ ਅਨੁਸਾਰ ਪਿੰਡ ਦੌਲਾ ਸਿੰਘ ਵਾਲਾ ਹੰਬਲਵਾਸ, ਤਹਿਸੀਲ ਸੁਨਾਮ ਜ਼ਿਲ੍ਹਾ ਸੰਗਰੂਰ ਵਿਖੇ ਸਥਿਤ ਹੈ।
ਬਲਵਿੰਦਰ ਸਿੰਘ ਪੁੱਤਰ ਸ੍ਰੀ ਕੁੰਡਾ ਸਿੰਘ ਅਤੇ ਸ੍ਰੀਮਤੀ ਸੁਖਜੀਤ ਕੌਰ, ਪਤਨੀ ਸ੍ਰੀ ਬਲਵਿੰਦਰ ਸਿੰਘ ਦੀ ਮਲਕੀਅਤ।

### ਨਿਲਾਮੀਕਰਤਾ ਨੂੰ ਈ ਐਮ ਡੀ ਜਮ੍ਹਾ ਕਰਨ ਦੀ ਮਿਤੀ 08.01.2026 ਨੂੰ ਜਾਂ ਇਸ ਤੋਂ ਪਹਿਲਾਂ ਸ਼ਾਮ 04:00 ਵਜੇ ਤੱਕ

ਨਿਯਤ ਮਿਤੀ ਅਤੇ ਸਮੇਂ ਤੋਂ ਬਾਅਦ ਪ੍ਰਾਪਤ ਈ ਐਮ ਡੀ ਰੱਦ ਕੀਤੀ ਜਾਵੇਗੀ ਅਤੇ ਈ ਐਮ ਡੀ ਲਈ ਅਦਾ ਕੀਤੀ ਗਈ ਰਕਮ ਉਹਨਾਂ ਨੂੰ ਈ-ਨਿਲਾਮੀ ਫਾਰਮ ਵਿੱਚ ਦਿੱਤੇ ਗਏ ਵਿਕਲਪ ਦੁਆਰਾ ਵਾਪਸ ਕਰ ਦਿੱਤੀ ਜਾਵੇਗੀ।

ਬੋਲੀ ਪ੍ਰਕਿਰਿਆ ਵਿੱਚ ਹਿੱਸਾ ਲੈਣ ਦੇ ਚਾਹਵਾਨ ਕਿਸੇ ਵੀ ਵਿਅਕਤੀ ਕੋਲ ਸਮਰੱਥ ਅਧਿਕਾਰੀ ਦੁਆਰਾ ਜਾਰੀ ਕੀਤਾ ਗਿਆ ਇੱਕ ਵੈਧ ਡਿਜੀਟਲ ਦਸਤਖਤ ਸਰਟੀਫਿਕੇਟ ਹੋਣਾ ਜ਼ਰੂਰੀ ਹੈ। ਉਕਤ ਡਿਜੀਟਲ ਦਸਤਖਤ ਸਰਟੀਫਿਕੇਟ ਪ੍ਰਾਪਤ ਕਰਨਾ ਬੋਲੀਕਾਰ ਦੀ ਇਕੱਲੀ ਜ਼ਿੰਮੇਵਾਰੀ ਹੈ। ਬੋਲੀ ਵਿੱਚ ਹਿੱਸਾ ਲੈਣ ਦੇ ਯੋਗ ਬਣਾਉਣ ਲਈ ਉਸ ਨੂੰ ਸਮਰੱਥ ਬਣਾਉਣ ਲਈ ਇੱਕ ਸਰਗਰਮ ਈ-ਮੇਲ ਆਈ ਡੀ ਅਤੇ ਇੰਟਰਨੈੱਟ ਕਨੈਕਸ਼ਨ ਵਾਲਾ ਇੱਕ ਕੰਪਿਊਟਰ ਟਰਮੀਨਲ/ਸਿਸਟਮ। ਔਨਲਾਈਨ ਬੋਲੀ ਦੇ ਦੌਰਾਨ ਡਿਜੀਟਲ ਦਸਤਖਤ ਸਰਟੀਫਿਕੇਟ ਅਤੇ ਕਨੈਕਟੀਵਿਟੀ ਦੇ ਸੰਬੰਧ ਵਿੱਚ ਕੋਈ ਵੀ ਮੁੱਦਾ ਬੋਲੀਕਾਰ ਦੀ ਇਕੱਲੀ ਜ਼ਿੰਮੇਵਾਰੀ ਹੋਵੇਗੀ ਅਤੇ ਇਸ ਸਬੰਧ ਵਿੱਚ ਕੋਈ ਵੀ ਦਾਅਵਾ ਸਵੀਕਾਰ ਨਹੀਂ ਕੀਤਾ ਜਾਵੇਗਾ।

ਜੇਕਰ ਬੋਲੀ ਨਿਲਾਮੀ ਦੇ ਦਿੱਤੇ ਗਏ ਸਮੇਂ ਦੇ ਆਖਰੀ 5 ਮਿੰਟਾਂ ਦੇ ਅੰਦਰ ਵਧਾਈ ਜਾਂਦੀ ਹੈ ਤਾਂ ਨਿਲਾਮੀ ਦਾ ਸਮਾਂ 5 ਮਿੰਟ ਦੇ ਵਾਧੂ ਸਮੇਂ ਨਾਲ ਹੋਰ ਵਧਾਇਆ ਜਾਂਦਾ ਹੈ ਤਾਂ ਜੋ ਦੂਜੇ ਬੋਲੀਕਾਰਾਂ ਨੂੰ ਆਪਣੀਆਂ ਬੋਲੀਆਂ ਵਧਾਉਣ ਦੇ ਯੋਗ ਬਣਾਇਆ ਜਾ ਸਕੇ ਅਤੇ ਜੇਕਰ 5 ਮਿੰਟਾਂ ਦੇ ਵਧੇ ਹੋਏ ਸਮੇਂ ਦੇ ਅੰਦਰ ਕੋਈ ਹੋਰ ਵਾਧਾ ਨਹੀਂ ਕੀਤਾ ਜਾਂਦਾ ਹੈ ਤਾਂ ਨਿਲਾਮੀ ਪ੍ਰਕਿਰਿਆ ਖਤਮ ਹੋ ਜਾਂਦੀ ਹੈ। ਚੱਲ/ਅਚੱਲ ਜਾਇਦਾਦ ਦੇ ਮਾਮਲੇ ਵਿੱਚ, ਹਰੇਕ ਲਾਟ ਦੀ ਕੀਮਤ ਵਿਕਰੀ ਦੇ ਸਮੇਂ ਜਾਂ ਜਿਵੇਂ ਹੀ ਵਿਕਰੀ ਰੱਖਣ ਵਾਲੇ ਅਧਿਕਾਰੀ ਦੇ ਨਿਰਦੇਸ਼ਾਂ ਅਨੁਸਾਰ ਅਦਾ ਕੀਤੀ ਜਾਵੇਗੀ, ਅਤੇ ਭੁਗਤਾਨ ਨਾ ਕਰਨ ਦੀ ਸੂਰਤ ਵਿੱਚ, ਜਾਇਦਾਦ ਨੂੰ ਤੁਰੰਤ ਦੁਬਾਰਾ ਵਿਕਰੀ ਲਈ ਨਿਲਾਮੀ ਲਈ ਰੱਖਿਆ ਜਾਵੇਗਾ।

ਸਫਲ ਬੋਲੀਕਾਰ ਨੂੰ ਵਿਕਰੀ ਤੋਂ ਹੋਣ ਵਾਲੀ ਰਕਮ ਦਾ 25% ਈ ਐਮ ਡੀ ਦੇ ਸਮਾਯੋਜਨ ਤੋਂ ਬਾਅਦ ਅਗਲੇ ਦਿਨ ਤੱਕ ਉਪਰੋਕਤ ਵੇਰਵੇ ਅਨੁਸਾਰ ਉਕਤ ਖਾਤੇ/ਡਿਮਾਂਡ ਡਰਾਫਟ/ਬੈਂਕਰ ਚੈੱਕ/ਪੇਅ ਆਰਡਰ ਵਿੱਚ ਅਦਾ ਕਰਨਾ ਹੋਵੇਗਾ। ਜੇਕਰ ਅਗਲਾ ਦਿਨ ਛੁੱਟੀ ਜਾਂ ਐਤਵਾਰ ਹੈ, ਤਾਂ ਅਗਲੇ ਪਹਿਲੇ ਦਫਤਰ ਵਾਲੇ ਦਿਨ।

ਖਰੀਦਦਾਰ ਜਾਇਦਾਦ ਦੀ ਵਿਕਰੀ ਦੀ ਮਿਤੀ ਤੋਂ 15ਵੇਂ ਦਿਨ ਜਾਂ ਇਸ ਤੋਂ ਪਹਿਲਾਂ, ਅਜਿਹੇ ਦਿਨ ਨੂੰ ਛੱਡ ਕੇ, ਜਾਂ ਜੇਕਰ 15ਵਾਂ ਦਿਨ ਐਤਵਾਰ ਜਾਂ ਹੋਰ ਛੁੱਟੀ ਹੈ, ਤਾਂ 15ਵੇਂ ਦਿਨ ਤੋਂ ਬਾਅਦ ਪਹਿਲੇ ਦਫਤਰ ਵਾਲੇ ਦਿਨ ਉੱਪਰ ਦੱਸੇ ਅਨੁਸਾਰ ਨਿਰਧਾਰਤ ਢੰਗ ਨਾਲ ਵਿਕਰੀ ਤੋਂ ਹੋਣ ਵਾਲੀ ਰਕਮ ਦਾ 75% ਬਕਾਇਆ ਜਮ੍ਹਾ ਕਰਵਾਏਗਾ। ਉਪਰੋਕਤ ਤੋਂ ਇਲਾਵਾ, ਖਰੀਦਦਾਰ ਰਿਕਵਰੀ ਅਧਿਕਾਰੀ ਕੋਲ ਪਾਉਂਡੇਜ ਫੀਸ ਵੀ ਜਮ੍ਹਾ ਕਰਵਾਏਗਾ। ਕਰਜ਼ਾ ਰਿਕਵਰੀ ਟ੍ਰਿਬਿਊਨਲ ਚੰਡੀਗੜ੍ਹ (ਡੀ ਆਰ ਟੀ 3) 02% ਤੋਂ 1,000/- ਰੁਪਏ ਤੱਕ ਅਤੇ 1,000/- ਰੁਪਏ ਦੀ ਉਕਤ ਰਕਮ ਤੋਂ ਵੱਧ ਦਾ 01% ਰਜਿਸਟਰਾਰ ਦੇ ਹੱਕ ਵਿੱਚ 44 ਰਾਹੀਂ ਕਰਜ਼ਾ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ 3)। ਨਿਲਾਮੀ ਵਿੱਚ ਵਿਕਰੀ ਦੀ ਮਿਤੀ ਤੋਂ 15ਵੇਂ ਦਿਨ ਜਾਂ ਇਸ ਤੋਂ ਪਹਿਲਾਂ ਨਿਰਧਾਰਤ ਸਮੇਂ ਦੇ ਅੰਦਰ ਭੁਗਤਾਨ ਨਾ ਕਰਨ ਦੀ ਸੂਰਤ ਵਿੱਚ, ਵਿਕਰੀ ਦੇ ਖਰਚਿਆਂ ਨੂੰ ਘਟਾਉਣ ਤੋਂ ਬਾਅਦ ਜਮ੍ਹਾਂ ਰਕਮ।

ਜੇਕਰ ਨਿਮਨਹਸਤਾਖ਼ਰੀ ਯੋਗ ਸਮਝਦਾ ਹੈ, ਤਾਂ ਸਰਕਾਰ ਨੂੰ ਜ਼ਬਤ ਕਰ ਦਿੱਤੀ ਜਾਵੇਗੀ ਅਤੇ ਡਿਫਾਲਟ ਖਰੀਦਦਾਰ ਜਾਇਦਾਦ ਜਾਂ ਉਸ ਰਕਮ ਦੇ ਕਿਸੇ ਵੀ ਹਿੱਸੇ ਦੇ ਸਾਰੇ ਦਾਅਵੇ ਜ਼ਬਤ ਕਰ ਦੇਵੇਗਾ ਜਿਸ ਲਈ ਇਸ ਨੂੰ ਬਾਅਦ ਵਿੱਚ ਵੇਚਿਆ ਜਾ ਸਕਦਾ ਹੈ। ਵਿਕਰੀ ਦੀ ਨਵੀਂ ਘੋਸ਼ਣਾ ਜਾਰੀ ਹੋਣ ਤੋਂ ਬਾਅਦ, ਜਾਇਦਾਦ ਨੂੰ ਦੁਬਾਰਾ ਵੇਚਿਆ ਜਾਵੇਗਾ।

ਸਭ ਤੋਂ ਵੱਧ ਬੋਲੀ ਲਗਾਉਣ ਵਾਲੇ ਦਾ ਜਾਇਦਾਦ ਉੱਤੇ ਕੋਈ ਅਧਿਕਾਰ/ਟਾਈਟਲ ਨਹੀਂ ਹੋਵੇਗਾ ਜਦੋਂ ਤੱਕ ਵਸੂਲੀ ਅਫਸਰ, ਕਰਜ਼ਾ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀ ਆਰ ਟੀ-3) ਦੁਆਰਾ ਵਿਕਰੀ ਦੀ ਪੁਸ਼ਟੀ ਨਹੀਂ ਕੀਤੀ ਜਾਂਦੀ।

ਅਸਫਲ ਬੋਲੀਕਾਰਾਂ ਦੁਆਰਾ ਜਮ੍ਹਾ ਕਰਾਈ ਗਈ ਈ ਐਮ ਡੀ ਦੀ ਰਕਮ ਔਨਲਾਈਨ ਮੋਡ ਰਾਹੀਂ ਵਾਪਸ ਕੀਤੀ ਜਾਵੇਗੀ, ਜੇਕਰ ਈ ਐਮ ਡੀ ਔਨਲਾਈਨ ਰਾਹੀਂ ਜਮ੍ਹਾਂ ਕੀਤੀ ਜਾਂਦੀ ਹੈ। ਜੇਕਰ ਈ ਐਮ ਡੀ ਡੀ ਡੀ/ਬੀ ਸੀ/ਪੇਅ ਆਰਡਰ ਦੇ ਰੂਪ ਵਿੱਚ ਜਮ੍ਹਾਂ ਕੀਤੀ ਜਾਂਦੀ ਹੈ ਤਾਂ ਇਸ ਨੂੰ ਹੱਥੀਂ ਵਾਪਸ ਕੀਤਾ ਜਾਵੇਗਾ।ਈ-ਨਿਲਾਮੀ ਈ ਐਮ ਡੀ ਫਾਰਮ ਦੇ ਨਾਲ ਭੇਜੀ ਗਈ ਫੋਟੋਕਾਪੀ ਦਾ ਅਸਲ ਆਈ ਡੀ ਸਬੂਤ ਲਿਆਉਣਾ ਪਵੇਗਾ।ਈ ਐਮ ਡੀ ਰਕਮ 'ਤੇ ਕੋਈ ਵਿਆਜ ਨਹੀਂ ਦਿੱਤਾ ਜਾਵੇਗਾ।

ਈ-ਨਿਲਾਮੀ ਈ ਐਮ ਡੀ ਫਾਰਮ ਵਿੱਚ ਦੱਸੇ ਗਏ ਵਿਅਕਤੀਆਂ ਤੋਂ ਇਲਾਵਾ ਕਿਸੇ ਵੀ ਵਿਅਕਤੀ (ਵਿਅਕਤੀਆਂ) ਦੇ ਨਾਵਾਂ ਨੂੰ ਵਿਕਰੀ ਸਰਟੀਫਿਕੇਟ ਵਿੱਚ ਸ਼ਾਮਲ ਕਰਨ/ਬਦਲਣ ਲਈ ਕੋਈ ਬੇਨਤੀ ਸਵੀਕਾਰ ਨਹੀਂ ਕੀਤੀ ਜਾਵੇਗੀ।

ਵਿਕਰੀ ਲਈ ਲਿਆਂਦੀਆਂ ਗਈਆਂ ਜਾਇਦਾਦ ਦੀਆਂ ਇੱਕ ਤੋਂ ਵੱਧ ਵਸਤੂਆਂ ਦੇ ਮਾਮਲੇ ਵਿੱਚ, ਅਜਿਹੀਆਂ ਜਾਇਦਾਦਾਂ ਦੀ ਵਿਕਰੀ ਸਹੂਲਤ ਅਨੁਸਾਰ ਹੋਵੇਗੀ ਅਤੇ ਵਿਕਰੀ ਨੋਟਿਸ ਵਿੱਚ ਦੱਸੇ ਅਨੁਸਾਰ ਲੜੀਵਾਰ ਜਾਣਾ ਲਾਜ਼ਮੀ ਨਹੀਂ ਹੈ।

ਐਨ ਆਰ ਆਈ ਬੋਲੀਕਾਰਾਂ ਨੂੰ ਲਾਜ਼ਮੀ ਤੌਰ 'ਤੇ ਆਪਣੇ ਪਾਸਪੋਰਟ ਦੇ ਫੋਟੋ ਪੰਨੇ ਦੀ ਇੱਕ ਕਾਪੀ ਨੱਥੀ ਕਰਨੀ ਚਾਹੀਦੀ ਹੈ ਅਤੇ ਆਪਣੀ ਬੋਲੀ ਨੂੰ ਭਾਰਤੀ ਮਿਸ਼ਨ (ਦੂਤਾਵਾਸ) ਦੁਆਰਾ ਸਹੀ ਢੰਗ ਨਾਲ ਸਮਰਥਿਤ ਕਰਨਾ ਚਾਹੀਦਾ ਹੈ। ਚੱਲ/ਅਚੱਲ ਜਾਇਦਾਦ 'ਜਿਵੇਂ ਹੈ', 'ਜਿੱਥੇ ਹੈ' ਅਤੇ 'ਜਿਵੇਂ ਹੈ', 'ਕਿਸ ਆਧਾਰ' 'ਤੇ ਵੇਚੀ ਜਾ ਰਹੀ ਹੈ ਅਤੇ ਨਿਯਮਾਂ ਅਨੁਸਾਰ ਪ੍ਰਕਾਸ਼ਨ ਖਰਚੇ, ਮਾਲੀਆ ਅਤੇ ਹੋਰ ਖਰਚਿਆਂ ਦੇ ਅਧੀਨ ਹੈ। ਨਿਮਹਸਤਾਖ਼ਰੀ ਕੋਲ ਕਿਸੇ ਵੀ ਜਾਂ ਸਾਰੀਆਂ ਬੋਲੀਆਂ ਨੂੰ ਸਵੀਕਾਰ ਜਾਂ ਰੱਦ ਕਰਨ ਦਾ ਅਧਿਕਾਰ ਰਾਖਵਾਂ ਹੈ, ਜੇਕਰ ਗੈਰ-ਵਾਜਬ ਪਾਇਆ ਜਾਂਦਾ ਹੈ ਜਾਂ ਬਿਨਾਂ ਕਿਸੇ ਕਾਰਨ ਦੱਸੇ ਕਿਸੇ ਵੀ ਸਮੇਂ ਨਿਲਾਮੀ ਨੂੰ ਮੁਲਤਵੀ ਕਰ ਸਕਦਾ ਹੈ। ਵਿਕਰੀ ਦੀ ਇਸ ਘੋਸ਼ਣਾ ਦੇ ਵੇਰਵੇ ਵੈੱਬਸਾਈਟ www.drt.gov.in 'ਤੇ ਦੇਖੇ ਜਾ ਸਕਦੇ ਹਨ। ਜਾਇਦਾਦ ਦੀ ਸਾਰਣੀ:

| ਪ੍ਰਾਪਰਟੀਆਂ ਦਾ ਵੇਰਵਾ | ਜਾਇਦਾਦ ਜਾਂ ਇਸ ਦੇ ਹਿੱਸੇ ਉੱਪਰ ਆਮਦਨ ਮੁਲਾਂਕਣ ਜਾਣਕਾਰੀ ਨਹੀਂ | ਝੰਜਟ ਦਾ ਵੇਰਵਾ ਜਿਸ ਕਾਰਨ ਜਾਇਦਾਦ ਜਵਾਬਦੇਹ ਹੈ ਜਾਣਕਾਰੀ ਨਹੀਂ | ਦਾਅਵਾ, ਜੇ ਕੋਈ ਹੈ, ਜੋ ਜਾਇਦਾਦ ਲਈ ਕੀਤਾ ਗਿਆ ਹੈ ਅਤੇ ਹੋਰ ਮਾਲੂਮ ਕਾਰਨ, ਉਸ ਦਾ ਸੁਭਾਅ ਤੇ ਮੁੱਲ ਜਾਣਕਾਰੀ ਨਹੀਂ |
|---|---|---|---|
| ਖੇਤੀਬਾੜੀ ਵਾਲੀ ਜ਼ਮੀਨ | ਜਾਣਕਾਰੀ ਨਹੀਂ | ਜਾਣਕਾਰੀ ਨਹੀਂ | ਜਾਣਕਾਰੀ ਨਹੀਂ |

40 ਕਨਾਲ 0 ਮਰਲੇ 5 ਏਕੜ ਖੇਵਟ ਨੰ. 598 ਖਤੌਨੀ ਨੰ.1472 ਖਸਰਾ ਅਤੇ ਕਿਲਾ ਨੰ. 158//5(8-0) 6(8-0)15(8-0) 16(3-5) 159//1(8-0) 2(8-0) 3(5-7) 4(0-0) 7(2-13) 8(8-0) 9(8-0) 10(8-0) 11(8-0)12(8-0)159//3(7-13) 14/1(0-3) 14/2(0-8)16(0-7) 17(3-3) 18(7-18) 19(8-0) 20(7-18) 21(2-1) 22(7-2) 23(5-8) 24(7-3) 159//25(7-11) ਸਾਲ 2011-12 ਦੀ ਜਮ੍ਹਾਂਬੰਦੀ ਦੇ ਅਨੁਸਾਰ, ਪਿੰਡ ਹੰਬਲਵਾਸ ਵਿਖੇ ਸਥਿਤ ਕੁੱਲ 156 ਕਨਾਲ 0 ਮਰਲੇ 160/3120 ਹਿੱਸੇ ਦੀ ਹੱਦ ਤੱਕ ਭਾਵ 8 ਕਨਾਲ 0 ਮਰਲੇ (ਲੀਜ਼ ਧਾਰਕ)
ਖੇਵਟ ਨੰ. 9 ਖਤੌਨੀ ਨੰ. 19 ਖਸਰਾ ਅਤੇ ਕਿਲਾ ਨੰ. 18//12/2(1-6) 13/1 (4-0) 18(8-0)19(7-12)21/3(0-8) ਕੁੱਲ 21 ਕਨਾਲ 06 ਮਰਲੇ 1/8 ਹਿੱਸੇ ਦੀ ਹੱਦ ਤੱਕ ਭਾਵ 2 ਕਨਾਲ 13 ਮਰਲੇ।
ਖੇਵਟ ਨੰ.10 ਖਤੌਨੀ ਨੰ. 20 ਤੋਂ 23 ਖਸਰਾ ਅਤੇ ਕਿਲਾ ਨੰ. 121//27(0-3) 67//3(7-14) 8/3(0-8) 9(8-0) 72//7(7-12) 8/2(6-0) ਕੁੱਲ 29 ਕਨਾਲ 17 ਮਰਲੇ 7/96 ਹਿੱਸੇ ਦੀ ਹੱਦ ਤੱਕ ਭਾਵ 2 ਕਨਾਲ 3 ਮਰਲੇ।
ਖੇਵਟ ਨੰ. 21 ਖਤੌਨੀ ਨੰ. 36 ਤੋਂ 37 ਖਸਰਾ ਅਤੇ ਕਿਲਾ ਨੰ. 39//17(1-8) 18(8-0)19(8-0) 20/1(5-0)21/1(5-0) 22(8-0) 23/2(2-0) 43//19/1(5-18) 48//9/1 (82//62 (0-16) 121/24 (-3) 25(0-3) 26(0-3) 39//3/1(1-12)4/1(1-12) 7(3-0) 8(7-4) ਕੁੱਲ 62 ਕਨਾਲ 7 ਮਰਲੇ 9 ਕਨਾਲ 1 ਮਰਲੇ ਦੀ ਹੱਦ ਤੱਕ।
ਖੇਵਟ ਨੰ. 217 ਖਤੌਨੀ ਨੰ. 479 ਖਸਰਾ ਅਤੇ ਕਿਲਾ ਨੰ. 18//4(6-6) 5(0-9) 6(1-6) 7/1(5-2) 8(7-13) 9(7-11) 13/2(0-6) 22(7-12) ਕੁੱਲ 36 ਕਨਾਲ 5 ਮਰਲੇ ਤੱਕ 1/8 ਹਿੱਸਾ ਹੱਦ, ਜੋ ਕਿ 4 ਕਨਾਲ 10 ਮਰਲੇ
ਖੇਵਟ ਨੰ. 222 ਖਤੌਨੀ ਨੰ. 485 ਖਸਰਾ ਅਤੇ ਕਿਲਾ ਨੰ. 48//2(8-0) ਕੁੱਲ 8 ਕਨਾਲ 0 ਮਰਲੇ 1/8 ਹਿੱਸੇ ਦੀ ਹੱਦ ਤੱਕ ਭਾਵ 1 ਕਨਾਲ 0 ਮਰਲੇ।
ਖੇਵਟ ਨੰ: 326 ਖਤੌਨੀ ਨੰ: 642 ਖਸਰਾ ਅਤੇ ਕਿੱਲ੍ਹਾ ਨੰ: 17//12(8-0) 9/2(1-3) 10 (2-12)11(7-4) 19/2 (3-12) 20(7-4) ਕੁੱਲ 29 ਕਨਾਲ 15 ਮਰਲੇ 'ਚੋਂ 253/595 ਦਾ ਹਿੱਸਾ ਭਾਵ 12 ਕਨਾਲ 13 ਮਰਲੇ ਕੁਲ ਜ਼ਮੀਨ 40 ਕਨਾਲ 0 ਮਰਲੇ।
2012-13 ਦੀ ਜਮ੍ਹਾਂਬੰਦੀ ਅਨੁਸਾਰ ਪਿੰਡ ਦੌਲਾ ਸਿੰਘ ਵਾਲਾ ਹੰਬਲਵਾਸ, ਤਹਿਸੀਲ ਸੁਨਾਮ ਜ਼ਿਲ੍ਹਾ ਸੰਗਰੂਰ ਵਿਖੇ ਸਥਿਤ ਹੈ।
ਬਲਵਿੰਦਰ ਸਿੰਘ ਪੁੱਤਰ ਸ੍ਰੀ ਕੁੰਡਾ ਸਿੰਘ ਅਤੇ ਸ੍ਰੀਮਤੀ ਸੁਖਜੀਤ ਕੌਰ, ਪਤਨੀ ਸ੍ਰੀ ਬਲਵਿੰਦਰ ਸਿੰਘ ਦੀ ਮਲਕੀਅਤ।

ਨੋਟ : ਇਹ ਮਿਤੀ 07.11.2025 ਨੂੰ ਮੇਰੇ ਦਸਤਖਤ ਅਤੇ ਮੋਹਰ ਹੇਠ ਦਿੱਤਾ ਗਿਆ ਹੈ।

**ਕਰਜ਼ਾ ਵਸੂਲੀ ਟ੍ਰਿਬਿਊਨਲ, ਚੰਡੀਗੜ੍ਹ (ਡੀ ਆਰ ਟੀ 3)**

1 Dec Page 8.qxd 11/30/2025 9:38 PM Page 1



# ਮੀਡੀਆ 'ਤੇ ਵਧ ਰਿਹਾ ਸਰਕਾਰੀ ਤੇ ਗੈਰ-ਸਰਕਾਰੀ ਦਬਾਅ

**ਜਲੰਧਰ (ਇਕਬਾਲ ਸਿੰਘ ਉੱਭੀ)**- ਦੇਸ਼ ਵਿਚ ਸਰਕਾਰੀ ਅਤੇ ਗ਼ੈਰ ਸਰਕਾਰੀ ਧਿਰਾਂ ਦਾ ਮੀਡੀਆ 'ਤੇ ਦਬਾਅ ਬੇਹੱਦ ਵਧ ਰਿਹਾ ਹੈ, ਇਸ ਨਾਲ ਇਕ ਪਾਸੇ ਜਿਥੇ ਵਿਚਾਰ ਪ੍ਰਗਟ ਕਰਨ ਦੀ ਆਜ਼ਾਦੀ ਘਟਦੀ ਜਾ ਰਹੀ ਹੈ, ਉਥੇ

**• ਪੰਜਾਬ ਪ੍ਰੈੱਸ ਕਲੱਬ ਦੇ ਸਾਲਾਨਾ ਅਜਲਾਸ 'ਚ ਪੱਤਰਕਾਰਾਂ ਨੇ ਪ੍ਰਗਟ ਕੀਤੀ ਚਿੰਤਾ**

ਮੀਡੀਆ ਨੂੰ ਆਜ਼ਾਦ ਅਤੇ ਨਿਰਪੱਖ ਢੰਗ ਨਾਲ ਆਪਣਾ ਰੋਲ ਅਦਾ ਕਰਨ ਵਿਚ ਵੀ ਵੱਡੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਮੀਡੀਆ ਅਦਾਰਿਆਂ ਅਤੇ ਮੀਡੀਆ ਕਰਮੀਆਂ ਵਲੋਂ ਇਨ੍ਹਾਂ ਚੁਣੌਤੀਆਂ ਦਾ ਮਿਲ-ਜੁਲ ਕੇ ਸਾਹਮਣਾ ਕਰਨ ਦੀ ਜ਼ਰੂਰਤ ਹੈ, ਤਾਂ ਹੀ ਮੀਡੀਆ ਨਿਰਪੱਖ ਪੱਤਰਕਾਰੀ ਦੀ ਆਪਣੀ ਵਿਰਾਸਤ ਅਗਲੀਆਂ ਪੀੜ੍ਹੀਆਂ ਦੇ ਹਵਾਲੇ ਕਰ ਸਕੇਗਾ ਅਤੇ ਦੇਸ਼ ਵਿਚ ਜਮਹੂਰੀਅਤ ਦੀ ਰਾਖੀ ਲਈ ਵੀ ਆਪਣਾ ਬਿਹਤਰ ਰੋਲ ਨਿਭਾਅ ਸਕੇਗਾ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਇਥੇ ਪੰਜਾਬ ਪ੍ਰੈੱਸ ਕਲਬ ਦੇ ਹੋਏ ਸਲਾਨਾ ਸਮਾਗਮ ਵਿਚ ਡੈਲੀਗੇਟਾਂ ਨੂੰ ਸੰਬੋਧਨ ਕਰਦਿਆਂ ਵੱਖ-ਵੱਖ ਪੱਤਰਕਾਰਾਂ ਵਲੋਂ ਕੀਤਾ ਗਿਆ।ਇਕੱਤਰਤਾ ਨੂੰ ਸੰਬੋਧਨ ਕਰਨ ਵਾਲਿਆਂ ਵਿਚ ਸੀਨੀਅਰ ਪੱਤਰਕਾਰ ਕੁਲਦੀਪ ਸਿੰਘ ਬੇਦੀ, ਸੁਰਿੰਦਰਪਾਲ, ਪ੍ਰਿਥੀਪਾਲ ਸਿੰਘ ਮਾੜੀਮੇਘਾ, ਗੁਰਮੀਤ ਸਿੰਘ, ਸੁਨੀਲ ਰੁਦਰਾ, ਬਿੰਟੂ ਓਬਰਾਏ, ਰਾਕੇਸ਼ ਸ਼ਾਂਤੀਦੂਤ, ਗੀਤਾ ਵਰਮਾ, ਜਤਿੰਦਰ ਸ਼ਰਮਾ, ਮਹਾਂਵੀਰ ਸੇਠ, ਜਸਵੀਰ ਸਿੰਘ ਸ਼ੇਤ੍ਰ, ਦਵਿੰਦਰ ਕੁਮਾਰ, ਪਰਮਜੀਤ ਰੰਗਪੁਰੀ, ਜਸਬੀਰ ਸੋਢੀ, ਪੁਸ਼ਪਿੰਦਰ ਕੌਰ ਅਤੇ ਸੋਨੀ ਸਹੋਤਾ ਆਦਿ ਸ਼ਾਮਲ ਸਨ। ਇਸ ਤੋਂ ਪਹਿਲਾਂ ਪੰਜਾਬ ਪ੍ਰੈੱਸ ਕਲੱਬ ਦੇ ਪ੍ਰਧਾਨ ਸਤਨਾਮ ਸਿੰਘ ਮਾਣਕ ਵਲੋਂ ਪ੍ਰੈੱਸ ਕਲੱਬ ਦੇ ਕੰਮਕਾਜ ਸੰਬੰਧੀ ਰਿਪੋਰਟ ਪੇਸ਼ ਕੀਤੀ ਗਈ ਜਿਸ ਵਿਚ ਉਨ੍ਹਾਂ ਨੇ ਪੰਜਾਬ ਪ੍ਰੈੱਸ ਕਲੱਬ ਦੀ ਗਵਰਨਿੰਗ ਕੌਂਸਲ ਵਲੋਂ ਪਿਛਲੇ ਤਿੰਨ ਸਾਲ ਦੇ ਕਾਰਜਕਾਲ ਵਿਚ ਪ੍ਰੈੱਸ ਕਲੱਬ ਦੀ ਇਮਾਰਤ ਦੇ ਕਰਵਾਏ ਗਏ ਨਵੀਨੀਕਰਨ ਦਾ ਵਿਸਥਾਰ ਵਿਚ ਵੇਰਵਾ ਦਿੱਤਾ ਅਤੇ ਇਸ ਦੇ ਨਾਲ ਹੀ ਦੇਸ਼ ਅਤੇ ਪੰਜਾਬ ਨੂੰ ਦਰਪੇਸ਼ ਭੱਖਦੇ ਮਸਲਿਆਂ ਸੰਬੰਧੀ ਅਤੇ ਖ਼ਾਸ ਕਰਕੇ ਮੀਡੀਆ ਨੂੰ ਦਰਪੇਸ਼ ਚੁਣੌਤੀਆਂ ਸੰਬੰਧੀ ਕਰਵਾਏ ਗਏ ਸੈਮੀਨਾਰਾਂ ਅਤੇ ਕਲੱਬ ਦੇ ਵਿਹੜੇ ਵਿਚ ਕਰਵਾਈਆਂ ਗਈਆਂ ਹੋਰ ਅਕਾਦਮਿਕ ਤੇ ਕਲਾਤਮਿਕ ਸਰਗਰਮੀਆਂ ਬਾਰੇ ਜਾਣਕਾਰੀ ਦਿੱਤੀ। ਪ੍ਰੈੱਸ ਕਲੱਬ ਦੇ ਡੈਲੀਗੇਟਾਂ ਵਲੋਂ ਜਿਥੇ ਗਵਰਨਿੰਗ ਕੌਂਸਲ ਦੁਆਰਾ ਕਰਵਾਏ ਗਏ ਚੰਗੇ ਕੰਮਾਂ ਦੀ ਜ਼ੋਰਦਾਰ ਪ੍ਰਸ਼ੰਸਾ ਕੀਤੀ ਗਈ ਉਥੇ ਰਹਿ ਗਈਆਂ ਕਮੀਆਂ ਕਮਜ਼ੋਰੀਆਂ ਵੱਲ ਵੀ ਧਿਆਨ ਦੁਆਇਆ ਗਿਆ। ਇਸ ਸਮਾਗਮ ਦੇ ਪ੍ਰਧਾਨਗੀ ਮੰਡਲ ਵਿਚ ਪੰਜਾਬ ਪ੍ਰੈੱਸ ਕਲੱਬ ਦੇ ਪ੍ਰਧਾਨ ਸਤਨਾਮ ਸਿੰਘ ਮਾਣਕ ਤੋਂ ਇਲਾਵਾ ਸੀਨੀਅਰ ਮੀਤ ਪ੍ਰਧਾਨ ਰਾਜੇਸ਼ ਥਾਪਾ, ਮੀਤ ਪ੍ਰਧਾਨ ਮਨਦੀਪ ਸ਼ਰਮਾ, ਤਜਿੰਦਰ ਕੌਰ ਥਿੰਦ ਤੇ ਪੰਕਜ ਰੌਤੇਲਾ, ਜੁਆਇੰਟ ਸਕੱਤਰ ਸੰਦੀਪ ਸ਼ਾਹੀ ਤੇ ਸਕੱਤਰ ਮੇਹਰ ਮਲਿਕ ਅਤੇ ਖਜ਼ਾਨਚੀ ਸ਼ਿਵ ਸ਼ਰਮਾ ਸ਼ਾਮਲ ਸਨ।



# ਦਿ ਨੋਬੇਲ ਸਕੂਲ ਵਿਖੇ ਸਾਲਾਨਾ ਇਨਾਮ ਵੰਡ ਸਮਾਰੋਹ ਕਰਵਾਇਆ

**ਕਰਤਾਰਪੁਰ (ਹਰਮੇਸ਼ ਢੱਡ)** ਦਿ ਨੋਬੇਲ ਸਕੂਲ ਨੇ ਸ਼ਨੀਵਾਰ ਨੂੰ ਆਪਣੇ ਕਿੰਡਰਗਾਰਟਨ ਅਤੇ ਪ੍ਰਾਇਮਰੀ ਵਿੰਗ ਦਾ ਸਾਲਾਨਾ ਇਨਾਮ ਵੰਡ ਸਮਾਰੋਹ ਬੜੇ ਹੀ ਉਤਸ਼ਾਹ ਨਾਲ ਮਨਾਇਆ। ਸਮਾਰੋਹ 'ਪਰਵਾਜ਼' ਦੇ ਥੀਮ 'ਤੇ ਆਧਾਰਿਤ ਸੀ, ਜਿਸਦਾ ਅਰਥ ਹੈ ਸੁਪਨਿਆਂ ਦੀ ਉਡਾਣ।ਇਸ ਪ੍ਰੋਗਰਾਮ ਦੇ ਮੁੱਖ ਮਹਿਮਾਨ ਜਲੰਧਰ ਦੇ ਨਗਰ ਨਿਗਮ ਮੇਅਰ ਵਿਨੀਤ ਧੀਰ ਸਨ, ਉਨ੍ਹਾਂ ਦੇ ਨਾਲ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਜੇ ਚੋਪੜਾ, ਇੰਜੀਨੀਅਰ ਅਸ਼ਵਨੀ ਕੰਬੋਜ, ਏ ਪੀ ਜੇ ਕਾਲਜ ਦੇ ਪ੍ਰੋਫ਼ੈਸਰ ਅਵਨੀਤ ਓਬਰਾਏ, ਜਲੰਧਰ ਦੇ ਕ੍ਰਿਸ਼ਨ ਮੁਰਾਰੀ ਮੰਦਰ ਦੇ ਜਨਰਲ ਸੈਕਟਰੀ ਉਮਾ ਮਹੇਸ਼ਵਰ ਮੌਜੂਦ ਸਨ। ਜਿਨ੍ਹਾਂ ਦਾ ਸਵਾਗਤ ਸਕੂਲ ਦੇ ਚੇਅਰਮੈਨ ਪ੍ਰੋ: ਸੀ.ਐਲ. ਕੋਛੜ, ਮੈਨੇਜਿੰਗ ਡਾਇਰੈਕਟਰ ਇੰਜੀਨੀਅਰ ਕੁਮਾਰ ਸ਼ਿਵ ਕੋਛੜ, ਸ਼੍ਰੀਮਤੀ ਆਰਤੀ ਕੋਛੜ, ਮਾਸਟਰ ਕਾਰਤਿਕ ਕੋਛੜ, ਡਾਇਰੈਕਟਰ ਮੈਡਮ ਸਰੋਜ ਸ਼ਰਮਾ, ਪ੍ਰਿੰਸੀਪਲ ਰਵਿੰਦਰ ਕੌਰ ਅਤੇ ਸਮੂਹ ਸਟਾਫ਼ ਨੇ ਕੀਤਾ।ਸਮਾਗਮ ਦੀ ਸ਼ੁਰੂਆਤ ਮੁੱਖ ਮਹਿਮਾਨ ਸਕੂਲ ਚੇਅਰਮੈਨ, ਸਕੂਲ ਮੈਨੇਜਿੰਗ ਡਾਇਰੈਕਟਰ, ਡਾਇਰੈਕਟਰ



ਮੈਡਮ, ਪ੍ਰਿੰਸੀਪਲ ਮੈਡਮ, ਕਿੰਡਰਗਾਰਟਨ ਕੋਆਰਡੀਨੇਟਰ ਸ੍ਰੀਮਤੀ ਸਵੀਟੀ ਭੰਡਾਰੀ ਅਤੇ ਪ੍ਰਾਇਮਰੀ ਵਿੰਗ ਦੀ ਕੋਆਰਡੀਨੇਟਰ ਸ੍ਰੀਮਤੀ ਆਂਚਲ ਗੁਪਤਾ ਨੇ ਦੀਪ ਜਗਾ ਕੇ ਕੀਤੀ ਜੋ ਕਿ ਗਿਆਨ ਦੇ ਹਨੇਰੇ ਨੂੰ ਦੂਰ ਕਰਨ ਦੀ ਪਵਿੱਤਰ ਪਰੰਪਰਾ ਦਾ ਪ੍ਰਤੀਕ ਹੈ। ਸਕੂਲ ਦੇ ਵਿਦਿਆਰਥੀਆਂ ਨੇ ਗਣੇਸ਼ ਦੀ ਪੂਜਾ ਕਰਕੇ ਰੰਗਾਰੰਗ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ।ਇਸ ਤੋਂ ਬਾਅਦ ਛੋਟੇ ਬੱਚਿਆਂ ਨੇ ਵੱਖ-ਵੱਖ ਸੱਭਿਆਚਾਰਕ ਗਤੀਵਿਧੀਆਂ ਜਿਵੇਂ ਪੱਛਮੀ ਡਾਂਸ, ਭੰਗੜਾ, ਗਿੱਧਾ, ਗੀਤ-ਸਕੂਲ ਚਲੇ ਹਮ, ਨਾਟਕ ਆਦਿ ਦੀ ਆਪਣੀ ਸ਼ਾਨਦਾਰ ਪੇਸ਼ਕਾਰੀ ਨਾਲ ਦਰਸ਼ਕਾਂ ਦਾ ਮਨ ਮੋਹ ਲਿਆ।ਪ੍ਰੋਗਰਾਮ ਦਾ ਵਿਸ਼ੇਸ਼ ਆਕਰਸ਼ਣ ਸਟੇਜ ਨਾਟਕ 'ਅਹੰਕਾਰ ਸਿੰਦੂਰ' ਸੀ। ਜਿਸ ਰਾਹੀਂ ਵਿਦਿਆਰਥੀਆਂ ਨੇ ਸਾਰਿਆਂ ਨੂੰ ਏਕਤਾ ਅਤੇ ਆਪਸੀ ਪਿਆਰ ਦਾ ਸੰਦੇਸ਼ ਦਿੱਤਾ। ਸਾਲ 2024-25 ਵਿੱਚ ਸਾਰੀਆਂ ਜਮਾਤਾਂ ਵਿੱਚੋਂ ਪਹਿਲੇ, ਦੂਜੇ ਅਤੇ ਤੀਜੇ ਸਥਾਨ 'ਤੇ ਆਉਣ ਵਾਲੇ ਵਿਦਿਆਰਥੀਆਂ ਨੂੰ ਮੁੱਖ ਮਹਿਮਾਨ, ਸਕੂਲ ਚੇਅਰਮੈਨ ਸਾਹਿਬ ਅਤੇ ਐਮ.ਡੀ ਸਾਹਿਬ ਵੱਲੋਂ ਟਰਾਫੀਆਂ ਅਤੇ ਸਕੂਲ ਸਰਟੀਫਿਕੇਟ ਦੇ ਕੇ ਸਨਮਾਨਿਤ ਵੀ ਕੀਤਾ ਗਿਆ। ਮੁੱਖ ਮਹਿਮਾਨ ਨੇ ਸਕੂਲ ਦੀਆਂ ਪ੍ਰਾਪਤੀਆਂ ਅਤੇ ਅਨੁਸ਼ਾਸਨ ਦੀ ਸ਼ਲਾਘਾ ਕੀਤੀ। ਇਸ ਸਮਾਗਮ ਵਿੱਚ ਵੱਖ-ਵੱਖ ਪਿੰਡਾਂ ਦੇ ਸਰਪੰਚ ਕੁਲਵਿੰਦਰ ਸਿੰਘ, ਹਨੀਸ਼ ਕੁਮਾਰ ਗੁਰਦੀਪ ਕੌਰ, ਕਰਤਾਰਪੁਰ ਦੇ ਇੰਟਰਨੈਸ਼ਨਲ ਪਲੇਅਰ ਵੀ ਦੀ ਚੇਅਰਮੈਨ ਸ੍ਰੀਮਤੀ ਬੀਨੂੰ ਤੇ ਮੁੱਖ ਅਧਿਆਪਿਕਾ ਸ੍ਰੀਮਤੀ ਸ਼ਿਵਾਲੀ ਜੀ ਮੌਜੂਦ ਸਨ। ਸਕੂਲ ਚੇਅਰਮੈਨ ਨੇ ਪ੍ਰੋਗਰਾਮ ਵਿੱਚ ਆਏ ਸਾਰੇ ਮਹਿਮਾਨਾਂ, ਅਧਿਆਪਕਾਂ, ਮਾਪਿਆਂ ਅਤੇ ਵਿਦਿਆਰਥੀਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਪ੍ਰੋਗਰਾਮ ਦੀ ਸਮਾਪਤੀ ਰਾਸ਼ਟਰੀ ਗੀਤ ਨਾਲ ਕੀਤੀ ਗਈ।

## ਵਿੱਤੀ ਸ਼ਕਤੀਆਂ ਰੀ-ਡੈਲੀਗੇਟ ਕਰਨ ਸੰਬੰਧੀ ਨਿਰਦੇਸ਼ ਜਾਰੀ

**ਚੰਡੀਗੜ੍ਹ (ਕ੍ਰਿਸ਼ਨ ਗਰਗ)**- ਹਰਿਆਣਾ ਸਰਕਾਰ ਨੇ ਸੀਨੀਅਰ ਕਰਮਚਾਰੀਆਂ ਦੇ ਤਬਾਦਲੇ/ਏਸੀਪੀਐਲ ਨੂੰ ਜੂਨੀਅਰ ਕਰਮਚਾਰੀਆਂ ਦੇ ਬਰਾਬਰ ਸਟੈਪਿੰਗ-ਅੱਪ ਕੀਤੇ ਜਾਣ ਦੀ ਪ੍ਰਕ੍ਰਿਆ ਨੂੰ ਸੁਵਿਵਸਥਿਤ ਕਰਨ ਦੇ ਸਬੰਧ ਵਿੱਚ ਮਹੱਤਵਪੂਰਨ ਨਿਰਦੇਸ਼ ਜਾਰੀ ਕੀਤੇ ਹਨ। ਨਾਲ ਹੀ, ਵਿੱਤੀ ਸ਼ਕਤੀਆਂ ਰੀ-ਡੈਲੀਗੇਟ ਕਰਨ ਬਾਰੇ ਜੁੜੇ ਪੀਐਫਆਰ ਵਾਲਯੂਮ-1 ਦੇ ਨਿਯਮ 19.1 ਦੇ ਨੀਚੇ ਨੋਟ 5 ਦੇ ਸਬੰਧ ਵਿੱਚ ਵੀ ਸਥਿਤੀ ਸਪਸ਼ਟ ਕੀਤੀ ਗਈ ਹੈ।ਮੁੱਖ ਸਕੱਤਰ ਅਨੁਰਾਗ ਰਸਤੋਗੀ, ਜਿਨ੍ਹਾਂ ਦੇ ਕੋਲ ਵਿੱਤ ਵਿਭਾਗ ਦੇ ਵਧੀਕ ਮੁੱਖ ਸਕੱਤਰ ਦੀ ਜਿਮੇਵਾਰੀ ਵੀ ਹੈ, ਵੱਲੋਂ ਇਸ ਸਬੰਧ ਵਿੱਚ ਵੱਖ-ਵੱਖ ਪੱਤਰ ਜਾਰੀ ਕੀਤੇ ਗਏ ਹਨ।

## ਮ੍ਰਿਤਕ ਸਰੀਰ ਲੈ ਕੇ ਜਾ ਰਹੀ ਐਂਬੂਲੈਂਸ ਨੂੰ ਹਾਦਸਾ

**ਮਾਹਿਲਪੁਰ: (ਸ਼ਰਜੀ)**- ਚੰਡੀਗੜ੍ਹ ਤੋਂ ਗੁਰਦਾਸਪੁਰ ਨੂੰ ਇਕ ਔਰਤ ਦੀ ਮ੍ਰਿਤਕ ਦੇਹ ਲੈ ਕੇ ਜਾ ਰਹੀ ਐਂਬੂਲੈਂਸ ਮਾਹਿਲਪੁਰ ਸ਼ਹਿਰ ਵਿਚ ਭਿਆਨਕ ਹਾਦਸੇ ਦਾ ਸ਼ਿਕਾਰ ਹੋ ਗਈ।



ਐਂਬੂਲੈਂਸ ਚਾਲਕ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਿਆ। ਮੌਕੇ 'ਤੇ ਇਕੱਤਰ ਕੀਤੀ ਜਾਣਕਾਰੀ ਅਨੁਸਾਰ ਰਮਨਦੀਪ ਕੁਮਾਰ ਪੁੱਤਰ ਸੁਭਾਸ਼ ਚੰਦ ਵਾਸੀ ਗੁਰਦਾਸਪੁਰ ਆਪਣੀ ਭੂਆ ਦੀ ਲਾਸ਼ ਜਿਸ ਦੀ ਚੰਡੀਗੜ੍ਹ ਵਿੱਚ ਇਕ ਹਸਪਤਾਲ ਵਿਚ ਮੌਤ ਹੋ ਗਈ ਸੀ , ਨੂੰ ਇਕ ਐਂਬੂਲੈਂਸ ਨੰਬਰ ਪੀ ਬੀ 01ਬੀ 8351 ਜਿਸ ਨੂੰ ਮਨਦੀਪ ਸਿੰਘ ਪੁਤਰ ਸਤਵੀਰ ਸਿੰਘ ਵਾਸੀ ਚੰਡੀਗੜ੍ਹ ਚਲਾ ਰਿਹਾ ਸੀ, ਮਾਹਿਲਪੁਰ ਵਿਚ ਹੁਸ਼ਿਆਰਪੁਰ ਵਲੋਂ ਆ ਰਹੇ ਇਕ ਟਰੱਕ ਦੇ ਨਾਲ ਟਕਰਾ ਗਈ। ਟਰੱਕ ਡਰਾਈਵਰ ਆਪਣੇ ਟਰੱਕ ਸਮੇਤ ਮੌਕੇ ਤੋਂ ਫਰਾਰ ਹੋ ਗਿਆ । ਐਂਬੂਲੈਂਸ ਚਾਲਕ ਦੀ ਹਾਲਤ ਗੰਭੀਰ ਹੋਣ 'ਤੇ ਹੁਸ਼ਿਆਰਪੁਰ ਰੈਫਰ ਕੀਤਾ ਗਿਆ ਹੈ। ਹਾਦਸੇ ਦੀ ਥਾਣਾ ਮਾਹਿਲਪੁਰ ਦੀ ਪੁਲਿਸ ਨੂੰ ਜਾਣਕਾਰੀ ਦੇ ਦਿੱਤੀ ਗਈ ਹੈ।

# ਵੀਰ ਸਰਤਾਜ ਬਿੱਟਾ ਬੀਬੀ ਇੰਦਰਜੀਤ ਕੌਰ ਮਾਨ ਦੀ ਅਗਵਾਈ ਹੇਠ 'ਆਪ' 'ਚ ਸ਼ਾਮਿਲ

**ਨਕੋਦਰ (ਮਨਜੀਤ ਮਾਨ)**- ਸ਼੍ਰੋਮਣੀ ਅਕਾਲੀ ਦਲ ਬਾਦਲ ਨੂੰ ਉਸ ਸਮੇਂ ਬਹੁਤ ਹੀ ਭਾਰੀ ਝਟਕਾ ਲੱਗਾ ਜਦੋਂ ਵਾਲਮੀਕਿ ਕੌਮ ਦੇ ਸ਼੍ਰੋਮਣੀ ਪੰਥਕ ਕੀਰਤਨੀਏ ਵੀਰ ਸਰਤਾਜ ਬਿੱਟਾ ਹੋਰਾਂ ਵਾਲਾ ਹਲਕਾ ਨਕੋਦਰ ਦੀ ਵਿਧਾਇਕਾ ਬੀਬੀ ਇੰਦਰਜੀਤ ਕੌਰ ਮਾਨ ਦੀ ਅਗਵਾਈ ਹੇਠ ਸੈਂਕੜੇ ਪਰਵਾਰ 'ਆਪ' 'ਚ



ਸ਼ਾਮਲ ਹੋ ਗਏ ਹਨ। ਇੱਥੇ ਦੱਸਣਯੋਗ ਹੈ ਕਿ ਵੀਰ ਸਰਤਾਜ ਬਿੱਟਾ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਸੀਨੀਅਰ ਵਾਇਸ ਪ੍ਰਧਾਨ ਐਸ ਸੀ ਵਿੰਗ ਦੋਆਬਾ, ਤੇ ਸ਼੍ਰੋਮਣੀ ਅਕਾਲੀ ਦਲ ਐਸ ਸੀ ਵਿੰਗ ਦੇ ਜਨਰਲ ਸਕੱਤਰ ਦੋਆਬਾ ਤੇ ਹੋਰ ਵੱਖ ਵੱਖ ਅਹੁਦਿਆਂ ਤੋਂ ਅਸਤੀਫਾ ਦੇ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਏ ਹਨ। ਵੀਰ ਸਰਤਾਜ ਬਿੱਟਾ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੀਆਂ ਨੀਤੀਆਂ ਤੋਂ ਤੰਗ ਆ ਕੇ ਉਨ੍ਹਾਂ ਨੇ ਆਮ ਆਦਮੀ ਪਾਰਟੀ ਦੇ ਕੰਮਾਂ ਤੋਂ ਪ੍ਰਭਾਵਿਤ ਹੋ ਕੇ ਬੀਬੀ ਇੰਦਰਜੀਤ ਕੌਰ ਮਾਨ ਹਲਕਾ ਵਿਧਾਇਕਾ ਦੀ ਅਗਵਾਈ ਹੇਠ 'ਆਪ' ਦਾ ਪੱਲਾ ਫੜ ਲਿਆ ਹੈ। ਵੀਰ ਬਿੱਟਾ ਨੇ ਕਿਹਾ ਕਿ ਪਰਮਜੀਤ ਬਿੱਟਾ, ਪਰਮਜੀਤ ਪੰਮਾ, ਸ਼ਸ਼ੀ ਕੁਮਾਰ, ਸੁਲੱਖਣ ਸਿੰਘ ਪੰਨੂ, ਮਨਜੀਤ ਸਿੰਘ ਸੂਬੇਦਾਰ,, ਅਸ਼ਵਨੀ ਕੁਮਾਰ, ਬੀਬੀ ਕੁਲਵਿੰਦਰ ਕੌਰ, ਸੁਖਵਿੰਦਰ ਕੌਰ, ਕੁਲਦੀਪ ਕੌਰ, ਜਸਵਿੰਦਰ ਕੌਰ, ਬੀਬੀ ਜੋਤੀ, ਮਨਜੀਤ ਕੌਰ, ਗੋਗੀ, ਕੁਲਵਿੰਦਰ ,ਮਿੰਟੋ,ਮੰਨੂ, ਰਾਜਵਿੰਦਰ ਕੌਰ,ਸਰੋਜ ਰਾਣੀ, ਜਸਵੀਰ ਕੌਰ, ਸਮੇਤ ਦਰਜਨਾਂ ਪਰਵਾਰ ਆਪ ਵਿੱਚ ਸ਼ਾਮਿਲ ਹੋ ਗਏ ਹਨ।ਬੀਬੀ ਇੰਦਰਜੀਤ ਕੌਰ ਮਾਨ ਨੇ ਕਿਹਾ ਕਿ ਪਾਰਟੀ ਵਿੱਚ ਸ਼ਾਮਿਲ ਹੋਣ ਵਾਲੇ ਪਰਵਾਰਾਂ ਨੂੰ ਬਣਦਾ ਮਾਣ ਦਿੱਤਾ ਜਾਵੇਗਾ। ਇਸ ਮੌਕੇ ਬੀਬੀ ਇੰਦਰਜੀਤ ਕੌਰ ਮਾਨ ਨੇ ਪਾਰਟੀ ਵਿੱਚ ਸ਼ਾਮਿਲ ਹੋਣ ਵਾਲੇ ਪਰਵਾਰਾਂ ਦਾ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਹਰਨੇਕ ਸਿੰਘ ਨੇਕਾ, ਜਸਵੀਰ ਸਿੰਘ ਧੰਜਲ,ਅਰਜਨ ਸਿੰਘ, ਸੂਬੇਦਾਰ, ਕਾਲਾ ਸੂਬੇਦਾਰ, ਖੁਸ਼ਵਿੰਦਰ ਸਿੰਘ ਪੰਚ, ਬਲਵੀਰ ਕੌਰ ਪੰਚ, ਕੁਲਦੀਪ ਸਿੰਘ ਦੀਪਾ ਪੰਚ, ਸੁਲੱਖਣ ਸਿੰਘ ਪੰਨੂ, ਸਤਨਾਮ ਸਿੰਘ ਸੱਤਾ, ਰੇਸ਼ਮ ਲਾਲ ਧੌਸੀ, ਕੁਲਵਿੰਦਰ ਕਿੰਦਾ ਤੋਂ ਇਲਾਵਾ ਪਿੰਡ ਤੇ ਇਲਾਕੇ ਦੇ ਪੰਚ ਸਰਪੰਚ ਤੇ ਇਲਾਕੇ ਦੀਆਂ ਨਾਮਵਰ ਸਖਸ਼ੀਅਤਾਂ ਹਾਜਰ ਸਨ।

# ਸਰਕਾਰ ਪਾਸ ਕਰੇ ਤਾਂ ਖੁਰਾਲਗੜ੍ਹ ਸਾਹਿਬ 'ਚ ਸਿੱਖਿਆ ਤੇ ਇਲਾਜ ਲਈ ਸੰਤ ਸਮਾਜ ਖੋਲ੍ਹ ਦੇਵੇਗਾ ਵੱਡੇ ਪ੍ਰੋਜੈਕਟ : ਸੰਤ ਨਿਰਮਲ ਦਾਸ ਬਾਬੇ ਜੌੜੇ, ਸੰਤ ਸਤਵਿੰਦਰ ਹੀਰਾ

**ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ, ਬਲਵੀਰ ਸਿੰਘ ਸੈਣੀ)** ਸੰਤ ਬਾਬਾ ਨਿਰਮਲ ਦਾਸ ਬਾਬੇਜੌੜੇ ਪ੍ਰਧਾਨ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਪੰਜਾਬ ਸ੍ਰੀ ਗੁਰੂ ਰਵਿਦਾਸ ਇਤਿਹਾਸਕ ਧਰਮ ਅਸਥਾਨ ਚਰਨਛੋਹ ਸੱਚਖੰਡ ਬੇਗਮਪੁਰਾ ਸ੍ਰੀ ਖੁਰਾਲਗੜ੍ਹ ਸਾਹਿਬ ਵਿਖੇ ਪਹੁੰਚੇ ਅਤੇ ਇਥੇ ਉਨ੍ਹਾਂ ਸੰਤ ਸਤਵਿੰਦਰ ਹੀਰਾ ਰਾਸ਼ਟਰੀ ਪ੍ਰਧਾਨ ਆਲ ਇੰਡੀਆ ਆਦਿ ਧਰਮ ਮਿਸ਼ਨ ਭਾਰਤ ਅਤੇ ਹਾਜ਼ਰ ਸੰਗਤਾਂ ਨਾਲ ਵਿਚਾਰ ਵਟਾਂਦਰਾ ਕੀਤਾ ਅਤੇ ਚੱਲ ਰਹੇ ਕਾਰਜਾਂ ਸਬੰਧੀ ਜਾਣਕਾਰੀ ਪ੍ਰਾਪਤ ਕੀਤੀ। ਇਸ ਮੌਕੇ ਸੰਤ ਨਿਰਮਲ ਦਾਸ ਬਾਬੇਜੌੜੇ ਅਤੇ ਸੰਤ ਸਤਵਿੰਦਰ ਹੀਰਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਸਿੱਖਿਆ ਸੰਸਥਾ ਬੇਗਮਪੁਰਾ ਸਦਨ ਵਿਖੇ ਸਿੱਖਿਆ ਅਤੇ ਸਿਹਤ ਕ੍ਰਾਂਤੀ ਲਈ ਦੇਸ਼ ਵਿਦੇਸ਼ ਦੀਆਂ ਸੰਗਤਾਂ ਨੇ ਜਮੀਨ ਖ੍ਰੀਦੀ ਹੈ।ਉਨ੍ਹਾਂ ਕਿਹਾ ਜੇਕਰ ਸਰਕਾਰ ਪਾਸ ਕਰੇ ਤਾਂ ਇਥੇ ਸੰਗਤ ਦੇ ਭਲੇ ਵਾਸਤੇ ਪੰਜਾਬ ਅੰਦਰ ਸਿੱਖਿਆ ਤੇ ਸਿਹਤ ਵਿੱਚ ਵੱਡੀ ਕ੍ਰਾਂਤੀ ਲਿਆਓਣ ਲਈ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ (ਰਜਿ.) ਪੰਜਾਬ ਅਤੇ ਆਲ ਇੰਡੀਆ ਆਦਿ ਧਰਮ ਮਿਸ਼ਨ (ਰਜਿ.) ਭਾਰਤ ਸਕੂਲ,ਟੈਕਨੀਕਲ ਅਤੇ



ਹਸਪਤਾਲ ਵਰਗੇ ਪ੍ਰੋਜੈਕਟ ਬਣਾਉਣਗੇ। ਉਨ੍ਹਾਂ ਕਿਹਾ ਕਿ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਅਤੇ ਆਦਿ ਧਰਮ ਮਿਸ਼ਨ ਦਾ ਮੁੱਖ ਮਨੋਰਥ ਸੰਗਤ ਦੇ ਭਲੇ ਲਈ ਕਾਰਜ ਕਰਨਾ ਅਤੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਕ੍ਰਾਂਤੀਕਾਰੀ ਬਾਣੀ ਤੇ ਸਮਾਜ ਦੇ ਮਹਾਨ ਰਹਿਬਰਾਂ ਦੇ ਮਿਸ਼ਨ ਦਾ ਪ੍ਰਚਾਰ ਪ੍ਰਸਾਰ ਕਰਨਾ ਹੈ।ਇਸ ਮੌਕੇ ਹਾਜਰ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਪੰਜਾਬ ਦੀ ਬਿਲਡਿੰਗ ਇੰਚਾਰਜ ਭੈਣ ਸੰਤੋਸ਼ ਕੁਮਾਰੀ ਨੇ ਕਿਹਾ ਸ੍ਰੀ ਖੁਰਾਲਗੜ੍ਹ ਸਾਹਿਬ ਵਿਖੇ ਸਰਬੱਤ ਦੇ ਭਲੇ ਲਈ ਸਿਹਤ, ਸਿੱਖਿਆ ਅਤੇ ਲੜਕੇ ਲੜਕੀਆਂ ਲਈ ਟੈਕਨੀਕਲ ਕਾਲਜ ਖੋਲ੍ਹਣ ਦੀ ਵੱਡੀ ਲੋੜ ਹੈ।ਉਨ੍ਹਾਂ ਕਿਹਾ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਵੱਲੋਂ ਸ੍ਰੀ ਗੁਰੂ ਰਵਿਦਾਸ ਪਬਲਿਕ ਸਕੂਲ ਚੂਹੜਵਾਲੀ, ਨਿਰਮਲਾ ਛਾਉਣੀ ਬੇਗਮਪੁਰਾ ਆਸ਼ਰਮ ਹਰੀਪੁਰਾ ਵਰਗੇ ਪ੍ਰੋਜੈਕਟ ਬਹੁਤ ਹੀ ਚੰਗੇ ਪ੍ਰਬੰਧਾਂ ਨਾਲ ਉਸਾਰੂ, ਅਗਾਂਹਵਧੂ ਸੋਚ ਤਹਿਤ ਚਲਾਏ ਜਾ ਰਹੇ ਹਨ। ਭੈਣ ਸੰਤੋਸ਼ ਨੇ ਕਿਹਾ ਕਿ ਸੰਤ ਨਿਰਮਲ ਦਾਸ ਬਾਬੇਜੌੜੇ ਦੀ ਅਗਵਾਈ ਹੇਠ ਸੰਤ ਬਾਬਾ ਪ੍ਰੀਤਮ ਦਾਸ ਚੈਰੀਟੇਬਲ ਹਸਪਤਾਲ ਵਿਚ ਸੁਸ਼ਰੂਸ਼ਾ ਵਿਖੇ ਹਰ ਸਾਲ ਹਜ਼ਾਰਾਂ ਮਰੀਜ਼ਾਂ ਦੇ ਅੱਖਾਂ ਦੇ ਅਪ੍ਰੇਸ਼ਨ ਕਰਕੇ ਉਨ੍ਹਾਂ ਨੂੰ ਲੈਨਜ਼ ਪਾਏ ਜਾਂਦੇ ਹਨ।ਉਨ੍ਹਾਂ ਕਿਹਾ ਸੰਗਤਾਂ ਦੀ ਸੁਵਿਧਾ ਲਈ ਜਲਦ ਹੀ ਸ੍ਰੀ ਖੁਰਾਲਗੜ੍ਹ ਸਾਹਿਬ ਵਿਖੇ ਵੀ ਇਸ ਤਰ੍ਹਾਂ ਦੀਆਂ ਸੇਵਾਵਾਂ ਨਿਰੰਤਰ ਸ਼ੁਰੂ ਹੋਣਗੀਆਂ।ਇਸ ਮੌਕੇ ਵੱਡੀ ਗਿਣਤੀ ਵਿੱਚ ਪੰਜਾਬ ਅਤੇ ਹਰਿਆਣੇ ਦੀਆਂ ਸੰਗਤਾਂ ਹਾਜ਼ਰ ਸਨ।

# ਡਿਪਟੀ ਕਮਿਸ਼ਨਰ ਨੇ ਜ਼ਿਲ੍ਹਾ ਪ੍ਰੀਸ਼ਦ ਤੇ ਪੰਚਾਇਤ ਸੰਮਤੀ ਚੋਣਾਂ ਦੀਆਂ ਤਿਆਰੀਆਂ ਦਾ ਲਿਆ ਜਾਇਜ਼ਾ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)**- ਰਾਜ ਚੋਣ ਕਮਿਸ਼ਨ, ਪੰਜਾਬ ਵੱਲੋਂ ਜ਼ਿਲ੍ਹਾ ਪ੍ਰੀਸ਼ਦਾਂ ਅਤੇ ਪੰਚਾਇਤ ਸੰਮਤੀਆਂ ਲਈ ਚੋਣ ਪ੍ਰੋਗਰਾਮ ਦੇ ਐਲਾਨ ਤੋਂ ਬਾਅਦ, ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਧਿਕਾਰੀ, ਸ਼੍ਰੀਮਤੀ ਕੋਮਲ ਮਿੱਤਲ ਨੇ ਜ਼ਿਲ੍ਹਾ ਪ੍ਰੀਸ਼ਦ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਅਤੇ ਪੰਚਾਇਤ ਸੰਮਤੀਆਂ ਮੋਹਾਲੀ, ਖਰੜ, ਮਾਜਰੀ ਅਤੇ ਡੇਰਾਬਸੀ ਦੀਆਂ ਹੋਣ ਵਾਲੀਆਂ ਚੋਣਾਂ ਲਈ ਤਿਆਰੀਆਂ ਦਾ ਜਾਇਜ਼ਾ ਲਿਆ।ਡਿਪਟੀ ਕਮਿਸ਼ਨਰ ਨੇ ਸਾਰੇ ਰਿਟਰਨਿੰਗ ਅਧਿਕਾਰੀਆਂ ਅਤੇ ਸਹਾਇਕ ਰਿਟਰਨਿੰਗ ਅਧਿਕਾਰੀਆਂ ਨੂੰ ਨਿਰਪੱਖ, ਪਾਰਦਰਸ਼ੀ ਅਤੇ ਅਜ਼ਾਦਾਨਾ ਚੋਣ ਪ੍ਰਕਿਰਿਆ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਨਾਮਜ਼ਦਗੀ ਪ੍ਰਕਿਰਿਆ ਦੌਰਾਨ ਪੂਰੀ ਸੰਜੀਦਗੀ ਅਤੇ ਨਿਰਪੱਖਤਾ ਬਣਾਈ ਰੱਖਣ 'ਤੇ ਜ਼ੋਰ ਦਿੱਤਾ, ਜੋ ਕਿ ਸੋਮਵਾਰ, 1 ਦਸੰਬਰ, 2025 ਤੋਂ ਸ਼ੁਰੂ ਹੋ ਕੇ 4 ਦਸੰਬਰ, 2025 ਤੱਕ ਜਾਰੀ ਰਹੇਗੀ।ਨਾਮਜ਼ਦਗੀ ਪੱਤਰਾਂ ਦੀ ਪੜਤਾਲ 5 ਦਸੰਬਰ ਨੂੰ ਹੋਵੇਗੀ, ਜਦੋਂ ਕਿ ਨਾਮਜ਼ਦਗੀਆਂ ਵਾਪਸ ਲੈਣ ਦੀ ਆਗਿਆ 6 ਦਸੰਬਰ, 2025 ਨੂੰ ਹੋਵੇਗੀ।ਨਾਮਜ਼ਦਗੀ ਪੱਤਰ ਦਾਖਲ ਕਰਨ, ਪੜਤਾਲ ਅਤੇ ਵਾਪਸ ਲੈਣ ਦਾ ਸਮਾਂ ਸਵੇਰੇ 11:00 ਵਜੇ ਤੋਂ ਦੁਪਹਿਰ 3:00 ਵਜੇ ਤੱਕ ਸਬੰਧਤ ਰਿਟਰਨਿੰਗ ਅਫਸਰਾਂ ਦੇ ਨਿਰਧਾਰਤ ਦਫਤਰਾਂ ਵਿੱਚ ਨੀਯਤ ਕੀਤਾ ਗਿਆ ਹੈ।

## ਐਡਵੋਕੇਟ ਰਾਜ ਕਮਲ ਸਿੰਘ ਨੂੰ ਹਲਕਾ ਨਕੋਦਰ ਦਾ ਕੋਆਰਡੀਨੇਟਰ ਨਿਯੁਕਤ



**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)** ਸ਼੍ਰੋਮਣੀ ਅਕਾਲੀ ਦਲ ਵੱਲੋਂ ਐਡਵੋਕੇਟ ਰਾਜ ਕਮਲ ਸਿੰਘ ਨੂੰ ਹਲਕਾ ਨਕੋਦਰ ਦਾ ਕੋਆਰਡੀਨੇਟਰ ਨਿਯੁਕਤ ਕਰ ਦਿੱਤਾ ਹੈ। ਜਿਸ ਵਿੱਚ ਆਉਣ ਵਾਲੀਆਂ ਬਲਾਕ ਸੰਮਤੀ ਅਤੇ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਦੀ ਚੋਣ ਹੋਣੀ ਹੈ ਸਾਰੇ ਹਲਕੇ ਦੀ ਦੇਖ ਰੇਖ ਐਡਵੋਕੇਟ ਰਾਜ ਕਮਲ ਸਿੰਘ ਭੁੱਲਰ ਕਰਨਗੇ ਜੋ ਵੀ ਉਮੀਦਵਾਰਾਂ ਦੀ ਚੋਣ ਹੋਏਗੀ ਅਤੇ ਕਮਪੇਨ ਹੋਏਗੀ ਉਸ ਵਿੱਚ ਐਡਵੋਕੇਟ ਰਾਜ ਕਮਲ ਸਿੰਘ ਭੁੱਲਰ ਦੀ ਅਗਵਾਈ ਵਿੱਚ ਕੀਤੀ ਜਾਵੇਗੀ।

# ਜੌਲਾਂ ਖੁਰਦ ਤੋਂ 'ਵੱਡੇ ਲਾਣੇ ਵਾਲੇ ਪਰਵਾਰ' ਨੇ ਅਕਾਲੀ ਦਲ ਨੂੰ ਕਿਹਾ ਅਲਵਿਦਾ

**ਡੇਰਾਬੱਸੀ (ਵਿਨੈ ਕੁਮਾਰ ਜੈਨ)** ਕਾਂਗਰਸ ਦੇ ਹਲਕਾ ਇੰਚਾਰਜ ਦੀਪਇੰਦਰ ਸਿੰਘ ਢਿੱਲੋਂ ਅਤੇ ਨਗਰ ਕੌਂਸਲ ਜ਼ੀਰਕਪੁਰ ਦੇ ਪ੍ਰਧਾਨ ਉਦੇਵੀਰ ਸਿੰਘ ਢਿੱਲੋਂ ਦੀ ਅਗਵਾਈ 'ਚ ਕਾਂਗਰਸ ਪਾਰਟੀ ਨੂੰ ਉਸ



ਵੇਲੇ ਭਰਵਾਂ ਹੁੰਗਾਰਾ ਮਿਲਿਆ ਜਦੋਂ ਪਿੰਡ ਜੌਲਾਂ ਖੁਰਦ ਦੇ ਸਾਬਕਾ ਸਰਪੰਚ ਸਵਰਗਵਾਸੀ ਨਿਰਭੈ ਸਿੰਘ ਦਾ ਵੱਡੇ ਲਾਣੇ ਵਾਲਾ ਪਰਵਾਰ ਸ਼੍ਰੋਮਣੀ ਅਕਾਲੀ ਦਲ ਨੂੰ ਅਲਵਿਦਾ ਕਹਿ ਕੇ ਕਾਂਗਰਸ ਪਾਰਟੀ ਵਿੱਚ ਸ਼ਾਮਲ ਹੋ ਗਏ।ਸ਼ਾਮਲ ਹੋਣ ਵਾਲਿਆਂ ਵਿੱਚ ਤਜਿੰਦਰ ਸਿੰਘ, ਜਗਦੀਪ ਸਿੰਘ, ਪਰਮਜੀਤ ਸਿੰਘ, ਪੰਮਾ, ਗੁਰਜਿੰਦਰ ਸਿੰਘ, ਭਰਭੂਰ ਸਿੰਘ, ਲਵਪ੍ਰੀਤ ਸਿੰਘ, ਰਮਨਦੀਪ ਸਿੰਘ, ਜਸਮਨ ਸਿੰਘ, ਗੁਰਦੀਪ ਸਿੰਘ, ਯਾਦਵਿੰਦਰ ਸਿੰਘ, ਗੁਰਜਿੰਦਰ ਸਿੰਘ ਕਾਲਾ, ਗੁਰਸੇਵ ਸਿੰਘ, ਜਸ਼ਨ ਸਿੰਘ, ਜਸਪ੍ਰੀਤ ਸਿੰਘ, ਚਹਿਲਪ੍ਰੀਤ ਸਿੰਘ, ਬਲਜੀਤ ਸਿੰਘ, ਅਵਤਾਰ ਸਿੰਘ, ਮਨਪ੍ਰੀਤ ਸਿੰਘ, ਗੁਰਵਿੰਦਰ ਸਿੰਘ, ਸੁਖਜੀਤ ਸਿੰਘ ਆਦਿ ਦੇ ਨਾਂ ਸ਼ਾਮਿਲ ਹਨ। ਕਾਂਗਰਸ ਪਾਰਟੀ ਵਿੱਚ ਇਹਨਾ ਦਾ ਸਵਾਗਤ ਕਰਦਿਆਂ ਸ੍ਰੀ ਢਿੱਲੋਂ ਨੇ ਕਿਹਾ ਕਿ ਅਕਾਲੀ ਦਲ ਦਾ ਹਾਲ ਸਭ ਦੇ ਸਾਹਮਣੇ ਹੈ। ਇਹਨਾਂ ਵਿਚ ਕੁਰਸੀ ਦੀ ਲੜਾਈ ਚੱਲ ਰਹੀ ਹੈ। ਅਕਾਲੀ ਦਲ ਤੋਂ ਤੰਗ ਹੋਕੇ ਕਈ ਵੱਡੇ ਲੀਡਰਾਂ ਨੇ ਵੱਖਰਾ ਅਕਾਲੀ ਦਲ ਬਣਾ ਲਿਆ। ਇਸੇ ਤਰ੍ਹਾਂ ਆਮ ਆਦਮੀ ਪਾਰਟੀ ਤੋਂ ਸਾਢੇ ਤਿੰਨ ਸਾਲ ਤੋਂ ਵੱਧ ਦੇ ਰਾਜ ਵਿਚ ਹਰੇਕ ਵਰਗ ਨਿਰਾਸ਼ ਹੋ ਗਿਆ ਹੈ।ਜਿਸ ਉਮੀਦ ਨਾਲ ਲੋਕਾਂ ਨੇ ਇਸ ਪਾਰਟੀ ਦਾ ਸਾਥ ਦਿੱਤਾ ਸੀ ਇਹ ਪਾਰਟੀ ਉਸ ਉਤੇ ਖਰੀ ਨਹੀਂ ਉਤਰੀ। ਉਹਨਾਂ ਕਿਹਾ ਪੂਰੇ ਪੰਜਾਬ ਵਿੱਚ ਕਿਤੇ ਵੀ ਕੋਈ ਡਿਵੈਲਪਮੈਂਟ ਦਾ ਕੰਮ ਇਹ ਸਰਕਾਰ ਨਹੀਂ ਕਰਵਾ ਸਕੀ। ਲੋਕਾਂ ਨੂੰ ਸਿਰਫ ਲਾਰਿਆਂ ਚ ਹੀ ਰੱਖਿਆ।ਉਹਨਾਂ ਕਿਹਾ ਕਿ ਸਿਰਫ ਇਹ ਪਾਰਟੀ ਝੂਠੇ ਪਰਚੇ ਦਰਜ ਕਰਨ ਦਾ ਵਿਕਾਸ ਹੀ ਕਰ ਰਹੀ ਹੈ।ਇਸ ਸਰਕਾਰ ਨੇ ਆਪਣੇ ਵਲੋਂ ਇੱਕ ਰੁਪਇਆ ਵੀ ਕਿਸੇ ਪਾਸੇ ਨਹੀਂ ਲਾਇਆ। ਢਿੱਲੋਂ ਨੇ ਕਿਹਾ ਉਹਨਾਂ ਨੇ ਕਾਂਗਰਸ ਸਰਕਾਰ ਸਮੇਂ ਹਲਕੇ ਵਿੱਚ ਕੰਮਾਂ ਦੀ ਕੋਈ ਕਸਰ ਨਹੀਂ ਛੱਡੀ ਉਹਨਾਂ ਕਿਹਾ ਕਿ ਹਲਕੇ ਵਿੱਚ ਉਹਨਾਂ ਨੇ ਸੜਕਾਂ ਦਾ ਜਾਲ ਵਿਛਾਇਆ ਇਸ ਦੇ ਨਾਲ ਹੀ ਪਿੰਡਾਂ ਨੂੰ ਲੱਖਾਂ ਰੁਪਏ ਗਰਾਂਟ ਦਿੱਤੀ ਅਤੇ ਪੂਰੇ ਹਲਕੇ ਵਿੱਚ ਕਰੋੜਾਂ ਰੁਪਏ ਦੇ ਕੰਮ ਮੁਕੰਮਲ ਕਰਵਾਏ ਸੀ।

# ਡੇਰਾ ਸੱਚਖੰਡ ਬੱਲਾਂ ਵਿਖੇ ਚੀਮਾ, ਬਲਕਾਰ ਸਿੰਘ ਤੇ ਪਵਨ ਕੁਮਾਰ ਟੀਨੂੰ ਹੋਏ ਨਤਮਸਤਕ

**ਕਿਸ਼ਨਗੜ੍ਹ (ਸੁਖਜੀਤ ਕੁਮਾਰ)** ਡੇਰਾ ਬ੍ਰਹਮਲੀਨ ਸੰਤ ਸਰਵਣ ਦਾਸ ਸੱਚਖੰਡ ਬੱਲਾਂ ਵਿਖੇ ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ, ਹਲਕਾ ਵਿਧਾਇਕ ਬਲਕਾਰ ਸਿੰਘ, ਹਲਕਾ ਆਦਮਪੁਰ ਦੇ ਇੰਚਾਰਜ ਪਵਨ ਕੁਮਾਰ ਟੀਨੂੰ,



ਗੁਰਚਰਨ ਸਿੰਘ ਚੰਨੀ ਆਦਿ ਆਮ ਆਦਮੀ ਪਾਰਟੀ ਦੇ ਆਗੂ ਜ਼ਿਲ੍ਹਾ ਪ੍ਰਸ਼ਾਸਨਿਕ ਅਧਿਕਾਰੀਆਂ ਨਾਲ ਡੇਰਾ ਬ੍ਰਹਮਲੀਨ ਸੰਤ ਸਰਵਣ ਦਾਸ ਜੀ ਸੱਚਖੰਡ ਬੱਲਾਂ ਨਤਮਸਤਕ ਹੋਏ।ਇਸ ਮੌਕੇ ਡੇਰਾ ਸੱਚਖੰਡ ਬੱਲਾਂ ਪਹੁੰਚਣ 'ਤੇ ਡੇਰੇ ਦੇ ਮੌਜੂਦਾ ਗੱਦੀਨਸ਼ੀਨ ਸੰਤ ਨਿਰੰਜਣ ਦਾਸ ਮਹਾਰਾਜ ਜੀ (ਚੇਅਰਮੈਨ ਸ੍ਰੀ ਗੁਰੂ ਰਵਿਦਾਸ ਜਨਮ ਅਸਥਾਨ ਪਬਲਿਕ ਚੈਰੀਟੇਬਲ ਟਰੱਸਟ ਵਾਰਾਣਸੀ ਯੂ.ਪੀ.) ਵਾਲਿਆਂ ਦੇ ਆਸ਼ੀਰਵਾਦ ਨਾਲ ਡੇਰੇ ਦੇ ਟਰੱਸਟ ਮੈਂਬਰਾਂ ਤੇ ਸੇਵਾਦਾਰਾਂ ਵੱਲੋਂ ਸਾਂਝੇ ਤੌਰ 'ਤੇ ਵਿੱਤ ਹਰਪਾਲ ਸਿੰਘ ਚੀਮਾ ਅਤੇ ਉਨਾਂ ਨਾਲ ਆਏ ਸਮੂਹ ਆਪ ਆਗੂਆਂ ਦਾ ਨਿੱਘਾ ਸਵਾਗਤ ਕੀਤਾ ਗਿਆ । ਉਕਤ ਆਗੂਆਂ ਵੱਲੋਂ ਸਭ ਤੋਂ ਪਹਿਲਾਂ ਮੰਦਰ 'ਚ ਸੁਸ਼ੋਭਿਤ ਬ੍ਰਹਮਲੀਨ ਸੰਤ ਸਰਵਣ ਦਾਸ ਜੀ ਦੀ ਪ੍ਰਤਿਭਾ ਨੂੰ ਫੁੱਲ ਮਾਲਾਵਾਂ ਅਰਪਿਤ ਕਰਦਿਆ ਸੰਤ ਨਿਰੰਜਣ ਦਾਸ ਜੀ ਪਾਸੋਂ ਅਸ਼ੀਰਵਾਦ ਪ੍ਰਾਪਤ ਕੀਤਾ।ਇਸ ਮੌਕੇ ਡੇਰੇ ਦੇ ਸੇਵਾਦਾਰਾਂ ਵੱਲੋਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੂੰ ਡੇਰੇ ਸੱਚਖੰਡ ਬੱਲਾਂ ਵੱਲੋਂ ਮਾਨਵ ਕਲਿਆਣ ਹਿੱਤ ਮਨੁੱਖੀ ਸਿਹਤ ਸੇਵਾਵਾਂ, ਸਿੱਖਿਆ ਸੰਸਾਰ ਅਤੇ ਸਤਿਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਪ੍ਰਸਾਰ ਹਿੱਤ ਨਿਭਾਈਆਂ ਜਾ ਰਹੀਆਂ ਨਿਸ਼ਕਾਮ ਸੇਵਾਵਾਂ ਤੋਂ ਵਿਸਥਾਰ ਪੂਰਵਕ ਜਾਣੂ ਕਰਵਾਇਆ ਗਿਆ।ਇਸ ਮੌਕੇ ਸੰਤ ਨਿਰੰਜਣ ਦਾਸ ਮਹਾਰਾਜ ਨੇ ਆਖਿਆ ਕਿ ਡੇਰਾ ਸੱਚਖੰਡ ਬੱਲਾਂ ਪਰਮਾਤਮਾ ਦਾ ਘਰ ਹੈ ਜਿੱਥੇ ਹਰ ਕੋਈ ਸ਼ਰਧਾਵਾਨ ਸ਼ਰਧਾਲੂ ਆਪਣੀ ਆਸਥਾ ਦਾ ਪ੍ਰਗਟਾਵਾ ਕਰਨ ਲਈ ਜਦੋਂ ਮਰਜ਼ੀ ਆ ਜਾ ਸਕਦਾ ਹੈ। ਇਸ ਮੌਕੇ ਸੰਤ ਨਿਰੰਜਣ ਦਾਸ ਦੇ ਅਸ਼ੀਰਵਾਦ ਨਾਲ ਸੇਵਾਦਾਰ ਹਰਦੇਵ ਦਾਸ ਤੇ ਸੇਵਾਦਾਰ ਦੇਵਿੰਦਰ ਦਾਸ ਵੱਲੋਂ ਵਿੱਤ ਮੰਤਰੀ ਹਰਪਾਲ ਸਿੰਘ ਅਤੇ ਉਨ੍ਹਾਂ ਨਾਲ ਆਏ ਵਿਧਾਇਕ ਬਲਕਾਰ ਸਿੰਘ, ਸਾਬਕਾ ਵਿਧਾਇਕ ਪਵਨ ਕੁਮਾਰ ਟੀਨੂੰ ਤੇ ਗੁਰਚਰਨ ਸਿੰਘ ਚੰਨੀ ਨੂੰ ਸਿਰਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਤੇ ਸੇਵਾਦਾਰ ਹਰਦੇਵ ਦਾਸ, ਸੇਵਾਦਾਰ ਦੇਵਿੰਦਰ ਦਾਸ, ਮੈਨੇਜਰ ਬਾਬੂ ਧਰਮਪਾਲ ਸਿਮਕ ਆਦਿ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

# ਆਦਮਪੁਰ ਰਵਿਦਾਸੀਆ ਧਰਮ ਪ੍ਰਚਾਰ ਕਮੇਟੀ ਨੇ 15ਵਾਂ ਸੰਤ ਸੰਮੇਲਨ ਕਰਵਾਇਆ

**ਆਦਮਪੁਰ (ਪਰਮਜੀਤ ਸਿੰਘ)**- ਰਵਿਦਾਸੀਆ ਧਰਮ ਪ੍ਰਚਾਰ ਕਮੇਟੀ ਅਤੇ ਸ੍ਰੀ ਗੁਰੂ ਰਵਿਦਾਸ ਵੈਲਫੇਅਰ ਸੁਸਾਇਟੀ ਵਲੋਂ ਦਾਣਾ ਮੰਡੀ ਆਦਮਪੁਰ ਵਿਖੇ ਮਹਾਨ ਸੰਤ ਸੰਮੇਲਨ ਕਰਵਾਇਆ ਗਿਆ। ਪ੍ਰਧਾਨ ਸੁਰਿੰਦਰ ਕੁਮਾਰ, ਪ੍ਰਧਾਨ ਹੰਸ ਰਾਜ ਅਤੇ ਸੈਕਟਰੀ ਸੁਰਿੰਦਰ ਬੱਧਣ ਨੇ ਦੱਸਿਆ ਕਿ ਰਵਿਦਾਸੀਆ ਕੌਮ ਨੂੰ ਸਮਰਪਿਤ 15ਵਾਂ ਮਹਾਨ ਸੰਤ ਸੰਮੇਲਨ ਅਮ੍ਰਿਤ ਬਾਣੀ ਸਤਿਗੁਰੂ ਰਵਿਦਾਸ ਮਹਾਰਾਜ ਦੀ ਛੱਤਰ ਛਾਇਆ ਅਤੇ ਸੱਚ ਖੰਡ ਬੱਲਾਂ ਦੇ ਮੌਜੂਦਾ ਗੱਦੀ ਨਸ਼ੀਨ ਸ੍ਰੀ 108 ਸੰਤ ਨਿਰੰਜਣ ਦਾਸ ਮਹਾਰਾਜ ਦੀ ਸਰਪ੍ਰਸਤੀ ਹੇਠ ਰਵਿਦਾਸੀਆ ਧਰਮ ਪ੍ਰਚਾਰ ਕਮੇਟੀ, ਸ੍ਰੀ ਗੁਰੂ ਰਵਿਦਾਸ ਵੈਲਫੇਅਰ ਸੁਸਾਇਟੀ ਦੀ ਨਿਗਰਾਨੀ ਹੇਠ ਦੇਸ਼ਾਂ ਵਿਦੇਸ਼ਾਂ ਦੀਆਂ ਸਮੂਹ ਸੰਗਤਾਂ ਦੇ ਵਿਸ਼ੇਸ਼ ਸਹਿਯੋਗ ਨਾਲ ਕਰਵਾਇਆ ਗਿਆ। ਉਨ੍ਹਾਂ ਦੱਸਿਆ



ਕਿ ਇਸ ਸੰਤ ਸੰਮੇਲਨ ਦੌਰਾਨ ਸੰਤ ਕ੍ਰਿਸ਼ਨ ਨਾਥ ਡੇਰਾ ਬਾਬਾ ਫੂਲ ਨਾਥ ਚਹੇੜੂ, ਸੰਤ ਲੇਖਰਾਜ ਨੂਰਪੁਰ, ਸੰਤ ਪ੍ਰਦੀਪ ਦਾਸ , ਸੰਤ ਜੋਗਿੰਦਰ ਦਾਸ ਬਡਾਲਾ ਮਾਹੀ, ਸੰਤ ਹਰਚਰਨ ਦਾਸ , ਭਾਈ ਗੁਰਨਾਮ ਸਿੰਘ ਸੇਵਾਦਾਰ ਦਰਬਾਰ ਸਾਈ ਜੁਮਲੇ ਸ਼ਾਹ ਉਦੇਸੀਆਂ, ਸੰਤ ਸੁਖਵਿੰਦਰ ਦਾਸ ਢੰਡੇ, ਸੰਤ ਹਰਵਿੰਦਰ ਦਾਸ ਈਸਪੁਰ, ਸੰਤ ਲਖਵਿੰਦਰ ਸਿੰਘ ਕੰਡਿਆਣਾ, ਸੰਤ ਬਾਬਾ ਅਸ਼ੋਕ ਅਤੇ ਹੋਰ ਵੱਖ-ਵੱਖ ਡੇਰਿਆਂ ਤੋਂ ਸੰਤ ਮਹਾਂਪੁਰਸ਼ ਸੰਗਤਾਂ ਨੂੰ ਅਸ਼ੀਰਵਾਦ ਦੇਣ ਲਈ ਪਹੁੰਚੇ। ਇਸ ਮੌਕੇ ਰਵਿਦਾਸੀਆ ਧਰਮ ਪ੍ਰਚਾਰ ਕਮੇਟੀ ਆਦਮਪੁਰ ਦੋਆਬਾ ਦੇ ਸਮੂਹ ਮੈਂਬਰਾਂ ਵਲੋਂ ਸੰਤ ਨਿਰੰਜਣ ਦਾਸ ਮਹਾਰਾਜ ਦਾ ਗੋਲਡ ਮੈਡਲ ਨਾਲ ਸਨਮਾਨ ਕੀਤਾ ਗਿਆ। ਇਸ ਸਮਾਗਮ ਦੌਰਾਨ ਰਵਿਦਾਸੀਆ ਧਰਮ ਪ੍ਰਚਾਰ ਕਮੇਟੀ ਦੇ ਪ੍ਰਧਾਨ ਸੁਰਿੰਦਰ ਕੁਮਾਰ ਖੁਰਦਪੁਰ, ਸੈਕਟਰੀ ਸੁਰਿੰਦਰ ਬੱਧਣ, ਪ੍ਰਧਾਨ ਹੰਸ ਰਾਜ ਹੰਸ ਐਮ. ਈ . ਐਸ, ਕੈਪਟਨ ਗੁਰਬਖਸ਼ ਸਿੰਘ ਹਰੀਪੁਰ, ਮਨਜੀਤ ਸਿੰਘ ਨੈਸ਼ਨਲ ਆਦਮਪੁਰ, ਕੈਸ਼ੀਅਰ ਸੁਰੇਸ਼ ਕੁਮਾਰ ਭਾਟੀਆ, ਉਪ ਪ੍ਰਧਾਨ ਲਸ਼ਮਣ ਦਾਸ, ਉਪ ਸੈਕਟਰੀ ਸੋਹਣਜੀਤ ਹਰੀਪੁਰ, ਹਰਪਾਲ ਸਿੰਘ ਚੀਮਾ ਕੈਬਨਟ ਮੰਤਰੀ ਪੰਜਾਬ,ਪਵਨ ਕੁਮਾਰ ਟੀਨੂੰ ਸਾਬਕਾ ਵਿਧਾਇਕ ਆਦਮਪੁਰ, ਪਰਮਜੀਤ ਸਿੰਘ ਰਾਜਵੰਸ਼ ਚੇਅਰਮੈਨ ਮਾਰਕੀਟ ਕਮੇਟੀ ਆਦਮਪੁਰ, ਚਰਨਜੀਤ ਸਿੰਘ ਚੰਨੀ ਜਲੰਧਰ, ਮੋਹਨ ਲਾਲ ਪੱਪਾ ਆਦਮਪੁਰ, ਪਰਮਜੀਤ ਕਠਾਰ, ਵਿਜੇ ਕੁਮਾਰ ਸੋਢੀ, ਮਨਜੀਤ ਸਿੰਘ, ਦੇਵਰਾਜ, ਬਲਵੀਰ ਚੁੰਬਰ ਰਾਮ ਨਗਰ, ਮਹਿੰਦਰ, ਰਾਮਜੀਤ ਰਾਮ ਨਗਰ, ਸਲਾਹਕਾਰ ਗੁਲਸ਼ਨ ਕੁਮਾਰ, ਦਲਜੀਤ ਸਿੰਘ ਮਿਨਹਾਸ ਕੋਆਰਡੀਨੇਟਰ , ਜੁਗਿੰਦਰ ਪਾਲ ਕੌਂਸਲਰ, ਸਤਨਾਮ ਸਿੰਘ ਕਲਸੀ, ਚਰਨਜੀਤ ਸ਼ੇਰੀ, ਤਰਲੋਚਨ ਤੋਤਾ, ਰਜੇਸ਼ ਕੁਮਾਰ ਰਾਜੂ ਸੀਨੀਅਰ ਕਾਂਗਰਸੀ ਆਗੂ, ਗੁਰਮੀਤ ਮਿਸਤਰੀ ਰਾਮ ਨਗਰ, ਡਾਕਟਰ ਵਿਜੇ ਕਡਿਆਣਾ, ਰਕੇਸ਼ ਕੁਮਾਰ ਪੀਕਾ ਜੁਗਿੰਦਰ ਟੈਂਟ ਹਾਊਸ ਅਤੇ ਹੋਰ ਸੰਗਤਾਂ ਨੇ ਹਾਜਰੀਆਂ ਭਰੀਆਂ।

# ਵਿਦਿਆਰਥੀਆ ਨਾਲ ਟਰੈਫਿਕ ਨਿਯਮਾਂ ਸੰਬੰਧੀ ਸੈਮੀਨਾਰ ਲਗਾਇਆ



**ਮੇਹਟਿਆਣਾ (ਜਗਤਾਰ ਸਿੰਘ ਭੁੰਗਰਨੀ)** ਟ੍ਰੈਫਿਕ ਐਜੂਕੇਸ਼ਨ ਸੈਲ ਹੁਸ਼ਿਆਰਪੁਰ ਵੱਲੋਂ ਸੀਨੀਅਰ ਸਕੈਡੰਰੀ ਸਮਾਰਟ ਸਕੂਲ ਭਾਮ ਮਾਹਿਲਪੁਰ ਵਿਖੇ ਪ੍ਰਿੰਸੀਪਲ ਪਰਮਇੰਦਰ ਜੀਤ ਸਿੰਘ ਅਤੇ ਸਕੂਲ ਸਟਾਫ ਦੀ ਅਗਵਾਈ ਹੇਠ ਵਿਦਿਆਰਥੀਆ ਨਾਲ ਟਰੈਫਿਕ ਨਿਯਮਾਂ ਸੰਬੰਧੀ ਸੈਮੀਨਾਰ ਲਗਾਇਆ ਗਿਆ। ਜਿਸ ਵਿਚ ਬੱਚਿਆਂ ਨੂੰ ਬੱਚਿਆਂ ਨੂੰ ਟ੍ਰੈਫਿਕ ਨਿਯਮਾਂ ਜਿਵੇਂ ਕਿ ਟਰੈਫਿਕ ਦੇ ਨਵੇਂ ਕਾਨੂੰਨ ਅਨੁਸਾਰ ਕੋਈ ਵੀ 18 ਸਾਲ ਤੋਂ ਘੱਟ ਉਮਰ ਦਾ ਵਿਦਿਆਰਥੀ ਕੋਈ ਵੀ ਵਹੀਕਲ ਨਾ ਚਲਾਉਣ, ਉਲੰਘਣਾ ਕਰਨ ਵਾਲੇ ਬੱਚਿਆਂ ਦੇ ਨਾਲ ਨਾਲ ਮਾਤਾ/ਪਿਤਾ ਜਾਂ ਵਹੀਕਲ ਦੇ ਮਾਲਕ ਨੂੰ ਭਰਨਾ ਪਵੇਗਾ ਭਾਰੀ ਜੁਰਮਾਨਾ ਅਤੇ ਨਾਲ ਮਿਲੇਗੀ ਤਿੰਨ ਸਾਲ ਦੀ ਸਜ਼ਾ ਵਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਮੋਟਰਸਾਈਕਲ ਉਪਰ ਚੱਲਦੇ ਸਮੇਂ ਚੌਂਕਾਂ ਵਿੱਚ ਲੱਗੀਆਂ ਲਾਈਟਾਂ ਦੀ ਪਾਲਣਾ ਕਰਦੇ ਹੋਏ ਚੌਕ ਨੂੰ ਪਾਰ ਕਰਨਾ ਅਤੇ ਕਿਸੇ ਵੀ ਕਿਸਮ ਦਾ ਨਸ਼ਾ ਦਾ ਪ੍ਰਯੋਗ ਨਾ ਕਰਨ ਦੀ ਸਖ਼ਤ ਹਦਾਇਤ ਕੀਤੀ। ਫ਼ਰਿਸ਼ਤੇ ਸਕੀਮ 2024 ਅਧੀਨ ਰੋਡ ਐਕਸੀਡੈਂਟ ਵਿਚ ਜ਼ਖਮੀਆਂ ਵਿਅਕਤੀਆਂ ਨੂੰ ਮੁਢਲੀ ਸਹਾਇਤਾ ਦੇਣ ਅਤੇ ਹਸਪਤਾਲ ਵਿਚ ਦਾਖਲ ਕਰਵਾਉਣ ਸਬੰਧੀ ਜਾਗਰੂਕ ਕੀਤਾ ਗਿਆ। ਟ੍ਰੈਫਿਕ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਦੇ ਖਿਲਾਫ ਮੋਟਰ ਵਹੀਕਲ ਐਕਟ ਤਹਿਤ ਹੋਣ ਵਾਲੀ ਸਖ਼ਤ ਕਾਰਵਾਈ ਬਾਰੇ ਜਾਣਕਾਰੀ ਦਿੱਤੀ ਗਈ।

# ਅਦਾਲਤ ਨੇ ਦਾਜ-ਹੱਤਿਆ ਦੇ ਦੋਸ਼ੀਆਂ ਨੂੰ ਸੁਣਾਈ ਮਿਸਾਲੀ ਸਜ਼ਾ

**ਬਲਾਚੌਰ (ਜਸਵਿੰਦਰ ਬੈਂਸ)** ਦਾਜ ਦੀ ਮੰਗ ਪੂਰੀ ਨਾ ਹੋਣ 'ਤੇ ਨੇਹਾ ਪੁੱਤਰੀ ਸੁਰੇਸ਼ ਕੁਮਾਰ ਵਾਸੀ ਸੰਡਰੈਵਾਲ ਦੀ ਭੇਦਭਰੀ ਹਾਲਤ ਵਿੱਚ ਦਾਜ ਖਾਤਰ ਹੱਤਿਆ ਕਰਨ ਦੇ ਘਿਨਾਉਣੇ ਮਾਮਲੇ ਵਿੱਚ ਮਾਨਯੋਗ ਸੈਸ਼ਨ ਕੋਰਟ ਦੇ ਜੱਜ ਸਾਹਿਬ ਸ਼੍ਰੀਮਤੀ ਪ੍ਰੀਆ ਸੂਦ ਜਿਲ੍ਹਾ ਸ਼ਹੀਦ ਭਗਤ ਨਗਰ ਨੇ ਸਹੁਰੇ ਪਰਵਾਰ ਦੇ 2 ਦੋਸ਼ੀਆਂ ਹਿੰਮਤ ਕੁਮਾਰ ਵਾਸੀ ਪਿੰਡ ਮਝੋਟ ਤਹਿਸੀਲ ਬਲਾਚੌਰ ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਨੂੰ 7-7 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਹੈ।ਇਹ ਫ਼ੈਸਲਾ ਦਾਜ ਪ੍ਰਥਾ ਵਰਗੀ ਸਮਾਜਿਕ ਬੁਰਾਈ ਖਿਲਾਫ਼ ਇੱਕ ਸਖ਼ਤ ਸੁਨੇਹਾ ਦਿੰਦਾ ਹੈ।ਕੋਰਟ ਦੇ ਫੈਸਲੇ ਅਨੁਸਾਰ ਮ੍ਰਿਤਕਾ ਨੇਹਾ ਦਾ ਵਿਆਹ ਫਰਵਰੀ 2019 ਨੂੰ ਦੋਸ਼ੀ ਹਿੰਮਤ ਕੁਮਾਰ ਜੋ ਕਿ ਪੰਜਾਬ ਪੁਲਸ ਦਾ ਮੁਲਾਜ਼ਮ ਸੀ ਨਾਲ ਹੋਇਆ ਸੀ ਵਿਆਹ ਤੋਂ ਬਾਅਦ ਮਿਤੀ 10-5-2020 ਨੂੰ ਮ੍ਰਿਤਕਾ ਨੇਹਾ ਦੀ ਦੀ ਭੇਦ ਭਰ ਹਾਲਤ ਵਿੱਚ ਲਾਸ਼ ਸਹੁਰੇ ਘਰ ਵਿੱਚ ਬੈਡ 'ਤੇ ਮਿਲੀ ਸੀ ਜਿਸ ਸੰਬੰਧੀ ਪੁਲਸ ਵੱਲੋਂ ਐਫ ਆਈ ਆਰ ਨੰਬਰ 36 ਥਾਣਾ ਸਦਰ ਬਲਾਚੌਰ ਧਾਰਾ 304 2 1202 ਅਤੇ 4981 ਅਧੀਨ ਪਰਚਾ ਦਰਜ ਕੀਤਾ ਗਿਆ ਸੀ । ਵਿਆਹ ਤੋਂ ਬਾਅਦ ਹੀ ਸਹੁਰੇ ਪਰਿਵਾਰ ਵੱਲੋਂ ਵਾਰ-ਵਾਰ ਦਾਜ ਦੀ ਮੰਗ ਨੂੰ ਲੈ ਕੇ ਉਸ ਨੂੰ ਤੰਗ-ਪ੍ਰੇਸ਼ਾਨ ਕੀਤਾ ਜਾਂਦਾ ਸੀ।ਲਗਾਤਾਰ ਮਾਨਸਿਕ ਅਤੇ ਸਰੀਰਕ ਤਸ਼ੱਦਦ ਝੱਲਣ ਤੋਂ ਬਾਅਦ ਮਿਤੀ 10-5-2020 ਨੂੰ ਮ੍ਰਿਤਕਾ ਦੀ ਭੇਦ ਭਰੇ ਹਾਲਤਾਂ ਵਿੱਚ ਪਿੰਡ ਮਝੋਟ ਵਿਖੇ ਮੌਤ ਹੋ ਗਈ ਸੀ। ਲੰਬੀ ਸੁਣਵਾਈ ਦੌਰਾਨ, ਵਕੀਲ ਨੇ ਸਾਰੇ ਸਬੂਤ ਅਤੇ ਗਵਾਹੀਆਂ ਅਦਾਲਤ ਅੱਗੇ ਪੇਸ਼ ਕੀਤੀਆਂ, ਜਿਸ ਵਿੱਚ ਦੋਸ਼ੀਆਂ ਦਾ ਜ਼ੁਲਮ ਸਪੱਸ਼ਟ ਸਿੱਧ ਹੋਇਆ।ਅਦਾਲਤ ਨੇ ਪਤੀ ਅਤੇ ਸੱਸ ਸਹੁਰੇ ਪਰਵਾਰ ਦੇ 2 ਮੈਂਬਰਾਂ, ਹਿੰਮਤ ਕੁਮਾਰ ਪੁੱਤਰ ਸਰਵਣ ਦਾਸ, ਦਰਸ਼ਨਾਂ ਦੇਵੀ ਪਤਨੀ ਸਰਵਣ ਦਾਸ ਨੂੰ ਦੋਸ਼ੀ ਕਰਾਰ ਦਿੰਦਿਆਂ ਹਰੇਕ ਨੂੰ ਧਾਰਾ 304 2 ਅਧੀਨ 7 -7 ਅਤੇ 1202 ਧਾਰਾ ਅਧੀਨ 7-7 ਸਾਲ ਧਾਰਾ 4981 ਅਧੀਨ 3-3 ਸਾਲ ਕੈਦ ਅਤੇ ਦੋਨਾਂ ਦੋਸ਼ੀਆਂ ਨੂੰ 50-50 ਹਜ਼ਾਰ ਜੁਰਮਾਨਾ ਦੀ ਸਖਤ ਸਜ਼ਾ ਸੁਣਾਈ।ਅਦਾਲਤ ਦਾ ਇਹ ਫ਼ੈਸਲਾ ਔਰਤਾਂ ਨੂੰ ਦਾਜ ਦੇ ਦੈਂਤ ਤੋਂ ਬਚਾਉਣ ਲਈ ਮਹੱਤਵਪੂਰਨ ਕਦਮ ਹੈ।

# ਗੁਰਮਤਿ ਸਮਾਗਮ 14 ਨੂੰ

**ਜੇਜੋਂ ਦੋਆਬਾ (ਨਿਰਮਲ ਸਿੰਘ ਮੁੱਗੋਵਾਲ)**- ਸਾਹਿਬਜ਼ਾਦਾ ਬਾਬਾ ਫਤਿਹ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਮਹਾਨ ਗੁਰਮਤਿ ਸਮਾਗਮ ਗੁਰਦੁਆਰਾ ਸਿੰਘ ਸਭਾ ਛਾਉਣੀ ਨਿਹੰਗ ਸਿੰਘਾਂ



ਊਨਾਂ ਰੋਡ ਬਜਵਾੜਾ ਕਲਾਂ ( ਹੁਸ਼ਿਆਰਪੁਰ ) ਵਿਖੇ 14 ਦਸੰਬਰ ਦਿਨ ਐਤਵਾਰ ਨੂੰ ਬੜੀ ਸ਼ਰਧਾ ਅਤੇ ਸਤਿਕਾਰ ਸਹਿਤ ਕਰਵਾਇਆ ਜਾ ਰਿਹਾ ਹੈ। ਜਿਸ ਵਿੱਚ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਜੀ ਗੜਗੱਜ ਜਥੇਦਾਰ ਸ਼੍ਰੀ ਅਕਾਲ ਤਖਤ ਸਾਹਿਬ, ਸੰਤ ਮਹਾਂਪੁਰਸ਼ ਬੁੱਢਾ ਦਲ, ਟਕਸਾਲਾ ਦੇ ਮੁਖੀ ਸਾਹਿਬਾਨ, ਤਰਨਾ ਦਲ ਅਤੇ ਹੋਰ ਸੰਤ ਮਹਾਂਪੁਰਸ਼ ਸਮਾਗਮ ਵਿੱਚ ਦਰਸ਼ਨ ਦੇ ਰਹੇ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਜਥੇਦਾਰ ਸੰਤ ਬਾਬਾ ਗੁਰਦੇਵ ਸਿੰਘ ਜੀ ਮੁਖੀ ਸਾਹਿਬਜ਼ਾਦਾ ਬਾਬਾ ਫਤਿਹ ਸਿੰਘ ਜੀ ਤਰਨਾ ਦਲ ਗੁਰਦੁਆਰਾ ਸਿੰਘ ਸਭਾ ਛਾਉਣੀ ਨਿਹੰਗ ਸਿੰਘਾਂ ਬਜਵਾੜਾਂ ਕਲਾਂ ਹੁਸ਼ਿਆਰਪੁਰ ਨੇ ਦੱਸਿਆ ਕਿ ਇਸ ਸਬੰਧ ਵਿੱਚ 12 ਦਸੰਬਰ ਦਿਨ ਸ਼ੁਕਰਵਾਰ ਨੂੰ ਸ੍ਰੀ ਆਖੰਡ ਪਾਠ ਸਾਹਿਬ ਆਰੰਭ ਕੀਤੇ ਜਾਣਗੇ, ਜਿਨਾਂ ਦੇ ਭੋਗ 14 ਦਸੰਬਰ ਦਿਨ ਐਤਵਾਰ ਨੂੰ ਪੈਣਗੇ। ਉਸ ਤੋਂ ਬਾਅਦ ਗੁਰਮਤਿ ਸਮਾਗਮ ਹੋਵੇਗਾ। ਜਿਸ ਵਿੱਚ ਪਹੁੰਚ ਰਹੇ ਸੰਤ ਮਹਾਂਪੁਰਸ਼ ਸੰਗਤਾਂ ਨੂੰ ਉਸ ਸਰਬ ਸ਼ਕਤੀਮਾਨ ਪਰਮਾਤਮਾ ਨਾਲ ਜੋੜਨਗੇ, ਜੋ ਇਸ ਬ੍ਰਹਿਮੰਡ ਦੇ ਕਣ- ਕਣ ਵਿੱਚ ਮੌਜੂਦ ਹੋ ਕੇ ਸਭਨਾ ਜੀਵਾਂ ਦੀ ਪ੍ਰਿਤਪਾਲਣਾ ਕਰ ਰਿਹਾ ਹੈ। ਇਸ ਮੌਕੇ ਸਿੱਖ ਕੌਮ ਦੇ ਗੌਰਵਮਈ ਇਤਿਹਾਸ ਤੇ ਵੀ ਚਾਨਣਾ ਪਾਇਆ ਜਾਵੇਗਾ। 14 ਦਸੰਬਰ ਦਿਨ ਐਤਵਾਰ ਨੂੰ ਹੀ ਦੁਪਹਿਰ 12 ਵਜੇ ਪੰਜ ਪਿਆਰਿਆਂ ਵੱਲੋਂ ਖੰਡੇ ਬਾਟੇ ਦਾ ਅੰਮ੍ਰਿਤ ਵੀ ਛਕਾਇਆ ਜਾਵੇਗਾ। ਅੰਮ੍ਰਿਤ ਅਭਿਲਾਖੀ ਕੇਸੀ ਇਸ਼ਨਾਨ ਕਰਕੇ ਆਉਣ।

# ਕਾਲਾ ਸੰਘਿਆਂ ਯੋਗ ਤੇ ਸਾਇਕਲਿੰਗ ਟੀਮ ਮੈਰਾਥਨ 'ਚ ਹੋਵੇਗੀ ਸ਼ਾਮਿਲ



**ਕਾਲਾ ਸੰਘਿਆਂ (ਮਨਜੀਤ ਮਾਨ)**- ਕਾਲਾ ਸੰਘਿਆਂ ਯੋਗ ਤੇ ਸਾਇਕਲਿੰਗ ਟੀਮ ਵੱਖ ਵੱਖ ਪਿੰਡਾਂ ਵਿੱਚ ਜਾ ਕੇ ਲੋਕਾਂ ਨੂੰ ਚੰਗੀ ਸਿਹਤ, ਚੰਗਾ ਜੀਵਨ ਤੇ ਲੋਕਾਂ ਨੂੰ ਜਲਦੀ ਉੱਠਣ,ਹਰ ਰੋਜ਼ ਯੋਗ ਤੇ ਕਸਰਤ ਕਰਨ ਦਾ ਸੰਦੇਸ਼ ਦੇ ਰਹੀ ਹੈ। ਵੈਟਰਨ ਐਥਲੀਟ ਸਵਰਗੀ ਪੰਡਿਤ ਵਿਸ਼ਵਾਨਾਥ ਕਾਲਾ ਸੰਘਿਆਂ ਜੋ ਕਿ ਇੰਡੀਆ ਦੇ ਮੈਰਾਥਨ ਚੈਂਪੀਅਨ ਰਹੇ ਹਨ, ਉਨ੍ਹਾਂ ਦੇ ਸਪੁੱਤਰ ਸ੍ਰੀ ਰਾਕੇਸ਼ ਕੁਮਾਰ ਭਾਰਗਵ ਦੀ ਰਹਿਨੁਮਾਈ ਹੇਠ ਵੱਖ ਵੱਖ ਪਿੰਡਾਂ ਵਿੱਚ ਜਾ ਕੇ ਲੋਕਾਂ ਨੂੰ ਯੋਗ, ਕਸਰਤ ਤੇ ਸਾਇਕਲਿੰਗ ਕਰਕੇ ਲੋਕਾਂ ਨੂੰ ਨਿਰੋਗ ਰਹਿਣ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ ।ਸ਼੍ਰੀ ਰਾਕੇਸ਼ ਕੁਮਾਰ ਭਾਰਗਵ ਤੇ ਸਰਪੰਚ ਮਨਿੰਦਰਪਾਲ ਸਿੰਘ ਮੰਨਾ ਨੇ ਪ੍ਰੈਸ ਨਾਲ ਗੱਲਬਾਤ ਕਰਦਿਆਂ ਕਿਹਾ ਕਿ 7 ਦਸੰਬਰ ਨੂੰ ਜਲੰਧਰ ਵਿਖੇ ਹੋਣ ਵਾਲੀ ਮੈਰਾਥਨ ਦੌੜ ਵਿੱਚ ਕਾਲਾ ਸੰਘਿਆਂ ਦੀ ਯੋਗ ਤੇ ਸਾਇਕਲਿੰਗ ਟੀਮ ਹਿਸਾ ਲਵੇਗੀ ਜਿਸ ਦੀ ਵਾਕ ਰੇਸ ਤੇ ਸਾਇਕਲਿੰਗ ਕਰਕੇ ਤਿਆਰੀ ਕੀਤੀ ਜਾ ਰਹੀ ਹੈ । ਸਰਪੰਚ ਮਨਿੰਦਰਪਾਲ ਸਿੰਘ ਮੰਨਾ , ਸਾਬਕਾ ਸਰਪੰਚ ਸੁਰਜੀਤ ਕੁਮਾਰ ਬਿੱਟੂ , ਸਾਬਕਾ ਸਰਪੰਚ ਤੇ ਨੰਬਰਦਾਰ ਸੰਜੀਵ ਕੁਮਾਰ ਹੈਪੀ , ਵਿਜੇ ਬੱਗਾ , ਸ਼ੌਕਤ ਅਲੀ, ਮਾਸਟਰ ਸ਼ਾਮ ਲਾਲ , ਹੈਪੀ ਵਾਲੀਆ ਉਰਫ਼ ਹੈਪੀ ਫੋਟੋ ਗ੍ਰਾਫਰ, ਹਰਪਾਲ ਸਿੰਘ ਉਰਫ ਪਾਲਾ ਟੇਲਰ, ਰਜੇਸ਼ ਕੁਮਾਰ ਭਾਰਗਵ ਉਰਫ਼ ਰਾਜੂ ਪੰਡਿਤ, ਬਲਕਾਰ ਸਿੰਘ ਲਾਲਕਾ ,ਧੀਰਜ ਵਾਲੀਆ, ਮਨਜੀਤ ਸਿੰਘ ਸੋਹਲ , ਬਾਊ ਵਿਕਰਾਂਤ, ਰਾਜਿੰਦਰ ਕੁਮਾਰ,ਹੈਰੀ ਸੁੱਖਾ ਤੇ ਬੂਟਾ ਆਇਤਨ ਯੋਗ ਤੇ ਸਾਇਕਲਿੰਗ ਮੁਹਿੰਮ ਦਾ ਹਿੱਸਾ ਬਣ ਰਹੇ ਹਨ ।

# 'ਮਾਰਵਲਜ਼ ਆਫ ਸਾਇੰਸ' ਨੇ ਇਨੋਸੈਂਟ ਹਾਰਟਸ ਸਕੂਲ ਦੇ ਬੱਚਿਆਂ 'ਚ ਜਗਾਈ ਉਤਸੁਕਤਾ

**ਜਲੰਧਰ (ਸ਼ੈਲੀ ਐਲਬਰਟ)** ਇਨੋਸੈਂਟ ਹਾਰਟਸ ਸਕੂਲ ਨੇ ਗ੍ਰੀਨ ਮਾਡਲ ਟਾਊਨ, ਲੋਹਾਰਾਂ, ਕੈਂਟ.-ਜੰਡਿਆਲਾ ਰੋਡ, ਕਪੂਰਥਲਾ ਰੋਡ ਅਤੇ ਨੂਰਪੁਰ ਕੈਂਪਸਾਂ ਵਿੱਚ ਪ੍ਰੀਪ੍ਰਾਇਮਰੀ ਸਕੂਲ ਬੱਚਿਆਂ ਲਈ 'ਮਾਰਵਲਜ਼ ਆਫ ਸਾਇੰਸ' ਗਤੀਵਿਧੀ ਸਫਲਤਾਪੂਰਵਕ ਆਯੋਜਿਤ ਕੀਤੀ।ਪ੍ਰੀ ਨਰਸਰੀ ਤੋਂ ਯੂ ਕੇ ਜੀ ਦੇ ਉਤਸ਼ਾਹੀ ਛੋਟੇ ਵਿਗਿਆਨੀਆਂ ਨੇ ਹੱਥੋ-ਹੱਥ ਗਤੀਵਿਧੀਆਂ ਕਰ ਕੇ ਉਸ ਵਿੱਚ ਭਾਗ ਲਿਆ, ਜਿਸ ਨਾਲ ਉਹਨਾਂ ਦੀ ਉਤਸੁਕਤਾ ਵਧੀ ਅਤੇ ਸਿੱਖਿਆ ਨੂੰ ਰੋਚਕ ਬਣਾਇਆ ਗਿਆ।ਦਿਨ ਦਾ ਸਭ ਤੋਂ ਖਾਸ ਆਕਰਸ਼ਣ 'ਮੈਜਿਕਲ ਸਾਇੰਸ' ਰਿਹਾ, ਜਿਸ ਵਿੱਚ ਬੱਚਿਆਂ ਨੇ ਮਜ਼ੇਦਾਰ ਪ੍ਰਯੋਗਾਂ ਵਿੱਚ ਭਾਗ ਲਿਆ ਅਤੇ ਦਿਲਚਸਪ ਵਿਗਿਆਨਕ ਕਿਰਿਆਵਾਂ ਨੂੰ ਦੇਖਿਆ।ਬੱਚਿਆਂ ਨੇ ਰੰਗ ਮਿਲਾਉਣ ਅਤੇ ਧੁਨੀ ਬਾਰੇ ਜਾਣਕਾਰੀ ਹਾਸਲ ਕੀਤੀ, ਜਿਸ ਵਿੱਚ 'ਵਾਟਰ ਜ਼ਾਇਲੋਫੋਨ' ਵਰਗੀਆਂ ਗਤੀਵਿਧੀਆਂ ਵੀ ਸ਼ਾਮਲ ਸਨ।ਇਹ ਪ੍ਰਯੋਗ ਨਾ ਸਿਰਫ਼ ਉਹਨਾਂ ਦੀ ਸਮਝ ਨੂੰ ਵਧਾਉਂਦੇ ਸਨ ਬਲਕਿ ਪੂਰੇ ਮਾਹੌਲ ਨੂੰ ਖੁਸ਼ੀ ਅਤੇ ਰੋਮਾਂਚ ਨਾਲ ਭਰ ਦਿੰਦੇ ਸਨ।ਸਭ ਤੋਂ ਦਿਲਚਸਪ ਪ੍ਰਯੋਗਾਂ ਵਿੱਚੋਂ ਇੱਕ ਸੀ 'ਲੀਫ ਫ਼ਲੋਟ'।ਬੱਚਿਆਂ ਨੇ ਦੇਖਿਆ ਕਿ ਹਲਦੀ ਪਾਣੀ ਨਾਲ ਮਿਲ ਕੇ ਪੀਲੀ ਦਿਸਦੀ ਹੈ, ਡਿਟਰਜੈਂਟ (ਜੋ ਇੱਕ ਬੇਸ ਹੈ) ਦਿਲਚਸਪ ਦ੍ਰਿਸ਼ ਅਨੁਭਵ ਬਣਾ ਦਿੰਦੀ ਹੈ।ਇਸ ਸੈਸ਼ਨ ਨੇ ਦੇਖਣ, ਖੋਜ ਕਰਨ ਅਤੇ ਪ੍ਰਸ਼ਨ ਪੁੱਛਣ ਦੀ ਆਦਤ ਨੂੰ ਉਤਸ਼ਾਹਿਤ ਕੀਤਾ, ਜਿਸ ਨਾਲ ਛੋਟੀ ਉਮਰ ਤੋਂ ਹੀ



ਸ਼ਾਮਲ ਕਰਨ ਨਾਲ ਇਹ ਨਾਰੰਗੀ ਹੋ ਜਾਂਦੀ ਹੈ ਅਤੇ ਨਿੰਬੂ ਦਾ ਰਸ (ਐਸਿਡ) ਮਿਲਾਉਣ ਨਾਲ ਲਾਲ। ਇਸ ਗਤੀਵਿਧੀ ਨੇ ਦਰਸਾਇਆ ਕਿ ਹਲਦੀ ਐਸਿਡ ਅਤੇ ਬੇਸ ਦੀ ਮੌਜੂਦਗੀ ਵਿੱਚ ਕਿਵੇਂ ਵੱਖ-ਵੱਖ ਰੰਗ ਦਿਖਾਉਂਦੀ ਹੈ—ਵਿਗਿਆਨ ਨੂੰ ਇੱਕ ਵਿਗਿਆਨਕ ਸੋਚ ਦੀ ਮਜ਼ਬੂਤ ਬੁਨਿਆਦ ਰੱਖੀ ਗਈ। ਇਹ ਮਨੋਰੰਜਨ ਅਤੇ ਸਿੱਖਿਆ ਦਾ ਸ਼ਾਨਦਾਰ ਮੇਲ ਸਾਬਤ ਹੋਇਆ—ਜਿਸ ਨੇ ਸਾਡੇ ਨਿੱਕੇ ਸਿਖਿਆਰਥੀਆਂ ਲਈ ਵਿਗਿਆਨ ਨੂੰ ਸੱਚਮੁੱਚ ਜਾਦੂਈ ਬਣਾ ਦਿੱਤਾ।

# ਬੰਗਾ ਗੋਲੀ ਕਾਂਡ ਸੰਬੰਧੀ 8 ਨੌਜਵਾਨ ਗ੍ਰਿਫ਼ਤਾਰ

**ਬੰਗਾ (ਅਵਤਾਰ ਕਲੇਰ)**- ਬੰਗਾ ਸਬ ਡਿਵੀਜ਼ਨ ਦੀ ਪੁਲਿਸ ਨੇ ਬੰਗਾ ਗੋਲੀ ਕਾਂਡ ਵਿੱਚ ਸ਼ਾਮਲ ਅੱਠ ਨੌਜਵਾਨਾਂ ਨੂੰ ਗ੍ਰਿਫ਼ਤਾਰ ਕਰਕੇ ਨਵਾਂਸ਼ਹਿਰ ਦੀ ਅਦਾਲਤ ਵਿੱਚ ਪੇਸ਼ ਕੀਤਾ। ਅਦਾਲਤ ਨੇ ਉਨ੍ਹਾਂ ਨੂੰ ਜਾਂਚ ਲਈ 3 ਦਿਨਾਂ ਦੇ ਰਿਮਾਂਡ 'ਤੇ ਭੇਜ ਦਿੱਤਾ।



ਇਹ ਮੁਲਜ਼ਮ ਉਹ ਹਨ ਜਿਨ੍ਹਾਂ ਨੇ ਕਿਸੇ ਨਾ ਕਿਸੇ ਤਰੀਕੇ ਨਾਲ ਗੋਲੀ ਚਲਾਉਣ ਵਾਲੇ ਪੰਜ ਨੌਜਵਾਨਾਂ ਦੀ ਮਦਦ ਕੀਤੀ ਸੀ। ਥਾਣਾ ਸਿਟੀ ਬੰਗਾ ਦੇ ਐਸ ਐਚ ਓ ਸਤਨਾਮ ਸਿੰਘ ਅਤੇ ਅਡੀਸ਼ਨਲ ਐਸ ਐਚ ਓ ਵਿਜੇ ਕੁਮਾਰ ਸ਼ਰਮਾ ਨੇ ਦੱਸਿਆ ਕਿ ਗੋਲੀ ਕਾਂਡ ਦਾ ਮੁੱਖ ਦੋਸ਼ੀ ਸੰਜੇ ਕੁਮਾਰ ਵਿਦੇਸ਼ ਭੱਜਣ ਦੀ ਕੋਸ਼ਿਸ਼ ਕਰ ਰਿਹਾ ਸੀ ਪਰ ਦਿੱਲੀ ਹਵਾਈ ਅੱਡੇ 'ਤੇ ਉਸ ਨੂੰ ਫੜ ਲਿਆ ਗਿਆ। ਪੁਲਸ ਨੇ ਕਥਿਤ ਮੁਲਜ਼ਮਾਂ ਦੀ ਪਹਿਚਾਣ ਹਰਸ਼ ਉਰਫ਼ ਹਨੀ ਪੁੱਤਰ ਕਮਲ ਕੁਮਾਰ ਵਾਸੀ ਅੰਬੇਡਕਰ ਨਗਰ ਬੰਗਾ, ਚਰਨਜੀਤ ਸਿੰਘ ਉਰਫ਼ ਚੰਨੀ ਪੁੱਤਰ ਦਿਲਬਾਗ ਸਿੰਘ ਵਾਸੀ ਗੜ੍ਹ ਪਧਾਨਾ ਥਾਣਾ ਔੜ, ਸਚਿਨ ਪੁੱਤਰ ਕਸ਼ਮੀਰੀ ਲਾਲ ਵਾਸੀ ਅੰਬੇਡਕਰ ਨਗਰ ਬੰਗਾ, ਅਮਨਦੀਪ ਉਰਫ਼ ਨੰਨੀ ਪੁੱਤਰ ਸੋਮਨਾਥ ਵਾਸੀ ਅੰਬੇਡਕਰ ਨਗਰ ਬੰਗਾ, ਹਰਪ੍ਰੀਤ ਸਿੰਘ ਉਰਫ਼ ਹੈਪੀ ਪੁੱਤਰ ਹਰਨੇਕ ਸਿੰਘ ਵਾਸੀ ਸੋਤਰਾਂ, ਸ਼ੁਭਮ ਸ਼ਰਮਾ ਉਰਫ਼ ਮਨੀ ਉਰਫ਼ ਪੰਡਿਤ ਪੁੱਤਰ ਮੋਹਣ ਲਾਲ ਵਾਸੀ ਮੰਗੂਵਾਲ, ਰਾਮ ਲੁਭਾਇਆ ਪੁੱਤਰ ਚੰਨਣ ਰਾਮ ਵਾਸੀ ਅੰਬੇਡਕਰ ਨਗਰ ਬੰਗਾ ਅਤੇ ਸ਼ੰਕਰ ਕੁਮਾਰ ਪੁੱਤਰ ਬਲਵਿੰਦਰ ਕੁਮਾਰ ਵਾਸੀ ਅੰਬੇਡਕਰ ਨਗਰ ਬੰਗਾ ਸ਼ਾਮਲ ਹਨ। ਪੁਲਸ ਨੇ ਦੱਸਿਆ ਕਿ ਇਨ੍ਹਾਂ ਸਾਰੇ ਕਥਿਤ ਦੋਸ਼ੀਆਂ ਦਾ ਤਿੰਨ ਦਿਨਾਂ ਦਾ ਰਿਮਾਂਡ ਮਾਣਯੋਗ ਅਦਾਲਤ ਵਿਚ ਪੇਸ਼ ਕਰਕੇ ਲੈ ਲਿਆ ਹੈ, ਕਥਿਤ ਦੋਸ਼ੀਆਂ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ।

# ਓਵਰ ਲੋਡਿੰਗ, ਓਵਰ ਸਪੀਡ ਤੇ ਸ਼ਰਾਬ ਪੀ ਕੇ ਵਾਹਨ ਚਲਾਉਣ ਵਾਲਿਆਂ ਖਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇ : ਬਲਬੀਰ ਰਾਜ ਸਿੰਘ

**ਜਲੰਧਰ (ਸ਼ੈਲੀ ਐਲਬਰਟ)**: ਸਕੱਤਰ, ਰੀਜਨਲ ਟਰਾਂਸਪੋਰਟ ਅਥਾਰਟੀ ਬਲਬੀਰ ਰਾਜ ਨੇ ਜ਼ਿਲ੍ਹਾ ਪੱਧਰੀ ਸੜਕ ਸੁਰੱਖਿਆ ਕਮੇਟੀ ਦੀ ਮੀਟਿੰਗ ਦੌਰਾਨ ਸੜਕ ਸੁਰੱਖਿਆ ਉਪਾਵਾਂ ਦਾ ਜਾਇਜ਼ਾ ਲੈਂਦਿਆਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਓਵਰ ਲੋਡਿੰਗ ਤੇ ਨਿਰਧਾਰਿਤ ਗਤੀ ਤੋਂ ਤੇਜ਼ ਅਤੇ ਸ਼ਰਾਬ ਪੀ ਕੇ ਵਾਹਨ ਚਲਾਉਣ ਵਾਲਿਆਂ ਖਿਲਾਫ਼ ਸਖ਼ਤ ਤੋਂ ਸਖ਼ਤ ਕਾਰਵਾਈ ਕਰਦਿਆਂ ਚਲਾਨ ਕੱਟੇ ਜਾਣ ਤਾਂ ਜੋ ਲੋਕਾਂ ਦੀ ਜਾਨ-ਮਾਲ ਦੀ ਸੁਰੱਖਿਆ ਨੂੰ ਯਕੀਨੀ ਬਣਾਇਆ ਜਾ ਸਕੇ। ਇਸ ਮੌਕੇ ਰੀਜਨਲ ਟਰਾਂਸਪੋਰਟ ਅਫ਼ਸਰ ਅਮਨਪਾਲ ਸਿੰਘ ਵੀ ਮੌਜੂਦ ਸਨ। ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਸਕੱਤਰ ਰੀਜਨਲ ਟਰਾਂਸਪੋਰਟ ਅਥਾਰਟੀ ਨੇ ਅਧਿਕਾਰੀਆਂ ਨੂੰ ਇਹ ਵੀ ਹਦਾਇਤ ਕੀਤੀ ਕਿ ਜ਼ਿਲ੍ਹੇ ਵਿੱਚ ਸੇਫ਼ ਸਕੂਲ ਵਾਹਨ ਪਾਲਿਸੀ ਨੂੰ ਹੋਰ ਵੀ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਲਈ



ਵਿਦਿਆਰਥੀਆਂ ਨੂੰ ਸਕੂਲ ਲੈ ਕੇ ਜਾਣ ਵਾਲੇ ਵਾਹਨਾਂ ਦੀ ਬਾਰੀਕੀ ਨਾਲ ਜਾਂਚ ਨੂੰ ਵੀ ਯਕੀਨੀ ਬਣਾਇਆ ਜਾਵੇ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵਿਦਿਆਰਥੀਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਵਚਨਬੱਧ ਹੈ ਅਤੇ ਇਸ ਵਿੱਚ ਕਿਸੇ ਵੀ ਤਰ੍ਹਾਂ ਦੀ ਅਣਗਹਿਲੀ ਨੂੰ ਬਿਲਕੁਲ ਬਰਦਾਸ਼ਤ ਨਹੀਂ ਕੀਤਾ ਜਾਵੇ। ਉਨ੍ਹਾਂ ਇਹ ਵੀ ਕਿਹਾ ਕਿ ਸੜੇ ਮਾਰਗਿਟ ਦੌਰਾਨ ਲੋਕਾਂ ਦੀ ਜ਼ਿਆਦਾ ਭੀੜ ਹੋਣ ਕਰਕੇ ਐਂਬੂਲੈਂਸ ਦੇ ਲੰਘਣ ਵਿੱਚ ਬਹੁਤ ਦਿੱਕਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਉਨ੍ਹਾਂ ਕਿਹਾ ਕਿ ਮਰੀਜ਼ਾਂ ਦੀ ਸਹੂਲਤ ਨੂੰ ਮੁੱਖ ਰੱਖਦਿਆਂ ਐਂਬੂਲੈਂਸ ਸਮਰਪਿਤ ਕੋਰੀਡੋਰ ਬਣਾਇਆ ਜਾਵੇ ਤਾਂ ਜੋ ਮਰੀਜ਼ਾਂ ਨੂੰ ਕਿਸੇ ਕਿਸਮ ਦੀ ਸਮੱਸਿਆ ਦਾ ਸਾਹਮਣਾ ਨਾ ਕਰਨਾ ਪਾਵੇ। ਮੀਟਿੰਗ ਦੌਰਾਨ ਸੜਕੀ ਸੁਰੱਖਿਆ ਦੇ ਮੱਦੇਨਜ਼ਰ ਲਈ ਵਾਹਨਾਂ 'ਤੇ ਪ੍ਰਤੀ ਵਾਲੀਆਂ ਲਾਈਟਾਂ ਲਗਾਉਣ ਅਤੇ ਸੜਕਾਂ 'ਤੇ ਅਵਾਰਾ ਪਸ਼ੂਆਂ ਦੀ ਰੋਕਥਾਮ ਦੀ ਲੋੜ 'ਤੇ ਜ਼ੋਰ ਦਿੱਤਾ ਗਿਆ। ਇਸ ਮੌਕੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਤੋਂ ਇਲਾਵਾ ਜ਼ਿਲ੍ਹਾ ਪੱਧਰੀ ਸੜਕ ਸੁਰੱਖਿਆ ਕਮੇਟੀ ਦੇ ਮੈਂਬਰ ਵੀ ਹਾਜ਼ਰ ਸਨ।

# ਹੱਥੀਂ ਕਿਰਤ ਕਰਨ ਲਈ ਪ੍ਰੇਰਿਤ ਕਰਦੇ ਫੁੱਲਾਂ ਦੇ 'ਮਾਲੀ'

**ਸ਼ਾਹਕੋਟ (ਗਿਆਨ ਸੈਦਪੁਰੀ)**- ਕਸਬੇ ਦੇ ਪੱਛਮੀ ਪਾਸੇ ਸਥਿਤ ਇੱਕ ਖ਼ੂਬਸੂਰਤ ਪਾਰਕ ਇੱਕ ਦਹਾਕਾ ਪਹਿਲਾਂ ਹੋਂਦ ਵਿੱਚ ਆਇਆ ਸੀ। ਹਰ ਸਾਲ ਇਸ ਦੀ ਖ਼ੂਬਸੂਰਤੀ ਵਿੱਚ ਵਾਧਾ ਹੋ ਰਿਹਾ ਹੈ। ਫਰਵਰੀ-ਮਾਰਚ ਦੇ ਮਹੀਨੇ ਇਹ ਪਾਰਕ ਹਰੇ ਹਰੇ ਘਾਹ ਅਤੇ ਵੰਨ ਸਵੰਨੇ ਫੁੱਲਾਂ ਨਾਲ 'ਸਵਰਗ' ਦਾ ਇੱਕ ਨਿੱਕਾ ਜਿਹਾ ਟੋਟਾ ਨਜ਼ਰ ਆਉਂਦਾ ਹੈ। ਉਨ੍ਹਾਂ ਮਹੀਨਿਆਂ ਵਿੱਚ ਇੱਥੇ ਆ ਕੇ ਫੁੱਲਾਂ ਦੀ ਮਹਿਕ ਮਾਣਨ ਵਾਲੇ ਲੋਕਾਂ ਲਈ ਪ੍ਰਬੰਧਕਾਂ ਵੱਲੋਂ ਇਨ੍ਹੀਂ ਦਿਨੀਂ ਤਿਆਰੀ ਕੀਤੀ ਜਾ ਰਹੀ ਹੈ। ਬਘੇਲੇ, ਰੰਬੇ ਅਤੇ ਕਹੀਆਂ ਫੜੀ ਪ੍ਰਬੰਧਕ ਧਰਤੀ ਦੇ ਨਿੱਕੇ ਜਿਹੇ ਟੋਟੇ ਨੂੰ 'ਛੂੰਹਣ ਜੋਗੀ ਜ਼ਮੀਨ' ਬਣਾਉਣ ਲੱਗੇ ਹੋਏ ਹਨ। ਕਿਆਰੀਆਂ, ਖੇਲਾਂ ਬਣਾ ਰਹੇ ਪਾਰਕ ਦੇ ਕਾਮਿਆਂ ਵਿੱਚ ਮੁੱਖ ਤਰਕਸ਼ੀਲ ਕਾਰਕੁੰਨ ਪਾਲ ਬਾਗਪੁਰ, ਸੇਵਾ ਮੁਕਤ ਅਧਿਆਪਕ ਜਸਵਿੰਦਰ ਸਿੰਘ, ਲੋਕ ਮੁੱਦਿਆਂ ਨੂੰ ਖ਼ੂਬਸੂਰਤ ਸ਼ਬਦਾਂ ਦੇਣ ਵਾਲਾ ਵਰਿੰਦਰ ਸਿੰਘ ਖਾਲਸਾ ਸ਼ਾਮਿਲ ਹੈ ਤਾਂ ਕਨੇਡਾ ਦੇ ਵੱਖ-ਵੱਖ ਸ਼ਹਿਰਾਂ ਤੋਂ ਪੰਜਾਬ ਦੀ ਧਰਤੀ 'ਤੇ ਹਰ ਸਾਲ ਫੇਰੀ ਪਾਉਣ ਵਾਲੇ ਜਗੀਰ ਸਿੰਘ ਪੱਡਾ ਤੇ ਰਣਜੀਤ ਸਿੰਘ ਜੋਸਨ ਆਦਿ ਉਨ੍ਹਾਂ ਦੇ ਪੱਕੇ ਆੜੀ ਬਣ ਕੇ ਪਾਰਕ ਦੀ ਰੰਗੀਲੀ ਵਿੱਚ ਰੰਗ ਭਰਦੇ ਹਨ। ਇਨ੍ਹਾਂ ਉਦਮੀ ਕਾਮਿਆਂ ਨੇ ਦੱਸਿਆ ਕਿ ਇਸ ਵਾਰ 24 ਕਿਸਮ ਦੇ ਫੁੱਲਾਂ ਦੀ ਪਨੀਰੀ ਤਿਆਰ ਕਰਨ ਲਈ ਬੀਜ ਬੀਜੇ ਗਏ ਸਨ। ਕੁਝ ਕਾਰਨਾਂ ਕਰਕੇ 10 ਕਿਸਮ ਦੀ ਪਨੀਰੀ ਹੀ ਉੱਗੀ ਹੈ। ਇਨ੍ਹਾਂ ਦ੍ਰਿੜ ਇਰਾਦੇ ਨਾਲ ਕਿਹਾ ਕਿ ਰਹਿ ਗਈਆਂ 14 ਕਿਸਮਾਂ ਵੀ ਉਗਾ ਕੇ ਰਹਾਂਗੇ। ਇੱਥੇ ਇਹ



ਵੀ ਦੱਸਣਯੋਗ ਹੈ ਕਿ ਉਜਾੜ ਪਈ ਥਾਂ ਨੂੰ ਆਬਾਦ ਕਰਨ ਵਾਲੇ, ਇਸ ਨੂੰ ਪਾਰਕ ਦਾ ਰੂਪ ਦੇਣ ਵਾਲੇ, ਫੁੱਲਾਂ ਲਈ ਜ਼ਮੀਨ ਤਿਆਰ ਕਰਨ ਵਾਲੇ ਤੇ ਫੁੱਲ ਉਗਾਉਣ ਵਾਲੇ ਸਾਰੇ ਹੀ ਸਰਦੇ ਪੁੱਜਦੇ ਘਰਾਂ ਨਾਲ ਸੰਬੰਧਿਤ ਹਨ। ਇਨ੍ਹਾਂ ਸਾਰਿਆਂ ਦਾ ਪਿਛੋਕੜ ਕਿਰਤੀ ਕਿਸਾਨੀ ਵਰਗ ਹੈ। ਇਹ ਸਾਰੇ ਜਿੱਥੇ ਵਾਤਾਵਰਨ ਪ੍ਰੇਮੀਆਂ ਦੇ ਤੌਰ ਤੇ ਵਿਚਰਦੇ ਹਨ, ਉੱਥੇ ਹੱਥੀਂ ਕਿਰਤ ਕਰਨ ਲਈ ਵੀ ਪ੍ਰੇਰਨਾ ਸਰੋਤ ਬਣੇ ਹੋਏ ਹਨ।

# ਮੁਲਾਜ਼ਮਾਂ ਦੀਆਂ ਗ੍ਰਿਫ਼ਤਾਰੀਆਂ ਤੇ ਮੁਅੱਤਲੀਆਂ ਨਿੰਦਣਯੋਗ : ਡੀ ਐੱਮ ਐੱਫ

**ਚੰਡੀਗੜ੍ਹ (ਗੁਰਜੀਤ ਬਿੱਲਾ)**- ਪੰਜਾਬ ਵਿੱਚ ਨਵੀਆਂ ਸਰਕਾਰੀ ਬੱਸਾਂ ਪਾਉਣ ਦੀ ਬਜਾਏ ਕਿਲੋਮੀਟਰ ਸਕੀਮ ਤਹਿਤ ਨਵੀਆਂ ਬੱਸਾਂ ਦਾ ਟੈਂਡਰ ਜਾਰੀ ਕਰਨ ਅਤੇ ਪੰਜਾਬ ਰੋਡਵੇਜ਼ ਤੇ ਪੀ.ਆਰ.ਟੀ.ਸੀ. ਅਧੀਨ ਕੰਮ ਕਰਦੇ ਕੱਚੇ ਮੁਲਾਜ਼ਮਾਂ ਨੂੰ ਪੱਕਾ ਨਾ ਕੀਤੇ ਜਾਣ ਖ਼ਿਲਾਫ਼ ਸੰਘਰਸ਼ ਕਰ ਰਹੇ ਮੁਲਾਜ਼ਮਾਂ ਨੂੰ ਗ੍ਰਿਫ਼ਤਾਰ ਕਰਨ ਅਤੇ ਉਹਨਾਂ ਦੀਆਂ ਮੁਅੱਤਲੀਆਂ ਕਰਨ ਦੀ ਡੈਮੋਕ੍ਰੇਟਿਕ ਮੁਲਾਜ਼ਮ ਫੈਡਰੇਸ਼ਨ ਵੱਲੋਂ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਗਈ ਹੈ। ਪ੍ਰੈੱਸ ਦੇ ਨਾਂਅ ਬਿਆਨ ਜਾਰੀ ਕਰਦਿਆਂ ਫੈਡਰੇਸ਼ਨ ਦੇ ਸੂਬਾ ਪ੍ਰਧਾਨ ਜਰਮਨਜੀਤ ਸਿੰਘ, ਜਨਰਲ ਸਕੱਤਰ ਹਰਦੀਪ ਟੋਡਰਪੁਰ ਅਤੇ ਵਿੱਤ ਸਕੱਤਰ ਹਰਿੰਦਰ ਦੁਸਾਂਝ ਨੇ ਆਖਿਆ ਕਿ ਫੈਡਰੇਸ਼ਨ ਨਾਲ ਸੰਬੰਧਤ ਫੈਡਰੇਸ਼ਨ ਨਾਲ ਸੰਬੰਧਿਤ ਡੈਮੋਕ੍ਰੇਟਿਕ ਟੀਚਰਜ਼ ਫਰੰਟ ਦੇ ਸੂਬਾ ਪ੍ਰਧਾਨ ਵਿਕਰਮ ਦੇਵ ਸਿੰਘ, ਟੈਕਨੀਕਲ ਐਂਡ ਮਕੈਨੀਕਲ ਇੰਪਲਾਈਜ਼ ਯੂਨੀਅਨ ਦੇ ਸੂਬਾ ਪ੍ਰਧਾਨ ਮਲਾਗਰ ਸਿੰਘ ਖਮਾਣੋਂ, ਮਿਡ-ਡੇ-ਮੀਲ ਵਰਕਰਜ਼ ਯੂਨੀਅਨ ਦੀ ਸੂਬਾ ਪ੍ਰਧਾਨ ਲਖਵਿੰਦਰ ਕੌਰ, ਡੈਮੋਕ੍ਰੈਟਿਕ ਆਸ਼ਾ ਵਰਕਰ ਤੇ ਫੈਸਿਲੀਟੇਟਰ ਯੂਨੀਅਨ ਦੀ ਸੂਬਾ ਪ੍ਰਧਾਨ ਮਨਦੀਪ ਕੌਰ ਬਿਲਗਾ ਅਤੇ ਡੈਮੋਕ੍ਰੈਟਿਕ ਜੰਗਲਾਤ ਮੁਲਾਜ਼ਮ ਯੂਨੀਅਨ ਦੇ ਸੂਬਾ ਪ੍ਰਧਾਨ ਰਛਪਾਲ ਸਿੰਘ ਜੋਧਾਨਗਰੀ ਨੇ ਸਰਕਾਰ ਦੀਆਂ ਮੁਲਾਜ਼ਮ ਵਿਰੋਧੀ ਨੀਤੀਆਂ ਦੀ ਨਿਖੇਧੀ ਕਰਦਿਆਂ ਮੰਗ ਕੀਤੀ ਕਿ ਸਰਕਾਰ ਜ਼ਬਰ ਦੀ ਨੀਤੀ ਬੰਦ ਕਰਕੇ ਸੰਘਰਸ਼ ਕਰ ਰਹੀਆਂ ਮੁਲਾਜ਼ਮ ਧਿਰਾਂ ਦੇ ਆਗੂਆਂ ਨਾਲ ਗੱਲਬਾਤ ਕਰਕੇ ਮਸਲੇ ਹੱਲ ਕਰਨ।

# ਲਾਇਨਜ਼ ਕਲੱਬ ਬੰਗਾ ਸਿਮਰਨ ਦੀ ਮੀਟਿੰਗ

**ਬੰਗਾ (ਅਵਤਾਰ ਕਲੇਰ)** ਲਾਇਨਸ ਕਲੱਬ ਬੰਗਾ ਸਿਮਰਨ ਵੱਲੋਂ ਕਲੱਬ ਐਡਮਨਿਸਟ੍ਰੇਟਰ ਲਾਇਨ ਧੀਰਜ ਕੁਮਾਰ ਮੱਕੜ ਅਮਰੀਕਾ ਦੀ ਦਿਸ਼ਾ-ਨਿਰਦੇਸ਼ ਅਨੁਸਾਰ ਚਾਰਟਰ ਪ੍ਰਧਾਨ ਲਾਇਨ ਮੀਨੂੰ ਬੂੱਟਾ ਦੀ ਪ੍ਰਧਾਨਗੀ ਹੇਠ ਕਲੱਬ ਦੀ ਮਹੀਨਾਵਾਰ ਮੀਟਿੰਗ ਬੰਗਾ ਵਿਖੇ ਕੀਤੀ



ਗਈ। ਜਿਸ ਵਿੱਚ ਕਲੱਬ ਦੇ ਉਪ ਪ੍ਰਧਾਨ ਲਾਇਨ ਪ੍ਰੀਆ ਚੋਪੜਾ ਵੱਲੋਂ ਪ੍ਰਾਰਥਨਾ ਅਤੇ ਰਾਸ਼ਟਰੀ ਗੀਤ ਨਾਲ ਮੀਟਿੰਗ ਦੀ ਸ਼ੁਰੂਆਤ ਕੀਤੀ।ਕਲੱਬ ਦੇ ਜਨਰਲ ਸਕੱਤਰ ਲਾਇਨ ਵਨੀਤਾ ਕੁਮਾਰੀ ਵਲੋਂ ਜੁਲਾਈ ਮਹੀਨੇ ਤੋਂ ਲੈ ਕੇ ਨਵੰਬਰ ਮਹੀਨੇ ਤੱਕ ਲਗਾਏ ਗਏ ਸੇਵਾ ਕਾਰਜਾਂ ਦੇ ਪ੍ਰੋਜੈਕਟਾਂ ਵਾਰੇ ਜਾਣੂ ਕਰਵਾਇਆ ਅਤੇ ਦਸੰਬਰ ਮਹੀਨੇ ਵਿੱਚ ਕੀਤੇ ਜਾਣ ਵਾਲੇ ਸਮਾਜ ਸੇਵਾ ਦੇ ਕਾਰਜਾਂ ਵਾਰੇ ਵੀ ਨੋਟ ਕੀਤਾ।ਮੀਟਿੰਗ ਵਿੱਚ ਸਪੈਸ਼ਲ ਗੈਸਟ ਵਜੋਂ ਮੋਹਿਤ ਫੈਨਾਂਸ਼ਿਅਲ ਸਰਵਿਸ ਕੰਪਨੀ ਦੇ ਫਾਊਂਡਿੰਗ ਪਾਰਟਨਰ ਮੋਹਿਤ ਢਲ ਸ਼ਾਮਲ ਹੋਏ ਅਤੇ ਇਨਵੈਸਟਮੈਂਟ ਨਾਲ ਸਬੰਧਤ ਵਿਚਾਰ ਸਾਂਝੇ ਕੀਤੇ, ਮੀਟਿੰਗ ਦੇ ਪ੍ਰੋਟੋਕਾਲ ਤੋਂ ਖੁਸ਼ ਹੋ ਕੇ ਮੋਹਿਤ ਢੱਲ ਨੇ ਆਪਣੀ ਅਤੇ ਆਪਣੀ ਪਤਨੀ ਦੀ ਲਾਇਨਜ਼ ਕਲੱਬ ਬੰਗਾ ਸਿਮਰਨ ਦੀ ਮੈਂਬਰਸ਼ਿਪ ਵੀ ਅਪਲਾਈ ਕੀਤੀ। ਮੀਟਿੰਗ ਵਿੱਚ ਸ਼ਾਮਲ ਸਮੂਹ ਲਾਇਨ ਮੈਂਬਰਾਂ ਦਾ ਕਲੱਬ ਪ੍ਰਧਾਨ ਲਾਇਨ ਮੀਨੂੰ ਬੂੱਟਾ ਵਲੋਂ ਧੰਨਵਾਦ ਕੀਤਾ ਗਿਆ ਅਤੇ ਦਸਿਆ ਕਿ ਬਹੁਤ ਜਲਦ ਸਮੂਹ ਲਾਇਨ ਮੈਂਬਰਾਂ ਦੇ ਸਹਿਯੋਗ ਨਾਲ ਹੋਰ ਵੀ ਵੱਖਰੇ ਵੱਖਰੇ ਢੰਗ ਦੇ ਸਮਾਜ ਸੇਵਾ ਦੇ ਕਾਰਜ ਅਤੇ ਲੋੜਵੰਦ ਪਰਿਵਾਰਾਂ ਦੀ ਮਦਦ ਦੇ ਪ੍ਰੋਜੈਕਟ ਲਗਾਏ ਜਾਣਗੇ ਅਤੇ ਮੀਟਿੰਗ ਦੌਰਾਨ ਹਰਨੇਕ ਸਿੰਘ ਦੋਸਾਂਝ ਨੂੰ ਮੁੜ ਉਪ ਪ੍ਰਧਾਨਗੀ ਅਤੇ ਸ਼ਰਨਦੀਪ ਦੋਸਾਂਝ ਨੂੰ ਮੈਂਬਰਸ਼ਿਪ ਚੇਅਰਮੈਨ ਦੇ ਅਹੁਦੇ ਨਾਲ ਜੁਮੇਵਾਰੀ ਦਿੱਤੀ ਗਈ ਅਤੇ ਲਾਇਨਜ਼ ਕਲੱਬ ਪ੍ਰਤੀ ਸਹੁ ਚੁਕਵਾਈ ਗਈ।

# ਪਾਰਸਦੀਪ ਤੇ ਯੁਵਰਾਜ ਬਣੇ ਭਾਰਤੀ ਜਲ ਸੈਨਾ 'ਚ ਅਫ਼ਸਰ

**ਚੰਡੀਗੜ੍ਹ (ਗੁਰਜੀਤ ਬਿੱਲਾ)**- ਮਹਾਰਾਜਾ ਰਣਜੀਤ ਸਿੰਘ ਆਰਮਡ ਫੋਰਸਿਜ਼ ਪ੍ਰੈਪਰੇਟਰੀ ਇੰਸਟੀਚਿਊਟ, ਐਸ.ਏ.ਐਸ. ਨਗਰ (ਮੋਹਾਲੀ) ਦੇ ਦੋ ਸਾਬਕਾ ਕੈਡਿਟਾਂ ਨੂੰ ਕੇਰਲਾ ਦੇ ਏਝੀਮਾਲਾ ਵਿਖੇ ਕਰਵਾਈ ਗਈ ਇੰਡੀਅਨ ਨੇਵਲ ਅਕੈਡਮੀ (ਆਈ ਐਨ ਏ) ਦੀ ਪਾਸਿੰਗ ਆਊਟ ਪਰੇਡ (ਪੀ ਓ ਪੀ) ਵਿੱਚ ਭਾਰਤੀ ਜਲ ਸੈਨਾ ਵਿੱਚ ਅਫਸਰ ਵਜੋਂ ਕਮਿਸ਼ਨ ਮਿਲਿਆ ਹੈ। ਇਸ ਪਰੇਡ ਦਾ ਨਿਰੀਖਣ ਚੀਫ਼ ਆਫ਼ ਡਿਫੈਂਸ ਸਟਾਫ਼ ਜਨਰਲ ਅਨਿਲ ਚੌਹਾਨ, ਪੀ. ਵੀ.ਐਸ.ਐਮ., ਯੂ.ਵਾਈ. ਐਸ. ਐਮ., ਏ. ਵੀ. ਐਸ.ਐਮ., ਐਸ.ਐਮ., ਵੀ.ਐਸ.ਐਮ. ਵੱਲੋਂ ਕੀਤਾ ਗਿਆ। ਦੋਵੇਂ ਅਫਸਰ ਪਾਰਸਦੀਪ ਸਿੰਘ ਖੋਸਾ ਅਤੇ ਯੁਵਰਾਜ ਸਿੰਘ ਤੋਮਰ ਪੜ੍ਹੇ-ਲਿਖੇ ਪਿਛੋਕੜ ਨਾਲ ਸਬੰਧਤ ਹਨ। ਫਰੀਦਕੋਟ ਜ਼ਿਲ੍ਹੇ ਦਾ ਰਹਿਣ ਵਾਲੇ ਪਾਰਸਦੀਪ ਸਿੰਘ ਖੋਸਾ ਦੀ ਮਾਤਾ ਜੀ ਜੀ ਐੱਸ ਖਾਲਸਾ ਸਕੂਲ, ਭਲੂਰ ਦੇ ਪ੍ਰਿੰਸੀਪਲ ਹਨ ਅਤੇ ਉਸ ਦੇ ਪਿਤਾ ਗੁਰੂ ਨਾਨਕ ਮਿਸ਼ਨ ਗਰਲਜ਼ ਕਾਲਜ, ਬਾਘਾਪੁਰਾਣਾ ਦੇ ਡਾਇਰੈਕਟਰ ਹਨ। ਜਲੰਧਰ ਦਾ ਰਹਿਣ ਵਾਲਾ ਯੁਵਰਾਜ ਸਿੰਘ ਤੋਮਰ ਵੀ ਇੱਕ ਪੜ੍ਹੇ-ਲਿਖੇ ਪਰਿਵਾਰ ਨਾਲ ਸਬੰਧ ਰੱਖਦਾ ਹੈ। ਉਸ ਦੇ ਪਿਤਾ ਡਲਹੌਜ਼ੀ ਪਬਲਿਕ ਸਕੂਲ ਦੇ ਪ੍ਰਿੰਸੀਪਲ ਹਨ, ਅਤੇ ਉਸਦੀ ਮਾਤਾ ਉਸੇ ਸਕੂਲ ਵਿੱਚ ਕੋਆਰਡੀਨੇਟਰ ਅਤੇ ਮਨੋਵਿਗਿਆਨੀ ਹਨ। ਜ਼ਿਕਰਯੋਗ ਹੈ ਕਿ ਯੁਵਰਾਜ ਦਾ ਛੋਟਾ ਭਰਾ ਇਸ ਸਮੇਂ ਮਹਾਰਾਜਾ ਰਣਜੀਤ ਸਿੰਘ ਪ੍ਰੈਪਰੇਟਰੀ ਇੰਸਟੀਚਿਊਟ ਵਿੱਚ ਸਿਖਲਾਈ ਲੈ ਰਿਹਾ ਹੈ।



ਪੰਜਾਬ ਦੇ ਰੁਜ਼ਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖਲਾਈ ਮੰਤਰੀ ਸ੍ਰੀ ਅਮਨ ਅਰੋੜਾ ਨੇ ਪਾਰਸਦੀਪ ਸਿੰਘ ਖੋਸਾ ਅਤੇ ਯੁਵਰਾਜ ਸਿੰਘ ਤੋਮਰ ਨੂੰ ਉਨ੍ਹਾਂ ਦੀ ਸ਼ਾਨਦਾਰ ਪ੍ਰਾਪਤੀ ਦੀ ਸ਼ਲਾਘਾ ਕਰਦਿਆਂ ਵਧਾਈ ਦਿੱਤੀ। ਮੇਜਰ ਜਨਰਲ ਅਜੇ ਐੱਚ. ਚੌਹਾਨ ਨੇ ਦੱਸਿਆ ਕਿ ਇੰਸਟੀਚਿਊਟ ਵਿੱਚ 16ਵੇਂ ਕੋਰਸ ਲਈ ਦਾਖਲਾ ਪ੍ਰਕਿਰਿਆ ਅਧੀਨ ਹੈ। ਇਸ ਇੰਸਟੀਚਿਊਟ ਰਾਹੀਂ ਐਨ.ਡੀ.ਏ. ਵਿੱਚ ਸ਼ਾਮਲ ਹੋਣ ਦੇ ਚਾਹਵਾਨ 10ਵੀਂ ਜਮਾਤ ਦੇ ਵਿਦਿਆਰਥੀ 15 ਦਸੰਬਰ, 2025 ਤੱਕ https://recruitment-portal.in ਉਤੇ ਆਨਲਾਈਨ ਅਪਲਾਈ ਕਰ ਸਕਦੇ ਹਨ। ਇਸ ਕੋਰਸ ਸਬੰਧੀ ਦਾਖਲਾ ਪ੍ਰੀਖਿਆ 4 ਜਨਵਰੀ, 2026 (ਐਤਵਾਰ) ਨੂੰ ਹੋਵੇਗੀ।

# ਬਲਾਕ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ 'ਚ ਆਪ ਦੀ ਹੋਵੇਗੀ ਵੱਡੇ ਪੱਧਰ 'ਤੇ ਜਿੱਤ : ਕਿਸਾਨ ਆਗੂ

**ਜੰਡਿਆਲਾ (ਨਿਰਮਲ ਸਿੰਘ ਮੁੰਡਿਆਲਾ)**- ਸੂਬੇ ਭਰ ਵਿਚ ਬਲਾਕ ਸੰਮਤੀ ਅਤੇ ਜ਼ਿਲ੍ਹਾ ਪ੍ਰੀਸ਼ਦ ਦੀਆਂ ਚੋਣਾਂ ਹੋਣ ਜਾ ਰਹੀਆਂ ਹਨ। ਇਸ ਸਬੰਧੀ ਗੱਲਬਾਤ ਕਰਦਿਆਂ ਕਿਸਾਨ ਵਿੰਗ ਤੋਂ ਆਪ ਆਗੂ ਕਮਲਜੀਤ ਸਿੰਘ ਜੌਲਵਾਲ ਅਤੇ ਸੁਖਵੀਰ ਸਿੰਘ ਨਾਜਕਪੁਰ ਨੇ ਕਿਹਾ ਕਿ ਹਲਕਾ ਗੜ੍ਹਸ਼ੰਕਰ ਤੋਂ ਬਲਾਕ ਸੰਮਤੀ ਅਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਵਿੱਚ ਆਮ ਆਦਮੀ



ਪਾਰਟੀ ਵੱਡੇ ਪੱਧਰ ਤੇ ਜਿੱਤ ਪ੍ਰਾਪਤ ਕਰੇਗੀ। ਇਸ ਮੌਕੇ ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਚੋਣਾਂ ਲਈ ਪੂਰੀ ਤਰ੍ਹਾਂ ਤਿਆਰ ਬਰ ਤਿਆਰ ਹੈ। ਪਹਿਲਿਆਂ ਚੋਣਾਂ ਵਾਂਗ ਇਨ੍ਹਾਂ ਚੋਣਾਂ ਲਈ ਵੀ 'ਆਪ' ਦੇ ਆਗੂਆਂ ਅਤੇ ਵਲੰਟੀਅਰਾਂ ਵਿੱਚ ਕਾਫੀ ਉਤਸ਼ਾਹ ਪਾਇਆ ਜਾ ਰਿਹਾ ਹੈ। ਕਿਸਾਨ ਆਗੂਆਂ ਨੇ ਕਿਹਾ ਕਿ ਪੰਜਾਬ ਦੇ ਲੋਕ ਸੂਬੇ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਿੱਚ ਸਰਕਾਰ ਦੇ ਕੰਮਾਂ ਤੋਂ ਖੁਸ਼ ਹਨ। ਉਨ੍ਹਾਂ ਕਿਹਾ ਕਿ ਇਸ ਤੋਂ ਪਹਿਲਾਂ ਉਪ ਚੋਣਾਂ ਅਤੇ ਪੰਚਾਇਤੀ ਚੋਣਾਂ 'ਚ ਵੀ ਸੂਬੇ ਦੇ ਲੋਕਾਂ ਨੇ ਸਾਥ ਦਿੱਤਾ ਹੈ। ਹੁਣ ਵੀ ਸੂਬੇ ਦੇ ਲੋਕ ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਚੋਣਾਂ ਵਿੱਚ ਆਮ ਆਦਮੀ ਪਾਰਟੀ ਦਾ ਸਾਥ ਦੇ ਕੇ ਪਿੰਡਾਂ ਦੇ ਵਿਕਾਸ ਦਾ ਰਾਹ ਖੋਲ੍ਹਣਗੇ। ਉਨ੍ਹਾਂ ਆਮ ਆਦਮੀ ਪਾਰਟੀ ਦੇ ਵਲੰਟੀਅਰਾਂ ਤੇ ਆਗੂਆਂ ਨੂੰ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਚੋਣਾਂ ਲਈ ਪੂਰੇ ਜੋਸ਼ੋ ਖਰੋਸ਼ ਨਾਲ ਤਿਆਰ ਰਹਿਣ ਲਈ ਕਿਹਾ।

# ਖ਼ੂਨਦਾਨ ਕੈਂਪ 'ਚ 58 ਯੂਨਿਟ ਖ਼ੂਨ ਕੀਤਾ ਇਕੱਠਾ

**ਮੋਹਾਲੀ (ਗੁਰਜੀਤ ਬਿੱਲਾ)** ਹਸਪਤਾਲਾਂ ਵਿੱਚ ਆਈ ਬਲੱਡ ਦੀ ਕਮੀ ਨੂੰ ਪੂਰਾ ਕਰਨ ਲਈ ਵਿਸ਼ਵਾਸ ਫਾਊਂਡੇਸ਼ਨ ਪੰਚਕੁਲਾ, ਐਚ ਡੀ ਐਫ ਸੀ ਬੈਂਕ ਅਤੇ ਭਾਰਤੀ ਰੈਡ ਕਰੋਸ ਸੁਸਾਇਟੀ ਜਿਲ੍ਹਾ ਸ਼ਾਖਾ ਮੋਹਾਲੀ ਨੇ ਗੁਰੂਦੇਵ ਸ਼੍ਰੀ ਸਵਾਮੀ ਵਿਸ਼ਵਾਸ ਦੇ ਆਸ਼ੀਰਵਾਦ ਨਾਲ



ਮਾਰਕੀਟ ਫੇਜ਼ 2 ਮੋਹਾਲੀ ਵਿੱਚ ਖ਼ੂਨਦਾਨ ਕੈਂਪ ਦਾ ਆਯੋਜਨ ਕੀਤਾ।ਬਲੈੱਡ ਬੈਂਕ ਭਾਭਾ ਕੈਂਸਰ ਇੰਸਟੀਚਿਊਟ ਨਿਊ ਚੰਡੀਗੜ੍ਹ ਦੀ ਟੀਮ ਨੇ ਡਾਕਟਰ ਨਵੀਨ ਬੰਸਲ ਦੀ ਦੇਖ ਰੇਖ ਵਿੱਚ 58 ਯੂਨਿਟਸ ਖ਼ੂਨ ਏਕਤਰ ਕੀਤਾ।ਵਿਸ਼ਵਾਸ ਫਾਊਂਡੇਸ਼ਨ ਦੀ ਪ੍ਰਧਾਨ ਸਾਧਵੀਂ ਨੀਲੀਮਾ ਵਿਸ਼ਵਾਸ ਨੇ ਆਖਿਆ ਕੈਂਪ ਦਾ ਉਦਘਾਟਨ ਏਮਪੀ ਸ਼੍ਰੀ ਅਨੰਦਪੁਰ ਸਾਹਿਬ ਮਨਵਿੰਦਰ ਸਿੰਗ ਕੰਗ ਨੇ ਸ਼ਮਾ ਰੋਸ਼ਨ ਕਰਕੇ ਕੀਤਾ।ਵਿਸ਼ਵਾਸ ਫਾਊਂਡੇਸ਼ਨ ਤੋਂ ਸ਼ਿਸ਼ੂਪਾਲ ਪਠਾਨੀਆ, ਸੰਤੋਸ਼ ਪਠਾਨੀਆ, ਅਨਿਰੁਧ ਪਠਾਨੀਆ, ਜਤਿੰਦਰ ਮਨਚੰਦਾ, ਪੁਨੀਤਾ ਮਨਚੰਦਾ, ਸੁਰਭੀ ਗੁਪਤਾ ਹਾਜ਼ਰ ਸਨ।ਵਿਸ਼ਵਾਸ ਫਾਊਂਡੇਸ਼ਨ ਦੇ ਪ੍ਰਧਾਨ ਸਾਧਵੀ ਨੀਲਿਮਾ ਨੇ ਵਿਸ਼ਵਾਸ ਕੀਤਾ ਕਿ ਲੋਕਾਂ ਵਿੱਚ ਇਹ ਭੁਲੇਖਾ ਹੈ ਕਿ ਖ਼ੂਨਦਾਨ ਕਰਨ ਨਾਲ ਸਰੀਰ ਵਿੱਚ ਕਮਜ਼ੋਰੀ ਆ ਰਹੀ ਹੈ।ਖ਼ੂਨਦਾਨ ਕਾਰਨ ਕੋਈ ਕਮਜ਼ੋਰੀ ਨਹੀਂ ਹੁੰਦੀ, ਅਸਲ ਵਿੱਚ ਸਭ ਨੂੰ 90 ਦਿਨ ਵਿੱਚ ਇੱਕ ਵਾਰ ਅਵੱਸਥਾ ਵੀ ਖ਼ੂਨਦਾਨ ਕਰਨਾ ਚਾਹੀਦਾ ਹੈ।

# ਫੁੱਟਬਾਲ ਟੂਰਨਾਮੈਂਟ 'ਚ ਮਾਹਿਲਪੁਰ ਨੇ ਗੁਜਰਪੁਰ ਦੀ ਟੀਮ ਨੂੰ 1-0 ਨਾਲ ਹਰਾਇਆ



**ਮਾਹਿਲਪੁਰ (ਸ.ਫਰੀ)**- ਬਲਾਕ ਮਾਹਿਲਪੁਰ ਦੇ ਪਿੰਡ ਭਾਰਟਾ ਗਣੇਸ਼ ਪੁਰ 'ਚ 1008 ਸੰਤ ਬਾਬਾ ਮਾਹਨ ਦਾਸ ਦੀ ਯਾਦ ਨੂੰ ਸਮਰਪਿਤ 22ਵਾਂ ਸਾਲਾਨਾ ਫੁੱਟਬਾਲ ਟੂਰਨਾਮੈਂਟ ਸੰਤ ਬਾਬਾ ਮਾਹਨ ਦਾਸ ਫੁੱਟਬਾਲ ਟੂਰਨਾਮੈਂਟ ਕਮੇਟੀ ਦੇ ਸੰਤ ਬਾਬਾ ਕਿਰਪਾਲ ਦਾਸ ਪ੍ਰਧਾਨ, ਸੰਤ ਬਾਬਾ ਸੰਤੋਖ ਦਾਸ ਅਗਵਾਈ ਹੇਠ ਗ੍ਰਾਮ ਪੰਚਾਇਤ ਭਾਰਟਾ, ਗ੍ਰਾਮ ਪੰਚਾਇਤ ਗਣੇਸ਼ ਪੁਰ ਸਮੂਹ ਐਨ ਆਰ ਆਈਜ਼ ਅਤੇ ਸਮੂਹ ਨਗਰ ਨਿਵਾਸੀਆਂ ਦੇ ਸ਼ਹਿਯੋਗ ਨਾਲ ਸ਼ੁਰੂ ਕਰਵਾਇਆ ਗਿਆ। ਜਦਕਿ ਸਮਾਗਮ ਦੀ ਪ੍ਰਧਾਨਗੀ ਕਮੇਟੀ ਦੇ ਵਾਈਸ ਪ੍ਰਧਾਨ ਸਾਬਕਾ ਸੰਮਤੀ ਮੈਂਬਰ ਰਸ਼ਪਾਲ ਸਿੰਘ ਲਾਲੀ, ਸਰਪੰਚ ਪ੍ਰਵੀਨ ਬਾਲਾ ਭਾਰਟਾ, ਸਰਪੰਚ ਕਵਲਦੀਪ ਕੌਰ ਗਣੇਸ਼ ਪੁਰ, ਨੰਬਰਦਾਰ ਤਕਦੀਰ ਸਿੰਘ, ਰਾਮਪਾਲ, ਪੰਡਿਤ ਦਾਵਿੰਦਰ ਸਿੰਘ ਬਾਹੋਵਾਲ, ਪਰਮਿੰਦਰ ਸਿੰਘ ਬਿਜਲੀ ਬੋਰਡ, ਰਾਮ ਲੁਭਾਇਆ ਕੈਂਡੋਵਾਲ ਯੂ ਕੇ, ਸਾਬਕਾ ਸਰਪੰਚ ਕੁਲਵਿੰਦਰ ਸਿੰਘ, ਗੁਰਮੇਲ ਸਿੰਘ ਇੱਟਲੀ, ਮਾਸਟਰ ਜਗਜੀਤ ਸਿੰਘ, ਇੰਦਰਜੀਤ ਸਿੰਘ ਆਦਿ ਨੇ ਕੀਤੀ। ਇਸ ਖੇਡੇ ਜਾ ਰਹੇ ਪੇਂਡੂ ਪੱਧਰ ਫੁੱਟਬਾਲ ਟੂਰਨਾਮੈਂਟ ਵਿੱਚ 24 ਟੀਮਾਂ ਓਪਨ ਅਤੇ 16ਟੀਮਾ ਅੰਡਰ 2008, 2009 ਦੀਆਂ ਟੀਮਾਂ ਹਿੱਸਾ ਲੈ ਰਹੀਆਂ ਹਨ। ਉਦਘਾਟਨੀ ਮੈਚ ਮਾਹਿਲਪੁਰ ਨੇ ਗੁਜਰਪੁਰ ਦੀ ਟੀਮ ਨੂੰ 1-0 ਨਾਲ ਹਰਾ ਕੇ ਮੈਚ ਜਿੱਤ ਲਿਆ।ਦੂਜਾ ਮੈਚ ਲੰਗੇਰੀ ਨੇ ਸੈਲਾਂ ਖੁਰਦ ਨੂੰ ਪਰਨਲਟੀ ਕਿੱਕ ਰਾਹੀਂ 4-3 ਨਾਲ ਹਰਾ ਕੇ ਮੈਚ ਜਿੱਤ ਲਿਆ, ਤੀਜਾ ਮੈਚ ਸਕਰੂਲੀ ਨੇ ਖੇੜਾ ਨੂੰ 4-2 ਨਾਲਹਰਾ ਕੇ ਮੈਚ ਜਿੱਤਿਆ। ਇਸ ਮੌਕੇ ਹਰਮੇਲ ਸਿੰਘ, ਪਰਮਿੰਦਰ ਸਿੰਘ ਮੈਟੂ, ਬਲਵੀਰ ਸਿੰਘ, ਜਤਿੰਦਰ ਸਿੰਘ, ਰਾਜਦੀਪ ਸਿੰਘ, ਤੀਰਥ ਕੌਰ ਗਣੇਸ਼ ਪੁਰ ਸਾਬਕਾ ਸਰਪੰਚ, ਕਰਨੈਲ ਸਿੰਘ, ਸਤਵੀਰ ਕੌਰ ਹੈਡ ਟੀਚਰ ਐਲੀਮੈਂਟਰੀ ਸਕੂਲ ਭਾਰਟਾ,ਪਰਮਿਲਾ ਹੈਡ ਟੀਚਰ ਪ੍ਰਾਇਮਰੀ ਸਕੂਲ,ਗੁਰਪਾਲ ਕੌਰ ਪੰਚ,ਡਾ ਕਮਲਜੀਤ ਸਿੰਘ, ਗੁਰਪਾਲ ਕੌਰ, ਗੁਰਵੰਤ ਸਿੰਘ, ਜਸਵੀਰ ਸਿੰਘ ਕੋਚ, ਓਂਕਾਰ ਸਿੰਘ ਕੋਚ, ਇਕਬਾਲ ਸਿੰਘ ਬਾਲੀ ਕੋਚ, ਇੰਦਰਜੀਤ ਸਿੰਘ ਭਾਰਟਾ, ਗੁਲਵੰਤ ਸਿੰਘ, ਹਰਦੀਸ ਸਿੰਘ, ਡਾ ਜੋਗਾ ਸਿੰਘ, ਗੁਰਿੰਦਰ ਸਿੰਘ ਗੋਲਡੀ, ਚਮਨ ਲਾਲ ਪੰਚ ਭਾਰਟਾ, ਘੁੱਦਾ ਸਮੇਤ ਵੱਡੀ ਗਿਣਤੀ ਵਿਚ ਖੇਡ ਪ੍ਰੇਮੀ ਹਾਜ਼ਰ ਸਨ।

# ਸਿਮਰਨਜੀਤ ਸਿੰਘ ਐਵਾਰਡ-2025 ਨਾਲ ਸਨਮਾਨਤ

## ਨੈਸ਼ਨਲ ਅਵਾਰਡ ਦਾ ਮਿਲਣਾ ਇਲਾਕੇ ਤੇ ਸੰਸਥਾ ਲਈ ਮਾਣ ਵਾਲੀ ਗੱਲ : ਪ੍ਰਿੰਸੀਪਲ

**ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਸਿੱਖ ਪੰਥ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ , ਸ੍ਰੀ ਅੰਮ੍ਰਿਤਸਰ ਸਾਹਿਬ ਅਤੇ ਡਾਇਰੈਕਟਰੇਟ ਆਫ ਐਜੂਕੇਸ਼ਨ ,ਬਹਾਦਰਗੜ੍ਹ ਪਟਿਆਲਾ ਦੀ ਯੋਗ ਰਹਿਨੁਮਾਈ ਹੇਠ ਚੱਲ ਰਹੀ ਇਲਾਕੇ ਦੀ ਮੋਹਰੀ ਤੇ ਮਾਣਮੱਤੀ ਸੰਸਥਾ ਭਾਈ ਨੰਦ ਲਾਲ ਪਬਲਿਕ ਸਕੂਲ ਸ੍ਰੀ ਅਨੰਦਪੁਰ ਸਾਹਿਬ (ਸੀ.ਬੀ.ਐਸ.ਈ, ਨਵੀਂ ਦਿੱਲੀ) ਵਿੱਚ ਸੇਵਾਵਾ ਨਿਭਾ ਰਹੇ ਸਿਮਰਨਜੀਤ ਸਿੰਘ ਨੂੰ ਸਮਾਜਿਕ




ਕੰਮਾਂ ਤੇ ਸਿੱਖਿਆ ਦੇ ਖੇਤਰ ਵਿੱਚ ਕ੍ਰਾਂਤੀ ਲਿਆਉਣ ਵਾਲੀ ਜਾਣੀ ਜਾਂਦੀ ਫੈਡਰੇਸ਼ਨ ਆਫ ਪ੍ਰਾਈਵੇਟ ਸਕੂਲਜ ਐਂਡ ਐਸੋਸੀਏਸ਼ਨਜ ਵੱਲੋਂ ਚੰਡੀਗੜ੍ਹ ਯੂਨੀਵਰਸਿਟੀ ਵਿੱਚ ਕਰਵਾਏ ਗਏ ਐਵਾਰਡ ਸਮਾਰੋਹ ਵਿੱਚ ਨੈਸ਼ਨਲ ਐਵਾਰਡ 2025 ਨਾਲ ਸਨਮਾਨਿਤ ਕੀਤਾ ਗਿਆ। ਜਿਸ ਵਿੱਚ ਹਰਿਆਣੇ ਦੇ ਮਾਨਯੋਗ ਗਵਰਨਰ ਸ੍ਰੀ ਆਸ਼ਿਸ ਕੁਮਾਰ ਘੋਸ਼, ਸ੍ਰ ਸਤਨਾਮ ਸਿੰਘ ਸੰਧੂ ਮੈਂਬਰ ਆਫ ਪਾਰਲੀਮੈਂਟ ਮੁੱਖ ਮਹਿਮਾਨ ਅਤੇ ਸੀ.ਆਈ.ਐਸ.ਸੀ.ਈ ਬੋਰਡ ਦੇ ਚੈਅਰਮੈਨ ਡਾ. ਜੀ ਇਮੈਨੂਅਲ, ਪੰਜਾਬ ਸਕੂਲ ਸਿੱਖਿਆ ਬੋਰਡ ਦੇ ਚੇਅਰਮੈਨ ਡਾ. ਅਮਰਪਾਲ ਸਿੰਘ, ਫੈਡਰੇਸ਼ਨ ਦੇ ਚੇਅਰਮੈਨ ਡਾਕਟਰ ਜਗਜੀਤ ਸਿੰਘ ਧੂਰੀ, ਗਾਇਕ ਜਸਬੀਰ ਜੱਸੀ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ। ਪ੍ਰਿੰਸੀਪਲ ਸ੍ਰ ਸਤਨਾਮ ਸਿੰਘ ਨੇ ਦੱਸਿਆ ਕਿ ਸ .ਹਰਜਿੰਦਰ ਸਿੰਘ ਧਾਮੀ, ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ਼੍ਰੀ ਅੰਮ੍ਰਿਤਸਰ ਸਾਹਿਬ, ਸ. ਸੁਖਮਿੰਦਰ ਸਿੰਘ ਵਿਦਿਆ ਸਕੱਤਰ, ਬੀਬੀ ਸਤਵੰਤ ਕੌਰ ਅਸਿਸਟੈਂਟ ਡਾਇਰੈਕਟਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਪਿਛਲੇ ਲੰਬੇ ਸਮੇਂ ਤੋਂ ਸਕੂਲ ਸਿੱਖਿਆ ਦੇ ਨਾਲ ਨਾਲ ਹੋਰ ਬਹੁਤ ਸਾਰੇ ਖੇਤਰਾਂ ਵਿੱਚ ਬੁਲੰਦੀਆਂ ਹਾਸਲ ਕਰ ਰਿਹਾ ਹੈ। ਪ੍ਰਿੰਸੀਪਲ ਸਤਨਾਮ ਸਿੰਘ ਨੇ ਦੱਸਿਆ ਕਿ ਸਿਮਰਨਜੀਤ ਸਿੰਘ ਸਪੁੱਤਰ ਗੁਰਮੇਲ ਸਿੰਘ (ਹਜ਼ੂਰੀ ਰਾਗੀ ਤਖਤ ਸ੍ਰੀ ਕੇਸਗੜ੍ਹ ਸਾਹਿਬ ਸ੍ਰੀ ਅਨੰਦਪੁਰ ਸਾਹਿਬ) ਪਿਛਲੇ ਲੰਬੇ ਸਮੇਂ ਤੋਂ ਭਾਈ ਨੰਦ ਲਾਲ ਪਬਲਿਕ ਸਕੂਲ ਸ੍ਰੀ ਅਨੰਦਪੁਰ ਸਾਹਿਬ ਵਿੱਖੇ ਸ਼ਾਨਦਾਰ ਸੇਵਾਵਾ ਨਿਭਾ ਰਹੇ ਹਨ। ਉਹਨਾ ਨੇ ਦੱਸਿਆ ਕਿ ਦਿਨ ਰਾਤ ਮਿਹਨਤ ਕਰਦੇ ਹੋਏ ਬੱਚਿਆਂ ਦੇ ਸੋਹਣੇ ਭਵਿੱਖ ਲਈ ਅਤੇ ਸਕੂਲ ਨੂੰ ਬੁਲੰਦੀਆਂ ਤੀਕ ਪੁਹੰਚਾਉਣ ਲਈ ਇਹ ਹਮੇਸ਼ਾ ਤਤਪਰ ਰਹਿੰਦੇ ਹਨ।ਇਸ ਮੌਕੇ ਤੇ ਫੈਪ ਦੇ ਪ੍ਰਬੰਧਕਾਂ ਵੱਲੋਂ ਸਿਮਰਨਜੀਤ ਸਿੰਘ ਨੂੰ ਨੈਸ਼ਨਲ ਅਵਾਰਡ 2025 ਵਿੱਚ ਪ੍ਰਾਈਡ ਆਫ਼ ਸਕੂਲ ਅਵਾਰਡ ਲਈ ਚੁਣੇ ਜਾਣ 'ਤੇ ਦਿਲੋਂ ਵਧਾਈ ਦਿੱਤੀ। ਇਸ ਮੌਕੇ ਤੇ ਸਿਮਰਨਜੀਤ ਸਿੰਘ ਨੇ ਇਸ ਉਪਲਭਦੀ ਲਈ ਆਪਣੇ ਪਰਵਾਰ, ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਮੁੱਚੇ ਪ੍ਰਬੰਧਕਾਂ, ਸਾਰੇ ਸਟਾਫ ਮੈਂਬਰਾਂ ਅਤੇ ਹੋਣਹਾਰ ਵਿਦਿਆਰਥੀਆਂ ਨੂੰ ਧੰਨਵਾਦ ਕੀਤਾ, ਜਿਹਨਾਂ ਦੀ ਬਦੌਲਤ ਉਹਨਾਂ ਨੂੰ ਇਹ ਮਾਣ ਮਹਿਸੂਸ ਹੋਇਆ।

# ਐੱਸ ਐੱਮ ਓ ਨੇ ਲੋਕਾਂ ਨੂੰ ਅੰਗ ਦਾਨ ਕਰਨ ਦੀ ਸਹੁੰ ਚੁਕਾਈ

**ਮਾਹਿਲਪੁਰ (ਸ.ਫਰੀ)**- ਪੰਜਾਬ ਸਰਕਾਰ ਦੇ ਹੁਕਮਾਂ ਅਤੇ ਸਿਵਲ ਸਰਜਨ ਹੁਸ਼ਿਆਰਪੁਰ ਡਾ. ਬਲਵੀਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਹੇਠ ਐਸ ਐਮ ਓ ਡਾ ਜਸਵੰਤ ਸਿੰਘ ਥਿੰਦ ਦੀ ਅਗਵਾਈ ਹੇਠ ਸਮੂਹ ਹਸਪਤਾਲ ਦੇ ਸਟਾਫ ਅਤੇ ਹਾਜ਼ਰ ਆਮ ਲੋਕਾਂ ਨੂੰ ਅੰਗ ਦਾਨ ਕਰਨ



ਸੰਬੰਧੀ ਸਹੁੰ ਚੁਕਾਈ ਗਈ।ਇਸ ਮੌਕੇ ਡਾ. ਥਿੰਦ ਨੇ ਕਿਹਾ ਕਿ ਅੰਗ ਦਾਨ ਇਕ ਮਹਾਨ ਕਾਰਜ ਹੈ ਜਿਸ ਨਾਲ ਇਕ ਵਿਅਕਤੀ ਆਪਣੀ ਮੌਤ ਤੋਂ ਬਾਅਦ ਆਪਣੇ ਅੰਗ ਦੂਜੇ ਲੋੜਵੰਦ ਮਰੀਜ਼ਾਂ ਨੂੰ ਦਾਨ ਕਰਨਾ ਹੈ ਤਾਂ ਜੋ ਉਨ੍ਹਾਂ ਦੀ ਜਾਨ ਬਚਾਈ ਜਾ ਸਕੇ ਜਾਂ ਉਨ੍ਹਾਂ ਦਾ ਜੀਵਨ ਬਿਹਤਰ ਬਣਾਇਆ ਜਾ ਸਕੇ।ਇਕ ਅੰਗ ਦਾਨ ਕਰਨ ਵਾਲਾ ਵਿਅਕਤੀ ਅੱਠ ਤੋਂ ਵੱਧ ਲੋਕਾਂ ਦੀ ਜਾਨ ਬਚਾ ਸਕਦਾ ਹੈ ਅਤੇ ਇਕ ਟਿਸ਼ੂ ਦਾਨ ਨਾਲ ਕਈ ਹੋਰਾਂ ਦੀ ਜ਼ਿੰਦਗੀ ਬਿਹਤਰ ਬਣ ਸਕਦੀ ਹੈ।ਉਨ੍ਹਾਂ ਦੱਸਿਆ ਕਿ ਦਿਲ, ਗੁਰਦੇ, ਫੇਫੜੇ, ਜਿਗਰ, ਪੈਨਕਰੀਆਸ, ਅਤੇ ਛੋਟੀ ਅੰਤੜੀ ਵਰਗੇ ਅੰਗ ਮੌਤ ਤੋਂ ਬਾਅਦ ਦਾਨ ਕੀਤੇ ਜਾ ਸਕਦੇ ਹਨ।ਉਨ੍ਹਾਂ ਦੱਸਿਆ ਕਿ ਜਿਉਂਦਾ ਵਿਅਕਤੀ ਵੀ ਇਕ ਗੁਰਧਾਮਾਂ ਜਿਗਰ ਦਾ ਹਿੱਸਾ ਦਾਨ ਕਰ ਸਕਦਾ ਹੈ ਉਨ੍ਹਾਂ ਕਿਹਾ ਕਿ ਅੰਗਦਾਨ ਸੇਵਾ ਮਾਨਵਤਾ ਦਾ ਇਕ ਵੱਡਾ ਰੂਪ ਹੈ ਇਸ ਲਈ ਸਾਨੂੰ ਸਾਰਿਆਂ ਨੂੰ ਇਸ ਲਈ ਪ੍ਰਣ ਲੈਣਾ ਚਾਹੀਦਾ ਹੈ।ਇਸ ਮੌਕੇ ਡਾ. ਮਨਜੀਤ ਕੌਰ, ਮਨਦੀਪ ਕੌਰ, ਬੈਂਸ, ਅਪਥਾਲਮਿਕ ਅਫ਼ਸਰ ਡਾਕਟਰ ਪਰਮਿੰਦਰ ਸਿੰਘ ਅਤੇ ਆਮ ਲੋਕ ਹਾਜ਼ਰ ਸਨ।

# ਪਨਬੱਸਾਂ ਦੇ ਮੁਲਾਜ਼ਮਾਂ ਨਾਲ ਧੱਕਾ ਨਿੰਦਣਯੋਗ

**ਚਮਕੌਰ ਸਾਹਿਬ (ਗੁਰਵਿੰਦਰਪਾਲ ਸਿੰਘ ਬੌਬੀ)**: ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਦੇ ਬੁਲਾਰੇ ਅਤੇ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਸਰਪ੍ਰਸਤ ਕਰਨੈਲ ਸਿੰਘ ਪੀਰਮੁਹੰਮਦ ਨੇ ਪੰਜਾਬ ਸਰਕਾਰ ਵੱਲੋਂ ਪਨਬਸ ਤੇ ਪੀ ਆਰ ਟੀ ਸੀ ਦੇ ਮੁਲਾਜ਼ਮਾਂ ਨਾਲ ਕੀਤਾ ਜਾ ਰਿਹਾ ਧੱਕਾ ਨਿੰਦਣਯੋਗ ਕਰਾਰ ਦਿੱਤਾ ਹੈ।ਉਨ੍ਹਾਂ ਪੰਜਾਬ ਅੰਦਰ ਪਨਬਸ ਅਤੇ ਪੀ ਆਰ ਟੀ ਸੀ ਦੇ ਮੁਲਾਜ਼ਮਾਂ ਵੱਲੋਂ ਕੀਤੇ ਜਾ ਰਹੇ ਪੂਰਨ ਅਮਨ ਸੰਘਰਸ਼ ਦੀ ਜ਼ੋਰਦਾਰ ਸ਼ਲਾਘਾ ਕਰਦਿਆਂ ਕਿਹਾ ਹੈ ਕਿ ਕਿਸੇ ਨੂੰ ਵੀ ਹੱਕ ਹੈ ਕਿ ਉਹ ਡੈਮੋਕਰੇਟਿਕ ਢੰਗ ਤਰੀਕਿਆਂ ਦੇ ਨਾਲ ਆਪਣੀ ਆਵਾਜ਼ ਬੁਲੰਦ ਕਰ ਸਕੇ ਪਰ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਜਿਸ ਤਰੀਕੇ ਦੇ ਨਾਲ ਮੁਲਾਜ਼ਮਾਂ ਦੇ ਉੱਪਰ ਜਬਰ ਜ਼ੁਲਮ ਢਾਇਆ ਜਾ ਰਿਹਾ ਹੈ ਅਤੇ ਉਨ੍ਹਾਂ ਨੂੰ ਜਬਰੀ ਸਸਪੈਂਡ ਤੇ ਡਿਸਮਿਸ ਕੀਤਾ ਜਾ ਰਿਹਾ ਹੈ, ਇਹ ਸਿੱਧੀ ਨਾਦਰਸ਼ਾਹੀ ਹੈ। ਉਨ੍ਹਾਂ ਕਿਹਾ ਕਿ ਪਨਬਸ ਅਤੇ ਪੀਆਰਟੀਸੀ ਦੇ ਮੁਲਾਜ਼ਮਾਂ ਦੀਆਂ ਹੱਕੀ ਮੰਗਾਂ ਨੂੰ ਤੁਰੰਤ ਪੰਜਾਬ ਸਰਕਾਰ ਨੂੰ ਮੰਨ ਲੈਣਾ ਚਾਹੀਦਾ ਹੈ ਅਤੇ ਜਿਹੜੇ ਮੁਲਾਜ਼ਮਾਂ ਨੂੰ ਸਸਪੈਂਡ ਕੀਤਾ ਗਿਆ ਹੈ ਜਾਂ ਡਿਸਮਿਸ ਕੀਤਾ ਗਿਆ ਉਨ੍ਹਾਂ ਨੂੰ ਬਿਨਾਂ ਕਿਸੇ ਦੇਰੀ ਦੇ ਬਹਾਲ ਕੀਤਾ ਜਾਵੇ।ਜਿਹੜੇ ਮੁਲਾਜ਼ਮਾਂ ਦੇ ਉੱਪਰ ਧੱਕੇਸ਼ਾਹੀ ਕਰਕੇ ਉਨ੍ਹਾਂ ਦੀਆਂ ਦਸਤਾਰਾਂ ਨੂੰ ਉਤਾਰਿਆ ਗਿਆ ਹੈ, ਉਸ ਦੀ ਬਕਾਇਦਾ ਜੁਡੀਸ਼ਅਲੀ ਜਾਂਚ ਹੋਣੀ ਬੇਹੱਦ ਜਰੂਰੀ ਹੈ।

# ਬੇਗਮਪੁਰਾ ਦੇ ਰਸਤੇ 'ਚ ਰੋੜੇ ਬਣਨ ਵਾਲਿਆਂ ਨੂੰ ਸੰਗਤਾਂ ਮਾਫ਼ ਨਹੀਂ ਕਰਨਗੀਆਂ : ਸੰਤ ਸਰਵਣ ਦਾਸ, ਸੰਤ ਸਤਵਿੰਦਰ ਹੀਰਾ

**ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ)** ਆਦਿ ਧਰਮ ਸਾਧੂ ਸਮਾਜ ਦੇ ਰਾਸ਼ਟਰੀ ਪ੍ਰਧਾਨ ਸੰਤ ਸਰਵਣ ਦਾਸ ਸਲੇਮਟਾਵਰੀ ਸੀਨੀ. ਮੀਤ ਪ੍ਰਧਾਨ ਗੁਰੂ ਰਵਿਦਾਸ ਸਾਧੂ



ਸੰਪਰਦਾਇ ਸੁਸਾਇਟੀ ਪੰਜਾਬ ਸ੍ਰੀ ਗੁਰੂ ਰਵਿਦਾਸ ਇਤਿਹਾਸਕ ਧਰਮ ਅਸਥਾਨ ਚਰਨਛੋਹ ਸੱਚਖੰਡ ਬੇਗਮਪੁਰਾ ਸ੍ਰੀ ਖੁਰਾਲਗੜ ਸਾਹਿਬ ਵਿਖੇ ਨਤਮਸਤਿਕ ਹੋਏ ਅਤੇ ਇਥੇ ਉਨ੍ਹਾਂ ਸੰਤ ਸਤਵਿੰਦਰ ਹੀਰਾ ਰਾਸ਼ਟਰੀ ਪ੍ਰਧਾਨ ਆਲ ਇੰਡੀਆ ਆਦਿ ਧਰਮ ਮਿਸ਼ਨ ਭਾਰਤ ਅਤੇ ਹਾਜਰ ਸੰਗਤਾਂ ਨਾਲ ਵਿਚਾਰ ਵਟਾਂਦਰਾ ਕੀਤਾ ਅਤੇ ਚੱਲ ਰਹੇ ਕਾਰਜਾਂ ਸਬੰਧੀ ਜਾਣਕਾਰੀ ਪ੍ਰਾਪਤ ਕੀਤੀ।ਇਸ ਮੌਕੇ ਸੰਤ ਸਰਵਣ ਦਾਸ, ਸੰਤ ਸਤਵਿੰਦਰ ਹੀਰਾ ਨੇ ਕਿਹਾ ਕਿ ਬੇਗਮਪੁਰਾ ਦੇ ਰਸਤੇ ਵਿਚ ਰੋੜੇ ਬਣਨ ਵਾਲਿਆਂ ਨੂੰ ਸੰਗਤਾਂ ਕਦੀ ਮਾਫ਼ ਨਹੀਂ ਕਰਨਗੀਆਂ। ਓਨਾਂ ਕਿਹਾ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਕ੍ਰਾਂਤੀਕਾਰੀ ਬਾਣੀ ਦੇ ਪ੍ਰਚਾਰ ਪ੍ਰਸਾਰ ਅਤੇ ਆਦਿ ਵਾਸੀ ਬਹੁਜਨ ਸਮਾਜ ਦੇ ਮਹਾਨ ਰਹਿਬਰ ਬਾਬੂ ਮੰਗੂ ਰਾਮ ਮੁਗੋਵਾਲੀਆ, ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ, ਬਾਬੂ ਕਾਂਸ਼ੀ ਰਾਮ ਦੇ ਆਰਥਿਕ, ਸਮਾਜਿਕ ਅਤੇ ਰਾਜਨੀਤਕ ਪਰਿਵਰਤਨ ਦੇ ਮਿਸ਼ਨ ਨੂੰ ਜਨ ਜਨ ਤੱਕ ਪਹੁੰਚਾਉਣ ਲਈ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਅਤੇ ਆਲ ਇੰਡੀਆ ਆਦਿ ਧਰਮ ਮਿਸ਼ਨ ਵੱਲੋਂ ਸਾਂਝੇ ਯਤਨਾਂ ਸਦਕਾ ਉਸਾਰੇ ਜਾ ਰਹੇ ਸ੍ਰੀ ਗੁਰੂ ਰਵਿਦਾਸ ਬੇਗਮਪੁਰਾ ਸਦਨ ਅਤੇ ਅਤੇ ਸ੍ਰੀ ਗੁਰੂ ਰਵਿਦਾਸ ਇਤਿਹਾਸਕ ਧਰਮ ਅਸਥਾਨ ਚਰਨਛੋਹ ਸੱਚਖੰਡ ਬੇਗਮਪੁਰਾ ਸ੍ਰੀ ਖੁਰਾਲਗੜ ਸਾਹਿਬ ਦੀ ਉਸਾਰੀ ਦੇ ਰਸਤੇ ਵਿਚ ਰੋੜੇ ਬਣਨ ਵਾਲਿਆਂ ਨੂੰ ਸੰਗਤਾਂ ਕਦੀ ਮਾਫ ਨਹੀਂ ਕਰਨਗੀਆਂ।ਸੰਤ ਸਰਵਣ ਦਾਸ, ਸੰਤ ਸਤਵਿੰਦਰ ਹੀਰਾ ਨੇ ਸ੍ਰੀ ਗੁਰੂ ਰਵਿਦਾਸ ਬੇਗਮਪੁਰਾ ਸਦਨ ਅਤੇ ਸ੍ਰੀ ਗੁਰੂ ਰਵਿਦਾਸ ਇਤਿਹਾਸਕ ਧਰਮ ਅਸਥਾਨ ਚਰਨਛੋਹ ਸੱਚਖੰਡ ਬੇਗਮਪੁਰਾ ਸ੍ਰੀ ਖੁਰਾਲਗੜ ਸਾਹਿਬ ਦੀ ਉਸਾਰੀ ਲਈ ਦੇਸ਼ ਵਿਦੇਸ਼ ਦੀਆਂ ਸੰਗਤਾਂ ਵੱਲੋਂ ਦਿੱਤੇ ਜਾ ਰਹੇ ਭਾਰੀ ਸ਼ਰਧਾ, ਸਹਿਯੋਗ ਲਈ ਧੰਨਬਾਦ ਵੀ ਕੀਤਾ।ਇਸ ਮੌਕੇ ਨਰਿੰਦਰਪਾਲ ਸਿੰਘ ਖੇਤਾਨ, ਅਮਰਜੀਤ ਸਾਂਪਲਾ, ਲਖਵੀਰ ਕੁਮਾਰ ਪ੍ਰਚਾਰਕ ਆਦਿ ਧਰਮ ਮਿਸ਼ਨ, ਰਵੀ ਮਾਨ, ਰਾਹੁਲ ਧੀਰ, ਲਖਵੀਰ ਨੈਨਵਾਂ ਅਤੇ ਸੰਗਤਾਂ ਹਾਜ਼ਰ ਸਨ।

# ਸਿੰਗਲ ਟੀਚਰ ਸਕੂਲ ਦੇ ਵਿਦਿਆਰਥੀ ਰਹਿਣਗੇ 18 ਦਿਨ ਪੜ੍ਹਾਈ ਤੋਂ ਵਿਰਵੇ : ਜੀ ਟੀ ਯੂ

**ਜਲੰਧਰ (ਰਾਜੇਸ਼ ਥਾਪਾ)** ਪੰਜਾਬ ਸਿੱਖਿਆ ਵਿਭਾਗ ਨੇ ਇੱਕ ਨਵਾਂ ਫਰਮਾਨ ਜਾਰੀ ਕੀਤਾ ਹੈ ਜਿਸ ਅਨੁਸਾਰ ਪ੍ਰੀ ਨਰਸਰੀ ਤੋਂ ਲੈ ਕੇ ਪੰਜਵੀਂ ਕਲਾਸ ਤੱਕ ਹਰ ਕਲਾਸ ਨੂੰ ਪੜ੍ਹਾ ਰਹੇ ਅਧਿਆਪਕ ਦੇ ਤਿੰਨ ਤਿੰਨ ਦਿਨ ਦੇ ਸੈਮੀਨਾਰ ਲੱਗ ਰਹੇ ਹਨ।ਜਿਹੜੇ ਸਕੂਲ ਵਿੱਚ ਸਿੰਗਲ ਟੀਚਰ ਹੈ। ਉਹ ਅਧਿਆਪਕ 18 ਦਿਨ ਸੈਮੀਨਾਰਾਂ ਵਿੱਚ ਰਹੇਗਾ।ਪੰਜਾਬ ਭਰ ਦੇ ਬਹੁਤ ਸਕੂਲ ਵਿੱਚ ਦੋ ਅਧਿਆਪਕ ਪੜ੍ਹਾ ਰਹੇ ਹਨ।ਇਸ ਦਾ ਮਤਲਬ ਕਿ 9 ਦਿਨ ਅਧਿਆਪਕ ਸਕੂਲੋਂ ਬਾਹਰ ਰਹੇਗਾ।ਜਿਸ ਨਾਲ ਬੱਚਿਆਂ ਦੀ ਪੜ੍ਹਾਈ ਦਾ ਕੀ ਹੋਵੇਗਾ।ਸਿੱਖਿਆ ਵਿਭਾਗ ਦੇ ਤੁਗਲਕੀ ਫਰਮਾਨ ਦਾ ਪਹਿਲਾ ਮੌਕਾ ਹੋਵੇਗਾ, ਜਿਸ ਨਾਲ ਇੰਨੇ ਦਿਨ ਸੈਮੀਨਾਰਾਂ ਵਿੱਚ ਅਧਿਆਪਕ ਰਹਿਣਗੇ ਰਹਿਣ ਨਾਲ ਬੱਚਿਆਂ ਪੜ੍ਹਾਈ ਦਾ ਨੁਕਸਾਨ ਹੋਵੇਗਾ। ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੇ ਪ੍ਰਧਾਨ ਸੁਖਵਿੰਦਰ ਸਿੰਘ ਚਾਹਲ ਜਨਰਲ ਸਕੱਤਰ ਗੁਰਬਿੰਦਰ ਸਿੰਘ ਸਸਕੌਰ, ਖਜਾਨਚੀ ਮਨੋਹਰ ਲਾਲ ਸ਼ਰਮਾ, ਸਹਾਇਕ ਸਕੱਤਰ ਗਣੇਸ਼ ਭਗਤ, ਮੀਤ ਪ੍ਰਧਾਨ ਰਛਪਾਲ ਸਿੰਘ ਵੜੈਚ ਨੇ ਦੱਸਿਆ ਕਿ ਪ੍ਰਾਇਮਰੀ ਸਕੂਲਾਂ ਵਿੱਚ ਪਹਿਲਾਂ ਹੀ ਅਧਿਆਪਕਾਂ ਦੀ ਬਹੁਤ ਜਿਆਦਾ ਘਾਟ ਹੈ ਅਤੇ ਇਸ ਤਰ੍ਹਾਂ ਸੈਮੀਨਾਰ ਲੱਗਣ ਦੇ ਨਾਲ ਸਿੱਖਿਆ ਦਾ ਮਿਆਰ ਹੋਰ ਡਿੱਗੇਗਾ। ਸਿੱਖਿਆ ਵਿਭਾਗ ਵੱਲੋਂ ਨਿੱਤ ਨਵੇਂ ਨਵੇਂ ਫਰਮਾਨਾਂ ਨੇ ਅਧਿਆਪਕਾ ਨੂੰ ਕਿਵੇਂ ਬੱਚਿਆਂ ਤੋਂ ਦੂਰ ਰੱਖਣਾ ਹੈ। ਅਧਿਆਪਕਾਂ ਨੂੰ ਸੈਮੀਨਾਰ ਵਿੱਚ ਉਲਝਾ ਕੇ ਬੱਚਿਆਂ ਤੋਂ ਸਿੱਖਿਆ ਗ੍ਰਹਿਣ ਦਾ ਅਧਿਕਾਰ ਖੋਹਣ ਦਾ ਕੰਮ ਕਰ ਰਹੀ ਹੈ। ਇਸ ਲਈ ਸਿੱਖਿਆ ਵਿਭਾਗ ਦੇ ਅਧਿਕਾਰੀਆਂ ਅਤੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੂੰ ਸਰਕਾਰੀ ਸਕੂਲਾਂ ਵਿਚ ਪੜ੍ਹਦੇ ਬੱਚਿਆਂ ਦੀ ਬੇਹਤਰੀ ਲਈ ਇਸ ਤਰ੍ਹਾਂ ਦੇ ਤੁਗਲਕੀ ਫੁਰਮਾਨ ਨੂੰ ਤੁਰੰਤ ਵਾਪਸ ਲਿਆ ਜਾਣਾ ਚਾਹੀਦਾ ਹੈ।

# ਬੈਂਸ ਗੁਰਦੁਆਰਾ ਸੀਸ ਗੰਜ ਸਾਹਿਬ ਵਿਖੇ ਹੋਏ ਨਤਮਸਤਕ

**ਸ਼੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)** ਹਰਜੋਤ ਸਿੰਘ ਬੈਂਸ ਕੈਬਨਿਟ ਮੰਤਰੀ ਸਿੱਖਿਆ ਅਤੇ ਸੂਚਨਾ ਤੇ ਲੋਕ ਸੰਪਰਕ ਵਿਭਾਗ ਪੰਜਾਬ ਨੇ ਗੁਰਦੁਆਰਾ ਸੀਸ ਗੰਜ ਸਾਹਿਬ, ਸ਼੍ਰੀ ਅਨੰਦਪੁਰ ਸਾਹਿਬ ਵਿਖੇ ਮੱਥਾ ਟੇਕ ਕੇ ਨੌਵੇਂ ਪਾਤਸ਼ਾਹ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਲਾਸ਼ਾਨੀ ਸ਼ਹਾਦਤ ਨੂੰ ਨਮਨ ਕੀਤਾ।ਕੈਬਨਿਟ ਮੰਤਰੀ ਨੇ ਸੀਸ ਸਸਕਾਰ ਦਿਵਸ ਦੇ ਪਾਵਨ ਮੌਕੇ ਵਿਸ਼ਾਲ ਸੀਸ ਮਾਰਗ ਨਗਰ ਕੀਰਤਨ ਵਿੱਚ ਹਾਜ਼ਰੀ ਭਰੀ ਅਤੇ



ਸੰਗਤਾਂ ਨਾਲ ਮਿਲ ਕੇ ਸ਼ਰਧਾ ਭਾਵਨਾ ਨਾਲ ਸ਼ਮੂਲੀਅਤ ਕੀਤੀ।ਕੈਬਨਿਟ ਮੰਤਰੀ ਨੇ ਕਿਹਾ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਮਨੁੱਖਤਾ ਲਈ ਉਹ ਅਦੁੱਤੀ ਸ਼ਹਾਦਤ ਹੈ, ਜਿਸਦੀ ਉਦਾਹਰਣ ਸਮੁੱਚੇ ਸੰਸਾਰ ਵਿੱਚ ਨਹੀਂ ਮਿਲਦੀ।ਹਿੰਦ ਦੀ ਚਾਦਰ ਦੇ ਸਨਮਾਨ ਨਾਲ ਨਵਾਜ਼ੇ ਗੁਰੂ ਸਾਹਿਬ ਨੇ ਧਰਮ, ਇਨਸਾਫ ਅਤੇ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਆਪਣਾ ਸੀਸ ਨਿਛਾਵਰ ਕਰ ਦਿੱਤਾ।ਨਗਰ ਕੀਰਤਨ ਦੌਰਾਨ ਹਜ਼ਾਰਾਂ ਸੰਗਤਾਂ ਨੇ ਭਗਤੀ-ਭਾਵਨਾ ਨਾਲ ਗੁਰੂ ਸਾਹਿਬ ਦੇ ਉਪਦੇਸ਼ਾਂ ਨੂੰ ਸਿਮਰਿਆ ਅਤੇ ਸਮੂਹ ਸਮਾਜ ਵਿੱਚ ਸ਼ਾਂਤੀ, ਭਾਈਚਾਰੇ ਅਤੇ ਸੱਚ ਦੀ ਜਿੱਤ ਦਾ ਸੰਦੇਸ਼ ਪ੍ਰਸਾਰਤ ਕੀਤਾ।

# ਵਿਦਿਆਰਥੀਆਂ ਦੀ ਜਿੱਤ ਨੇ ਭਗਵਾਂ ਏਜੰਡਾ ਲਾਗੂ ਕਰਨ ਨੂੰ ਠੱਲ੍ਹ ਪਾਈ : ਸੇਖੋਂ

**ਨਵਾਂਸ਼ਹਿਰ (ਅਵਤਾਰ ਕਲੇਰ, ਕੁਲਵਿੰਦਰ ਸਿੰਘ ਦੁਰਗਾਪੁਰੀਆ)** ਪੰਜਾਬ ਯੂਨੀਵਰਸਿਟੀ ਦੇ ਵਿਦਿਆਰਥੀਆਂ ਦੀ ਜਿੱਤ ਨੇ ਕੇਂਦਰ ਸਰਕਾਰ ਵੱਲੋਂ ਭਗਵਾਂ ਏਜੰਡਾ ਲਾਗੂ ਕਰਨ ਨੂੰ ਠੱਲ੍ਹ ਪਾ ਦਿੱਤੀ ਹੈ।ਇਹ ਵਿਚਾਰ ਪ੍ਰਗਟ ਕਰਦਿਆਂ ਸੀ ਪੀ ਆਈ ਐੱਮ ਪੰਜਾਬ ਦੇ ਸਕੱਤਰ ਸੁਖਵਿੰਦਰ ਸਿੰਘ ਸੇਖੋਂ ਨੇ ਕਿਹਾ ਕਿ ਤਾਨਾਸ਼ਾਹੀ ਸਾਸਕਾਂ ਦੀ



ਧੱਕੇਸ਼ਾਹੀ ਰੋਕਣ ਲਈ ਸੰਜਮ, ਏਕਤਾ ਤੇ ਦ੍ਰਿੜਤਾ ਨਾਲ ਲੜਿਆ ਸੰਘਰਸ਼ ਹੀ ਇੱਕੋ ਇੱਕ ਰਸਤਾ ਹੁੰਦਾ ਹੈ, ਇਸ ਸੰਘਰਸ਼ ਨੇ ਇਹ ਸੱਚਾਈ ਤੇ ਮੋਹਰ ਲਾ ਦਿੱਤੀ ਹੈ।ਇੱਥੇ ਇਹ ਵਰਨਣਯੋਗ ਹੈ ਕਿ ਕੇਂਦਰ ਸਰਕਾਰ ਨੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੀਆਂ ਸੈਨੇਟ ਚੋਣਾਂ ਕਰਵਾਉਣ ਦਾ ਐਲਾਨ ਕਰ ਦਿੱਤਾ ਹੈ, ਜਿਸ ਸੰਬੰਧੀ ਨੋਟੀਫਿਕੇਸ਼ਨ ਜਾਰੀ ਹੋ ਚੁੱਕਾ ਹੈ। ਸੈਨੇਟ ਦੀਆਂ ਚੋਣਾਂ ਲੋਕਤੰਤਰੀ ਢੰਗ ਨਾਲ ਵੋਟ ਪ੍ਰਕਿਰਿਆ ਰਾਹੀਂ ਹੁੰਦੀਆਂ ਹਨ। ਸ੍ਰੀ ਸੇਖੋਂ ਨੇ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਪੰਜਾਬ ਯੂਨੀਵਰਸਿਟੀ ਤੋਂ ਪੰਜਾਬ ਦਾ ਹੱਕ ਖੋਹ ਕੇ ਅਤੇ ਹਿੰਦੂਤਵ ਦਾ ਭਗਵਾਂ ਏਜੰਡਾ ਲਾਗੂ ਕਰਕੇ ਸਮੁੱਚਾ ਕੰਟਰੋਲ ਆਪਣੇ ਅਧੀਨ ਕਰਨ ਦਾ ਯਤਨ ਕਰ ਰਹੀ ਸੀ।ਸੂਬਾ ਸਕੱਤਰ ਨੇ ਕਿਹਾ ਕਿ ਪੰਜਾਬ ਵਾਸੀਆਂ ਵੱਲੋਂ ਏਕਤਾ ਨਾਲ ਹੀ ਦਿੱਲੀ ਵਿਖੇ ਲੜੇ ਕਿਸਾਨ ਸੰਘਰਸ ਅਤੇ ਇਸ ਯੂਨੀਵਰਸਿਟੀ ਸੰਘਰਸ਼ ਨੂੰ ਜਿੱਤ ਹਾਸਲ ਹੋਈ ਹੈ।ਚੰਡੀਗੜ੍ਹ ਖੋਹਣ ਲਈ ਵੱਖਰਾ ਉਪ ਰਾਜਪਾਲ ਲਾਉਣ ਦੇ ਕੀਤੇ ਜਾ ਰਹੇ ਵਿਰੋਧ ਕਾਰਨ ਕੇਂਦਰ ਦੀ ਚਾਲ ਵੀ ਫੇਲ੍ਹ ਹੋ ਚੁੱਕੀ ਹੈ।ਉਹਨਾਂ ਕਿਹਾ ਕਿ ਪੰਜਾਬ ਦੇ ਹੱਕਾਂ ਦੀ ਰਾਖੀ ਕਰਨ ਲਈ ਪੰਜਾਬ ਵਾਸੀਆਂ ਨੂੰ ਜਾਗਰੂਕ ਹੋ ਕੇ ਏਕਤਾ ਦੇ ਬਲ ਨਾਲ ਨਿੱਜੀ ਮੁਫਾਦਾਂ ਤੋਂ ਉੱਪਰ ਉੱਠ ਕੇ ਜੱਦੋਜਹਿਦ ਕਰਨ ਵੱਲ ਧਿਆਨ ਕੇਂਦਰਤ ਕਰਨਾ ਚਾਹੀਦਾ ਹੈ।

# ਅਜੇ ਮੰਗੂਪੁਰ ਦੀ ਅਗਵਾਈ ਹੇਠ ਕਾਂਗਰਸ ਨੂੰ ਮਿਲੀ ਮਜ਼ਬੂਤੀ



**ਬਲਾਚੌਰ (ਜਸਵਿੰਦਰ ਬੈਂਸ)** ਕਾਂਗਰਸ ਪਾਰਟੀ ਦੀਆਂ ਜੜ੍ਹਾਂ ਹੋ ਰਹੀਆਂ ਹੋਰ ਵੀ ਮਜ਼ਬੂਤ ਇਹ ਕਹਿਣਾ ਹੈ ਸ਼ਹੀਦ ਭਗਤ ਸਿੰਘ ਨਗਰ ਤੋਂ ਜ਼ਿਲ੍ਹਾ ਪ੍ਰਧਾਨ ਅਜੇ ਮੰਗੂਪੁਰ ਦਾ।ਬੀਤੇ ਦਿਨੀ ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਮਹਿਲਾ ਵਿੰਗ ਦੇ ਜ਼ਿਲ੍ਹਾ ਪ੍ਰਧਾਨ ਸ਼੍ਰੀਮਤੀ ਪੁਸ਼ਪਾ ਦੇਵੀ ਆਪਣੇ ਸਾਥੀਆਂ ਸਮੇਤ ਅਜੇ ਮੰਗੂਪੁਰ ਦੀ ਅਗਵਾਈ ਹੇਠ ਸੱਤਾਧਾਰੀ ਆਮ ਆਦਮੀ ਪਾਰਟੀ ਨੂੰ ਛੱਡ ਕਾਂਗਰਸ ਪਾਰਟੀ ਵਿੱਚ ਸ਼ਾਮਲ ਹੋਏ।ਜ਼ਿਲ੍ਹਾ ਪ੍ਰਧਾਨ ਅਜੇ ਮੰਗੂਪੁਰ ਨੇ ਲੋਕਾਂ ਨੂੰ ਕਾਂਗਰਸ ਪਾਰਟੀ ਦੀਆਂ ਲੋਕ ਪੱਖੀ ਨੀਤੀਆਂ ਬਾਰੇ ਜਾਣੂ ਕਰਵਾਇਆ।ਪੁਸ਼ਪਾ ਜੇਵੀ ਸਮੇਤ ਸੈਂਕੜੇ ਪਰਵਾਰਾਂ ਨੇ ਕਾਂਗਰਸ ਪਾਰਟੀ ਉੱਤੇ ਵਿਸ਼ਵਾਸ ਜਤਾਉਂਦੇ ਹੋਏ ਕਾਂਗਰਸ ਪਾਰਟੀ ਦਾ ਪੱਲਾ ਫੜਿਆ।ਜ਼ਿਲ੍ਹਾ ਪ੍ਰਧਾਨ ਅਜੇ ਮੰਗੂਪੁਰ ਨੇ ਕਿਹਾ ਕਿ ਪਾਰਟੀ ਵਿੱਚ ਸ਼ਾਮਲ ਹੋਏ ਸਾਥੀਆਂ ਨੂੰ ਬਣਦਾ ਮਾਣ-ਸਤਿਕਾਰ ਦਿੱਤਾ ਜਾਵੇਗਾ ਅਤੇ ਕਾਂਗਰਸ ਪਾਰਟੀ ਉਨ੍ਹਾਂ ਲਈ ਹਰ ਸਮੇਂ ਹਾਜ਼ਰ ਰਹੇਗੀ। ਇਸ ਮੌਕੇ ਪੁਸ਼ਪਾ ਦੇਵੀ, ਬਲਵੀਰ ਕੋਰ ਮਜਾਰੀ, ਜਸਵਿੰਦਰ ਕੌਰ ਮਜਾਰੀ, ਬਲਵੀਰ ਕੋਰ ਸਜਾਵਲਪੁਰ, ਸੀਮਾ ਰਾਣੀ ਕਰਾਵਰ ਆਦਿ ਪਰਿਵਾਰਾਂ ਸਮੇਤ ਕਾਂਗਰਸ ਪਾਰਟੀ ਵਿੱਚ ਸ਼ਾਮਲ ਹੋਏ ਅਤੇ ਮੌਕੇ ਤੇ ਅਜੇ ਮੰਗੂਪੁਰ ਜ਼ਿਲ੍ਹਾ ਪ੍ਰਧਾਨ ਸ਼ਹੀਦ ਭਗਤ ਸਿੰਘ ਨਗਰ, ਬਿੰਦੂ ਭੂੰਬਲਾ ਸਾਬਕਾ ਮੀਤ ਪ੍ਰਧਾਨ ਯੂਥ ਗੜ੍ਹਸ਼ੰਕਰ, ਦਵਿੰਦਰ ਸਿੰਘ ਸਟੇਟ ਸੈਕਟਰੀ ਐਸ.ਸੀ. ਵਿੰਗ, ਬਲਵਿੰਦਰ ਸਿੰਘ ਕੋਆਰਡੀਨੇਟਰ, ਮੰਗਤ ਰਾਮ, ਸੁਨੀਤਾ ਭੌਰਾ ਆਦਿ ਹਾਜ਼ਰ ਸਨ।

# ਵਿਧਾਇਕ ਰੰਧਾਵਾ ਨੇ ਲੋਕਾਂ ਦੀਆਂ ਸੁਣੀਆਂ ਸਮੱਸਿਆਵਾਂ

**ਜ਼ੀਰਕਪੁਰ (ਵਿਨੈ ਕੁਮਾਰ ਜੈਨ)** ਹਲਕਾ ਡੇਰਾਬੱਸੀ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਵਾਰਡ ਇੰਚਾਰਜ ਸੰਦੀਪ ਤੇ ਮਨਦੀਪ ਪੂਨੀਆ ਦੀ ਅਗਵਾਈ ਵਿੱਚ ਵਾਰਡ 11 ਦੀ ਐਕਸੋਕਟਿਕਾ



ਹਾਈਟਸ, ਪਿੰਕ ਸਿਟੀ, ਪ੍ਰਕਾਸ਼ ਟਾਵਰ, ਨਿਰਮਲ ਟਾਵਰ, ਸ਼ਿਵ ਨਗਰ ਸਮੇਤ ਨੇੜਲੀਆਂ ਸੁਸਾਇਟੀਆਂ ਦੇ ਨਿਵਾਸੀਆਂ ਨਾਲ ਜਨਤਕ ਮੀਟਿੰਗ ਕਰਕੇ ਲੋਕਾਂ ਦੀਆਂ ਮੁੱਖ ਸਮੱਸਿਆਵਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਪ੍ਰਾਪਤ ਕੀਤੀ। ਉਨ੍ਹਾਂ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਸਿਹਤ, ਸਿੱਖਿਆ, ਬਿਜਲੀ ਤੇ ਇਨਫਰਾਸਟਰਕਚਰ ਦੇ ਖੇਤਰ ਵਿੱਚ ਇਤਿਹਾਸਕ ਕਦਮ ਚੁੱਕੇ ਜਾ ਰਹੇ ਹਨ, ਜਿਸ ਦਾ ਸਿੱਧਾ ਲਾਭ ਲੋਕਾਂ ਨੂੰ ਮਿਲ ਰਿਹਾ ਹੈ।ਵਿਧਾਇਕ ਰੰਧਾਵਾ ਨੇ ਅਧਿਕਾਰੀਆਂ ਨਾਲ ਖਾਸ ਮੀਟਿੰਗ ਕਰਦੇ ਹੋਏ ਚੱਲ ਰਹੇ ਵਿਕਾਸ ਕਾਰਜਾਂ ਦੀ ਸਮੀਖਿਆ ਕੀਤੀ ਤੇ ਹੁਕਮ ਦਿੱਤਾ ਕਿ ਗੁਣਵੱਤਾ ਯਕੀਨੀ ਬਣਾਉਂਦੇ ਹੋਏ ਸਾਰੇ ਕੰਮਾਂ ਦੀ ਫਿਜ਼ੀਕਲ ਵੈਰੀਫਿਕੇਸ਼ਨ ਕੀਤੀ ਜਾਵੇ। ਉਹਨਾਂ ਸਪਸ਼ਟ ਕਿਹਾ ਕਿ ਵਿਕਾਸ ਕਾਰਜਾਂ ਵਿੱਚ ਲਾਪਰਵਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਵਿਧਾਇਕ ਰੰਧਾਵਾ ਨੇ ਅਧਿਕਾਰੀਆਂ ਨੂੰ ਇਹ ਵੀ ਹਦਾਇਤ ਕੀਤੀ ਕਿ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਸਾਰੀਆਂ ਲੋਕ-ਹਿਤ ਸਕੀਮਾਂ ਦਾ ਲਾਭ ਹਰ ਘਰ ਤੱਕ ਪਹੁੰਚੇ ਤੇ ਇਥੇ ਦੱਸੇ ਗਏ ਸਾਰੇ ਕੰਮ ਦੋ ਹਫ਼ਤੇ ਤੋ ਲੈਕੇ ਤਿੰਨ ਮਹੀਨੇ ਦੇ ਅੰਦਰ ਅੰਦਰ ਪੂਰੇ ਕਿਤੇ ਜਾਣ ਮੀਟਿੰਗ ਦੌਰਾਨ ਨਗਰ ਕੌਂਸਲ ਜ਼ੀਰਕਪੁਰ ਦੇ ਕਾਰਜਸਾਧਕ, ਬਿਜਲੀ ਵਿਭਾਗ ਦੇ ਅਧਿਕਾਰੀ, ਪੁਲਸ ਪ੍ਰਸ਼ਾਸਨ ਸਮੇਤ ਹੋਰ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ।

# ਪਹਿਲਵਾਨ ਐਨਾਟੋਲੀ ਨੇ ਕੋਚਿੰਗ ਕੈਂਪ 'ਚ ਪੰਜਾਬ ਦੇ ਪਹਿਲਵਾਨਾਂ ਦੇ ਹੁਨਰ ਨੂੰ ਨਿਖਾਰਿਆ



**ਮੋਹਾਲੀ (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)** ਪੰਜਾਬ ਇੰਸਟੀਚਿਊਟ ਆਫ਼ ਸਪੋਰਟਸ (ਪੀ ਆਈ ਐਸ) ਸੈਂਟਰ, ਸੈਕਟਰ 63, ਮੋਹਾਲੀ ਵਿਖੇ ਤਿੰਨ ਹਫ਼ਤਿਆਂ ਦਾ ਕੁਸ਼ਤੀ ਕੋਚਿੰਗ ਕੈਂਪ ਰੂਸ ਤੋਂ ਵਿਦੇਸ਼ੀ ਮਾਹਰ ਕੋਚ ਸ੍ਰੀ ਐਨਾਟੋਲੀ ਦੀ ਅਗਵਾਈ ਹੇਠ ਸਫਲਤਾਪੂਰਵਕ ਮੁਕੰਮਲ ਹੋਇਆ, ਉਹ ਦੋ ਵਾਰ ਦੇ ਓਲੰਪਿਕ ਸੋਨ ਤਗਮਾ ਜੇਤੂ ਅਤੇ ਦੁਨੀਆ ਦੇ ਸਭ ਤੋਂ ਸਨਮਾਨੇ ਜਾਂਦੇ ਕੋਚਾਂ ਵਿੱਚੋਂ ਇੱਕ ਹਨ।ਵਿਸ਼ਵ ਪੱਧਰ 'ਤੇ ਤਜਰਬਾ ਰੱਖਣ ਵਾਲੇ ਸ੍ਰੀ ਐਨਾਟੋਲੀ ਨੂੰ ਕਈ ਕੌਮਾਂਤਰੀ ਟੀਮਾਂ ਨਾਲ ਕੰਮ ਕਰਨ ਦਾ ਮਾਣ ਪ੍ਰਾਪਤ ਹੈ। ਗੱਲਬਾਤ ਦੌਰਾਨ ਸ੍ਰੀ ਐਨਾਟੋਲੀ ਨੇ ਪੰਜਾਬ ਦੇ ਪਹਿਲਵਾਨਾਂ ਨਾਲ ਆਧੁਨਿਕ ਸਿਖਲਾਈ ਵਿਧੀਆਂ ਸਾਂਝੀਆਂ ਕੀਤੀਆਂ ਅਤੇ ਪੰਜਾਬ ਦੇ ਪਹਿਲਵਾਨਾਂ ਦੇ ਅਨੁਸ਼ਾਸਨ ਅਤੇ ਪ੍ਰਤਿਭਾ 'ਤੇ ਆਪਣੀ ਖੁਸ਼ੀ ਪ੍ਰਗਟ ਕੀਤੀ।ਇਸ ਕੈਂਪ ਨੇ ਪੰਜਾਬ ਦੇ ਪਹਿਲਵਾਨਾਂ ਨੂੰ ਵਿਸ਼ਵ ਪੱਧਰੀ ਕੋਚਿੰਗ, ਉੱਨਤ ਤਕਨੀਕਾਂ ਅਤੇ ਪੇਸ਼ੇਵਰ ਮੈਟ ਪ੍ਰਣਾਲੀ ਦੀ ਤਕਨੀਕ ਤੋਂ ਜਾਣੂ ਕਰਵਾਇਆ ਗਿਆ।

## ਗੁਰੂ ਤੇਗ ਬਹਾਦਰ ਜੀ ਦੀਆਂ ਸਿੱਖਿਆਵਾਂ ਤੇ ਕੁਰਬਾਨੀ ਤੋਂ ਸੇਧ ਲੈਣ ਦੀ ਲੋੜ : ਚੇਅਰਮੈਨ ਜੱਸੀ

### ਸਰਕਾਰੀ ਸਿਖਲਾਈ ਸੰਸਥਾ ਵਿਖੇ 350ਵਾਂ ਸ਼ਹੀਦੀ ਦਿਹਾੜਾ ਮਨਾਇਆ



**ਨਾਭਾ (ਵਰਿੰਦਰ ਵਰਮਾ)**-ਰਿਆਸਤੀ ਸ਼ਹਿਰ ਨਾਭਾ ਦੇ ਸਰਕਾਰੀ ਆਈ ਟੀ ਆਈ ਇਸਤਰੀਆਂ ਨਾਭਾ ਵਿਖੇ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਤੇ ਉਨ੍ਹਾਂ ਦੇ ਪਿਆਰੇ ਸੇਵਕ ਭਾਈ ਮਤੀ ਦਾਸ, ਭਾਈ ਸਤੀ ਦਾਸ, ਭਾਈ ਦਿਆਲਾ ਜੀ ਦੇ 350ਵੇਂ ਸ਼ਹੀਦੀ ਸ਼ਤਾਬਦੀ ਦਿਹਾੜੇ ਨੂੰ ਸਮਰਪਤ ਸ੍ਰੀ ਸੁਖਮਨੀ ਸਾਹਿਬ ਜੀ ਦੀ ਬਾਣੀ ਦੇ ਪਾਠ ਦੇ ਭੋਗ ਪਾਏ ਗਏ।ਇਸ ਮੌਕੇ ਡਿਪੂਟੇਸ਼ਨ ਟਰੱਸਟ ਨਾਭਾ ਜੱਸੀ ਸੋਹੀਆਂ ਵਾਲਾ, ਆਈ ਟੀ ਆਈ ਦੇ ਚੇਅਰਮੈਨ ਸੰਦੀਪ ਗੋਇਲ, ਮਲਕੀਤ ਕੰਬਾਈਨ ਇੰਡਸਟਰੀ ਦੇ ਐੱਮ ਡੀ ਮਨਦੀਪ ਸਿੰਘ ਨੇ ਵਿਸ਼ੇਸ਼ ਤੌਰ 'ਤੇ ਆਪਣੀ ਹਾਜ਼ਰੀ ਭਰੀ।ਇਸ ਮੌਕੇ ਸੰਸਥਾ ਦੇ ਪ੍ਰਿੰਸੀਪਲ ਕੰਵਲ ਸਿੰਘ ਆਈਆਂ ਸੰਗਤਾਂ ਤੇ ਸ਼ਖ਼ਸੀਅਤਾਂ ਦਾ ਧੰਨਵਾਦ ਕੀਤਾ ਅਤੇ ਉਨ੍ਹਾਂ ਨੂੰ ਸਿਰਪਾਓ ਦੇ ਕੇ ਸਨਮਾਨਤ ਕੀਤਾ।ਇਸ ਮੌਕੇ ਸੰਬੋਧਨ ਕਰਦਿਆਂ ਚੇਅਰਮੈਨ ਜੱਸੀ ਸੋਹੀਆਂ ਵਾਲਾ ਨੇ ਕਿਹਾ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਤੇ ਉਨ੍ਹਾਂ ਦੇ ਨਾਲ ਭਾਈ ਮਤੀ ਦਾਸ, ਭਾਈ ਸਤੀ ਦਾਸ ਤੇ ਭਾਈ ਦਿਆਲਾ ਜੀ ਵੱਲੋਂ ਜਾਬਰ ਜ਼ੁਲਮ ਖ਼ਿਲਾਫ਼ ਮਾਨਵਤਾ ਦੀ ਭਲਾਈ ਲਈ ਦਿੱਲੀ ਦੇ ਚਾਂਦਨੀ ਚੌਕ 'ਚ ਦਿੱਤੀ ਕੁਰਬਾਨੀ ਤੇ ਗੁਰੂ ਸਾਹਿਬ ਜੀ ਦੀਆਂ ਸਿੱਖਿਆਵਾਂ ਤੋਂ ਉਨ੍ਹਾਂ ਦੇ ਜੀਵਨ ਤੋਂ ਸਾਨੂੰ ਸੇਧ ਲੈਣ ਦੀ ਲੋੜ ਹੈ।ਇਸ ਮੌਕੇ ਹੋਰਨਾਂ ਤੋਂ ਇਲਾਵਾ ਗੁਲਾਬ ਸਿੰਘ ਦਲੇਰੀ ਪ੍ਰੈੱਸ, ਬਲਵਿੰਦਰ ਸਿੰਘ ਸਿੰਘ ਖ਼ਜ਼ਾਨਾ ਦਫ਼ਤਰ, ਡਾ. ਧੀਰ ਸਿੰਘ, ਕੁਲਵਿੰਦਰ ਸਿੰਘ ਸੀਨੀਅਰ ਸਹਾਇਕ, ਹਰਸਿਮਰਨ ਕੌਰ, ਇੰਸਟਰੱਕਟਰ ਲਖਵੀਰ ਕੌਰ ਪਲੇਸਮੈਂਟ ਅਫ਼ਸਰ, ਆਰਤੀ ਮੈਡਮ, ਜਸਵੀਰ ਕੌਰ ਇੰਸਟਰੱਕਟਰ, ਮਮਤਾ ਰਾਣੀ ਇੰਸਟਰੱਕਟਰ, ਮਿਸ ਮਨਦੀਪ ਕੌਰ ਇੰਸਟਰੱਕਟਰ, ਹਰਗਸੀਰ ਸਿੰਘ ਜੂਨੀਅਰ ਸਹਾਇਕ, ਅਮਰੀਕ ਸਿੰਘ ਇੰਸਟ੍ਰਕਟਰ, ਰਾਜੇਸ਼ ਕੁਮਾਰ ਜੂਨੀਅਰ ਸਹਾਇਕ, ਮਹਿੰਦਰ ਸਿੰਘ ਸਮੇਤ ਸਮੁੱਚਾ ਸਟਾਫ ਤੇ ਸਿਖਿਆਰਥਣਾਂ ਮੌਜੂਦ ਸਨ।

## ਰੁੱਖਾਂ ਦਾ ਸਾਡੇ ਜੀਵਨ 'ਚ ਅਹਿਮ ਯੋਗਦਾਨ : ਡਾਇਰੈਕਟਰ ਗਿੱਲ



**ਕੋਟ ਈਸੇ ਖਾਂ (ਅਰੋੜਾ)**-ਅੱਜ ਦੇ ਜ਼ਮਾਨੇ ਵਿੱਚ ਪ੍ਰਦੂਸ਼ਤ ਹੋ ਰਹੇ ਵਾਤਾਵਰਣ ਨੂੰ ਹਰਿਆ-ਭਰਿਆ ਰੱਖਣ ਲਈ ਤੇ ਧਰਤੀ 'ਤੇ ਜੀਵਨ ਨੂੰ ਬਚਾਈ ਰੱਖਣ ਲਈ ਰੁੱਖ ਸਾਡੇ ਜੀਵਨ ਦਾ ਅਹਿਮ ਹਿੱਸਾ ਹਨ।ਰੁੱਖਾਂ ਤੋਂ ਬਿਨਾਂ ਸਾਡਾ ਜਿਊਣਾ ਅਸਲ ਵਿੱਚ ਅਸੰਭਵ ਹੈ।ਆਧੁਨਿਕ ਯੁੱਗ ਵਿੱਚ ਮਨੁੱਖ ਨੇ ਤਰੱਕੀ ਦੀ ਦੌੜ ਵਿੱਚ ਬੇਹਿਸਾਬ ਰੁੱਖ ਕੱਟੇ ਹਨ, ਜਿਸ ਕਾਰਨ ਕੁਦਰਤੀ ਸੰਤੁਲਨ ਡਗਮਗਾ ਰਿਹਾ ਹੈ, ਜਿਸ ਕਾਰਨ ਮੌਸਮੀ ਤਬਦੀਲੀਆਂ, ਪ੍ਰਦੂਸ਼ਣ, ਗਰਮੀ ਵਿੱਚ ਵਾਧਾ, ਮੌਸਮ ਵਿੱਚ ਅਸੰਤੁਲਨ ਰੁੱਖਾਂ ਦੀ ਘੱਟ ਰਹੀ ਗਿਣਤੀ ਕਾਰਨ ਹੀ ਹੋ ਰਿਹਾ ਹੈ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਬੈਟਰ ਸਰਕਿਲ ਇਮੀਗ੍ਰੇਸ਼ਨ ਦੇ ਡਾਇਰੈਕਟਰ ਸਿਮਰਨਜੀਤ ਸਿੰਘ ਗਿੱਲ ਨੇ ਪ੍ਰੈੱਸ ਨਾਲ ਸਾਂਝਾ ਕੀਤਾ।ਉਨ੍ਹਾਂ ਕਿਹਾ ਕਿ ਰੁੱਖ ਸਿਰਫ ਸਾਨੂੰ ਛਾਂ ਹੀ ਨਹੀਂ ਦਿੰਦੇ, ਸਗੋਂ ਵਾਤਾਵਰਣ ਨੂੰ ਬਚਾਈ ਰੱਖਣ ਵਿੱਚ ਅਹਿਮ ਰੋਲ ਅਦਾ ਕਰਦੇ ਹਨ ਤੇ ਆਕਸੀਜਨ ਭਰਪੂਰ ਮਾਤਰਾ ਵਿੱਚ ਛੱਡਦੇ ਹਨ ਤੇ ਕਾਰਬਨ ਡਾਈਆਕਸਾਈਡ ਵਰਗੀਆਂ ਜ਼ਹਿਰੀਲੀਆਂ ਗੈਸਾਂ ਨੂੰ ਸੋਖ ਕੇ ਵਾਤਾਵਰਣ ਨੂੰ ਖੁਸ਼ਹਾਲ ਬਣਾਉਂਦੇ ਹਨ ਤੇ ਗਰਮੀ ਤੋਂ ਰਾਹਤ ਦਿੰਦੇ ਹਨ, ਜਿਸ ਕਰਕੇ ਸਾਨੂੰ ਸਭ ਨੂੰ ਰੁੱਖ ਲਗਾਉਣੇ ਚਾਹੀਦੇ ਹਨ ਤੇ ਉਨ੍ਹਾਂ ਦੀ ਸਾਂਭ ਸੰਭਾਲ ਵੀ ਕਰਨੀ ਚਾਹੀਦੀ ਹੈ ਤਾਂ ਜੋ ਸਾਡੇ ਰੰਗਲਾ ਤੇ ਹਰੇ ਵਾਤਾਵਰਣ ਦੀ ਸੰਭਾਲ ਹੋ ਸਕੇ।

## ਲਾਰੈਂਸ ਸਕੂਲ ਦੇ ਵਿਦਿਆਰਥੀਆਂ ਦਾ ਚਿੜੀਆ ਘਰ ਦਾ ਵਿੱਦਿਅਕ ਟੂਰ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਲਾਰੈਂਸ ਇੰਟਰਨੈਸ਼ਨਲ ਕਾਨਵੈਂਟ ਸਕੂਲ ਵਿੱਚ ਪ੍ਰਿੰਸੀਪਲ ਮੈਡਮ ਮੀਨੂ ਤੇ ਮਨੋਜ ਕੁਮਾਰ ਦੇ ਅਗਵਾਈ ਹੇਠ ਵਿਦਿਆਰਥੀਆਂ ਲਈ ਜੰਗਲੀ ਜੀਵਾਂ ਬਾਰੇ ਗਿਆਨ ਵਧਾਉਣ ਦੇ ਉਦੇਸ਼ ਨਾਲ ਚਿੜੀਆ ਘਰ ਵਿੱਚ ਇੱਕ ਵਿੱਦਿਅਕ ਟੂਰ ਦਾ ਆਯੋਜਨ ਕੀਤਾ ਗਿਆ।ਇਹ ਟੂਰ ਜੰਗਲੀ ਜੀਵਾਂ ਵਾਤਾਵਰਨ ਸੁਰੱਖਿਆ ਪ੍ਰਤੀ ਵਿਦਿਆਰਥੀਆਂ ਵਿੱਚ ਦਿਲਚਸਪੀ ਪੈਦਾ ਕਰਨ ਲਈ ਰੱਖਿਆ ਗਿਆ।ਇਸ ਟੂਰ ਵਿੱਚ ਕਲਾਸ ਪਹਿਲੀ ਤੋਂ ਬਾਰ੍ਹਵੀਂ ਤੱਕ ਦੇ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਹਿੱਸਾ ਲਿਆ।ਟੂਰ ਦੌਰਾਨ ਵਿਦਿਆਰਥੀਆਂ ਨੂੰ ਚਿੜੀਆ ਘਰ ਦੇ ਵੱਖ-ਵੱਖ ਸੈਕਸ਼ਨਾਂ ਦਾ ਦੌਰਾ ਕਰਵਾਇਆ ਗਿਆ, ਜਿੱਥੇ ਉਨ੍ਹਾਂ ਨੇ ਬਾਘ, ਸ਼ੇਰ, ਚੀਤਾ, ਹਾਥੀ, ਹਿਰਨ ਤੇ ਕਈ ਕਿਸਮ ਦੇ ਵਿਲੱਖਣ ਪੰਛੀਆਂ ਦੇ ਜੀਵਨ, ਆਹਾਰ, ਆਦਤਾਂ ਤੇ ਪ੍ਰਵਿਰਤੀਆਂ ਬਾਰੇ ਜਾਣਕਾਰੀ ਪ੍ਰਾਪਤ ਕੀਤੀ। ਅਧਿਆਪਕਾਂ ਨੇ ਦੱਸਿਆ ਕਿ ਇਸ ਤਰ੍ਹਾਂ ਦੇ ਵਿੱਦਿਅਕ ਟੂਰ ਨਾਲ ਬੱਚਿਆਂ ਨੂੰ ਪ੍ਰਕਿਰਤਕ ਜਗਤ ਬਾਰੇ ਅਸਲੀ ਜ਼ਿੰਦਗੀ ਦਾ ਤਜਰਬਾ ਮਿਲਦਾ ਹੈ, ਜੋ ਕਿਤਾਬਾਂ ਵਿੱਚ ਪੜ੍ਹਨ ਨਾਲੋਂ ਜ਼ਿਆਦਾ ਪ੍ਰਭਾਵਸ਼ਾਲੀ ਹੁੰਦਾ ਹੈ।ਬੱਚਿਆਂ ਨੇ ਵੱਖ-ਵੱਖ ਪ੍ਰਜਾਤੀਆਂ ਦੇ ਜਾਨਵਰਾਂ ਨੂੰ ਆਪਣੇ ਸਾਹਮਣੇ ਦੇਖ ਕੇ ਨਾ ਕੇਵਲ ਰੁਚੀ ਲਈ, ਸਗੋਂ ਉਨ੍ਹਾਂ ਵਿੱਚ ਵਾਤਾਵਰਨ ਪ੍ਰਤੀ ਜ਼ਿੰਮੇਵਾਰੀ ਵੀ ਮਹਿਸੂਸ ਕੀਤੀ।ਕਈ ਵਿਦਿਆਰਥੀਆਂ ਨੇ ਇਸ ਦੌਰੇ ਨੂੰ ਆਪਣੀ ਜ਼ਿੰਦਗੀ ਦਾ ਯਾਦਗਾਰ ਤਜਰਬਾ ਦੱਸਿਆ ਤੇ ਕਿਹਾ ਕਿ ਉਹ ਜੰਗਲਾਤ ਤੇ ਜੰਗਲੀ ਜੀਵਾਂ ਬਾਰੇ ਹੋਰ ਜਾਣਕਾਰੀ ਹਾਸਲ ਕਰਨ ਲਈ ਪ੍ਰੇਰਿਤ ਹੋਏ।ਪ੍ਰਿੰਸੀਪਲ ਨੇ ਕਿਹਾ ਕਿ ਅਜਿਹੇ ਟੂਰ ਬੱਚਿਆਂ ਦੇ ਗਿਆਨ ਵਿੱਚ ਵਾਧਾ ਕਰਨ ਦੇ ਨਾਲ-ਨਾਲ ਉਨ੍ਹਾਂ ਦੇ ਸਮੁੱਚਕ ਵਿਕਾਸ, ਆਤਮ-ਵਿਸ਼ਵਾਸ ਤੇ ਰਚਨਾਤਮਕ ਸੋਚ ਨੂੰ ਵੀ ਪ੍ਰਭਾਵਿਤ ਕਰਦੇ ਹਨ।

## ਗੁਰੂ ਅਮਰਦਾਸ ਤੇ ਗੁਰੂ ਰਾਮਦਾਸ ਜੀ ਸੰਬੰਧੀ ਪੁਸਤਕ ਸੰਗਤ ਅਰਪਣ



**ਸ੍ਰੀ ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ, ਫਤਿਹਗੜ੍ਹ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਧਰਮ ਅਧਿਐਨ ਵਿਭਾਗ ਵੱਲੋਂ ਗੁਰੂ ਅਮਰਦਾਸ ਗੁਰੂ ਰਾਮਦਾਸ ਪੁਸਤਕ ਸੰਗਤ ਅਰਪਣ ਕੀਤੀ ਗਈ।ਇਸ ਮੌਕੇ ਵਾਈਸ-ਚਾਂਸਲਰ ਪ੍ਰੋਫੈਸਰ ਪਰਿਤ ਪਾਲ ਸਿੰਘ ਨੇ ਦੱਸਿਆ ਕਿ ਪਿਛਲੇ ਸਾਲ ਸ੍ਰੀ ਗੁਰੂ ਅਮਰਦਾਸ ਜੀ ਦੇ ਜੋਤੀ ਜੋਤ ਸਮਾਉਣ 'ਤੇ ਸ੍ਰੀ ਗੁਰੂ ਰਾਮਦਾਸ ਜੀ ਦੀ ਗੁਰਿਆਈ ਦੇ 450ਵੇਂ ਪੁਰਬ ਨੂੰ ਸਮਰਪਤ ਦੋ ਕੌਮੀ ਸੈਮੀਨਾਰ ਯੂਨੀਵਰਸਿਟੀ ਵੱਲੋਂ ਕੀਤੇ ਗਏ ਸਨ, ਜਿਨ੍ਹਾਂ ਵਿੱਚ ਪੰਜਾਬ ਤੇ ਨੇੜਲੇ ਸੂਬਿਆਂ ਦੀਆਂ ਵੱਖ-ਵੱਖ ਯੂਨੀਵਰਸਿਟੀਆਂ ਤੇ ਕਾਲਜਾਂ ਦੇ ਵਿਦਵਾਨਾਂ ਨੇ ਖੋਜ ਪਰਚੇ ਪੇਸ਼ ਕੀਤੇ ਸਨ।ਉਨ੍ਹਾਂ ਦੱਸਿਆ ਕਿ ਇਹ ਕਿਤਾਬ ਉਨ੍ਹਾਂ ਹੀ ਖੋਜ ਪਰਚਿਆਂ ਵਿੱਚੋਂ ਚੋਣਵੇਂ 13 ਪਰਚਿਆਂ ਦਾ ਸੰਪਾਦਤ ਸੰਗ੍ਰਹਿ ਹੈ।ਵਾਈਸ-ਚਾਂਸਲਰ ਨੇ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਗੁਰਬਾਣੀ, ਸਿੱਖ ਇਤਿਹਾਸ ਤੇ ਸਿੱਖ ਪ੍ਰੰਪਰਾਵਾਂ ਨੂੰ ਵਿਸ਼ਵ ਪੱਧਰ 'ਤੇ ਪਹੁੰਚਾਉਣ ਲਈ ਵਚਨਬੱਧ ਤੇ ਲਗਾਤਾਰ ਕਾਰਜਸ਼ੀਲ ਹੈ।ਡੀਨ ਅਕਾਦਮਿਕ ਮਾਮਲੇ ਪ੍ਰੋਫੈਸਰ ਸੁਖਵਿੰਦਰ ਸਿੰਘ ਬਿਲਿੰਗ ਨੇ ਧਰਮ ਅਧਿਐਨ ਵਿਭਾਗ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਸ ਪੁਸਤਕ ਵਿੱਚ ਸ੍ਰੀ ਗੁਰੂ ਅਮਰਦਾਸ ਜੀ ਤੇ ਸ੍ਰੀ ਗੁਰੂ ਰਾਮਦਾਸ ਜੀ ਦੀ ਬਾਣੀ, ਜੀਵਨ ਤੇ ਸਿੱਖੀ ਦੀ ਉਸਾਰੀ ਵਿੱਚ ਪਾਏ ਯੋਗਦਾਨ ਬਾਰੇ ਮਹੱਤਵਪੂਰਨ ਖੋਜ ਪਰਚੇ ਸ਼ਾਮਲ ਹਨ।ਇਹ ਕਿਤਾਬ ਸ੍ਰੀ ਗੁਰੂ ਗ੍ਰੰਥ ਸਾਹਿਬ ਧਰਮ ਅਧਿਐਨ ਵਿਭਾਗ ਦੇ ਪ੍ਰੋਫੈਸਰ ਜਸਪਾਲ ਕੌਰ ਕਾਂਗ, ਡਾ. ਹਰਦੇਵ ਸਿੰਘ ਤੇ ਡਾ. ਕਿਰਨਦੀਪ ਕੌਰ ਵੱਲੋਂ ਸੰਪਾਦਤ ਕੀਤੀ ਗਈ ਹੈ।ਡਾ. ਹਰਦੇਵ ਸਿੰਘ, ਜੋ ਕਿਤਾਬ ਦੇ ਸੰਪਾਦਕ ਤੇ ਡੀਨ, ਫੈਕਲਟੀ ਆਫ ਸ੍ਰੀ ਗੁਰੂ ਗ੍ਰੰਥ ਸਾਹਿਬ ਸਟਡੀਜ਼ ਹਨ, ਨੇ ਖੋਜ ਪਰਚੇ ਭੇਜਣ ਵਾਲੇ ਵਿਦਵਾਨਾਂ ਤੇ ਸੈਮੀਨਾਰਾਂ ਵਿੱਚ ਸ਼ਾਮਲ ਹੋਏ ਸਾਰੇ ਭਾਗੀਦਾਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਕਿਤਾਬ ਤੋਂ ਭਰਪੂਰ ਲਾਭ ਉਠਾਉਣਗੇ।ਪ੍ਰੋਫੈਸਰ ਜਸਪਾਲ ਕੌਰ ਕਾਂਗ ਨੇ ਕਿਹਾ ਕਿ ਇਹ ਸੰਪਾਦਨ ਸਿੱਖ ਅਧਿਐਨ ਨਾਲ ਸੰਬੰਧਤ ਖੋਜੀਆਂ ਤੇ ਵਿਦਿਆਰਥੀਆਂ ਦੀ ਅਕਾਦਮਿਕ ਲੋੜ ਨੂੰ ਪੂਰਾ ਕਰਨ ਵਿੱਚ ਮਦਦਗਾਰ ਸਾਬਿਤ ਹੋਵੇਗਾ।ਅੰਤ ਵਿੱਚ ਡਾ. ਕਿਰਨਦੀਪ ਕੌਰ ਨੇ ਸਮੂਹ ਹਾਜ਼ਰੀਨ ਦਾ ਧੰਨਵਾਦ ਕੀਤਾ।

## ਝਾੜ ਸਾਹਿਬ ਕਾਲਜ 'ਚ 'ਸੰਵਿਧਾਨ ਦਿਵਸ' ਮਨਾਇਆ



**ਸਮਰਾਲਾ (ਸੁਰਜੀਤ ਸਿੰਘ)**-ਗੁਰੂ ਗੋਬਿੰਦ ਸਿੰਘ ਖ਼ਾਲਸਾ ਕਾਲਜ ਫਾਰ ਵਿਮੈਨ ਝਾੜ ਸਾਹਿਬ ਦੇ ਪ੍ਰਿੰਸੀਪਲ ਡਾ. ਰਜਿੰਦਰ ਕੌਰ ਦੀ ਅਗਵਾਈ ਹੇਠ ਕਾਲਜ ਦੇ ਰਾਜਨੀਤੀ ਸ਼ਾਸਤਰ ਵਿਭਾਗ ਦੇ ਮੁਖੀ ਪ੍ਰੋ. ਸੰਦੀਪ ਕੌਰ ਤੇ ਐੱਨ ਐੱਸ ਐੱਸ ਯੂਨਿਟ ਦੇ ਪ੍ਰੋਗਰਾਮ ਅਫ਼ਸਰ ਪ੍ਰੋ. ਜਸਵੀਰ ਕੌਰ ਦੇ ਸਾਂਝੇ ਯਤਨਾਂ ਸਦਕਾ 'ਸੰਵਿਧਾਨ ਦਿਵਸ' ਮਨਾਇਆ ਗਿਆ।ਇਸ ਮੌਕੇ ਰਾਜਨੀਤੀ ਸ਼ਾਸਤਰ ਦੇ ਵਿਭਾਗ ਦੇ ਮੁਖੀ ਵੱਲੋਂ ਭਾਰਤੀ ਸੰਵਿਧਾਨ ਦੀ ਪ੍ਰਸਤਾਵਨਾ 'ਤੇ ਚਾਨਣਾ ਪਾਇਆ ਗਿਆ ਤੇ ਭਾਰਤੀ ਸੰਵਿਧਾਨ ਦੇ ਇਤਿਹਾਸ ਬਾਰੇ ਵਿਸਥਾਰ ਨਾਲ ਦੱਸਿਆ ਗਿਆ।ਉਨ੍ਹਾਂ ਦੱਸਿਆ ਕਿ ਭਾਰਤ ਦੀ ਸੰਵਿਧਾਨ ਸਭਾ ਦੁਆਰਾ ਇਸ ਨੂੰ 26 ਨਵੰਬਰ 1949 ਵਿੱਚ ਅਪਣਾਇਆ ਗਿਆ ਤੇ 26 ਜਨਵਰੀ 1950 ਨੂੰ ਲਾਗੂ ਕੀਤਾ ਗਿਆ।ਐੱਨ ਐੱਸ ਐੱਸ ਯੂਨਿਟ ਦੇ ਪ੍ਰੋਗਰਾਮ ਅਫਸਰ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਜਿੱਥੇ ਸਾਡੇ ਦੇਸ਼ ਦਾ ਸੰਵਿਧਾਨ ਨਾਗਰਿਕਾਂ ਨੂੰ ਵਧੀਆ ਢੰਗ ਨਾਲ ਜਿਊਣ ਦੇ ਅਧਿਕਾਰ ਦਿੰਦਾ ਹੈ, ਉੱਥੇ ਉਨ੍ਹਾਂ ਨੂੰ ਬਣਦੇ ਕਰਤੱਵਾਂ ਬਾਰੇ ਵੀ ਜਾਗਰੂਕ ਕਰਦਾ ਹੈ।ਇਸ ਤੋਂ ਇਲਾਵਾ ਵਿਦਿਆਰਥਣਾਂ ਨੇ ਸੰਵਿਧਾਨ ਦੀ ਪ੍ਰਸਤਾਵਨਾ ਨੂੰ ਸਮੂਹਕ ਰੂਪ ਵਿੱਚ ਪੜ੍ਹਿਆ।ਕਾਲਜ ਪ੍ਰਿੰਸੀਪਲ ਨੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਸੰਵਿਧਾਨ ਇੱਕ ਕਾਨੂੰਨੀ ਦਸਤਾਵੇਜ਼ ਨਹੀਂ, ਸਗੋਂ ਹਰ ਭਾਰਤ ਦੇ ਲੋਕਤੰਤਰ ਦੀ ਨੀਂਹ ਹੈ, ਜੋ ਰਾਸ਼ਟਰ ਦੇ ਨਿਰਮਾਣ ਤੇ ਵਿਕਾਸ 'ਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ।ਕਾਲਜ ਵੱਲੋਂ ਵੱਖ ਪ੍ਰੋਗਰਾਮਾਂ ਰਾਹੀਂ ਵਿਦਿਆਰਥਣਾਂ ਨੂੰ ਅਜਿਹੀ ਵੱਡਮੁੱਲੀ ਜਾਣਕਾਰੀ ਦੇਣ ਲਈ ਹਮੇਸ਼ਾ ਤੱਤਪਰ ਰਹਿੰਦਾ ਹੈ।

## ਵਾਰਡ 9 ਤੇ 14 'ਚ 64.35 ਲੱਖ ਦੇ ਵਿਕਾਸ ਕਾਰਜਾਂ ਦੀ ਸ਼ੁਰੂਆਤ

### ਧੂਰੀ ਦੇ ਵਿਕਾਸ ਲਈ ਫੰਡਾਂ ਦੀ ਘਾਟ ਨਹੀਂ ਆਉਣ ਦਿੱਤੀ ਜਾਵੇਗੀ : ਘੁੱਲੀ



**ਧੂਰੀ (ਮੋਹਿਤ ਗਰਗ, ਮਨੋਹਰ ਸਿੰਘ ਸੱਗੂ, ਬਿੰਨੀ ਗਰਗ)**-ਪੰਜਾਬ ਦੇ ਮੁੱਖ ਮੰਤਰੀ ਸ੍ਰ. ਭਗਵੰਤ ਮਾਨ ਦੇ ਚੋਣ ਹਲਕਾ ਧੂਰੀ ਦੇ ਸ਼ਹਿਰ ਵਾਰਡ ਨੰਬਰ 9 ਤੇ 14 ਵਿੱਚ ਵਿਸ਼ਾਲ ਪੱਧਰ 'ਤੇ ਵਿਕਾਸ ਕਾਰਜਾਂ ਦਾ ਆਗਾਜ਼ ਕੀਤਾ ਗਿਆ।ਇਹ ਕਾਰਜ ਮੁੱਖ ਮੰਤਰੀ ਕੈਂਪਸ ਦਫ਼ਤਰ ਦੇ ਇੰਚਾਰਜ ਤੇ ਮਾਰਕਿਟ ਕਮੇਟੀ ਧੂਰੀ ਦੇ ਚੇਅਰਮੈਨ ਰਾਜਵੰਤ ਸਿੰਘ ਘੁੱਲੀ ਵੱਲੋਂ ਉਦਘਾਟਨ ਕਰਕੇ ਲੋਕਾਂ ਨੂੰ ਸਮਰਪਤ ਕੀਤੇ ਗਏ। ਇਸ ਸਮਾਰੋਹ ਦੌਰਾਨ ਪੰਜਾਬ ਵਕਫ਼ ਬੋਰਡ ਦੇ ਮੈਂਬਰ ਡਾ. ਅਨਵਰ ਭਸੌੜ, ਪੰਜਾਬ ਰਾਈਸ ਮਿਲਰਜ਼ ਐਸੋਸੀਏਸ਼ਨ ਦੇ ਸੂਬਾ ਕਾਰਜਕਾਰਨੀ ਪ੍ਰਧਾਨ ਬਲਵਿੰਦਰ ਸਿੰਘ ਬਿੱਲੂ, ਨਗਰ ਕੌਂਸਲ ਦੀ ਪ੍ਰਧਾਨ ਪੁਸ਼ਪਾ ਰਾਣੀ ਤਾਇਲ, ਸਾਬਕਾ ਪ੍ਰਧਾਨ ਸੰਦੀਪ ਤਾਇਲ, ਮੁੱਖ ਮੰਤਰੀ ਦਫ਼ਤਰ ਦੇ ਨੁਮਾਇੰਦੇ ਰਮਨਦੀਪ ਸਿੰਘ, ਕੌਂਸਲਰ ਅਮਨਦੀਪ ਕੌਰ ਔਲਖ਼ ਤੇ ਆਮ ਆਦਮੀ ਪਾਰਟੀ ਯੂਥ ਵਿੰਗ ਦੇ ਸੂਬਾਈ ਆਗੂ ਪਰਮਿੰਦਰ ਸਿੰਘ ਨੂਰ ਔਲਖ਼, ਕੌਂਸਲਰ ਰਿੰਕੂ ਚੌਧਰੀ ਸਮੇਤ ਕਈ ਆਗੂ ਤੇ ਨਗਰ ਕੌਂਸਲ ਦੇ ਨੁਮਾਇੰਦੇ ਹਾਜ਼ਰ ਸਨ।ਰਾਜਵੰਤ ਸਿੰਘ ਘੁੱਲੀ ਨੇ ਦੱਸਿਆ ਕਿ ਵਾਰਡ ਨੰਬਰ 9 ਤੇ 14 ਵਿੱਚ ਲਗਭਗ 64.35 ਲੱਖ ਰੁਪਏ ਦੀ ਵੱਡੀ ਰਕਮ ਨਾਲ ਕਈ ਜਨਹਿੱਤੀ ਕਾਰਜ ਕੀਤੇ ਜਾ ਰਹੇ ਹਨ।ਇਨ੍ਹਾਂ ਵਿੱਚ ਸ੍ਰੀ ਬਾਲਾ ਜੀ ਮੰਦਰ ਵਾਲੀ ਸੜਕ 'ਤੇ ਇੰਟਰਲਾਕਿੰਗ ਟਾਇਲਾਂ ਵਿਛਾਉਣ ਲਈ 28 ਲੱਖ ਰੁਪਏ ਦੀ ਲਾਗਤ ਵਾਲਾ ਕੰਮ ਵਿਸ਼ੇਸ਼ ਤੌਰ 'ਤੇ ਸ਼ਾਮਲ ਹੈ।ਉਨ੍ਹਾਂ ਕਿਹਾ ਕਿ ਇਹ ਸਾਰੇ ਕਾਰਜ ਲੋਕਾਂ ਦੀਆਂ ਲੰਮੇ ਸਮੇਂ ਤੋਂ ਚੱਲ ਰਹੀਆਂ ਮੰਗਾਂ ਅਨੁਸਾਰ ਕੀਤੇ ਜਾ ਰਹੇ ਹਨ, ਜਿਸ ਨਾਲ ਸ਼ਹਿਰ ਦੇ ਆਵਾਜਾਈ ਪ੍ਰਣਾਲੀ ਤੇ ਆਮ ਸਹੂਲਤਾਂ ਵਿੱਚ ਮਹੱਤਵਪੂਰਨ ਸੁਧਾਰ ਹੋਵੇਗਾ।ਨਗਰ ਕੌਂਸਲ ਦੀ ਪ੍ਰਧਾਨ ਪੁਸ਼ਪਾ ਰਾਣੀ ਤਾਇਲ ਨੇ ਕਿਹਾ ਕਿ ਵਾਰਡ ਨੰਬਰ 14 ਵਿੱਚ ਬਕਾਇਆ ਰਹਿ ਗਏ ਸਾਰੇ ਕਾਰਜ ਲੋਕ-ਹਿੱਤ ਪਹਿਲ ਦੇ ਅਧਾਰ 'ਤੇ ਪੂਰੇ ਕਰਵਾਏ ਜਾ ਰਹੇ ਹਨ।

ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਧੂਰੀ ਦਾ ਚਹੁੰਮੁਖੀ ਵਿਕਾਸ ਸੁਚਾਰੂ ਰੂਪ ਵਿੱਚ ਅੱਗੇ ਵਧ ਰਿਹਾ ਹੈ ਤੇ ਆਉਣ ਵਾਲੇ ਸਮੇਂ ਵਿੱਚ ਸ਼ਹਿਰ ਹੋਰ ਸੁੰਦਰ, ਸਾਫ਼-ਸੁਥਰਾ ਤੇ ਸੁਵਿਧਾਜਨਕ ਬਣ ਕੇ ਉੱਭਰੇਗਾ।

## ਜ਼ਿਲ੍ਹਾ ਚੋਣਕਾਰ ਅ.ਫਸਰ ਵੱਲੋਂ ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਚੋਣਾਂ ਸੰਬੰਧੀ ਅਧਿਕਾਰੀਆਂ ਨੂੰ ਹਦਾਇਤਾਂ ਜਾਰੀ

### ਆਦਰਸ਼ ਚੋਣ ਜ਼ਾਬਤਾ ਲਾਗੂ, ਏ ਡੀ ਸੀ ਵੱਲੋਂ ਦਿੱਤੀ ਗਈ ਟ੍ਰੇਨਿੰਗ



**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਪੰਜਾਬ ਰਾਜ ਚੋਣ ਕਮਿਸ਼ਨ ਵੱਲੋਂ ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਚੋਣਾਂ ਦਾ ਐਲਾਨ ਕਰ ਦਿੱਤਾ ਗਿਆ ਹੈ।ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ ਵਿਖੇ ਇਨ੍ਹਾਂ ਚੋਣਾਂ ਨੂੰ ਸਫਲਤਾਪੂਰਵਕ ਢੰਗ ਨਾਲ ਨੇਪਰੇ ਚਾੜ੍ਹਨ ਲਈ ਜ਼ਿਲ੍ਹਾ ਚੋਣਕਾਰ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਡਾ. ਸੋਨਾ ਥਿੰਦ ਨੇ ਸਮੂਹ ਰਿਟਰਨਿੰਗ ਅਫ਼ਸਰਾਂ ਤੇ ਸਹਾਇਕ ਰਿਟਰਨਿੰਗ ਅਫ਼ਸਰਾਂ ਨਾਲ ਮੀਟਿੰਗ ਕੀਤੀ।ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਅਰਵਿੰਦ ਕੁਮਾਰ ਗੁਪਤਾ ਨੇ ਚੋਣਾਂ ਸਬੰਧੀ ਅਧਿਕਾਰੀਆਂ ਨੂੰ ਲੋੜੀਂਦੀ ਸਿਖਲਾਈ ਦਿੱਤੀ ਤੇ ਆਦਰਸ਼ ਚੋਣ ਜਾਬਤੇ ਦੀ ਪਾਲਣਾ ਸਬੰਧੀ ਜ਼ਰੂਰੀ ਦਿਸ਼ਾ ਨਿਰਦੇਸ਼ਾਂ ਤੋਂ ਜਾਣੂ ਕਰਵਾਇਆ।ਜ਼ਿਲ੍ਹਾ ਚੋਣਕਾਰ ਅਫਸਰ ਨੇ ਦੱਸਿਆ ਕਿ ਜ਼ਿਲ੍ਹੇ ਵਿੱਚ 77 ਬਲਾਕ ਸੰਮਤੀ ਤੇ 10 ਜ਼ਿਲ੍ਹਾ ਪ੍ਰੀਸ਼ਦ ਦੀਆਂ ਸੀਟਾਂ ਲਈ ਵੋਟਾਂ ਪੈਣਗੀਆਂ।ਨਾਮਜ਼ਦਗੀ ਪੱਤਰ 1 ਦਸੰਬਰ ਤੋਂ 4 ਦਸੰਬਰ ਤੱਕ ਸਵੇਰੇ 11 ਵਜੇ ਤੋਂ ਦੁਪਹਿਰ 3 ਵਜੇ ਤੱਕ ਪ੍ਰਾਪਤ ਕੀਤੇ ਜਾਣਗੇ, ਜਦਕਿ ਨਾਮਜ਼ਦਗੀ ਪੱਤਰ ਦਾਖਲ ਕਰਨ ਦੀ ਅੰਤਿਮ ਮਿਤੀ 4 ਦਸੰਬਰ ਨੂੰ ਬਾਅਦ 3 ਵਜੇ ਤੱਕ ਹੋਵੇਗੀ।ਉਨ੍ਹਾਂ ਦੱਸਿਆ ਕਿ ਦਸਤਾਵੇਜ਼ਾਂ ਦੀ ਪੜਤਾਲ 5 ਦਸੰਬਰ ਨੂੰ ਹੋਵੇਗੀ, ਜਦਕਿ ਉਮੀਦਵਾਰ 6 ਦਸੰਬਰ ਤੱਕ ਆਪਣੀਆਂ ਨਾਮਜ਼ਦਗੀਆਂ ਵਾਪਸ ਲੈ ਸਕਣਗੇ।

ਉਨ੍ਹਾਂ ਦੱਸਿਆ ਕਿ ਇਨ੍ਹਾਂ ਚੋਣਾਂ ਵਿੱਚ ਔਰਤਾਂ ਦੀ ਭਾਗੀਦਾਰੀ ਵਧਾਉਣ ਲਈ ਚੋਣ ਕਮਿਸ਼ਨ ਵੱਲੋਂ 50 ਫੀਸਦੀ ਸੀਟਾਂ ਔਰਤਾਂ ਲਈ ਰਾਖਵੀਆਂ ਕੀਤੀਆਂ ਗਈਆਂ ਹਨ।ਜ਼ਿਲ੍ਹਾ ਚੋਣਕਾਰ ਅਫ਼ਸਰ ਨੇ ਦੱਸਿਆ ਕਿ 14 ਦਸੰਬਰ ਨੂੰ ਵੋਟਾਂ ਪੈਣਗੀਆਂ ਤੇ 17 ਦਸੰਬਰ ਨੂੰ ਚੋਣ ਨਤੀਜੇ ਆਉਣਗੇ।ਉਨ੍ਹਾਂ ਦੱਸਿਆ ਕਿ ਈਵੀਐੱਮ ਦੀ ਥਾਂ ਬੈਲਟ ਪੇਪਰ ਨਾਲ ਵੋਟਿੰਗ ਹੋਵੇਗੀ।ਵਧੀਕ ਜ਼ਿਲ੍ਹਾ ਚੋਣਕਾਰ ਅਫਸਰ (ਵਿਕਾਸ) ਸੁਰਿੰਦਰ ਸਿੰਘ ਧਾਲੀਵਾਲ ਨੇ ਸਮੂਹ ਰਿਟਰਨਿੰਗ ਅਫਸਰਾਂ ਤੇ ਸਹਾਇਕ ਰਿਟਰਨਿੰਗ ਅਫਸਰਾਂ ਨੂੰ ਚੋਣ ਕਮਿਸ਼ਨ ਦੀਆਂ ਹਦਾਇਤਾਂ ਦੀ ਪਾਲਣਾ ਕਰਨ ਦੇ ਨਾਲ ਨਾਲ ਸਮੁੱਚੇ ਅਮਲੇ ਨੂੰ ਚੋਣ ਪ੍ਰਕਿਰਿਆ ਦੀ ਪਵਿੱਤਰਤਾ ਨੂੰ ਬਰਕਰਾਰ ਰੱਖਣ ਤੇ ਸਫਲ ਤੇ ਸ਼ਾਂਤਮਈ ਢੰਗ ਨਾਲ ਚੋਣਾਂ ਕਰਵਾਉਣ ਲਈ ਤਨਦੇਹੀ ਨਾਲ ਕੰਮ ਕਰਨ ਦੀ ਅਪੀਲ ਕੀਤੀ।ਮੀਟਿੰਗ ਦੌਰਾਨ ਐੱਸ ਪੀ ਹਰਵੰਤ ਕੌਰ, ਰਿਟਰਨਿੰਗ ਅਫਸਰ ਤੇ ਸਹਾਇਕ ਰਿਟਰਨਿੰਗ ਅਫਸਰ ਜ਼ਿਲ੍ਹਾ ਸੂਚਨਾ ਅਫਸਰ ਮੌਜੂਦ ਸਨ।

## ਸਬ-ਇੰਸਪੈਕਟਰ ਪਵਿੱਤਰ ਸਿੰਘ ਨੇ ਥਾਣਾ ਮੁਖੀ ਦਾ ਚਾਰਜ ਸੰਭਾਲਿਆ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਪੁਲਸ ਜ਼ਿਲ੍ਹਾ ਖੰਨਾ ਦੇ ਐੱਸ ਐੱਸ ਪੀ ਡਾ. ਜੋਤੀ ਯਾਦਵ ਵੱਲੋਂ ਜਾਰੀ ਨਿਰਦੇਸ਼ਾਂ ਤਹਿਤ ਸਬ-ਇੰਸਪੈਕਟਰ ਪਵਿੱਤਰ ਸਿੰਘ ਨੂੰ ਮਾਛੀਵਾੜਾ ਥਾਣਾ ਦਾ ਨਵਾਂ ਮੁਖੀ ਨਿਯੁਕਤ ਕੀਤਾ ਗਿਆ ਹੈ। ਇੱਥੇ ਤਾਇਨਾਤ ਇੰਸਪੈਕਟਰ ਹਰਵਿੰਦਰ ਸਿੰਘ ਦਾ ਤਬਾਦਲਾ ਸਮਰਾਲਾ ਵਿਖੇ ਕਰ ਦਿੱਤਾ ਗਿਆ ਹੈ। ਥਾਣਾ ਮੁਖੀ ਪਵਿੱਤਰ ਸਿੰਘ ਸਮਰਾਲਾ ਤੋਂ ਤਬਦੀਲ ਹੋ ਕੇ ਇੱਥੇ ਆਏ ਹਨ ਜੋ ਕਿ ਪਹਿਲਾਂ ਵੀ ਮਾਛੀਵਾੜਾ 'ਚ ਆਪਣੀਆਂ ਸੇਵਾਵਾਂ ਦੇ ਚੁੱਕੇ ਹਨ। ਪਵਿੱਤਰ ਸਿੰਘ ਨੇ ਅੱਜ ਆਪਣਾ ਅਹੁਦਾ ਸੰਭਾਲ ਲਿਆ ਹੈ ਤੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਲੋਕਾਂ ਦੀਆਂ ਸ਼ਿਕਾਇਤਾਂ ਦਾ ਤੁਰੰਤ ਨਿਪਟਾਰਾ ਕੀਤਾ ਜਾਵੇਗਾ ਅਤੇ ਨਸ਼ਾ ਤਸਕਰਾਂ ਤੇ ਅਪਰਾਧਿਕ ਵਿਅਕਤੀਆਂ ਨੂੰ ਬਖਸ਼ਿਆ ਨਹੀਂ ਜਾਵੇਗਾ।

## ਜੀ ਬੀ ਇੰਟਰਨੈਸ਼ਨਲ ਸਕੂਲ ਵਿਖੇ ਵਿਗਿਆਨ ਪ੍ਰਦਰਸ਼ਨੀ ਲਗਾਈ




**ਨਾਭਾ (ਵਰਿੰਦਰ ਵਰਮਾ)**-ਨਾਭਾ ਸਥਿਤ ਜੀ ਬੀ ਇੰਟਰਨੈਸ਼ਨਲ ਸਕੂਲ ਵਿੱਚ ਚੇਅਰਮੈਨ ਸੰਦੀਪ ਬਾਂਸਲ ਦੀ ਅਗਵਾਈ ਵਿੱਚ ਵਿਗਿਆਨ ਪ੍ਰਦਰਸ਼ਨੀ ਦਾ ਆਯੋਜਨ ਬੜੇ ਉਤਸ਼ਾਹ ਤੇ ਉਮੰਗ ਨਾਲ ਕੀਤਾ ਗਿਆ।ਸ੍ਰੀ ਬਾਂਸਲ ਅਨੁਸਾਰ, ਅੱਜ ਦੀ ਇਸ ਵਿਗਿਆਨ ਪ੍ਰਦਰਸ਼ਨੀ ਦੁਆਰਾ ਵਿਦਿਆਰਥੀਆਂ ਨੇ ਜਦੋਂ ਕਿਤਾਬਾਂ ਵਿੱਚ ਲਿਖੀਆਂ ਗੱਲਾਂ ਨੂੰ ਮਾਡਲ ਬਣਾ ਕੇ ਵੇਖਿਆ, ਤਾਂ ਉਨ੍ਹਾਂ ਨੂੰ ਵਿਗਿਆਨਕ ਧਾਰਨਾਵਾਂ ਹੋਰ ਵੀ ਚੰਗੀ ਤਰ੍ਹਾਂ ਸਮਝ ਆਈਆਂ।ਪ੍ਰਦਰਸ਼ਨੀ ਦਾ ਮਕਸਦ ਵਿਦਿਆਰਥੀਆਂ ਵਿੱਚ ਵਿਗਿਆਨ ਦੇ ਜ਼ਰੀਏ ਅਸਲੀ ਜ਼ਿੰਦਗੀ ਦੀਆਂ ਸਮੱਸਿਆਵਾਂ ਦੇ ਹੱਲ ਖੋਜਣ ਦੀ ਸਮਰੱਥਾ ਵਧਾਉਣਾ ਸੀ।ਇਸ ਦੌਰਾਨ ਵਿਦਿਆਰਥੀਆਂ ਦੁਆਰਾ ਵਿਗਿਆਨ ਦੇ ਵੱਖ-ਵੱਖ ਵਿਸ਼ਿਆਂ ਨਾਲ ਸਬੰਧਤ ਆਕਰਸ਼ਕ ਪ੍ਰਯੋਗ ਜਿਵੇਂ ਡਾਂਸਿੰਗ ਪਿੰਜ਼, ਮੈਜਿਕ ਬੈਲੂਨ, ਐਸਿਡ-ਬੇਸ ਆਈਡੈਂਟੀਫ਼ਿਕੇਸ਼ਨ, ਕੈਪਿਲਰੀ ਐਕਸ਼ਨ, ਡੈਂਸਟੀ ਐਕਸਪੈਰੀਮੈਂਟ, ਡਾਂਸਿੰਗ ਰੈਜ਼ਿਨਜ਼, ਰਿਫਲੈਕਸ਼ਨ ਆਫ਼ ਲਾਈਟ ਆਦਿ ਖਾਸ ਧਿਆਨ ਦਾ ਕੇਂਦਰ ਰਹੇ।

ਇਸੇ ਦੌਰਾਨ ਮਾਪਿਆਂ ਦੁਆਰਾ ਪੁੱਛੇ ਗਏ ਪ੍ਰਸ਼ਨਾਂ ਦੇ ਵਿਗਿਆਨਕ ਕਾਰਨਾਂ ਸਮੇਤ ਉੱਤਰ ਦੇ ਕੇ ਵਿਦਿਆਰਥੀਆਂ ਨੇ ਮਾਪਿਆਂ ਨੂੰ ਬੇਮਿਸਾਲ ਖ਼ੁਸ਼ੀ ਦਾ ਅਨੁਭਵ ਵੀ ਕਰਵਾਇਆ।ਇਸ ਤੋਂ ਇਲਾਵਾ, ਵਿਦਿਆਰਥੀਆਂ ਨੇ ਕੁਝ ਮਾਡਲ ਜਿਵੇਂ ਲੰਗਜ਼ ਵਾਰਨਿੰਗ, ਫਨਲ ਸਟੇਥੋਸਕੋਪ, ਬਲੱਡ ਫ਼ਲੋ ਇਨ ਹਾਰਟ, ਮੂਵਮੈਂਟ ਆਫ਼ ਹੈਂਡ ਆਦਿ ਬਣਾ ਕੇ ਉਨ੍ਹਾਂ ਦਾ ਜੀਵੰਤ ਪ੍ਰਦਰਸ਼ਨ ਕੀਤਾ।ਸਕੂਲ ਪ੍ਰਿੰਸੀਪਲ ਡਾ. ਇੰਦਰਜੀਤ ਪਾਲ ਕੌਰ ਗਰੇਵਾਲ ਨੇ ਵਿਦਿਆਰਥੀਆਂ ਦੇ ਯਤਨਾਂ ਦੀ ਪ੍ਰਸੰਸਾ ਕਰਦੇ ਹੋਏ ਕਿਹਾ ਕਿ ਇਸ ਤਰ੍ਹਾਂ ਦੀਆਂ ਪ੍ਰਦਰਸ਼ਨੀਆਂ ਵਿਦਿਆਰਥੀਆਂ ਨੂੰ ਪ੍ਰਯੋਗ-ਅਧਾਰਤ ਸਿੱਖਿਆ ਨਾਲ ਜੋੜਦੀਆਂ ਹਨ। ਸਕੂਲ ਦੀ ਉਪ ਪ੍ਰਿੰਸੀਪਲ ਦਿਵਿਆ ਸ਼ਰਮਾ ਨੇ ਕਿਹਾ ਕਿ ਅੱਜ ਦੀ ਦੁਨੀਆ ਵਿਗਿਆਨ ਤੇ ਤਕਨਾਲੋਜੀ 'ਤੇ ਅਧਾਰਤ ਹੈ, ਇਸ ਲਈ ਇਸ ਤਰ੍ਹਾਂ ਦੇ ਆਯੋਜਨ ਵਿਦਿਆਰਥੀਆਂ ਨੂੰ ਨਵੇਂ ਵਿਚਾਰਾਂ 'ਤੇ ਕੰਮ ਕਰਨ ਲਈ ਪ੍ਰੇਰਿਤ ਕਰਦੇ ਹਨ, ਜਿਸ ਨਾਲ ਭਵਿੱਖ ਦੇ ਵਿਗਿਆਨੀ, ਇੰਜੀਨੀਅਰ ਤੇ ਖੋਜਕਾਰ ਤਿਆਰ ਹੁੰਦੇ ਹਨ।

## ਸੰਦੀਪ ਬਾਂਸਲ ਨੇ ਤੇਜ਼ ਕੀਤੀਆਂ ਸਿਆਸੀ ਸਰਗਰਮੀਆਂ



**ਧੂਰੀ, (ਮੋਹਿਤ ਗਰਗ, ਮਨੋਹਰ ਸਿੰਘ ਸੱਗੂ, ਬਿੰਨੀ ਗਰਗ)**-ਸਮਾਜ ਸੇਵੀ, ਯੂਥ ਆਗੂ ਤੇ ਉਦਯੋਗਪਤੀ ਸੰਦੀਪ ਬਾਂਸਲ ਨੇ ਵਾਰਡ ਨੰਬਰ 14 ਵਿੱਚ ਲੋਕਾਂ ਦੀਆਂ ਸਮੱਸਿਆਵਾਂ ਨੂੰ ਧਿਆਨ ਵਿੱਚ ਰੱਖਦਿਆਂ ਆਪਣੇ ਦਫ਼ਤਰ ਵਿੱਚ ਵਾਰਡ ਵਾਸੀਆਂ ਨਾਲ ਖ਼ਾਸ ਮੀਟਿੰਗ ਕੀਤੀ।ਇਸ ਦੌਰਾਨ ਵੱਸਣ ਵਾਲੇ ਨਾਗਰਿਕਾਂ ਨੇ ਖੇਤਰ ਵਿੱਚ ਪੈਦਾ ਹੋ ਰਹੀਆਂ ਵੱਖ-ਵੱਖ ਮੁਸ਼ਕਲਾਂ ਬਾਰੇ ਵਿਸਥਾਰ ਨਾਲ ਗੱਲਬਾਤ ਕੀਤੀ ਤੇ ਨਿਆ ਸੰਗਤ ਹੱਲ ਦੀ ਮੰਗ ਰੱਖੀ।ਵਾਰਡ ਵਾਸੀਆਂ ਵੱਲੋਂ ਮੁੱਖ ਤੌਰ 'ਤੇ ਪਾਣੀ ਦੀ ਨਿਕਾਸੀ ਵਿੱਚ ਆ ਰਹੀ ਰੁਕਾਵਟ, ਸੀਵਰ ਲਾਈਨਾਂ, ਬੇਸਹਾਰਾ ਪਸ਼ੂਆਂ ਦੀ ਵਧਦੀ ਸਮੱਸਿਆ ਤੇ ਹੋਰ ਕਈ ਨਾਗਰਿਕ ਸਹੂਲਤਾਂ ਦੀ ਕਮੀ ਵੱਲ ਇਸ਼ਾਰੇ ਕੀਤੇ ਗਏ।ਪਾਣੀ ਦੀ ਨਿਕਾਸੀ ਨੂੰ ਸਭ ਤੋਂ ਗੰਭੀਰ ਸਮੱਸਿਆ ਦੱਸਦਿਆਂ ਕਿਹਾ ਕਿ ਹਾਲ ਹੀ ਦੇ ਮੀਂਹਾਂ ਕਾਰਨ ਗਲੀਆਂ-ਮੁਹੱਲਿਆਂ ਵਿੱਚ ਪਾਣੀ ਖੜ੍ਹਾ ਹੋਣ ਨਾਲ ਲੋਕਾਂ ਨੂੰ ਕਾਫ਼ੀ ਨੁਕਸਾਨ ਸਹਿਣਾ ਪਿਆ ਹੈ।ਸੰਦੀਪ ਬਾਂਸਲ ਨੇ ਵਾਰਡ ਵਾਸੀਆਂ ਦੀਆਂ ਚਿੰਤਾਵਾਂ ਨੂੰ ਗੰਭੀਰਤਾ ਨਾਲ ਸੁਣਦਿਆਂ ਭਰੋਸਾ ਦਿਵਾਇਆ ਕਿ ਉਹ ਸਮੱਸਿਆਵਾਂ ਦੇ ਸਥਾਈ ਹੱਲ ਲਈ ਰਲ ਮਿਲ ਕੇ ਯਤਨ ਕਰਨਗੇ।ਉਨ੍ਹਾਂ ਇਹ ਵੀ ਕਿਹਾ ਕਿ ਨਿਵਾਸੀਆਂ ਦੇ ਸਹਿਯੋਗ ਨਾਲ ਕਿਸੇ ਵੀ ਸਮੱਸਿਆ ਦਾ ਹੱਲ ਮੁਸ਼ਕਲ ਨਹੀਂ ਤੇ ਇਕੱਠੇ ਹੋ ਕੇ ਵਾਰਡ ਨੂੰ ਮਿਸਾਲ ਬਣਾਇਆ ਜਾ ਸਕਦਾ ਹੈ।

## ਮਹਾਪ੍ਰਗਯ ਸਕੂਲ 'ਚ 'ਸੰਘਰਸ਼-2025' ਸਪੋਰਟਸ ਡੇਅ ਮਨਾਇਆ




**ਜਗਰਾਉਂ (ਸੰਜੀਵ ਅਰੋੜਾ, ਅਮਿਤ ਖੰਨਾ)**-ਮਹਾਪ੍ਰਗਯ ਸਕੂਲ ਜਗਰਾਉਂ ਵਿੱਚ ਸਾਲਾਨਾ ਖੇਡ ਸਮਾਰੋਹ 'ਸੰਘਰਸ਼-2025' ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ ਗਿਆ। ਪ੍ਰੋਗਰਾਮ ਦੀ ਸ਼ੁਰੂਆਤ ਪਵਿੱਤਰ ਨਵਕਾਰ ਮੰਤਰ ਨਾਲ ਹੋਈ। ਡਾਇਰੈਕਟਰ ਵਿਸ਼ਾਲ ਜੈਨ, ਪ੍ਰਿੰਸੀਪਲ ਮੈਡਮ ਪ੍ਰਭਜੀਤ ਕੌਰ ਵਰਮਾ ਤੇ ਆਏ ਹੋਏ ਮਹਿਮਾਨਾਂ ਵੱਲੋਂ ਜੋਯਤੀ ਪ੍ਰਜਵਲ ਕਰਕੇ ਸਮਾਰੋਹ ਦਾ ਅਰੰਭ ਕੀਤਾ ਗਿਆ। ਡਾਇਰੈਕਟਰ ਨੇ ਸਕੂਲ ਦਾ ਝੰਡਾ ਲਹਿਰਾ ਕੇ ਖੇਡ ਸਮਾਰੋਹ ਦਾ ਰਸਮੀ ਉਦਘਾਟਨ ਕੀਤਾ।

ਰੰਗ-ਬਿਰੰਗੇ ਗੁਬਾਰੇ ਆਕਾਸ਼ ਵਿੱਚ ਛੱਡੇ ਗਏ ਤੇ ਵਿਦਿਆਰਥੀਆਂ ਨੇ ਓਲੰਪਿਕ ਭਾਵਨਾ ਦੇ ਨਾਲ ਸਹੁੰ ਵੀ ਚੁੱਕੀ। ਸਮਾਰੋਹ ਦੇ ਸ਼ੁਭ-ਅਰੰਭ ਤੇ ਸਕੂਲ ਦੇ ਜੂਨੀਅਰ ਕੋ-ਆਰਡੀਨੇਟਰ ਸੁਰਿੰਦਰ ਕੌਰ ਨੇ ਮੰਚ ਤੋਂ ਆਏ ਹੋਏ ਮਹਿਮਾਨਾਂ ਦਾ ਸਵਾਗਤ ਕੀਤਾ। ਆਪਣੇ ਭਾਵਪੂਰਤ ਸੰਬੋਧਨ ਵਿੱਚ ਉਨ੍ਹਾਂ ਨੇ ਕਿਹਾ ਕਿ ਸਾਡੇ ਇਹ ਨੰਨ੍ਹੇ-ਮੁੰਨੇ ਬੱਚੇ ਪੂਰੀ ਮਿਹਨਤ ਕਰਦੇ ਹਨ ਤੇ ਅੱਜ ਦਾ ਦਿਨ ਉਨ੍ਹਾਂ ਦਾ ਆਤਮ ਵਿਸ਼ਵਾਸ ਵਧਾਉਣ ਦਾ ਦਿਨ ਹੈ।

ਉਨ੍ਹਾਂ ਕਿਹਾ ਕਿ ਇਸ ਸਕੂਲ ਦਾ ਉਦੇਸ਼ ਕੇਵਲ ਸਿੱਖਿਆ ਦੇਣਾ ਨਹੀਂ, ਬਲਕਿ ਉਨ੍ਹਾਂ ਦਾ ਸਰਵਪੱਖੀ ਵਿਕਾਸ ਕਰਨ ਹੈ। ਉਨ੍ਹਾਂ ਦੇ ਗਰਮਜੋਸ਼ੀ ਭਰੇ ਸਵਾਗਤ ਤੇ ਪ੍ਰੇਰਕ ਸ਼ਬਦਾਂ ਨੇ ਪੂਰੇ ਮਾਹੌਲ ਨੂੰ ਹੋਰ ਉਤਸ਼ਾਹਤ ਕੀਤਾ।

ਇਸ ਦੇ ਬਾਅਦ ਛੋਟੇ ਬੱਚਿਆਂ ਲਈ ਵੱਖ-ਵੱਖ ਖੇਡ ਜਿਵੇਂ ਬਟਰਫਲਾਈ ਰੇਸ ਪ੍ਰੀ-ਨਾਰਸਰੀ, 50 ਮੀਟਰ ਰਾਈਡਰ ਰੇਸ ਨਰਸਰੀ ਏ, 50 ਮੀਟਰ ਔਬਸਟੈਕਲ ਰੇਸ ਨਰਸਰੀ ਬੀ, ਐਨੀਮਲ ਰੇਸ ਨਰਸਰੀ ਸੀ, ਇਨ ਦਿ ਵਾਟਰ ਬੌਟਲ ਰੇਸ ਐਲਕੇਜੀ ਏ, ਸੋਲਰ ਸਿਸਟਮ ਰੇਸ ਐਲਕੇਜੀ ਬੀ, ਮਿਊਜ਼ੀਕਲ ਚੇਅਰ ਰੇਸ ਐੱਲ ਕੇ ਜੀ ਸੀ, ਯੂ.ਕੇ.ਜੀ. ਏ, ਹੇਨ-ਐਗ ਰੇਸ, ਬਲੂਨ ਬਰਸਟਿੰਗ ਯੂ.ਕੇ.ਜੀ. ਬੀ, ਹੇਲਦੀ ਬਨਾਮ ਜੰਕ ਫੂਡ ਰੇਸ ਯੂ.ਕੇ.ਜੀ, ਪੰਜਵੀਂ ਜਮਾਤ ਦੀਆਂ ਵਿਦਿਆਰਥਣਾਂ ਵੱਲੋਂ ਯੋਗਾ ਨਾਚ ਦਿਲਕਸ਼ ਅੰਦਾਜ਼ ਵਿੱਚ ਪੇਸ਼ ਕੀਤਾ ਗਿਆ। ਸਮਾਗਮ ਦੇ ਅੰਤ 'ਚ ਜੇਤੂ ਖਿਡਾਰੀਆਂ ਨੂੰ ਸਨਮਾਨਤ ਕਰਨ ਲਈ ਮੈਡਲ ਦਿੱਤੇ। ਇਸ ਮੌਕੇ ਸਕੂਲ ਦੇ ਮੈਨੇਜਰ ਮਨਜੀਤ ਇੰਦਰ ਕੁਮਾਰ ਵੀ ਹਾਜ਼ਰ ਸਨ। ਇਹ ਪੂਰਾ ਖੇਡ ਸਮਾਗਮ ਸਕੂਲ ਦੇ ਮਾਹਰ ਕੋਚ ਪ੍ਰੀਤ ਇੰਦਰ ਕੁਮਾਰ, ਇਕਬਾਲ ਸਿੰਘ, ਬਲਜੀਤ ਸਿੰਘ ਦੀ ਦੇਖ ਰੇਖ ਵਿੱਚ ਪੂਰਾ ਹੋਇਆ। ਸਟੇਜ ਸੰਚਾਲਨ ਦੀ ਭੂਮਿਕਾ ਰਜਨੀ ਜੈਸਵਾਲ ਵੱਲੋਂ ਵਿਦਿਆਰਥੀਆਂ ਦੇ ਸਹਿਯੋਗ ਨਾਲ ਨਿਭਾਈ ਗਈ।

## ਸ਼੍ਰੋਮਣੀ ਅਕਾਲੀ ਦਲ 2027 ਦੀਆਂ ਚੋਣਾਂ 'ਚ ਰਚੇਗਾ ਇਤਿਹਾਸ : ਲਾਲਕਾ

### ਦਲਵੀਰ ਸਿੰਘ ਬੂਹੀ ਸ਼੍ਰੋਮਣੀ ਅਕਾਲੀ ਦਲ 'ਚ ਸ਼ਾਮਲ



**ਨਾਭਾ (ਵਰਿੰਦਰ ਵਰਮਾ)**-ਵਿਧਾਨ ਸਭਾ ਚੋਣਾਂ ਸਮੇਂ ਝੂਠੇ ਵਾਅਦੇ ਤੇ ਲਾਰੇ ਲਾ ਕੇ ਸੱਤਾ 'ਚ ਆਈ ਆਮ ਆਦਮੀ ਪਾਰਟੀ ਦੀ ਸਰਕਾਰ ਤੋਂ ਲੋਕਾਂ ਦਾ ਮੋਹ ਭੰਗ ਹੋ ਚੁੱਕਿਆ ਹੈ ਅਤੇ ਹੁਣ ਲੋਕ ਮੁੜ ਵਿਕਾਸਮਈ ਸੋਚ ਰੱਖਣ ਵਾਲੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਨੂੰ ਯਾਦ ਕਰਨ ਲੱਗੇ ਹਨ।ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਹਲਕਾ ਨਾਭਾ ਦੇ ਇੰਚਾਰਜ ਮੱਖਣ ਸਿੰਘ ਲਾਲਕਾ ਨੇ ਪੁਨਰ ਸੁਰਜੀਤ ਪਾਰਟੀ ਨੂੰ ਛੱਡ ਕੇ ਦਲਬੀਰ ਸਿੰਘ ਬੂਹੀ ਨੂੰ ਪਾਰਟੀ ਵਿੱਚ ਸ਼ਾਮਲ ਕਰਨ ਦੌਰਾਨ ਪ੍ਰਗਟਾਏ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਨੇ ਆਪਣੇ ਕਾਰਜਕਾਲ ਵਿੱਚ ਲੋਕ ਭਲਾਈ ਸਕੀਮਾਂ ਤੋਂ ਇਲਾਵਾ ਅਥਾਹ ਵਿਕਾਸ ਕਾਰਜ ਕਰਵਾਏ ਸਨ, ਜਿਸ ਨੂੰ ਲੋਕ ਯਾਦ ਕਰਕੇ ਆਪ ਨੂੰ ਸੱਤਾ ਸੌਂਪਣ 'ਤੇ ਪਛਤਾ ਰਹੇ ਹਨ ਅਤੇ ਪੰਜਾਬ ਦੀ ਕਮਾਨ ਫਿਰ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਸੌਂਪਣਾ ਚਾਹੁੰਦੇ ਹਨ।ਉਨ੍ਹਾਂ ਕਿਹਾ ਕਿ ਵਿਧਾਨ ਸਭਾ ਚੋਣਾਂ 2027 ਵਿੱਚ ਸ਼੍ਰੋਮਣੀ ਅਕਾਲੀ ਦਲ ਆਪਣੀ ਜਿੱਤ ਦਾ ਝੰਡਾ ਗੱਡ ਕੇ ਸਰਕਾਰ ਬਣਾਵੇਗੀ, ਜਿਸ ਦਾ ਆਗਾਜ਼ ਤਰਨਤਾਰਨ ਜ਼ਿਮਨੀ ਚੋਣ 'ਚ ਸ਼੍ਰੋਮਣੀ ਅਕਾਲੀ ਦਲ ਨੇ ਦੂਜੇ ਨੰਬਰ 'ਤੇ ਰਹਿ ਕੇ ਕਰ ਦਿੱਤਾ ਹੈ।ਉਨ੍ਹਾਂ ਕਿਹਾ ਕਿ ਜ਼ਿਮਨੀ ਚੋਣ 'ਚ ਸੱਤਾ ਧਿਰ ਵੱਲੋਂ ਹਰ ਤਰ੍ਹਾਂ ਦੇ ਤਸ਼ੱਦਦ ਕਰਨ ਬਾਅਦ ਵੀ ਸ਼੍ਰੋਮਣੀ ਅਕਾਲੀ ਦਲ ਦਾ ਸ਼ਾਨਦਾਰ ਪ੍ਰਦਰਸ਼ਨ ਰਿਹਾ ਹੈ, ਜਿਸ ਨਾਲ ਵਰਕਰਾਂ ਦੇ ਹੌਂਸਲੇ ਬੁਲੰਦ ਹਨ ਅਤੇ ਲੋਕ ਵਿਧਾਨ ਸਭਾ ਚੋਣਾਂ 2027 ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਹੱਕ 'ਚ ਖੁੱਲ੍ਹ ਕੇ ਨਿੱਤਰਨਗੇ।ਸ਼ਾਮਲ ਹੋਣ ਉਪਰੰਤ ਦਲਵੀਰ ਸਿੰਘ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਪਾਰਟੀ ਦੀਆਂ ਨੀਤੀਆਂ ਨੂੰ ਘਰ ਘਰ ਪਹੁੰਚਾਇਆ ਜਾਵੇਗਾ ਤੇ ਹੋਣ ਵਾਲੀਆਂ ਬਲਾਕ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਦੀਆਂ ਚੋਣਾਂ ਵਿੱਚ ਦਿਨ-ਰਾਤ ਮਿਹਨਤ ਕਰਕੇ ਪਾਰਟੀ ਦੇ ਉਮੀਦਵਾਰਾਂ ਨੂੰ ਜਤਾਇਆ ਜਾਵੇਗਾ।ਇਸ ਮੌਕੇ ਅਮਰੀਕ ਸਿੰਘ ਬੂਹੀ ਸਰਕਲ ਪ੍ਰਧਾਨ ਦਿਹਾਤੀ ਨਾਭਾ, ਬਲਵਿੰਦਰ ਸਿੰਘ ਧਾਰਨੀ ਸਰਕਲ ਪ੍ਰਧਾਨ ਭਾਦਸੋਂ ਸ਼ਹਿਰੀ, ਗੁਰਬਖਸ਼ੀਸ਼ ਸਿੰਘ ਨਰਵਾਣਾ, ਯਾਦਵਿੰਦਰ ਸਿੰਘ ਬੂਹੀ, ਹਰਿੰਦਰ ਸਿੰਘ ਧਾਰੋਕੀ, ਪਰਗਟ ਸਿੰਘ ਬੂਹੀ, ਪ੍ਰੀਤਮ ਸਿੰਘ ਬੂਹੀ, ਰੇਸ਼ਮ ਸਿੰਘ ਬੂਹੀ ਆਦਿ ਹਾਜ਼ਰ ਸਨ।

## ਸਨੌਰ ਨਗਰ ਕੌਂਸਲ ਵੱਲੋਂ ਐੱਨ ਓ ਸੀ ਫੀਸਾਂ 'ਚ ਚਾਰ ਗੁਣਾਂ ਵਾਧਾ

### ਆਮ ਲੋਕਾਂ 'ਤੇ ਪਿਆ ਵੱਡਾ ਵਿੱਤੀ ਬੋਝ

**ਸਨੌਰ (ਰਾਜਿੰਦਰ ਸਿੰਘ ਥਿੰਦ)**-ਨਗਰ ਕੌਂਸਲ ਸਨੌਰ ਵੱਲੋਂ ਬੀਤੇ ਦਿਨਾਂ 'ਚ ਘਰੇਲੂ ਤੇ ਕਮਰਸ਼ੀਅਲ ਪਲਾਟਾਂ ਦੀਆਂ ਐੱਨ.ਓ.ਸੀ. ਫੀਸਾਂ ਵਿੱਚ ਕੀਤੇ ਗਏ ਭਾਰੀ ਵਾਧੇ ਨੇ ਇਲਾਕੇ ਦੇ ਵਸਨੀਕਾਂ ਵਿੱਚ ਚਰਚਾ ਤੇ ਨਾਰਾਜ਼ਗੀ ਪੈਦਾ ਕਰ ਦਿੱਤੀ ਹੈ।ਇਸ ਫ਼ੈਸਲੇ ਨਾਲ ਉਨ੍ਹਾਂ ਲੋਕਾਂ ਦੀ ਚਿੰਤਾ ਹੋਰ ਵੱਧ ਗਈ ਹੈ, ਜੋ ਪਹਿਲਾਂ ਹੀ ਵਧ ਰਹੇ ਸਰਕਾਰੀ ਖਰਚੇ ਤੇ ਨਿੱਜੀ ਮਹਿੰਗਾਈ ਨਾਲ ਜੂਝ ਰਹੇ ਹਨ।ਜ਼ਿਕਰਯੋਗ ਹੈ ਕਿ ਸਨੌਰ ਵਿੱਚ ਐੱਨ.ਓ.ਸੀ. ਦੀ ਫੀਸ ਪਹਿਲਾਂ ਹੀ ਆਮ ਵਸਨੀਕਾਂ ਲਈ ਇੱਕ ਵੱਡਾ ਖਰਚਾ ਮੰਨੀ ਜਾਂਦੀ ਸੀ।ਕਈ ਘਰੇਲੂ ਵਸਨੀਕਾਂ ਲਈ ਆਪਣੇ ਘਰ ਜਾਂ ਪਲਾਟ ਨਾਲ ਸੰਬੰਧਤ ਕਾਗਜ਼ੀ ਕਾਰਵਾਈ ਕਰਵਾਉਣਾ ਇੱਕ ਵੱਡੇ ਵਿੱਤੀ ਬੋਝ ਤੋਂ ਘੱਟ ਨਹੀਂ ਸੀ, ਪਰ ਹੁਣ ਨਗਰ ਕੌਂਸਲ ਵੱਲੋਂ ਫੀਸਾਂ ਵਿੱਚ ਹੋਰ ਵਾਧਾ ਕਰਨ ਨਾਲ ਇਹ ਬੋਝ ਹੋਰ ਵੀ ਭਾਰੀ ਹੋ ਗਿਆ ਹੈ।ਤਾਜ਼ਾ ਫ਼ੈਸਲੇ ਮੁਤਾਬਕ ਘਰੇਲੂ ਪਲਾਟਾਂ ਦੀ ਐੱਨ.ਓ.ਸੀ. ਫੀਸ, ਜੋ ਪਹਿਲਾਂ 426 ਰੁਪਏ ਪ੍ਰਤੀ ਵਰਗ ਗਜ਼ ਸੀ, ਉਸ ਨੂੰ ਵਧਾ ਕੇ 742 ਰੁਪਏ ਪ੍ਰਤੀ ਵਰਗ ਗਜ਼ ਕਰ ਦਿੱਤਾ ਗਿਆ ਹੈ।ਇਹ ਵਾਧਾ ਤਕਰੀਬਨ ਦੋ ਗੁਣਾ ਹੈ, ਜਿਸ ਕਾਰਨ ਛੋਟੇ ਪੱਧਰ ਦੇ ਘਰ ਬਣਾਉਣ ਵਾਲੇ ਪਰਿਵਾਰ ਤੇ ਮੱਧਵਰਗ ਦੇ ਲੋਕ ਸਭ ਤੋਂ ਵੱਧ ਪ੍ਰਭਾਵਿਤ ਹੋਣਗੇ।ਦੂਜੇ ਪਾਸੇ ਕਮਰਸ਼ੀਅਲ ਪਲਾਟਾਂ ਦੀ ਐੱਨ.ਓ.ਸੀ. ਫੀਸ 1302 ਰੁਪਏ ਤੋਂ ਵਧਾ ਕੇ 2060 ਰੁਪਏ ਪ੍ਰਤੀ ਵਰਗ ਗਜ਼ ਕਰ ਦਿੱਤੀ ਗਈ ਹੈ।ਵਪਾਰੀਆਂ ਦਾ ਕਹਿਣਾ ਹੈ ਕਿ ਇਹ ਵਾਧਾ ਬਾਜ਼ਾਰ ਵਿੱਚ ਨਿਵੇਸ਼ ਕਰਨ ਦੀ ਇੱਛਾ ਨੂੰ ਘੱਟ ਕਰੇਗਾ ਤੇ ਨਵੇਂ ਕਾਰੋਬਾਰ ਖੋਲ੍ਹਣ ਵਾਲਿਆਂ ਲਈ ਸਖ਼ਤ ਚੁਣੌਤੀ ਬਣੇਗਾ।ਕਈ ਛੋਟੇ ਦੁਕਾਨਦਾਰਾਂ ਨੇ ਇਸ ਨੂੰ 'ਅਚਾਨਕ ਵਿੱਤੀ ਝਟਕਾ' ਕਰਾਰ ਦਿੱਤਾ ਹੈ।ਸਥਾਨਕ ਵਸਨੀਕਾਂ ਦਾ ਮੰਨਣਾ ਹੈ ਕਿ ਨਗਰ ਕੌਂਸਲ ਨੇ ਬਿਨਾਂ ਲੋਕਾਂ ਦੀ ਰਾਏ ਤੇ ਸਲਾਹ ਮਸ਼ਵਰਾ ਲਏ ਇਹ ਫ਼ੈਸਲਾ ਲੈ ਲਿਆ, ਜਿਹੜਾ ਲੋਕਾਂ ਦੇ ਹਿੱਤਾਂ ਵਿਰੁੱਧ ਹੈ।ਕਈਆਂ ਨੇ ਇਹ ਵੀ ਦੱਸਿਆ ਕਿ ਫੀਸਾਂ ਵਿੱਚ ਵਾਧਾ ਕਰਨ ਦੀ ਬਜਾਏ ਨਗਰ ਕੌਂਸਲ ਨੂੰ ਪਹਿਲਾਂ ਸਹੂਲਤਾਂ ਸੁਧਾਰਨੀਆਂ ਚਾਹੀਦੀਆਂ ਸਨ, ਕਿਉਂਕਿ ਗਲੀਆਂ, ਸੜਕਾਂ, ਨਾਲੀਆਂ ਤੇ ਕੂੜਾ ਪ੍ਰਬੰਧਨ ਵਰਗੀਆਂ ਮੁੱਢਲੀਆਂ ਸਹੂਲਤਾਂ ਦੀ ਸਥਿਤੀ ਪਹਿਲਾਂ ਹੀ ਤਸੱਲੀ ਬੱਖ਼ਸ਼ ਨਹੀਂ ਹੈ।ਇਸ ਮਾਮਲੇ 'ਚ ਵਸਨੀਕਾਂ ਵੱਲੋਂ ਜਲਦ ਹੀ ਨਗਰ ਕੌਂਸਲ ਅਧਿਕਾਰੀਆਂ ਨਾਲ ਮੀਟਿੰਗ ਕਰਨ ਦੀ ਸੰਭਾਵਨਾ ਜਤਾਈ ਜਾ ਰਹੀ ਹੈ।ਲੋਕਾਂ ਨੇ ਮੰਗ ਕੀਤੀ ਹੈ ਕਿ ਫੀਸਾਂ ਦਾ ਇਹ ਵਾਧਾ ਵਾਪਸ ਲਿਆ ਜਾਵੇ ਜਾਂ ਘੱਟੋ-ਘੱਟ ਇਸ ਨੂੰ ਤਰਕਸੰਗਤ ਕੀਤਾ ਜਾਵੇ।ਇਲਾਕੇ ਦੇ ਸਮਾਜਕ ਆਗੂਆਂ ਨੇ ਵੀ ਕਿਹਾ ਕਿ ਨਗਰ ਕੌਂਸਲ ਨੂੰ ਲੋਕਾਂ ਦੀ ਵਿੱਤੀ ਸਥਿਤੀ ਨੂੰ ਧਿਆਨ ਵਿੱਚ ਰੱਖਦੇ ਹੋਏ ਨੀਤੀ ਬਣਾਉਣੀ ਚਾਹੀਦੀ ਹੈ।ਫਿਲਹਾਲ ਫੀਸ ਵਾਧੇ ਨੇ ਸਨੌਰ ਵਿੱਚ ਚਿੰਤਾ ਤੇ ਅਸੰਤੁਸ਼ਟੀ ਦਾ ਮਾਹੌਲ ਪੈਦਾ ਕਰ ਦਿੱਤਾ ਹੈ ਅਤੇ ਸਭ ਦੀਆਂ ਨਜ਼ਰਾਂ ਹੁਣ ਨਗਰ ਕੌਂਸਲ ਦੇ ਅਗਲੇ ਕਦਮ 'ਤੇ ਟਿਕੀਆਂ ਹਨ।ਇਸ ਸਬੰਧੀ ਫੋਨ 'ਤੇ ਗੱਲਬਾਤ ਕਰਦਿਆਂ ਨਗਰ ਕੌਂਸਲ ਸਨੌਰ ਦੇ ਕਾਰਜ ਸਾਧਕ ਅਫਸਰ ਨੇ ਕਿਹਾ ਕਿ ਸਰਕਾਰ ਦੁਆਰਾ ਇੱਕ ਨੋਟੀਫਿਕੇਸ਼ਨ ਆਈ ਹੈ, ਐੱਨ ਓ ਸੀ ਦੇ ਰੇਟਾਂ ਵਿੱਚ ਬਦਲਾਅ ਆਇਆ ਹੈ, ਜੋ ਕਿ ਪਹਿਲਾਂ ਰੇਟ 426 ਰੁਪਏ ਸੀ ਬਦਲਾਅ ਤੋਂ ਬਾਅਦ 742 ਰੁਪਏ ਕਰ ਦਿੱਤਾ ਗਿਆ ਹੈ।

## ਆਗੂਆਂ ਤੇ ਵਰਕਰਾਂ ਦੀ ਰਿਹਾਈ ਤੱਕ ਸੰਘਰਸ਼ ਜਾਰੀ ਰਹੇਗਾ : ਸੰਧਾ, ਲਾਲਬਾਈ



**ਮੋਗਾ (ਇਕਬਾਲ ਸਿੰਘ ਖਹਿਰਾ)**-ਪੰਜਾਬ ਰੋਡਵੇਜ ਪਨਬਸ/ਪੀ.ਆਰ.ਟੀ.ਸੀ ਕੰਟਰੈਕਟ ਵਰਕਰਜ ਯੂਨੀਅਨ 25/11 ਵੱਲੋ ਕਿਲੋਮੀਟਰ ਸਕੀਮ ਦੇ ਟੈਂਡਰ ਨੂੰ ਲੈ ਕੇ ਗੇਟ ਰੈਲੀਆਂ ਕਰਨ ਦਾ ਐਲਾਨ ਕੀਤਾ ਗਿਆ ਸੀ ਅਤੇ ਟੈਂਡਰ ਖੁੱਲ੍ਹਣ 'ਤੇ ਮੁਕੰਮਲ ਹੜਤਾਲ ਦਾ ਐਲਾਨ ਕੀਤਾ ਗਿਆ ਸੀ, ਜਦੋਂ ਕਿ ਮੁੱਖ ਮੰਤਰੀ ਪੰਜਾਬ ਨੇ 1 ਜੁਲਾਈ 2024 ਨੂੰ ਮੀਟਿੰਗ ਵਿੱਚ 1 ਮਹੀਨੇ ਵਿੱਚ ਮੰਗਾਂ ਦਾ ਹੱਲ ਕਰਨ ਦਾ ਲਿਖਤੀ ਭਰੋਸਾ ਦਿੱਤਾ ਸੀ ਪ੍ਰੰਤੂ ਮੰਗਾਂ ਦਾ ਹੱਲ ਕਰਨ ਦੀ ਬਜਾਏ ਸ਼ਾਂਤਮਈ ਚੱਲ ਰਹੇ ਸੰਘਰਸ਼ ਨੂੰ ਖਦੇੜਨ ਲਈ ਸਰਕਾਰ ਤੇ ਪੁਲਸ ਪ੍ਰਸ਼ਾਸਨ ਵੱਲੋਂ ਜਬਰੀ ਧੱਕੇਸ਼ਾਹੀ ਕੀਤੀ ਗਈ ਤੇ ਪੁਲਸ ਪ੍ਰਸ਼ਾਸਨ ਵੱਲੋਂ ਆਗੂਆਂ ਤੇ ਵਰਕਰਾਂ ਨੂੰ ਘਰਾਂ ਤੋਂ ਹੀ ਅਰੈਸਟ ਕੀਤਾ ਗਿਆ।

ਇਸ ਤੋਂ ਇਲਾਵਾ ਸ਼ਾਂਤਮਈ ਸੰਘਰਸ਼ ਵਿੱਚੋਂ ਵੀ ਵਰਕਰਾਂ ਤੇ ਆਗੂਆਂ ਨੂੰ ਪੁਲਸ ਵੱਲੋਂ ਅਰੈਸਟ ਕੀਤਾ ਗਿਆ ਅਤੇ ਪੰਜਾਬ ਸਰਕਾਰ ਤੇ ਪੁਲਸ ਪ੍ਰਸ਼ਾਸਨ ਵੱਲੋਂ ਧੱਕੇਸ਼ਾਹੀ ਕੀਤੀ ਗਈ ਹੈ। ਮੁਲਾਜ਼ਮਾਂ ਦੀਆਂ ਪੱਗਾਂ ਉਤਾਰੀਆਂ ਗਈਆਂ, ਕੱਪੜੇ ਤੱਕ ਪਾੜ ਦਿੱਤੇ, ਲਾਠੀਚਾਰਜ ਤੱਕ ਕੀਤਾ ਗਿਆ। ਇਸ ਲਈ ਯੂਨੀਅਨ ਵੱਲੋਂ ਹੜਤਾਲ ਸਮੇਤ ਵੱਖ ਵੱਖ ਥਾਵਾਂ 'ਤੇ ਧਰਨੇ ਪ੍ਰਦਰਸ਼ਨ ਕੀਤੇ ਜਾ ਰਹੇ ਹਨ, ਜਦੋਂ ਤੱਕ ਸਰਕਾਰ ਮੰਗਾਂ ਦਾ ਹੱਲ ਤੇ ਅਰੈਸਟ ਕੀਤੇ ਆਗੂਆਂ ਨੂੰ ਨਹੀਂ ਛੱਡਦੀ, ਉਦੋਂ ਤੱਕ ਇੱਕ ਵੀ ਬੱਸ ਨਹੀਂ ਚਲਾਈ ਜਾਵੇਗੀ, ਇਸ ਸੰਘਰਸ਼ ਨੂੰ ਹੋਰ ਤਿੱਖਾ ਕੀਤਾ ਜਾਵੇਗਾ।ਇਸ ਮੌਕੇ ਚੇਅਰਮੈਨ ਅਮਨਦੀਪ ਸਿੰਘ, ਉੱਪ ਚੇਅਰਮੈਨ ਸੂਬਾ ਸਿੰਘ, ਉੱਪ ਪ੍ਰਧਾਨ ਕੁਲਵਿੰਦਰ ਕੁਮਾਰ, ਕੁਲਵਿੰਦਰ ਸਿੰਘ, ਗੁਰਜੰਟ ਸਿੰਘ, ਸਟੇਟ ਟਰਾਂਸਪੋਰਟ ਯੂਨੀਅਨ 1/19 ਦੇ ਸੂਬਾ ਆਗੂ ਨਿਰਮਲ ਸਿੰਘ, ਡਿੱਪੂ ਪ੍ਰਧਾਨ ਚਾਨਣ ਸਿੰਘ, ਸੈਕਟਰੀ ਗੁਰਪ੍ਰੀਤ ਸਿੰਘ ਤੇ ਕਿਸਾਨ ਯੂਨੀਅਨ ਬ੍ਰਹਮਕੇ ਦੇ ਪ੍ਰਧਾਨ ਗੁਰਮੇਲ ਸਿੰਘ ਤੇ ਬਲਵੰਤ ਸਿੰਘ ਗਿੱਲ ਆਦਿ ਆਗੂਆਂ ਨੇ ਆਪਣੇ ਵਿਚਾਰ ਰੱਖੇ ਤੇ ਸਰਕਾਰ ਨਾਲ ਇੱਕਮੁੱਠ ਹੋ ਕੇ ਲੜਨ ਦਾ ਐਲਾਨ ਕੀਤਾ।

## ਹਵਾ ਪ੍ਰਦੂਸ਼ਣ ਖਿਲਾ.ਫ ਆਵਾਜ਼ ਉਠਾਉਣ ਵਾਲਿਆਂ 'ਤੇ ਦਿੱਲੀ ਪੁਲਸ ਦੇ ਜਬਰ ਦੀ ਸ.ਖ਼ਤ ਨਿੰਦਾ

### ਗ੍ਰਿ.ਫ਼ਤਾਰ ਕਾਰਕੁਨਾਂ ਨੂੰ ਬਿਨਾਂ ਸ਼ਰਤ ਰਿਹਾਅ ਕੀਤਾ ਜਾਵੇ : ਇਨਕਲਾਬੀ ਕੇਂਦਰ

**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**

ਦਿੱਲੀ ਪੁਲਸ ਵੱਲੋਂ ਮਹਿਲਾਵਾਂ ਸਮੇਤ 23 ਪ੍ਰਦਰਸ਼ਨਕਾਰੀਆਂ ਦੀ ਗ੍ਰਿਫ਼ਤਾਰੀ ਤੇ ਤਸ਼ੱਦਦ ਦੀ ਇਨਕਲਾਬੀ ਕੇਂਦਰ ਪੰਜਾਬ ਸਖ਼ਤ ਨਿੰਦਾ ਕਰਦਾ ਹੈ। ਜਥੇਬੰਦੀ ਦੇ ਪ੍ਰਧਾਨ ਨਰਾਇਣ ਦੱਤ ਤੇ ਜਨਰਲ ਸਕੱਤਰ ਕੰਵਲਜੀਤ ਖੰਨਾ ਨੇ ਪ੍ਰੈੱਸ ਬਿਆਨ ਜਾਰੀ ਕਰਦਿਆਂ ਕਿਹਾ ਕਿ ਇਹ ਪ੍ਰਦਰਸ਼ਨਕਾਰੀ ਦਿੱਲੀ ਵਿੱਚ ਵਧਦੇ ਹਵਾ ਪ੍ਰਦੂਸ਼ਣ ਸੰਕਟ ਵਿਰੁੱਧ ਆਪਣੀ ਆਵਾਜ਼ ਬੁਲੰਦ ਕਰਨ ਲਈ ਇੰਡੀਆ ਗੇਟ 'ਤੇ ਇਕੱਠੇ ਹੋਏ ਸਨ। ਦਿੱਲੀ ਪੁਲਸ ਨੇ ਪ੍ਰਦਰਸ਼ਨਕਾਰੀਆਂ ਵਿਰੁੱਧ ਕਾਰਤਵਯ ਪਥ ਪੁਲਸ ਸਟੇਸ਼ਨ ਅਤੇ ਦੂਜੀ ਪਾਰਲੀਮੈਂਟ ਸਟ੍ਰੀਟ ਪੁਲਸ ਸਟੇਸ਼ਨ ਵਿੱਚ ਐੱਫਆਈਆਰ ਦਰਜ ਕੀਤੀਆਂ ਹਨ। ਪਹਿਲੀ ਐੱਫਆਈਆਰ ਦੇ ਤਹਿਤ ਅਦਾਲਤ ਨੇ ਪੰਜ ਪ੍ਰਦਰਸ਼ਨਕਾਰੀਆਂ ਨੂੰ ਦੋ ਦਿਨਾਂ ਲਈ ਨਿਆਂਇਕ ਹਿਰਾਸਤ ਵਿੱਚ ਭੇਜ ਦਿੱਤਾ ਹੈ, ਜਦੋਂਕਿ ਛੇਵੇਂ ਵਿਅਕਤੀ ਨੂੰ ਉਸ ਦੀ ਉਮਰ ਦੀ ਪੁਸ਼ਟੀ ਹੋਣ ਤੱਕ ਇੱਕ ਸੁਰੱਖਿਅਤ ਘਰ ਭੇਜ ਦਿੱਤਾ ਗਿਆ ਹੈ। ਦੂਜੀ ਐੱਫਆਈਆਰ ਦੇ ਤਹਿਤ 17 ਵਿਦਿਆਰਥੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ ਤੇ ਉਨ੍ਹਾਂ ਨੂੰ ਤਿੰਨ ਦਿਨਾਂ ਦੀ ਨਿਆਂਇਕ ਹਿਰਾਸਤ ਵਿੱਚ ਭੇਜ ਦਿੱਤਾ ਗਿਆ ਹੈ। ਸਾਫ਼ ਹਵਾ ਸਾਹ ਲੈਣ ਦਾ ਅਧਿਕਾਰ ਬੁਨਿਆਦੀ ਹੈ, ਜਿਸ ਬਾਰੇ ਸੁਪਰੀਮ ਕੋਰਟ ਦੇ ਚੀਫ ਜਸਟਿਸ ਨੇ ਵੀ ਮੰਨਿਆ ਹੈ ਕਿ ਦਿੱਲੀ ਦੀ ਆਬੋ-ਹਵਾ ਸਾਹ ਲੈਣ ਯੋਗ ਨਹੀਂ ਹੈ। ਇਸ ਵਾਸਤੇ ਨਾਗਰਿਕਾਂ ਨੂੰ ਸ਼ਾਂਤੀਪੂਰਵਕ ਵਿਰੋਧ ਕਰਨ ਦਾ ਹਰ ਲੋਕਤੰਤਰੀ ਅਧਿਕਾਰ ਹੈ, ਜਦੋਂ ਉਨ੍ਹਾਂ ਦੀ ਸਿਹਤ ਤੇ ਤੰਦਰੁਸਤੀ ਖ਼ਤਰੇ ਵਿੱਚ ਹੁੰਦੀ ਹੈ। ਲੱਖਾਂ ਨੂੰ ਪ੍ਰਭਾਵਿਤ ਕਰਨ ਵਾਲੇ ਜ਼ਰੂਰੀ ਵਾਤਾਵਰਣ ਖ਼ਤਰਿਆਂ ਨੂੰ ਹੱਲ ਕਰਨ ਦੀ ਬਜਾਏ ਅਧਿਕਾਰੀਆਂ ਨੇ ਅਸਹਿਮਤੀ ਦੇ ਆਪਣੇ ਸੰਵਿਧਾਨਕ ਅਧਿਕਾਰ ਦੀ ਵਰਤੋਂ ਕਰਨ ਵਾਲਿਆਂ ਨੂੰ ਚੁੱਪ ਕਰਵਾਉਣਾ ਚੁਣਿਆ।

ਆਗੂਆਂ ਖਾਸ ਤੌਰ 'ਤੇ ਉਨ੍ਹਾਂ ਰਿਪੋਰਟਾਂ ਤੋਂ ਚਿੰਤਾ ਪ੍ਰਗਟ ਕੀਤੀ ਕਿ ਕਈ ਮਹਿਲਾ ਪ੍ਰਦਰਸ਼ਨਕਾਰੀਆਂ ਨੂੰ ਰਾਤ ਭਰ ਹਿਰਾਸਤ ਵਿੱਚ ਰੱਖਿਆ ਗਿਆ ਸੀ, ਜੋ ਕਿ ਔਰਤਾਂ ਦੀ ਹਿਰਾਸਤ ਨੂੰ ਨਿਯੰਤਰਤ ਕਰਨ ਵਾਲੇ ਸੁਪਰੀਮ ਕੋਰਟ ਦੇ ਸਥਾਪਤ ਦਿਸ਼ਾ-ਨਿਰਦੇਸ਼ਾਂ ਦੀ ਸਪੱਸ਼ਟ ਉਲੰਘਣਾ ਹੈ। ਅਜਿਹੀਆਂ ਕਾਰਵਾਈਆਂ ਨਾਗਰਿਕ ਆਜ਼ਾਦੀਆਂ ਦੀ ਸੁਰੱਖਿਆ ਤੇ ਉਚਿਤ ਪ੍ਰਕਿਰਿਆ ਦੀ ਪਾਲਣਾ ਬਾਰੇ ਗੰਭੀਰ ਚਿੰਤਾਵਾਂ ਪੈਦਾ ਕਰਦੀਆਂ ਹਨ। ਇਸੇ ਤਰ੍ਹਾਂ ਦੇ ਗੰਭੀਰ ਦੋਸ਼ ਵੀ ਪ੍ਰੇਸ਼ਾਨ ਕਰਨ ਵਾਲੇ ਹਨ ਕਿ 4-5 ਵਿਦਿਆਰਥੀ ਪ੍ਰਦਰਸ਼ਨਕਾਰੀਆਂ ਨੂੰ ਵੱਖ-ਵੱਖ ਪੁਲਸ ਥਾਣਿਆਂ ਵਿੱਚ ਲਿਜਾਇਆ ਗਿਆ ਅਤੇ ਹਿਰਾਸਤ ਦੌਰਾਨ ਗੰਭੀਰ ਦੁਰਵਿਹਾਰ ਕੀਤਾ ਗਿਆ। ਹਿਰਾਸਤ ਵਿੱਚ ਹਿੰਸਾ ਦੇ ਕਿਸੇ ਵੀ ਦੋਸ਼ ਨੂੰ ਬਹੁਤ ਗੰਭੀਰਤਾ ਨਾਲ ਲਿਆ ਜਾਣਾ ਚਾਹੀਦਾ ਹੈ। ਆਗੂਆਂ ਹੈਰਾਨੀ ਪ੍ਰਗਟ ਕੀਤੀ ਕਿ ਕੁੱਝ ਮਹਿਲਾ ਪ੍ਰਦਰਸ਼ਨਕਾਰੀਆਂ ਨੂੰ ਉਨ੍ਹਾਂ ਦੀ ਹਿਰਾਸਤ ਦੌਰਾਨ ਜਿਨਸੀ ਸ਼ੋਸ਼ਣ ਦਾ ਸਾਹਮਣਾ ਕਰਨਾ ਪਿਆ। ਹਿਰਾਸਤ ਵਿੱਚ ਕਿਸੇ ਵੀ ਤਰ੍ਹਾਂ ਦਾ ਜਿਨਸੀ ਸ਼ੋਸ਼ਣ ਇੱਕ ਗੰਭੀਰ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੈ ਅਤੇ ਤੁਰੰਤ, ਸੰਵੇਦਨਸ਼ੀਲ ਤੇ ਨਿਰਪੱਖ ਜਾਂਚ ਦੀ ਮੰਗ ਕਰਦਾ ਹੈ। ਇਸ ਤੋਂ ਇਲਾਵਾ ਰਿਪੋਰਟ ਇਹ ਵੀ ਹੈ ਕਿ ਵਕੀਲਾਂ ਨੂੰ ਪੁਲਸ ਥਾਣਿਆਂ ਵਿੱਚ ਦਾਖ਼ਲ ਹੋਣ ਤੋਂ ਰੋਕਿਆ ਗਿਆ ਸੀ ਤੇ ਹਿਰਾਸਤ ਵਿੱਚ ਲਏ ਗਏ ਪ੍ਰਦਰਸ਼ਨਕਾਰੀਆਂ ਨੂੰ ਮਿਲਣ ਦੀ ਪਹੁੰਚ ਤੋਂ ਇਨਕਾਰ ਕੀਤਾ ਗਿਆ ਸੀ। ਕਾਨੂੰਨੀ ਪਹੁੰਚ ਤੋਂ ਇਨਕਾਰ ਕਰਨਾ ਬੁਨਿਆਦੀ ਅਧਿਕਾਰਾਂ ਦੀ ਸ਼ਰੇਆਮ ਉਲੰਘਣਾ ਹੈ। ਸੂਬਾ ਆਗੂਆਂ ਮੁਖਤਿਆਰ ਪੂਹਲਾ, ਜਗਜੀਤ ਲਹਿਰਾ ਮੁਹੱਬਤ ਤੇ ਜਸਵੰਤ ਜੀਰਖ ਨੇ ਕਿਹਾ ਕਿ ਜਨਤਕ ਸਿਹਤ ਚਿੰਤਾਵਾਂ ਨੂੰ ਦਮਨ, ਡਰਾਉਣ-ਧਮਕਾਉਣ ਜਾਂ ਹਿੰਸਾ ਰਾਹੀਂ ਹੱਲ ਨਹੀਂ ਕੀਤਾ ਜਾ ਸਕਦਾ। ਮਾਡਵੀ ਹਿਡਮਾ ਤੇ ਉਸ ਦੇ ਮਾਓਵਾਦੀ ਸਾਥੀਆਂ ਨੂੰ ਪੁਲਸ ਵੱਲੋਂ ਝੂਠੇ ਪੁਲਸ ਮੁਕਾਬਲੇ ਵਿੱਚ ਮਾਰ ਮੁਕਾਉਣ ਖ਼ਿਲਾਫ਼ ਆਵਾਜ਼ ਉਠਾਉਣ ਦਾ ਹਰ ਵਿਅਕਤੀ ਨੂੰ ਬੁਨਿਆਦੀ ਅਧਿਕਾਰ ਹੈ। ਆਗੂਆਂ ਨੇ ਗ੍ਰਿਫ਼ਤਾਰ ਪ੍ਰਦਰਸ਼ਨਕਾਰੀਆਂ ਦੀ ਤੁਰੰਤ ਤੇ ਬਿਨਾਂ ਸ਼ਰਤ ਰਿਹਾਈ, ਹਿਰਾਸਤ ਵਿੱਚ ਦੁਰਵਿਹਾਰ ਦੇ ਦੋਸ਼ਾਂ ਦੀ ਇੱਕ ਪਾਰਦਰਸ਼ੀ, ਸੁਤੰਤਰ ਤੇ ਸਮਾਂਬੱਧ ਜਾਂਚ, ਜਨਤਕ ਸਿਹਤ ਤੇ ਵਾਤਾਵਰਣ ਨਿਆਂ ਦੇ ਮਾਮਲਿਆਂ 'ਤੇ ਸ਼ਾਂਤਮਈ ਲੋਕਤੰਤਰੀ ਪ੍ਰਗਟਾਵੇ ਦਾ ਹੱਕ, ਦਿੱਲੀ ਦੇ ਵਿਗੜਦੇ ਹਵਾ ਪ੍ਰਦੂਸ਼ਣ ਨੂੰ ਹੱਲ ਕਰਨ ਲਈ ਜ਼ਰੂਰੀ ਤੇ ਜਵਾਬਦੇਹ ਉਪਾਅ ਕਰਨ, ਔਰਤਾਂ, ਵਿਦਿਆਰਥੀਆਂ ਤੇ ਜਾਇਜ਼ ਵਾਤਾਵਰਣ ਅਤੇ ਜਨਤਕ ਸਿਹਤ ਚਿੰਤਾਵਾਂ ਉਠਾਉਣ ਵਾਲੇ ਸਾਰੇ ਵਿਅਕਤੀਆਂ ਲਈ ਸੁਰੱਖਿਆ ਤੇ ਸਮਰਥਨ ਕਰਨ, ਪ੍ਰਦਰਸ਼ਨਕਾਰੀਆਂ ਨਾਲ ਏਕਤਾ ਵਿੱਚ ਖੜ੍ਹੇ ਹਾਂ ਜੋ ਸਾਫ਼ ਹਵਾ ਵਰਗੀ ਬੁਨਿਆਦੀ ਚੀਜ਼ ਦੀ ਮੰਗ ਕਰਨ ਲਈ ਸ਼ਾਂਤੀਪੂਰਵਕ ਇਕੱਠੇ ਹੋਏ ਸਨ। ਆਗੂਆਂ ਨੇ ਇਨਸਾਫਪਸੰਦ ਜਮਹੂਰੀ ਸ਼ਕਤੀਆਂ ਨੂੰ ਪੁਲਸ ਜ਼ਬਰ ਨਾਲ ਕਾਰਕਨਾਂ ਦੀ ਹੱਕੀ ਆਵਾਜ਼ ਨੂੰ ਦਬਾਉਣ ਦੇ ਦਿੱਲੀ ਪੁਲਸ ਦੇ ਜਾਬਰ ਹੱਲੇ ਖ਼ਿਲਾਫ਼ ਸੰਘਰਸ਼ ਦੇ ਮੈਦਾਨ ਵਿੱਚ ਨਿੱਤਰਨ ਦਾ ਸੱਦਾ ਦਿੱਤਾ ਦਿੰਦਿਆਂ ਕਿਹਾ ਕਿ ਹੱਕੀ ਆਵਾਜ਼ਾਂ ਨੂੰ ਚੁੱਪ ਕਰਾਉਣ ਨਾਲ ਹਵਾ ਸਾਫ਼ ਨਹੀਂ ਹੋਵੇਗੀ।

## ਫਸਲ ਨਸ਼ਟ ਕਰਨ ਤੇ ਕੁੱਟਮਾਰ ਕਰਨ ਦੇ ਦੋਸ਼ 'ਚ 13 ਵਿਰੁੱਧ ਪਰਚਾ

**ਜਲਾਲਾਬਾਦ (ਜੀਤ ਕੁਮਾਰ)**-ਥਾਣਾ ਅਮੀਰ ਖਾਸ ਦੀ ਪੁਲਸ ਨੇ ਪਿੰਡ ਚੱਕ ਸਵਾਹ ਵਾਲਾ ਵਿਖੇ ਬੀਤੇ ਦਿਨ ਹੋਈ ਲੜਾਈ ਦੇ ਸਬੰਧ ਵਿੱਚ 13 ਵਿਅਕਤੀਆਂ ਵਿਰੁੱਧ ਪਰਚਾ ਦਰਜ ਕੀਤਾ ਹੈ। ਪ੍ਰਾਪਤ ਜਾਣਕਾਰੀ ਦੇ ਅਨੁਸਾਰ ਸ਼ਿਕਾਇਤਕਰਤਾ ਕਮਲਪ੍ਰੀਤ ਸਿੰਘ ਪੁੱਤਰ ਨਿਸ਼ਾਨ ਸਿੰਘ ਵਾਸੀ ਬਸਤੀ ਸ਼ਾਮ ਸਿੰਘ ਦਾਖਲੀ ਸਵਾਹ ਵਾਲਾ ਨੇ ਪੁਲਸ ਕੋਲ ਬਿਆਨ ਦਰਜ ਕਰਵਾਏ ਕਿ ਮਿਤੀ 18-11-2025 ਨੂੰ ਮੇਹਰਾ ਬਾਈ ਪੁੱਤਰੀ ਕਸ਼ਮੀਰ ਸਿੰਘ, ਇਕਬਾਲ ਸਿੰਘ ਪੁੱਤਰ ਦਿਵਾਨ ਸਿੰਘ, ਅਕਸ਼ੇ ਪੁੱਤਰ ਇਕਬਾਲ ਸਿੰਘ, ਸਰਵ ਮਿੱਤਰ ਪੁੱਤਰ ਸੂਬਾ ਸਿੰਘ ਵਾਸੀਆਨ ਸਵਾਹ ਵਾਲਾ, ਕੁਸ਼ੱਲਿਆ ਬਾਈ ਪੁੱਤਰੀ ਬਲਜਿੰਦਰ ਸਿੰਘ, ਮਨਜੀਤ ਕੋਰ ਪੁੱਤਰੀ ਕੁਲਵੰਤ ਸਿੰਘ, ਬਲਜਿੰਦਰ ਸਿੰਘ, ਕੁਲਵਿੰਦਰ ਸਿੰਘ ਪੁੱਤਰਾਨ ਅਜੈਬ ਸਿੰਘ, ਅਜੈਬ ਸਿੰਘ ਪੁੱਤਰ ਬਖਤਾਵਰ ਸਿੰਘ ਵਾਸੀਆਨ ਤੂਤਾਂ ਵਾਲਾ, ਗੁਰਪ੍ਰੀਤ ਚੰਦ ਪੁੱਤਰ ਭਗਵਾਨ ਦਾਸ, ਫੁੰਮਣ ਸਿੰਘ ਪੁੱਤਰ ਕਸ਼ਮੀਰ ਸਿੰਘ, ਮਲਕੀਤ ਸਿਮਘ ਪੁੱਤਰ ਬਲਵੀਰ ਸਿੰਘ, ਜਗਸੀਰ ਸਿੰਘ ਪੁੱਤਰ ਜਸਵੰਤ ਸਿੰਘ ਵਾਸੀਆਨ ਸਵਾਹ ਵਾਲਾ ਨੇ ਉਸ ਦੀ ਫਸਲ ਨੂੰ ਟ੍ਰੈਕਟਰ ਨਾਲ ਵਾਹ ਕੇ ਖਰਾਬ ਕਰ ਦਿੱਤਾ ਸੀ, ਜਦੋਂਕਿ ਇਸ ਸਬੰਧੀ ਮਾਨਯੋਗ ਅਦਾਲਤ ਵੱਲੋਂ ਸਟੇਅ ਦਿੱਤਾ ਗਿਆ ਸੀ ਅਤੇ ਉਨ੍ਹਾਂ ਨੂੰ ਅਜਿਹਾ ਕਰਨ ਤੋਂ ਰੋਕਣ ਤੇ ਉਸ ਦੀ (ਸ਼ਿਕਾਇਤਕਰਤਾ ਕਮਲਪ੍ਰੀਤ ਸਿੰਘ) ਦੀ ਕੁੱਟਮਾਰ ਕੀਤੀ ਅਤੇ ਜਾਨੋਂ ਮਾਰ ਦੇਣ ਦੀ ਨੀਅਤ ਨਾਲ ਉਸ 'ਤੇ ਟ੍ਰੈਕਟਰ ਚੜ੍ਹਾਉਣ ਦੀ ਕੋਸ਼ਿਸ਼ ਕੀਤੀ ਗਈ। ਜਾਂਚ ਅਧਿਕਾਰੀ ਸਹਾਇਕ ਥਾਣੇਦਾਰ ਮਲਕੀਤ ਸਿੰਘ ਨੇ ਦੱਸਿਆ ਕਿ ਮੁਦੱਈ ਕਮਲਪ੍ਰੀਤ ਸਿੰਘ ਦੇ ਬਿਆਨਾਂ ਦੇ ਅਧਾਰ 'ਤੇ ਉਪਰੋਕਤ ਵਿਅਕਤੀਆਂ ਵਿਰੁੱਧ ਥਾਣਾ ਅਮੀਰ ਖਾਸ ਵਿਖੇ ਵੱਖ ਵੱਖ ਧਰਾਵਾਂ ਤਹਿਤ ਮੁਕੱਦਮਾ ਦਰਜ ਕੀਤਾ ਗਿਆ ਹੈ।

01-Dec Page 11-Majha-25.qxd 11/30/2025 10:30 PM Page 1



# ਜ਼ਿਲ੍ਹਾ ਪ੍ਰੀਸ਼ਦ ਤੇ ਪੰਚਾਇਤ ਸੰਮਤੀ ਚੋਣਾਂ ਨਿਰਪੱਖ, ਆਜ਼ਾਦ ਅਤੇ ਸ਼ਾਂਤਮਈ ਢੰਗ ਨਾਲ ਕਰਵਾਈਆਂ ਜਾਣਗੀਆਂ: ਏਡੀਸੀ

**ਗੁਰਦਾਸਪੁਰ, (ਜਨਕ ਮਹਾਜਨ)**-ਜ਼ਿਲ੍ਹਾ ਚੋਣ ਅਫਸਰ-ਕਮ-ਡਿਪਟੀ ਕਮਿਸ਼ਨਰ ਆਦਿੱਤਿਆ ਉਪਲ ਦੀ ਅਗਵਾਈ ਹੇਠ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਰਾਜ ਚੋਣ ਕਮਿਸ਼ਨ ਦੀਆਂ ਹਦਾਇਤਾਂ ਤੇ ਨਿਯਮਾਂ ਤਹਿਤ ਜ਼ਿਲ੍ਹਾ ਪ੍ਰੀਸ਼ਦ ਅਤੇ ਪੰਚਾਇਤ ਸੰਮਤੀ ਦੇ ਮੈਂਬਰਾਂ ਦੀਆਂ ਆਮ ਚੋਣਾਂ ਪੂਰੀ ਤਰ੍ਹਾਂ ਨਿਰਪੱਖ, ਆਜ਼ਾਦ ਅਤੇ ਸ਼ਾਂਤਮਈ ਢੰਗ ਨਾਲ ਕਰਵਾਈਆਂ ਜਾਣਗੀਆਂ।ਇਸ ਸਬੰਧੀ ਜਾਣਕਾਰੀ ਦਿੰਦਿਆਂ ਵਧੀਕ ਜ਼ਿਲ੍ਹਾ ਚੋਣ ਅਧਿਕਾਰੀ-ਕਮ-ਏਡੀਸੀ (ਵਿਕਾਸ) ਗੁਰਪ੍ਰੀਤ ਸਿੰਘ ਗਿੱਲ ਨੇ ਦੱਸਿਆ ਕਿ ਰਾਜ ਚੋਣ ਕਮਿਸ਼ਨ ਵੱਲੋਂ ਜਾਰੀ ਪ੍ਰੋਗਰਾਮ ਅਨੁਸਾਰ 14 ਦਸੰਬਰ ਨੂੰ ਜ਼ਿਲ੍ਹਾ ਗੁਰਦਾਸਪੁਰ ਵਿਚ ਜ਼ਿਲ੍ਹਾ ਪ੍ਰੀਸ਼ਦ ਦੇ 25 ਜ਼ੋਨਾਂ ਅਤੇ 11 ਬਲਾਕ ਸੰਮਤੀਆਂ ਦੇ 204 ਜ਼ੋਨਾਂ ਦੀਆਂ ਚੋਣਾਂ ਕਰਵਾਈਆਂ ਜਾਣਗੀਆਂ। 50 ਫੀਸਦੀ ਸੀਟਾਂ ਔਰਤਾਂ ਲਈ ਰਾਖਵੀਆਂ ਹੋਣਗੀਆਂ।ਉਨ੍ਹਾਂ ਨੇ ਕਿਹਾ ਕਿ ਚੋਣ ਸ਼ਡਿਊਲ ਅਨੁਸਾਰ ਇਨ੍ਹਾਂ ਚੋਣਾਂ ਲਈ ਉਮੀਦਵਾਰਾਂ ਵੱਲੋਂ ਨਾਮਜ਼ਦਗੀ ਪੱਤਰ ਦਾਖ਼ਲ ਕਰਨ ਦੀ ਮਿਤੀ 1 ਦਸੰਬਰ 2025 (ਸੋਮਵਾਰ) (ਸਵੇਰੇ 11:00 ਤੋਂ ਸ਼ਾਮ 03:00 ਵਜੇ ਤੱਕ)।ਨਾਮਜ਼ਦਗੀਆਂ ਭਰਨ ਦੀ ਆਖ਼ਰੀ ਮਿਤੀ 4 ਦਸੰਬਰ (ਵੀਰਵਾਰ) ਹੋਵੇਗੀ।ਨਾਮਜ਼ਦਗੀ ਪੱਤਰਾਂ ਦੀ ਪੜਤਾਲ 05 ਦਸੰਬਰ (ਸ਼ੁੱਕਰਵਾਰ) ਹੋਵੇਗੀ।ਨਾਮਜ਼ਦਗੀਆਂ ਵਾਪਿਸ ਲੈਣ ਦੀ ਆਖ਼ਰੀ ਮਿਤੀ 06 ਦਸੰਬਰ (ਸ਼ਨੀਵਾਰ) ਸ਼ਾਮ 03:00 ਵਜੇ ਤੱਕ ਹੋਵੇਗੀ। ਉਨ੍ਹਾਂ ਦੱਸਿਆ ਕਿ ਸਾਰੇ ਨਾਮਜ਼ਦਗੀ ਪੱਤਰਾਂ ਨਾਲ ਨਿਰਧਾਰਿਤ ਹਲਫੀਆ ਬਿਆਨ ਅਤੇ ਉਮੀਦਵਾਰ ਰਾਜਨੀਤਕ ਪਾਰਟੀ ਵੱਲੋਂ ਖੜ੍ਹਾ ਕੀਤੇ ਜਾਣ ਦੀ ਸੂਰਤ ਵਿੱਚ ਸਬੰਧਤ ਰਾਜਨੀਤਿਕ ਪਾਰਟੀ ਦਾ ਅਧਿਕਾਰਤ ਪੱਤਰ ਨਾਲ ਲੱਗਿਆ ਹੋਣਾ ਚਾਹੀਦਾ ਹੈ।



ਚੋਣ 14 ਦਸੰਬਰ (ਐਤਵਾਰ) ਨੂੰ ਸਵੇਰੇ 08:00 ਵਜੇ ਤੋਂ ਸ਼ਾਮ ਦੇ 04:00 ਵਜੇ ਤੱਕ ਬੈਲਟ ਪੇਪਰਾਂ ਦੀ ਵਰਤੋਂ ਨਾਲ ਹੋਵੇਗੀ। ਪੋਲ ਹੋਈਆਂ ਵੋਟਾਂ ਦੀ ਗਿਣਤੀ ਮਿਤੀ 17 ਦਸੰਬਰ 2025 (ਬੁੱਧਵਾਰ) ਨੂੰ ਗਿਣਤੀ ਕੇਂਦਰਾਂ 'ਤੇ ਹੋਵੇਗੀ।

ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪ੍ਰੀਸ਼ਦ ਗੁਰਦਾਸਪੁਰ ਦੇ 25 ਜ਼ੋਨ ਹਨ ਜਦਕਿ ਪੰਚਾਇਤ ਸੰਮਤੀ ਬਟਾਲਾ ਦੇ 15 ਜ਼ੋਨ, ਪੰਚਾਇਤ ਸੰਮਤੀ ਦੀਨਾਨਗਰ ਦੇ 22 ਜ਼ੋਨ, ਪੰਚਾਇਤ ਸੰਮਤੀ ਦੋਰਾਂਗਲਾ ਦੇ 15 ਜ਼ੋਨ, ਪੰਚਾਇਤ ਸੰਮਤੀ ਡੇਰਾ ਬਾਬਾ ਨਾਨਕ ਦੇ 19 ਜ਼ੋਨ, ਪੰਚਾਇਤ ਸੰਮਤੀ ਧਾਰੀਵਾਲ ਦੇ 17 ਜ਼ੋਨ, ਪੰਚਾਇਤ ਸੰਮਤੀ ਫਤਿਹਗੜ੍ਹ ਚੂੜੀਆਂ ਦੇ 25 ਜ਼ੋਨ, ਪੰਚਾਇਤ ਸੰਮਤੀ ਗੁਰਦਾਸਪੁਰ ਦੇ 21 ਜ਼ੋਨ, ਪੰਚਾਇਤ ਸੰਮਤੀ ਕਾਹਨੂੰਵਾਨ ਦੇ 15 ਜ਼ੋਨ ਅਤੇ ਪੰਚਾਇਤ ਸੰਮਤੀ ਕਲਾਨੌਰ ਦੇ 19 ਜ਼ੋਨ, ਕਾਦੀਆਂ ਬਲਾਕ ਸੰਮਤੀ 17 ਜ਼ੋਨ ਅਤੇ ਸ੍ਰੀ ਹਰਗੋਬਿੰਦਪੁਰ ਸਾਹਿਬ ਦੇ 19 ਜ਼ੋਨ ਹਨ।ਰਾਜ ਚੋਣ ਕਮਿਸ਼ਨ ਵੱਲੋਂ ਜ਼ਿਲ੍ਹਾ ਪ੍ਰੀਸ਼ਦ ਦੇ ਉਮੀਦਵਾਰ ਲਈ 2,55,000 ਰੁ: ਅਤੇ ਪੰਚਾਇਤ ਸੰਮਤੀ ਦੇ ਉਮੀਦਵਾਰ ਲਈ 1,10,000 ਰੁਪਏ ਚੋਣ ਖਰਚੇ ਦੀ ਹੱਦ ਨੋਟੀਫਾਈ ਕੀਤੀ ਗਈ ਹੈ।

# ਦੋ ਹਫਤੇ ਦੇ ਡੇਅਰੀ ਸਿਖਲਾਈ ਕੋਰਸ ਲਈ ਕੌਂਸਲਿੰਗ ਅੱਜ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਐੱਸਸੀ ਭਾਈਚਾਰੇ ਦੇ ਲਈ ਸਪੈਸ਼ਲ ਬੈਚ ਐੱਸਸੀਐੱਸਪੀ ਸਕੀਮ ਅਧੀਨ ਦੋ ਹਫਤੇ ਦੀ ਡੇਅਰੀ ਸਿਖਲਾਈ ਕਰਵਾਉਣ (ਸਾਲ 2025-26) ਦੀ ਕੌਂਸਲਿੰਗ 01-12-2025 ਨੂੰ ਡੇਅਰੀ ਸਿਖਲਾਈ ਅਤੇ ਵਿਸਥਾਰ ਕੇਂਦਰ ਵੇਰਕਾ ਵਿਖੇ ਕੀਤੀ ਜਾਣੀ ਹੈ।ਕੈਬਨਿਟ ਮੰਤਰੀ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਅਤੇ ਪਸ਼ੂ ਪਾਲਣ, ਮੱਛੀ ਪਾਲਣ ਅਤੇ ਡੇਅਰੀ ਵਿਕਾਸ ਵਿਭਾਗ, ਗੁਰਮੀਤ ਸਿੰਘ ਖੁੱਡੀਆਂ ਅਤੇ ਡਾਇਰੈਕਟਰ ਡੇਅਰੀ ਵਿਕਾਸ ਵਿਭਾਗ, ਪੰਜਾਬ ਕੁਲਦੀਪ ਸਿੰਘ ਜੱਸੋਵਾਲ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਵਰਿਆਮ ਸਿੰਘ, ਇੰਚਾਰਜ ਡੇਅਰੀ ਸਿਖਲਾਈ ਅਤੇ ਵਿਸਥਾਰ ਕੇਂਦਰ, ਵੇਰਕਾ ਦੀ ਰਹਿਨੁਮਾਈ ਹੇਠ ਐੱਸਸੀਐੱਸਪੀ ਸਕੀਮ ਅਧੀਨ ਦੋ ਹਫਤੇ ਦੀ ਡੇਅਰੀ ਸਿਖਲਾਈ ਕਰਵਾਉਣ (ਸਾਲ 2025-26) ਦੀ ਮਿਤੀ 01-12-2025 ਤੋਂ 12-12-2025 ਤੱਕ ਡੇਅਰੀ ਸਿਖਲਾਈ ਅਤੇ ਵਿਸਥਾਰ ਕੇਂਦਰ, ਵੇਰਕਾ ਵਿਖੇ ਚਲਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਇਸ ਸਿਖਲਾਈ ਸਬੰਧੀ ਕੌਂਸਲਿੰਗ 01-12-2025 ਨੂੰ ਡੇਅਰੀ ਸਿਖਲਾਈ ਅਤੇ ਵਿਸਥਾਰ ਕੇਂਦਰ ਵੇਰਕਾ ਵਿਖੇ ਰੱਖੀ ਗਈ ਹੈ, ਜਿਸ ਵਿੱਚ ਦੁੱਧ ਤੋਂ ਦੁੱਧ ਪਦਾਰਥ ਬਣਾਉਣ, ਡੇਅਰੀ ਫਾਰਮ ਦਾ ਪ੍ਰਬੰਧ, ਦੁਧਾਰੂ ਪਸ਼ੂਆਂ ਦੀ ਚੋਣ ਸਬੰਧੀ ਅਤੇ ਸੰਤੁਲਿਤ ਪਸ਼ੂ ਖੁਰਾਕ ਸਬੰਧੀ ਆਧੁਨਿਕ ਤਕਨੀਕ ਨਾਲ ਟ੍ਰੇਨਿੰਗ ਦਿੱਤੀ ਜਾ ਰਹੀ ਹੈ।ਉਨ੍ਹਾਂ ਦੱਸਿਆ ਕਿ ਇਸ ਸਿਖਲਾਈ ਲਈ ਜ਼ਿਲ੍ਹਾ ਅੰਮ੍ਰਿਤਸਰ ਦੇ ਚਾਹਵਾਨ ਵਿਅਕਤੀ ਡੇਅਰੀ ਫਾਰਮਰ ਮਿਤੀ 01-12-2025 ਨੂੰ ਲਾਭਪਾਤਰੀਆਂ ਨੂੰ 2 ਫੋਟੋ (10 ਕੰਮਕਾਜੀ ਦਿਨ) ਦੀ ਸਿਖਲਾਈ ਦੇਣ ਲਈ ਸਿਖਿਆਰਥੀ ਪੰਜਾਬ ਦਾ ਰਹਿਣ ਵਾਲਾ ਹੋਵੇ, ਉਹ ਘੱਟ ਘੱਟ ਪੰਜਵੀਂ ਪਾਸ, ਉਮਰ 18 ਤੋਂ 55 ਸਾਲ, ਅਨੁਸੂਚਿਤ ਜਾਤੀ ਸਰਟੀਫਿਕੇਟ (ਡਿਜੀਟਲ) ਹਣਾ ਜ਼ਰੂਰੀ ਹੈ।ਇਸ ਵਿਚ 3500 ਰੁਪਏ ਦਾ ਵਜ਼ੀਫਾ ਦਿੱਤਾ ਜਾਵੇਗਾ ਅਤੇ ਇਸ ਸਿਖਲਾਈ ਦੇ ਲਈ ਕੋਈ ਵੀ ਫੀਸ ਨਹੀਂ ਹੈ।ਇਸ ਸਿਖਲਾਈ ਵਿਚ ਸਿਖਿਆਰਥੀ ਦਾ ਐੱਸਸੀ ਕੈਟੇਗਰੀ ਦੇ ਹੋਣ ਦਾ ਡਿਜੀਟਲ ਸਰਟੀਫਿਕੇਟ ਹੋਣਾ ਜ਼ਰੂਰੀ ਹੈ, ਬੈਂਕ ਖਾਤਾ ਹੋਣਾ ਜ਼ਰੂਰੀ ਅਤੇ ਦਫਤਰ ਵਿਚ ਉਸਦੀ ਕਾਪੀ ਜਮ੍ਹਾ ਕਰਾਉਣਾ ਜ਼ਰੂਰੀ ਹੈ।

# ਸ਼ਹਿਰ ਦੇ ਚਹੁੰਮੁਖੀ ਵਿਕਾਸ ਤੇ ਹੋਰ ਵੱਖ-ਵੱਖ ਮੁੱਦਿਆਂ 'ਤੇ ਸ਼ੈਰੀ ਕਲਸੀ ਨੇ ਪਾਰਟੀ ਆਗੂਆਂ ਨਾਲ ਕੀਤਾ ਵਿਚਾਰ-ਵਟਾਂਦਰਾ



**ਬਟਾਲਾ, (ਡਾ. ਮਲਵਿੰਦਰ ਸਿੰਘ)**-ਬਟਾਲਾ ਸ਼ਹਿਰ ਵਿੱਚ ਵਿਕਾਸ ਕਾਰਜ ਕਰਵਾਉਣ ਦੇ ਨਾਲ ਲੋਕਾਂ ਦੀਆਂ ਮੁਸ਼ਕਲਾਂ ਹੱਲ ਕੀਤੀਆਂ ਜਾ ਰਹੀਆਂ ਹਨ ਅਤੇ ਆਉਣ ਵਾਲੇ ਦਿਨਾਂ ਵਿੱਚ ਹੋਰ ਵੱਧ ਤੋਂ ਵੱਧ ਵਿਕਾਸ ਕਾਰਜ ਕਰਵਾਏ ਜਾਣਗੇ।ਇਹ ਪ੍ਰਗਟਾਵਾ ਪੰਜਾਬ ਦੇ ਕਾਰਗੁਜ਼ਾਰੀ ਪ੍ਰਧਾਨ ਅਤੇ ਬਟਾਲਾ ਦੇ ਨੌਜਵਾਨ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਨੇ ਸਥਾਨਕ ਸ਼ਿਵ ਕੁਮਾਰ ਬਟਾਲਵੀ ਆਡੀਟੋਰੀਅਮ ਬਟਾਲਾ ਵਿਖੇ ਕੀਤੀ ਮੀਟਿੰਗ ਦੌਰਾਨ ਕੀਤਾ।ਇਸ ਮੌਕੇ ਚੇਅਰਮੈਨ ਯਸ਼ਪਾਲ ਚੌਹਾਨ, ਚੇਅਰਮੈਨ ਮਾਣਿਕ ਮਹਿਤਾ ਸਮੇਤ ਪਾਰਟੀ ਦੇ ਸੀਨੀਅਰ ਆਗੂ, ਵਰਕਰ ਤੇ ਸ਼ਹਿਰ ਦੀਆਂ ਪ੍ਰਮੁੱਖ ਸ਼ਖਸੀਅਤਾਂ ਮੌਜੂਦ ਸਨ। ਇਸ ਮੌਕੇ ਵੱਖ-ਵੱਖ ਮੁੱਦਿਆਂ 'ਤੇ ਵਿਚਾਰ ਵਟਾਂਦਰਾ ਕੀਤਾ ਗਿਆ।ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਲੋਕਾਂ ਨੇ ਜੋ ਜ਼ਿੰਮੇਵਾਰੀ ਉਨ੍ਹਾਂ ਨੂੰ ਸੌਂਪੀ ਹੈ, ਉਹ ਦਿਨ-ਰਾਤ ਲੋਕਾਂ ਦੀ ਸੇਵਾ ਵਿੱਚ ਹਾਜ਼ਰ ਹਨ ਅਤੇ ਲੋਕਾਂ ਦੀਆਂ ਲੰਬੇ ਸਮੇਂ ਤੋਂ ਲਟਕਦੀਆਂ ਮੰਗਾਂ ਨੂੰ ਪੂਰਾ ਕੀਤਾ ਜਾ ਰਿਹਾ ਹੈ ਅਤੇ ਲੋਕਾਂ ਨੂੰ ਮਿਲ ਕੇ ਉਨ੍ਹਾਂ ਦੀਆਂ ਦੁੱਖ-ਤਕਲੀਫਾਂ ਦੂਰ ਕੀਤੀਆਂ ਜਾ ਰਹੀਆਂ ਹਨ।ਬਟਾਲਾ ਸ਼ਹਿਰ ਦੇ ਵਿਕਾਸ ਕਾਰਜਾਂ ਦੀ ਗੱਲ ਕਰਦਿਆਂ ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਲੋਕਾਂ ਦੀ ਸਹੂਲਤ ਨੂੰ ਮੁੱਖ ਰੱਖਦਿਆਂ ਬਟਾਲਾ ਵਿਖੇ ਨਵਾਂ ਤਹਿਸੀਲ ਕੰਪਲੈਕਸ ਉਸਾਰਿਆ ਗਿਆ ਹੈ ਅਤੇ ਲੋਕਾਂ ਨੂੰ ਇੱਕ ਛੱਤ ਹੇਠਾਂ ਵੱਖ ਵੱਖ ਸਰਕਾਰੀ ਸਹੂਲਤਾਂ ਮੁਹੱਈਆ ਹੋਣਗੀਆਂ।

ਉਨ੍ਹਾਂ ਦੱਸਿਆ ਕਿ ਐੱਸਡੀਐੱਮ ਦਫਤਰ, ਤਹਿਸੀਲ, ਫਰਦ ਕੇਂਦਰ, ਸੇਵਾ ਕੇਂਦਰ ਤੇ ਪਟਵਾਰਖਾਨੇ ਸਮੇਤ ਵੱਖ-ਵੱਖ ਕੰਮਾਂ ਸਬੰਧੀ ਲੋਕਾਂ ਨੂੰ ਵੱਖ-ਵੱਖਰੇ ਦਫਤਰਾਂ ਵਿੱਚ ਜਾਣ ਦੀ ਹੁਣ ਲੋੜ ਨਹੀਂ ਪਵੇਗੀ ਕਿਉਂਕਿ ਇਸ ਨਵੇਂ ਬਣੇ ਤਹਿਸੀਲ ਕੰਪਲੈਕਸ ਵਿੱਚ ਵੱਖ ਵੱਖ ਦਫਤਰਾਂ ਦੀਆਂ ਸੇਵਾਵਾਂ ਮੁਹੱਈਆ ਕਰਵਾਈਆਂ ਗਈਆਂ ਹਨ।ਆਵਾਜਾਈ ਦੀ ਸਹੂਲਤ ਨੂੰ ਮੁੱਖ ਰੱਖਦਿਆਂ ਸ਼ਹਿਰ ਵਿਚਲੀਆਂ ਸੜਕਾਂ ਅਤੇ ਚੌਂਕਾਂ ਨੂੰ ਚੌੜਾ ਕੀਤਾ ਗਿਆ ਹੈ।ਮੁੱਖ ਸਿੰਘ-ਮਹਿਤਾਬ ਸਿੰਘ ਚੌਂਕ ਵਿਖੇ ਸ਼ਾਨਦਾਰ ਕਲਾਕ ਟਾਵਰ ਲਗਾਉਣ ਲਈ ਉਸਾਰੀ ਦਾ ਕੰਮ ਚੱਲ ਰਿਹਾ ਹੈ।ਸ਼ਹਿਰ ਦੀਆਂ ਵੱਖ-ਵੱਖ ਵਾਰਡਾਂ ਵਿੱਚ ਗਲੀਆਂ ਦੇ ਨਿਰਮਾਣ ਕਾਰਜ ਚੱਲ ਰਹੇ ਹਨ ਅਤੇ ਜਿਨ੍ਹਾਂ ਵਾਰਡਾਂ ਵਿੱਚ ਗਲੀਆਂ ਬਣਾਉਣ ਦਾ ਕੰਮ ਰਹਿ ਗਿਆ ਹੈ, ਉੱਥੇ ਵੀ ਜਲਦ ਕੰਮ ਸ਼ੁਰੂ ਕਰਵਾਇਆ ਜਾਵੇਗਾ।ਉਨ੍ਹਾਂ ਦੁਹਰਾਇਆ ਕਿ ਇਤਿਹਾਸਕ ਅਤੇ ਧਾਰਮਿਕ ਸ਼ਹਿਰ ਬਟਾਲਾ ਦੇ ਸਰਬਪੱਖੀ ਵਿਕਾਸ ਕੰਮਾਂ ਵਿੱਚ ਕੋਈ ਕਸਰ ਬਾਕੀ ਨਹੀਂ ਰਹਿਣ ਦਿੱਤੀ ਜਾਵੇਗੀ ਅਤੇ ਉਹ ਲੋਕਾਂ ਦੀ ਸੇਵਾ ਲਈ ਵਚਨਬੱਧ ਹਨ।

# ਸਰਕਾਰੀ ਐਲੀਮੈਂਟਰੀ ਸਕੂਲ 'ਚ 'ਮਦਰ ਵਰਕਸ਼ਾਪ' ਲਗਾਈ

**ਪੱਟੀ (ਬਲਦੇਵ ਸਿੰਘ ਸੰਧੂ)**-ਸਰਕਾਰੀ ਐਲੀਮੈਂਟਰੀ ਸਕੂਲ ਗਾਰਡਨ ਕਲੋਨੀ ਪੱਟੀ ਵਿਖੇ ਮਦਰ ਵਰਕਸ਼ਾਪ ਲਗਾਈ ਗਈ ਜਿਸ ਵਿਚ ਬੱਚਿਆਂ ਦੀਆਂ ਮਾਤਾਵਾਂ ਨੇ ਵੱਧ-ਚੜ੍ਹ ਕੇ ਹਿੱਸਾ ਲਿਆ, ਜਿਸ ਵਿਚ ਬੱਚਿਆਂ ਦੀਆਂ ਮਾਤਾਵਾਂ ਕੋਲੋਂ ਵੱਖ-ਵੱਖ ਗਤੀਵਿਧੀਆਂ ਕਰਵਾਈਆਂ, ਜਿਵੇਂ ਡਰਾਇੰਗ ਬਣਾਉਣਾ, ਰੰਗ ਭਰਨਾ, ਅੰਕ ਪਹਿਚਾਣ ਆਦਿ। ਕੋਆਰਡੀਨੇਟਰ ਮੈਡਮ ਪ੍ਰਭਦੀਪ ਕੌਰ ਅਤੇ ਮੈਡਮ ਸਾਹਿਲ ਪ੍ਰੀਤ ਕੌਰ ਨੇ ਬੱਚਿਆਂ ਦੀਆਂ ਮਾਤਾਵਾਂ ਨੂੰ ਪ੍ਰੀ-ਪ੍ਰਾਈਮਰੀ ਵਿੱਚ ਵਰਤੋਂ ਕੀਤੇ ਜਾ ਰਹੇ ਮਟੀਰੀਅਲ ਕਿੱਟ ਬਾਰੇ ਜਾਣਕਾਰੀ ਦਿੱਤੀ!



ਉਨ੍ਹਾਂ ਕਿਹਾ ਕਿ ਇਸ ਮਟੀਰੀਅਲ ਦੀ ਵਰਤੋਂ ਕਰਕੇ ਅਸੀਂ ਬੱਚਿਆਂ ਨੂੰ ਖੇਡ ਵਿਧੀ ਰਾਹੀਂ ਪੜ੍ਹਾ ਰਹੇ ਹਾਂ! ਇਸ ਮੌਕੇ ਸੈਂਟਰ ਪੱਟੀ ਨੰਬਰ ਇੱਕ ਤੋਂ ਸੀਐੱਚਟੀ ਰੋਹਿਤ ਟਾਹ ਵਿਸ਼ੇਸ਼ ਰੂਪ ਵਿੱਚ ਸ਼ਾਮਿਲ ਹੋਏ। ਉਨ੍ਹਾਂ ਨੇ ਸਕੂਲ ਦੀ ਮੁੱਖ ਅਧਿਆਪਕਾ ਰਣਜੀਤ ਕੌਰ, ਸਕੂਲ ਸਟਾਫ, ਅਧਿਆਪਕ ਅਤੇ ਬੱਚਿਆਂ ਦੀਆਂ ਮਾਤਾਵਾਂ ਦਾ ਧੰਨਵਾਦ ਕੀਤਾ ।ਉਨ੍ਹਾਂ ਕਿਹਾ ਕਿ ਸਕੂਲਾਂ ਵਿਚ ਅਜਿਹੀਆਂ ਵਰਕਸ਼ਾਪਾਂ ਲਗਵਾਉਣਾ ਸਰਕਾਰ ਦਾ ਸ਼ਲਾਘਾਯੋਗ ਕਦਮ ਹੈ ਜਿਸ ਨਾਲ ਬੱਚਿਆਂ ਦਾ ਬਹੁਪੱਖੀ ਵਿਕਾਸ ਹੁੰਦਾ ਹੈ।

ਇਸ ਮੌਕੇ ਮਨਿੰਦਰ ਪਾਲ, ਪ੍ਰਵੀਨ ਬਾਲਾ, ਸਿਮਰਨਜੀਤ ਕੌਰ, ਸਿਮਰਜੀਤ ਕੌਰ, ਬਲਵਿੰਦਰ ਕੌਰ, ਅਮਨਪ੍ਰੀਤ ਕੌਰ, ਸਰਬਜੀਤ ਕੌਰ ਹਾਜ਼ਰ ਸਨ।

# ਬੀਬੀ ਕੁਲਵੰਤ ਕੌਰ ਨੂੰ ਵੱਖ-ਵੱਖ ਆਗੂਆਂ ਵੱਲੋਂ ਸ਼ਰਧਾਂਜਲੀਆਂ

**ਕਪੂਰਥਲਾ (ਬਲਵਿੰਦਰ ਸਿੰਘ ਧਾਲੀਵਾਲ)**-ਸਵਰਗਵਾਸੀ ਬੀਬੀ ਕੁਲਵੰਤ ਕੌਰ ਜੋ ਕਿ ਐਡਵੋਕੇਟ ਰਜਿੰਦਰ ਸਿੰਘ ਰਾਣਾ ਜ਼ਿਲ੍ਹਾ ਕਨਵੀਨਰ ਸੰਯੁਕਤ ਕਿਸਾਨ ਮੋਰਚਾ ਕਪੂਰਥਲਾ ਦੇ ਵੱਡੇ ਭੈਣ ਸਨ, ਬੀਤੇ ਦਿਨੀ ਸਦੀਵੀ ਵਿਛੋੜਾ ਦੇ ਗਏ ਸਨ, ਦੀ ਆਤਮਿਕ ਸ਼ਾਂਤੀ ਲਈ ਰੱਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਗੁਰਦੁਆਰਾ ਸਾਹਿਬ ਸੰਤਪੁਰਾ ਕਪੂਰਥਲਾ ਵਿਖੇ ਪਾਏ ਗਏ। ਭਾਈ ਗੁਰਮੀਤ ਸਿੰਘ ਦੇ ਰਾਗੀ ਜਥੇ ਵੱਲੋਂ ਵੈਰਾਗਮਈ ਕੀਰਤਨ ਕੀਤਾ ਗਿਆ।

ਸ਼ਰਧਾਂਜਲੀ ਭੇਟ ਕਰਦਿਆਂ ਸਾਬਕਾ ਪ੍ਰਿੰਸੀਪਲ ਕੇਵਲ ਸਿੰਘ ਸਹਿਦਪੁਰ ਵੱਲੋਂ ਬੀਬੀ ਕੁਲਵੰਤ ਕੌਰ ਦੇ ਜੀਵਨ ਸੰਬੰਧੀ ਜਾਣਕਾਰੀ ਦਿੰਦਿਆਂ ਉਹਨਾਂ ਦੀ ਵਿਦਿਅਕ ਵਿਭਾਗ ਵਿੱਚ ਕੀਤੀ ਸੇਵਾ ਅਤੇ ਅਤੇ ਪਰਵਾਰ ਪ੍ਰਤੀ ਨਿਭਾਈਆਂ ਜ਼ਿੰਮੇਵਾਰੀਆਂ ਦੀ ਭਰਪੂਰ ਸ਼ਲਾਘਾ ਕੀਤੀ। ਉਹਨਾਂ ਦਾ ਵੱਡਾ ਪੁੱਤਰ ਗੁਰਪ੍ਰੀਤ ਸਿੰਘ, ਨੂੰਹ ਗੁਰਦੀਪ ਕੌਰ, ਛੋਟਾ ਪੁੱਤਰ ਹਰਪ੍ਰੀਤ ਸਿੰਘ ਅਤੇ ਨੂੰਹ ਕਸਾਂਡਰਾ ਅਲੀਸ ਸਿੰਘ ਆਪਣੇ ਪਰਵਾਰਾਂ ਸਮੇਤ ਆਸਟਰੇਲੀਆ ਵਿੱਚ ਸੈਟਲ ਹਨ। ਸਾਥੀ ਰਸਪਾਲ ਸਿੰਘ ਸਕੱਤਰ ਕਿਰਤੀ ਕਿਸਾਨ ਯੂਨੀਅਨ ਪੰਜਾਬ ਨੇ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਹਰ ਮਨੁੱਖ ਨੇ ਮਰਨਾ ਅਟੱਲ ਹੈ ਪਰ ਸਮੇਂ ਤੋਂ ਪਹਿਲਾਂ ਚਲੇ ਜਾਣਾ ਬੜਾ ਦੁਖਦਾਈ ਹੁੰਦਾ ਹੈ। ਅੱਜ ਸਮੁੱਚਾ ਪੰਜਾਬ ਬਿਮਾਰ ਹੈ ਜਿਸ ਦਾ ਕਾਰਨ ਕਾਰਪੋਰੇਟ ਘਰਾਣਿਆਂ ਦੀ ਮੁਨਾਫਾ ਨੀਤੀ ਹੈ। ਮਹਿੰਗੀਆਂ ਦਵਾਈਆਂ ਅਤੇ ਪ੍ਰਾਈਵੇਟ ਹਸਪਤਾਲਾਂ ਵਿੱਚ ਕੀਤੀ ਜਾ ਰਹੀ ਅੰਨੀ ਲੁੱਟ ਲੋਕਾਂ ਨੂੰ ਮਰਨ ਲਈ ਮਜਬੂਰ ਕਰ ਰਹੀ ਜੇਕਰ ਪੰਜਾਬ ਨੂੰ ਬਚਾਉਣਾ ਹੈ ਤਾਂ ਇਸ ਵਿਰੁੱਧ ਲੋਕਾਂ ਨੂੰ ਲੜਨ ਦੀ ਲੋੜ ਹੈ। ਸੋਗਮਈ ਸਮਾਗਮ ਨੂੰ ਜਸਬੀਰ ਸਿੰਘ ਲਿਟਾਂ ਕਿਰਤੀ ਕਿਸਾਨ ਯੂਨੀਅਨ ਕਾਦੀਆਂ ਨੇ ਵੀ ਸੰਬੋਧਨ ਕੀਤਾ। ਇਸ ਮੌਕੇ



ਤੇ ਨਰਿੰਦਰ ਸਿੰਘ ਸੋਨੀਆ ਅਮਰਕੋਟ, ਬਿਕਰਮਜੀਤ ਸਿੰਘ ਸਾਬਕਾ ਡਿਪਟੀ ਡੀ ਓ, ਰਵਿੰਦਰ ਸਿੰਘ ਸਾਬਕਾ ਸਰਪੰਚ, ਬਲਵਿੰਦਰ ਸਿੰਘ ਬੱਗਾ ਸਰਪੰਚ, ਮਾਸਟਰ ਗੁਰਬਚਨ ਸਿੰਘ, ਰਾਜਬੀਰ ਸਿੰਘ, ਲਵਜੀਤ ਸਿੰਘ ਅਮਰਕੋਟ, ਹਰਪ੍ਰੀਤ ਸਿੰਘ, ਗੁਰਦੀਪ ਕੌਰ ਆਸਟਰੇਲੀਆ, ਸ਼ੁਕਰ ਚੰਦ, ਅਜੀਤ ਸਿੰਘ ਔਜਲਾ ਹਰਬੰਸ ਸਿੰਘ ਵੜੈਚ ਅਵਤਾਰ ਸਿੰਘ ਸੈਕਟਰੀ ਮੂਠਾਂਵਾਲ ਮਾਸਟਰ ਚਰਨ ਸਿੰਘ ਹੈਬਤਪੁਰ, ਗੁਰਚਰਨ ਦਾਸ, ਪਰਮਿੰਦਰ ਸਿੰਘ ਗੁਗਾ, ਸਰਵਣ ਸਿੰਘ ਕਰਮਜੀਤਪੁਰ, ਬਲਦੇਵ ਸਿੰਘ ਪਰਮਜੀਤਪੁਰ, ਮਲਕੀਤ ਸਿੰਘ ਸੈਦਪੁਰ, ਨਰਿੰਦਰ ਸ਼ਰਮਾ, ਹਰਜੀਤ ਸਿੰਘ ਆਦਿ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

# ਬਲਾਕ ਪੱਧਰੀ ਕੁਇੱਜ਼ ਮੁਕਾਬਲੇ 'ਚ ਮੂਸੇ ਸਕੂਲ ਦੇ ਵਿਦਿਆਰਥੀ ਛਾਏ

**ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)**-ਸਿੱਖਿਆ ਵਿਭਾਗ ਪੰਜਾਬ ਵੱਲੋਂ ਕਰਵਾਏ ਗਏ ਬਲਾਕ ਪੱਧਰੀ ਵਿਗਿਆਨ ਮੁਕਾਬਲਿਆਂ ਵਿੱਚ ਸਰਕਾਰੀ ਹਾਈ ਸਕੂਲ ਮੂਸੇ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ ਹੈ।ਦੱਸਣਯੋਗ ਹੈ ਕਿ ਪਹਿਲੇ ਗਰੁੱਪ ਵਿੱਚ ਛੇਵੀਂ ਤੋਂ ਅੱਠਵੀਂ ਜਮਾਤ ਦੇ ਸਾਹਿਬ ਦੀਪ ਸਿੰਘ, ਅਰਸ਼ਦੀਪ ਸਿੰਘ ਅਤੇ ਅਭੀਜੋਤ ਸਿੰਘ ਨੇ ਤੀਸਰਾ ਅਤੇ ਦੂਸਰੇ ਗਰੁੱਪ ਵਿੱਚ ਨੌਵੀਂ ਤੋਂ ਦਸਵੀਂ ਜਮਾਤ ਦੀ ਨਵਨੀਤ ਕੌਰ ਅਤੇ ਸਮਰੀਤ ਕੌਰ ਨੇ ਤੀਸਰਾ ਸਥਾਨ ਹਾਸਲ ਕੀਤਾ।




ਵਿਦਿਆਰਥੀਆਂ ਦੀ ਪ੍ਰਾਪਤੀ 'ਤੇ ਖੁਸ਼ੀ ਜ਼ਾਹਰ ਕਰਦਿਆਂ ਸਕੂਲ ਮੁਖੀ ਗੁਲਬਾਗ ਸਿੰਘ ਨੇ ਕਿਹਾ ਕਿ ਉਨ੍ਹਾਂ ਦੇ ਵਿਦਿਆਰਥੀਆਂ ਨੇ ਬਲਾਕ ਪੱਧਰੀ ਕੁਇੱਜ਼ ਮੁਕਾਬਲੇ ਵਿੱਚ ਤੀਜਾ ਸਥਾਨ ਪ੍ਰਾਪਤ ਕਰਕੇ ਸਕੂਲ ਦਾ ਨਾਂਅ ਰੌਸ਼ਨ ਕੀਤਾ ਹੈ।ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਦੀ ਇਸ ਪ੍ਰਾਪਤੀ ਦਾ ਸਿਹਰਾ ਅਧਿਆਪਕਾਂ ਦੇ ਸਿਰ ਬੱਝਦਾ ਹੈ। ਅੰਤ ਵਿੱਚ ਉਨ੍ਹਾਂ ਵਿਦਿਆਰਥੀਆਂ ਨੂੰ ਇਸੇ ਤਰ੍ਹਾਂ ਮਿਹਨਤ ਕਰਕੇ ਉਚੇ ਮੁਕਾਮ ਹਾਸਲ ਕਰਨ ਲਈ ਪ੍ਰੇਰਿਆ।

ਇਸ ਮੌਕੇ ਨਰਿੰਦਰ ਕੁਮਾਰ, ਗੁਰਪ੍ਰੀਤ ਕੌਰ, ਨਰਿੰਦਰ ਸਿੰਘ, ਉਪਦੀਪ ਸਿੰਘ, ਲਵਪ੍ਰੀਤ ਕੌਰ, ਅਮਨਜੋਤ ਕੌਰ, ਅਜੀਤ ਸਿੰਘ, ਮੰਗਲ ਸਿੰਘ, ਗੁਰਬੀਰ ਸਿੰਘ ਆਦਿ ਸਟਾਫ ਮੈਂਬਰ ਹਾਜ਼ਰ ਸਨ।

# ਬੀਕੇਯੂ ਕ੍ਰਾਂਤੀਕਾਰੀ ਪੰਜਾਬ ਵੱਲੋਂ ਡੀ ਸੀ ਦਫਤਰ ਤੇ ਰੇਲ ਪੱਟੜੀਆਂ 'ਤੇ ਧਰਨੇ ਦੇਣ ਦਾ ਐਲਾਨ

**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**-ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਪੰਜਾਬ ਜ਼ਿਲ੍ਹਾ ਗੁਰਦਾਸਪੁਰ ਵੱਲੋਂ ਪਿੰਡ ਝੰਜੀਆਂ ਪੰਨਵਾਂ ਅਕਾਲ (ਨੇੜੇ ਡੇਰਾ ਬਾਬਾ ਨਾਨਕ) ਵਿੱਚ ਬਾਰਡਰ ਪੱਟੀ ਦੇ ਵੱਖ-ਵੱਖ ਪਿੰਡਾਂ ਵਿੱਚੋਂ ਭਾਰੀ ਗਿਣਤੀ ਵਿੱਚ ਇਕੱਤਰ ਹੋਏ ਕਿਸਾਨਾਂ ਦੀ ਮੀਟਿੰਗ ਜ਼ਿਲ੍ਹਾ ਪ੍ਰਧਾਨ ਕੁਲਦੀਪ ਸਿੰਘ ਦਾਦੂਜੋਧ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ ਨੂੰ ਸੰਬੋਧਨ ਕਰਦਿਆਂ ਸੂਬਾ ਪ੍ਰਧਾਨ ਬਲਦੇਵ ਸਿੰਘ ਜ਼ੀਰਾ ਨੇ ਵਿਸਥਾਰਪੂਰਵਕ ਵੱਖ-ਵੱਖ ਚੱਲ ਰਹੇ ਸੰਘਰਸ਼ਾਂ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਬਿਜਲੀ ਸੋਧ ਬਿੱਲ-2025 ਲਾਗੂ ਕਰਕੇ ਪੰਜਾਬ ਸਮੇਤ ਪੂਰੇ ਭਾਰਤ ਦੇ ਬਿਜਲੀ ਬੋਰਡ ਅਤੇ ਕਾਰਪੋਰੇਸ਼ਨਾਂ ਨੂੰ ਸੂਬਿਆਂ ਤੋਂ ਖੋਹ ਕੇ ਆਪਣੇ ਕਬਜ਼ੇ ਵਿੱਚ ਕਰਨ ਜਾ ਰਹੀ ਹੈ ਜਿਨ੍ਹਾਂ ਨੂੰ ਬਾਅਦ ਵਿੱਚ ਸਾਮਰਾਜੀ ਕੰਪਨੀਆਂ ਅਤੇ ਅੰਬਾਨੀ ਅਡਾਨੀ ਵਰਗੇ ਕਾਰਪੋਰੇਟ ਘਰਾਣਿਆਂ ਦੇ ਹਵਾਲੇ ਕਰ ਦਿੱਤਾ ਜਾਵੇਗਾ।ਉਨ੍ਹਾਂ ਕਿਹਾ ਕਿ ਇਸ ਖਿਲਾਫ ਕਿਸਾਨ ਮਜ਼ਦੂਰ ਮੋਰਚਾ ਦੇ ਸੱਦੇ ਤੇ 10 ਦਸੰਬਰ ਨੂੰ ਪੰਜਾਬ ਸਰਕਾਰ ਵੱਲੋਂ ਲਗਾਏ ਜਾ ਰਹੇ ਸਮਾਰਟ ਮੀਟਰ ਉਤਾਰ ਕੇ ਬਿਜਲੀ ਦਫਤਰਾਂ ਵਿਚ ਜਮ੍ਹਾ ਕਰਵਾਏ ਜਾਣਗੇ ਅਤੇ 17-18 ਦਸੰਬਰ ਨੂੰ ਡੀਸੀ ਦਫਤਰਾਂ ਅੱਗੇ ਧਰਨੇ ਦਿੱਤੇ ਜਾਣਗੇ ਅਤੇ 19 ਦਸੰਬਰ ਨੂੰ ਰੇਲ ਪੱਟੜੀਆਂ 'ਤੇ ਧਰਨੇ ਦਿੱਤੇ ਜਾਣਗੇ।ਸੂਬਾ ਮੁੱਖ ਜਥੇਬੰਦਕ ਸਕੱਤਰ ਸਵਿੰਦਰਪਾਲ ਸਿੰਘ ਮੋਹਲੋਵਾਲੀ, ਜ਼ਿਲ੍ਹਾ ਸਕੱਤਰ ਕੁਲਵਿੰਦਰ ਜੀਤ ਸਿੰਘ ਅਠਵਾਲ,



ਲੋਕ ਸੰਗਰਾਮ ਮੋਰਚਾ ਪੰਜਾਬ ਦੇ ਸੀਨੀਅਰ ਆਗੂ ਮਾਸਟਰ ਗੁਰਚਰਨ ਸਿੰਘ ਟਾਹਲੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਭਾਰਤ ਸਰਕਾਰ ਵੱਲੋਂ ਅਮਰੀਕਾ ਅਤੇ ਹੋਰ ਸਾਮਰਾਜੀ ਮੁਲਕਾਂ ਦੇ ਹਾਕਮਾਂ ਨਾਲ ਕਰ ਮੁਕਤ ਸਮਝੌਤੇ ਕਰ ਕੇ ਕਰੋੜਾਂ ਕਿਸਾਨਾਂ, ਖੇਤ ਮਜ਼ਦੂਰਾਂ, ਡੇਅਰੀ ਕਾਮਿਆਂ ਦੇ ਰੁਜ਼ਗਾਰ ਨੂੰ ਉਜਾੜਿਆ ਜਾ ਰਿਹਾ ਹੈ।ਜ਼ਿਲ੍ਹਾ ਸਕੱਤਰ ਕੁਲਵਿੰਦਰ ਜੀਤ ਸਿੰਘ ਅਠਵਾਲ, ਕੈਪਟਨ ਅਜੀਤ ਸਿੰਘ ਸੈਰੋਵਾਲ, ਹਰਜੰਤ ਸਿੰਘ ਪੰਨਵਾਂ, ਦਿਲਬਾਗ ਸਿੰਘ ਪੱਬਾਂਰਾਲੀ ਅਤੇ ਜ਼ਿਲ੍ਹਾ ਖਜ਼ਾਨਚੀ ਸਿਕੰਦਰ ਸਿੰਘ ਚੀਮਾ ਖੁੱਡੀ ਨੇ ਕਿਹਾ ਕਿ ਕੇਂਦਰ ਅਤੇ ਪੰਜਾਬ ਸਰਕਾਰ ਹੜ੍ਹ ਪੀੜਤਾਂ ਦੀ ਬਾਂਹ ਫੜਨ ਦੀ ਬਜਾਏ ਇੱਕ ਦੂਸਰੇ ਖਿਲਾਫ ਬਿਆਨਬਾਜ਼ੀ ਕਰ ਰਹੇ ਹਨ।ਸ਼ੰਭੂ ਅਤੇ ਖਨੌਰੀ ਬਾਰਡਰਾਂ ਤੋਂ ਕਿਸਾਨਾਂ ਦਾ ਕਰੋੜਾਂ ਰੁਪਏ ਦਾ ਸਾਮਾਨ ਚੋਰੀ ਕਰਵਾ ਕੇ ਪੰਜਾਬ ਸਰਕਾਰ ਨੇ ਆਪਣਾ ਕਿਸਾਨ ਮਜ਼ਦੂਰ ਵਿਰੋਧੀ ਚਿਹਰਾ ਨੰਗਾ ਕਰ ਲਿਆ ਹੈ।ਇਸ ਮੌਕੇ ਬਾਰਡਰ ਪੱਟੀ ਦੇ ਪਿੰਡਾਂ ਦੀ ਕਮੇਟੀ ਦੀ ਚੋਣ ਕੀਤੀ ਗਈ ਜਿਸ ਵਿੱਚ ਪ੍ਰਧਾਨ ਰਮਨਦੀਪ ਸਿੰਘ ਸ਼ਹਿਜ਼ਾਦਾ ਖੁਰਦ, ਸਕੱਤਰ ਪ੍ਰੀਤਮ ਸਿੰਘ ਪੰਨਵਾਂ ਝੰਗੀ, ਖਜਾਨਚੀ ਪਵਨਦੀਪ ਸਿੰਘ ਤਲਵੰਡੀ ਹਿੰਦੂਆਂ, ਸਹਾਇਕ ਸਕੱਤਰ ਸਰਵਣ ਸਿੰਘ ਧਰਮਾਬਾਦ, ਸਹਾਇਕ ਖਜਾਨਚੀ ਕੰਵਲਜੀਤ ਸਿੰਘ ਸਾਧਾਂਵਾਲੀ, ਗੁਰਦੀਸ਼ ਸਿੰਘ ਹਵੇਲੀਆਂ, ਜਗਰੂਪ ਸਿੰਘ ਪੰਨਵਾਂ ਝੰਗੀ 'ਤੇ ਅਧਾਰਿਤ ਕਮੇਟੀ ਚੁਣੀ ਗਈ।ਇਸ ਮੌਕੇ ਜ਼ਿਲ੍ਹਾ ਖਜ਼ਾਨਚੀ ਰਣਜੀਤ ਸਿੰਘ ਖਜਾਨੇ ਕੋਟ, ਹਰਦੇਵ ਸਿੰਘ ਕਨੱਈਆ, ਕੁਲਦੀਪ ਸਿੰਘ ਸੈਰੋਵਾਲ (ਬਲਾਕ ਸਕੱਤਰ ਸ੍ਰੀ ਹਰਗੋਬਿੰਦਪੁਰ ਕਾਦੀਆਂ), ਗੁਰਨਾਮ ਸਿੰਘ ਨਿਹੰਗ ਸਿੰਘ ਕਾਦੀਆਂ, ਬਲਕਾਰ ਸਿੰਘ ਦੇਹੜ, ਦਰਸ਼ਨ ਸਿੰਘ ਰਾਊਵਾਲ, ਬਲਬੀਰ ਸਿੰਘ ਰੱਤਾ, ਮੋਹਣ ਸਿੰਘ ਅਠਵਾਲ, ਕੁਲਵਿੰਦਰ ਸਿੰਘ ਬਸਰਾਵਾਂ, ਨਰਿੰਦਰ ਬੀਰ ਸਿੰਘ ਝੰਗੀ, ਬਲਵਿੰਦਰ ਸਿੰਘ ਹਵੇਲੀਆਂ ਖੁਰਦ, ਕਿਰਪਾਲ ਸਿੰਘ ਤਲਵੰਡੀ, ਬਿਕਰਮਜੀਤ ਸਿੰਘ ਸਾਧਾਂਵਾਲੀ, ਮੇਹਰ ਸਿੰਘ ਮਨਸੂਰ, ਸਤਨਾਮ ਸਿੰਘ ਧਰਮਾਬਾਦ, ਪਿੰਦਰ ਸਿੰਘ ਡਾਲਾ, ਦਿਦਾਰ ਸਿੰਘ ਤਲਵੰਡੀ ਹਿੰਦੂਆਂ, ਨਿਰਮਲਜੀਤ ਸਿੰਘ, ਸੁਖਦੇਵ ਸਿੰਘ, ਗੁਰਦੇਵ ਸਿੰਘ ਮਹਿਤਾ ਆਦਿ ਹਾਜ਼ਰ ਸਨ।

# ਜਥੇਦਾਰ ਬਾਬਾ ਹਨੂੰਮਾਨ ਸਿੰਘ ਦੇ ਜਨਮ ਦਿਹਾੜੇ ਮੌਕੇ ਛੁੱਟੀ ਦੀ ਮੰਗ

**ਮੁਹਾਲੀ (ਗੁਰਜੀਤ ਬਿੱਲਾ)**-ਸ਼੍ਰੋਮਣੀ ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨ ਪਰਵਿੰਦਰ ਸਿੰਘ ਸੋਹਾਣਾ ਨੇ ਡਿਪਟੀ ਕਮਿਸ਼ਨਰ ਮੁਹਾਲੀ ਨੂੰ ਇੱਕ ਪੱਤਰ ਲਿਖ ਕੇ ਮੰਗ ਕੀਤੀ ਹੈ ਕਿ ਉਹ ਆਪਣੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਬਾਬਾ ਬੁੱਢਾ ਦਲ ਦੇ 7ਵੇਂ ਜਥੇਦਾਰ ਸ਼ਹੀਦ ਜਥੇਦਾਰ ਬਾਬਾ ਹਨੂੰਮਾਨ ਸਿੰਘ ਦੇ 2 ਦਸੰਬਰ ਨੂੰ ਆ ਰਹੇ ਜਨਮ ਦਿਵਸ ਮੌਕੇ ਛੁੱਟੀ ਦਾ ਰਸਮੀਂ ਐਲਾਨ ਕਰਨ।ਆਪਣੇ ਪੱਤਰ ਵਿੱਚ ਸੋਹਾਣਾ ਨੇ ਕਿਹਾ ਕਿ ਸ਼ਹੀਦ ਜਥੇਦਾਰ ਸਿੱਖ ਕੌਮ ਦੇ ਮਹਾਨ ਜਰਨੈਲ ਹਨ ਜਿਨ੍ਹਾਂ ਪ੍ਰਤੀ ਮੁਹਾਲੀ ਇਲਾਕਾ ਹੀ ਨਹੀਂ ਬਲਕਿ ਸਮੁੱਚੇ ਸਿੱਖ ਜਗਤ ਵਿੱਚ ਬੜਾ ਸਤਿਕਾਰ ਅਤੇ ਮਾਨਤਾ ਹੈ ਜਿਨ੍ਹਾਂ ਦੀ ਯਾਦ ਵਿੱਚ ਗੁਰਦੁਆਰਾ ਸਿੰਘ ਸ਼ਹੀਦਾਂ ਸੋਹਾਣਾ ਵਿਖੇ ਸੁਸ਼ੋਭਿਤ ਹੈ ਜਿੱਥੇ ਹਜ਼ਾਰਾਂ ਸੰਗਤਾਂ ਹਰ ਰੋਜ਼ ਉਨ੍ਹਾਂ ਨੂੰ ਸਜਦਾ ਕਰਨ ਲਈ ਪਹੁੰਚਦੀਆਂ ਹਨ।ਅਕਾਲੀ ਆਗੂ ਨੇ ਕਿਹਾ ਕਿ ਕੁਦਰਤੀ ਆਫ਼ਤਾਂ ਅਤੇ ਹੋਰ ਸਮਾਜ ਸੇਵਾ ਦੇ ਖੇਤਰ ਵਿੱਚ ਇਸ ਅਸਥਾਨ ਦੀ ਵਡਮੁੱਲਾ ਯੋਗਦਾਨ ਹੈ।ਉਨ੍ਹਾਂ ਕਿਹਾ ਕਿ ਹਰ ਰੋਜ਼ ਦੀਨ ਦੁਖੀਆਂ ਅਤੇ ਸੰਗਤਾਂ ਲਈ 24 ਘੰਟੇ ਲੰਗਰ ਦੀ ਵਿਵਸਥਾ ਹੈ।ਸੋਹਾਣਾ ਨੇ ਆਪਣੇ ਪੱਤਰ ਵਿੱਚ ਲਿਖਿਆ ਹੈ ਕਿ 2 ਅਤੇ 3 ਦਸੰਬਰ ਨੂੰ ਮਨਾਏ ਜਾ ਰਹੇ ਜਨਮ ਦਿਹਾੜੇ ਮੌਕੇ ਲੱਖਾਂ ਸੰਗਤਾਂ ਨੇ ਸ਼ਰਧਾ ਤੇ ਸਤਿਕਾਰ ਦੇਣ ਲਈ ਗੁਰਦੁਆਰਾ ਸਾਹਿਬ ਪਹੁੰਚਣਾ ਹੈ।ਕੰਮ ਵਾਲਾ ਦਿਨ ਹੋਣ ਕਾਰਨ ਸਰਕਾਰੀ ਮੁਲਾਜ਼ਮ ਇਸ ਮਹਾਂਯੱਗ ਮੌਕੇ ਛੁੱਟੀ ਨਾ ਹੋਣ ਕਰਕੇ ਹਾਜ਼ਰ ਹੋਣ ਤੋਂ ਅਸਮਰੱਥ ਰਹਿੰਦੇ ਹਨ



ਉਨ੍ਹਾਂ ਮੰਗ ਕੀਤੀ ਕਿ ਸ਼ਹੀਦ ਜਥੇਦਾਰ ਬਾਬਾ ਹਨੂੰਮਾਨ ਸਿੰਘ ਪ੍ਰਤੀ ਸੰਗਤ ਦੀ ਆਸਥਾ ਨੂੰ ਧਿਆਨ ਵਿੱਚ ਰੱਖਦਿਆਂ 2 ਦਸੰਬਰ ਨੂੰ ਸਮੁੱਚੇ ਜ਼ਿਲ੍ਹੇ ਵਿੱਚ ਛੁੱਟੀ ਦਾ ਐਲਾਨ ਕੀਤਾ ਜਾਵੇ।ਉਨ੍ਹਾਂ ਸਪੱਸ਼ਟ ਕੀਤਾ ਕਿ ਅਗਾਮੀ ਵਰ੍ਹੇ ਤੋਂ ਪੰਜਾਬ ਸਰਕਾਰ ਨੂੰ ਵੀ ਅਪੀਲ ਕੀਤੀ ਜਾਵੇਗੀ ਕਿ ਇਸ ਇਤਿਹਾਸਕ ਦਿਵਸ ਮੌਕੇ ਸਮੁੱਚੇ ਪੰਜਾਬ ਵਿੱਚ ਸਰਕਾਰੀ ਛੁੱਟੀ ਦਾ ਐਲਾਨ ਕਰੇ।

# ਸੇਵਕ ਜਥਾ ਮਲਾਡ ਦੀ ਸੰਗਤ ਵੱਲੋਂ ਜੋੜਿਆਂ ਅਤੇ ਲੰਗਰ ਦੀ ਸੇਵਾ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**-ਹਿੰਦ ਦੀ ਚਾਦਰ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਮੌਕੇ ਸੇਵਕ ਜਥਾ ਮਲਾਡ ਵਲੋਂ ਸ੍ਰੀ ਗੁਰੂ ਨਾਨਕ ਸਤਸੰਗ ਸਭਾ ਮਲਾਡ ਦੇ ਸਹਿਯੋਗ ਨਾਲ ਮੁੰਬਈ ਦੀ ਸੰਗਤ ਵੱਲੋਂ 20 ਨਵੰਬਰ ਤੋਂ ਸੰਗਤ ਵੱਲੋਂ ਲੰਗਰ ਅਤੇ ਜੋੜਿਆਂ ਦੀ ਸੇਵਾ ਕੀਤੀ ਜਾ ਰਹੀ ਹੈ ਜੋ ਕਿ 30 ਨਵੰਬਰ ਨੂੰ ਸਪੂੰਰਨ ਹੋਵੇਗੀ।ਜਥੇ ਦੀ ਅਵਗਾਈ ਕਰ ਰਹੇ ਜਥੇਦਾਰ ਕੁਲਦੀਪ ਸਿੰਘ ਨੇ ਦੱਸਿਆ ਕਿ ਮੁਬੰਈ ਤੋਂ 140 ਮੈਂਬਰ ਸੇਵਾ ਦੇ ਉਦੇਸ਼ ਨਾਲ ਸ੍ਰੀ ਅਨੰਦਪੁਰ ਸਾਹਿਬ ਪਹੁੰਚੇ ਹੋਏ ਹਨ ਜਿਨ੍ਹਾਂ ਵੱਲੋਂ ਬੀਤੀ 20 ਨਵੰਬਰ ਤੋਂ ਵੱਖ ਵੱਖ ਥਾਵਾਂ ਤੇ ਗਰੁੱਪ ਬਣਾ ਕੇ ਜੋੜਿਆਂ ਦੀ ਸੇਵਾ ਕੀਤੀ ਜਾ ਰਹੀ ਹੈ, ਜਿਨ੍ਹਾਂ ਵਿੱਚ ਗੁਰਦੁਆਰਾ ਸੀਸਗੰਜ ਸਾਹਿਬ, ਗੁਰਦੁਆਰਾ ਗੁਰੂ ਕੇ ਮਹਿਲ ਭੋਰਾ ਸਾਹਿਬ, ਤਖਤ ਸ੍ਰੀ ਕੇਸਗੜ੍ਹ ਸਾਹਿਬ ਆਦਿ ਪੰਜ ਥਾਵਾਂ ਸ਼ਾਮਲ ਹਨ।ਇਸ ਤੋਂ ਬਿਨਾਂ ਵਰਦੀ ਵਿੱਚ ਸਿੰਘਾਂ ਵੱਲੋਂ ਵੱਖ-ਵੱਖ ਸੰਤਾਂ ਮਹਾਪੁਰਸ਼ਾਂ ਦੇ ਲੰਗਰਾਂ ਵਿੱਚ ਵੀ ਸੇਵਾ ਕੀਤੀ ਜਾ ਰਹੀ ਹੈ।

ਉਨ੍ਹਾਂ ਦੱਸਿਆ ਕਿ ਮਲਾਡ ਦੀ ਸੰਗਤ ਦੇ ਸਹਿਯੋਗ ਨਾਲ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਮੁੱਖ ਲੰਗਰ ਵਿਖੇ ਸਵੇਰ ਦੀ ਰੋਟੀ, ਚਾਹ ਅਤੇ ਵੱਖ-ਵੱਖ ਮਠਿਆਈਆਂ ਦਾ ਲੰਗਰ ਲਗਾਤਾਰ ਚੱਲ ਰਿਹਾ ਹੈ।ਉਨ੍ਹਾਂ ਕਿਹਾ ਕਿ ਮਲਾਡ ਦੀ ਸੰਗਤ ਵੱਖ-ਵੱਖ ਥਾਵਾਂ ਤੇ ਹੋਣ ਵਾਲੇ ਧਾਰਮਿਕ ਸ਼ਮਾਗਮਾਂ ਵਿੱਚ ਅਨੁਸ਼ਾਸਨ ਨਾਲ ਸੇਵਾ ਨਿਭਾ ਰਹੀ ਹੈ।ਸੰਗਤ ਵਿੱਚ ਆਈ ਮਨਮੀਤ ਕੌਰ ਚੱਢਾ ਨੇ ਕਿਹਾ ਕਿ ਇਸ ਸੇਵਾ ਵਿੱਚ ਵੱਡੀ ਗਿਣਤੀ ਵਿੱਚ ਔਰਤਾਂ ਵੀ ਸ਼ਾਮਲ ਹੋਈਆਂ ਹਨ ਜੋਕਿ ਲਗਾਤਾਰ ਜੋੜਾ ਘਰ ਦੀਆਂ ਸੇਵਾਵਾਂ ਵਿੱਚ ਆਪਣਾ ਯੋਗਦਾਨ ਪਾ ਰਹੀਆਂ ਹਨ।ਉਨ੍ਹਾਂ ਕਿਹਾ ਕਿ ਉਹ ਵਡਭਾਗੇ ਹਨ ਜਿਨ੍ਹਾਂ ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਸ਼ਤਾਬਦੀ ਵਿੱਚ ਸੇਵਾ ਕਰਨ ਦਾ ਮੌਕਾ ਮਿਲਿਆ ਹੈ।ਇਸ ਮੌਕੇ ਜਸਵਿੰਦਰ ਕੌਰ, ਮਹਿੰਦਰ ਕੌਰ, ਸੁਰਿੰਦਰ ਕੌਰ, ਰਮੀਲਾ, ਰਣਜੀਤ ਕੌਰ, ਸਤਪਾਲ ਕੌਰ, ਅਮਰੀਕ ਸਿੰਘ, ਗੁਰਮੇਲ ਸਿੰਘ, ਅਵਿੰਦਰ ਸਿੰਘ, ਪਰਮਜੀਤ ਸਿੰਘ, ਰਾਜਵੀਰ ਸਿੰਘ, ਅਵਤਾਰ ਸਿੰਘ, ਅਮਰ ਸਿੰਘ, ਪਰਵਿੰਦਰ ਕੌਰ, ਜਸਵੰਤ ਸਿੰਘ, ਮਨੋਹਰ ਸਿੰਘ, ਜਗਜੀਤ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਸੰਗਤ ਹਾਜ਼ਰ ਸਨ।




# ਸਾਲਾਂ ਤੋਂ ਭਗੌੜੇ ਚੱਲ ਰਹੇ 2 ਦੋਸ਼ੀ ਗ੍ਰਿਫ਼ਤਾਰ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ, (ਗੁਰਜੀਤ ਬਿੱਲਾ)**-ਮੋਹਾਲੀ ਪੁਲਸ ਵੱਲੋਂ ਵੱਖ-ਵੱਖ ਜੁਰਮਾਂ ਵਿੱਚ ਭਗੌੜੇ ਅਪਰਾਧੀਆਂ ਨੂੰ ਕਾਬੂ ਕਰਕੇ ਨਿਆਂ ਦੇ ਕਟਹਿਰੇ ਵਿੱਚ ਲਿਆਉਣ ਦੀ ਵੱਡੇ ਪੱਧਰ 'ਤੇ ਚਲਾਈ ਜਾ ਰਹੀ ਮੁਹਿੰਮ ਤਹਿਤ 14 ਸਾਲ ਅਤੇ ਤਿੰਨ ਸਾਲ ਤੋਂ ਭਗੌੜੇ ਚੱਲੇ ਆ ਰਹੇ ਦੋ ਦੋਸ਼ੀਆਂ ਨੂੰ ਕਾਬੂ ਕਰਨ ਵਿੱਚ ਸਫ਼ਲਤਾ ਹਾਸਲ ਕੀਤੀ ਗਈ ਹੈ।ਵਧੇਰੇ ਜਾਣਕਾਰੀ ਦਿੰਦਿਆਂ, ਸੌਰਵ ਜਿੰਦਲ ਐੱਸਪੀ (ਜਾਂਚ) ਨੇ ਦੱਸਿਆ ਕਿ ਇਨ੍ਹਾਂ ਕਾਬੂ ਕੀਤੇ ਗਏ ਦੋਸ਼ੀਆਂ ਵਿੱਚ ਡੈਨੀਅਲ ਉਰਫ ਡੈਨੀ ਪੁੱਤਰ ਤਾਰਾ ਚੰਦ ਵਾਸੀ ਪਿੰਡ ਬੱਬੀਆਂਵਾਲ, ਥਾਣਾ ਸਦਰ ਜਲੰਧਰ, ਮੁੱਕਦਮਾ ਨੰਬਰ 66 ਮਿਤੀ 01.05.2008 ਅ/ਧ 279, 337, 338 ਆਈਪੀਸੀ ਥਾਣਾ ਫੇਸ-8 ਮੋਹਾਲੀ ਵਿੱਚ ਲੋੜੀਂਦਾ ਸੀ, ਜੋ 14 ਸਾਲ ਤੋਂ ਭਗੌੜਾ ਚੱਲਿਆ ਆ ਰਿਹਾ ਸੀ।ਇਸੇ ਤਰ੍ਹਾਂ ਦੂਸਰਾ ਦੋਸ਼ੀ ਭਗਵੰਤ ਸਿੰਘ ਉਰਫ ਕਾਲਾ ਪੁੱਤਰ ਜਗਦੇਵ ਸਿੰਘ ਵਾਸੀ ਪਿੰਡ ਕਾਲਸਾ, ਥਾਣਾ ਸਦਰ ਰਾਏਕੋਟ, ਜ਼ਿਲ੍ਹਾ ਲੁਧਿਆਣਾ, ਜੋ ਕਿ ਮੁਕੱਦਮਾ ਨੰਬਰ 49, ਮਿਤੀ 03.03.2021, ਅਧੀਨ ਧਾਰਾ 237, 337, 427 ਆਈ ਪੀ ਸੀ, 61-01-14 ਆਬਕਾਰੀ ਐਕਟ, ਥਾਣਾ ਮਟੌਰ ਮੋਹਾਲੀ ਵਿੱਚ (43 ਪੇਟੀਆਂ) 3,87,000 ਮਿਲੀ ਲੀਟਰ ਸ਼ਰਾਬ ਵਿੱਚ ਲੋੜੀਂਦਾ ਸੀ, ਪਿਛਲੇ 03 ਸਾਲ ਤੋਂ ਭਗੌੜਾ ਚੱਲਿਆ ਆ ਰਿਹਾ ਸੀ।ਉਨ੍ਹਾਂ ਨੇ ਦੱਸਿਆ ਕਿ ਸੀਨੀਅਰ ਕਪਤਾਨ ਪੁਲਸ ਜ਼ਿਲ੍ਹਾ ਐੱਸਏਐੱਸ ਨਗਰ ਹਰਮਨਦੀਪ ਸਿੰਘ ਹਾਂਸ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਮਾਜ ਵਿਰੋਧੀ ਅਨਸਰਾਂ ਅਤੇ ਅਪਰਾਧੀਆਂ ਵਿਰੁੱਧ ਚਲਾਈ ਮੁਹਿੰਮ ਤਹਿਤ ਭਗੌੜੇ ਅਪਰਾਧੀਆਂ (ਪੀ.ਓਜ਼) ਨੂੰ ਗ੍ਰਿਫਤਾਰ ਕਰਨ ਲਈ ਪੀ. ਓ. ਸਟਾਫ਼ ਬਣਾ ਕੇ ਭਗੌੜਿਆਂ ਨੂੰ ਫੜਨ ਦਾ ਵਿਸ਼ੇਸ਼ ਕਾਰਜ ਦਿੱਤਾ ਗਿਆ। ਉਨ੍ਹਾਂ ਅੱਗੇ ਦੱਸਿਆ ਕਿ ਉਪ ਕਪਤਾਨ ਪੁਲਸ (ਸਪੈਸ਼ਲ ਕਰਾਈਮ), ਨਵੀਨਪਾਲ ਸਿੰਘ ਲਹਿਲ ਨੂੰ ਇਸ ਮੁਹਿੰਮ ਦੀ ਨਿਗਰਾਨੀ ਸੌਂਪੀ ਗਈ ਹੈ।

# ਸੰਤ ਬਾਬਾ ਸੇਵਾ ਸਿੰਘ ਦੀ ਸਾਲਾਨਾ ਬਰਸੀ ਭਲਕੇ

**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)**-ਗੁਰਦੁਆਰਾ ਗੁਰੂ ਕੀ ਬੇਰ ਸਾਹਿਬ ਅਸਥਾਨ ਪਾਤਸ਼ਾਹੀ ਛੇਵੀਂ ਨੇੜੇ ਨਗਰ ਮੱਤੇਵਾਲ ਤੇ ਬੋਪਾਰਾਏ ਵਿਖੇ ਸੰਤ ਬਾਬਾ ਸੇਵਾ ਸਿੰਘ ਦੀ 33ਵੀਂ ਸਾਲਾਨਾ ਬਰਸੀ 2 ਦਸੰਬਰ ਦਿਨ ਮੰਗਲਵਾਰ ਨੂੰ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਸੰਤ ਬਾਬਾ ਸੱਜਣ ਸਿੰਘ ਦੀ ਅਗਵਾਈ ਹੇਠ ਇਲਾਕਾ ਨਿਵਾਸੀ ਸੰਗਤਾਂ ਵੱਲੋਂ ਬੜੀ ਸ਼ਰਧਾ ਅਤੇ ਧੂਮ-ਧਾਮ ਨਾਲ ਮਨਾਈ ਜਾ ਰਹੀ ਹੈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਸੰਤ ਬਾਬਾ ਸੱਜਣ ਸਿੰਘ ਨੇ ਦੱਸਿਆ ਕਿ 30 ਨਵੰਬਰ ਦਿਨ ਐਤਵਾਰ ਨੂੰ ਸਵੇਰੇ 10 ਵਜੇ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਏ ਹਨ।2 ਦਸੰਬਰ ਦਿਨ ਮੰਗਲਵਾਰ ਨੂੰ ਸਵੇਰੇ 10 ਵਜੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਧਾਰਮਿਕ ਦੀਵਾਨ ਸਜਣਗੇ ਜਿਸ ਵਿੱਚ ਰਾਗੀ ਜਸਵੰਤ ਸਿੰਘ ਉਦੋਕੇ, ਪਰਮਜੀਤ ਸਿੰਘ ਕਥਾਵਾਚਕ ਨੰਗਲੀ, ਕਵੀਸ਼ਰ ਸੁਲੱਖਣ ਸਿੰਘ ਰਿਆੜ, ਕਵੀਸ਼ਰ ਗੁਰਦਿਆਲ ਸਿੰਘ ਢਿੱਲਵਾਂ ਗੁਰੂ ਜੱਸ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ ।



# ਦਿੱਲੀ ਕਮੇਟੀ ਵੱਲੋਂ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਦਾ ਵਿਸ਼ੇਸ਼ ਸਨਮਾਨ

**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)**-ਨੌਵੀਂ ਪਾਤਸ਼ਾਹੀ 'ਹਿੰਦ ਦੀ ਚਾਦਰ' ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਤੇ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ, ਭਾਈ ਦਿਆਲਾ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਤੇ ਧੰਨ-ਧੰਨ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਦੀ 350 ਸਾਲਾ ਗੁਰਤਾ ਗੱਦੀ ਸ਼ਤਾਬਦੀ ਨੂੰ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰਦੁਆਰਾ ਸੀਸ ਗੰਜ ਸਾਹਿਬ ਦਿੱਲੀ ਵਿਖੇ ਵਿਸ਼ਾਲ ਪੱਧਰ 'ਤੇ ਮਨਾਇਆ ਗਿਆ, ਜਿਸ ਦੌਰਾਨ ਕਰਾਏ ਗਏ ਸ਼ਤਾਬਦੀ ਸਮਾਗਮਾਂ 'ਚ ਦਮਦਮੀ ਟਕਸਾਲ ਵੱਲੋਂ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਮੁਖੀ ਦਮਦਮੀ ਟਕਸਾਲ ਦੀ ਅਗਵਾਈ ਹੇਠ ਦਮਦਮੀ ਟਕਸਾਲ ਵੱਲੋਂ ਸਮਾਗਮਾਂ ਅੰਦਰ ਅਹਿਮ ਸੇਵਾਵਾਂ ਨਿਭਾਈਆ ਗਈਆਂ।ਦਿੱਲੀ ਕਮੇਟੀ ਵੱਲੋਂ ਵਿਸ਼ੇਸ਼ ਸੱਦੇ 'ਤੇ ਇਨ੍ਹਾਂ ਸ਼ਤਾਬਦੀ ਸਮਾਗਮਾਂ 'ਚ ਸ਼ਾਮਿਲ ਹੋਏ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਨੇ ਆਰੰਭਤਾ ਤੋਂ ਸੰਪੂਰਨਤਾ ਤੱਕ ਆਪਣੀ ਹਾਜ਼ਰੀ ਬਣਾ ਕੇ ਰੱਖੀ ਤੇ ਸ਼ਤਾਬਦੀ ਸਮਾਗਮਾਂ ਦੀ ਪੂਰਨ ਕਾਮਯਾਬੀ ਲਈ ਦਿੱਲੀ ਕਮੇਟੀ ਦਾ ਹਰ ਪੱਖੋਂ ਆਪਣਾ ਸਹਿਯੋਗ ਦਿੱਤਾ।ਦਿੱਲੀ ਕਮੇਟੀ ਵੱਲੋਂ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਨੂੰ ਵਿਸ਼ੇਸ਼ ਸੇਵਾਵਾਂ ਸੌਂਪੀਆਂ ਗਈਆਂ, ਜਿਸ ਦੇ ਚੱਲਦਿਆਂ ਉਨ੍ਹਾਂ ਨੇ ਗੁਰਦੁਆਰਾ ਸੀਸ ਗੰਜ ਸਾਹਿਬ ਵਿਖੇ ਗੁਰ ਇਤਿਹਾਸ ਦੀ ਲੜੀਵਾਰ ਕਥਾ ਕੀਤੇ ਜਾਣ ਅਤੇ ਲਾਲ ਕਿਲ੍ਹੇ ਵਿਖੇ ਹੋਏ ਵਿਸ਼ਾਲ ਸਮਾਗਮਾਂ ਅੰਦਰ ਵੀ ਗੁਰਮਤਿ ਵਿਚਾਰਾਂ ਸਾਂਝੀਆਂ ਕੀਤੀਆਂ।ਇਸਦੇ ਨਾਲ ਹੀ ਸ਼ਹੀਦੀ ਦਿਵਸ ਮੌਕੇ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਦੀ ਅਪੀਲ 'ਤੇ ਲੱਖਾਂ ਦੀ ਗਿਣਤੀ 'ਚ ਹਾਜ਼ਰ ਸੰਗਤਾਂ ਨੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਸਮੇਂ 12 ਤੋਂ 12.30 ਵਜੇ ਤੱਕ ਸੰਗਤੀ ਰੂਪ 'ਚ ਜਪੁਜੀ ਸਾਹਿਬ ਦੇ ਪਾਠ ਕੀਤੇ ਅਤੇ ਉਪਰੰਤ 12.30 ਤੋਂ 2.30 ਵਜੇ ਤੱਕ ਗੁਰੂ ਸਾਹਿਬ ਦੇ ਸ਼ਹੀਦੀ ਪ੍ਰਸੰਗ ਦੀ ਕਥਾ ਕੀਤੀ। ਦਮਦਮੀ ਟਕਸਾਲ ਵੱਲੋਂ ਸ਼ਤਾਬਦੀ ਸਮਾਗਮਾਂ ਦੌਰਾਨ ਨਿਭਾਈਆਂ ਗਈਆਂ ਵਡਮੁੱਲੀਆਂ ਸੇਵਾਵਾਂ ਲਈ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ, ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ ਤੇ ਚੇਅਰਮੈਨ ਧਰਮ ਪ੍ਰਚਾਰ ਕਮੇਟੀ ਜਸਪ੍ਰੀਤ ਸਿੰਘ ਨੇ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਦਾ ਵਿਸ਼ੇਸ਼ ਸਨਮਾਨ ਕੀਤਾ। ਇਸ ਮੌਕੇ ਗਿਆਨੀ ਪਿੰਦਰਪਾਲ ਸਿੰਘ ਤੇ ਸੰਤ ਬਾਬਾ ਹਰੀ ਸਿੰਘ ਰੰਧਾਵੇ ਵਾਲੇ ਆਦਿ ਪੰਥਕ ਸ਼ਖਸ਼ੀਅਤਾਂ ਤੋਂ ਇਲਾਵਾ ਭਾਈ ਨਰਿੰਦਰ ਸਿੰਘ ਕੈਨੇਡਾ ਵਾਲੇ, ਗਿਆਨੀ ਗੁਰਦੀਪ ਸਿੰਘ ਇੰਗਲੈਂਡ ਵਾਲੇ, ਭਾਈ ਪਰਵਿੰਦਰ ਸਿੰਘ ਅਮਰੀਕਾ, ਭਾਈ ਅਮਨਦੀਪ ਸਿੰਘ ਸਮੈਦਕ, ਭਾਈ ਦਇਆ ਸਿੰਘ ਬਰਮਿੰਘਮ ਆਦਿ ਨੇ ਵੀ ਲੰਗਰਾਂ 'ਚ ਹਾਜ਼ਰੀ ਭਰੀ।



# ਟੈਨਿਸ ਟੂਰਨਾਮੈਂਟ ਦਾ ਦੂਜਾ ਦਿਨ ਸ਼ਾਨਦਾਰ ਮੁਕਾਬਲਿਆਂ ਨਾਲ ਸਮਾਪਤ




**ਜਲੰਧਰ (ਰਾਜੇਸ਼ ਥਾਪਾ)**-ਮਾਡਲ ਟਾਊਨ ਟੈਨਿਸ ਅਕੈਡਮੀ ਵਿੱਚ ਚੱਲ ਰਹੇ ਨਿਰਮਲ ਸਿੰਘ ਤੂਰ ਮੈਮੋਰੀਅਲ ਟੈਨਿਸ ਟੂਰਨਾਮੈਂਟ ਦੇ ਦੂਜੇ ਦਿਨ ਬੇਹਤਰੀਨ ਮੁਕਾਬਲੇ ਦੇਖਣ ਨੂੰ ਮਿਲੇ। ਜਿਨ੍ਹਾਂ ਖਿਡਾਰੀਆਂ ਦੇ ਮੈਡਲ ਨਹੀਂ ਆਏ, ਉਹਨਾਂ ਨੂੰ ਵੀ ਉਹਨਾਂ ਦੀ ਮਿਹਨਤ ਦੇ ਸਨਮਾਨ ਵਜੋਂ ਸਰਟੀਫਿਕੇਟ ਅਤੇ ਮੈਡਲ ਭੇਟ ਕੀਤੇ ਗਏ।ਇਹ ਟੂਰਨਾਮੈਂਟ ਮਾਡਲ ਟਾਊਨ ਟੈਨਿਸ ਅਕੈਡਮੀ ਦੇ ਚੀਫ ਕੋਚ ਅਤੇ ਸਾਬਕਾ ਟੈਨਿਸ ਖਿਡਾਰੀ ਸੁਖਦੀਪ ਸਿੰਘ ਜਜ ਦੀ ਕੋਸ਼ਿਸ਼ਾਂ ਨਾਲ ਸੰਭਵ ਹੋ ਸਕਿਆ ਹੈ। ਮੈਚ ਰਾਤ ਦੇ ਸਮੇਂ ਤੱਕ ਜਾਰੀ ਰਹੇ, ਜਿਸ ਨਾਲ ਖਿਡਾਰੀਆਂ ਦੀ ਲਗਨ ਅਤੇ ਜੋਸ਼ ਸਾਫ਼ ਨਜ਼ਰ ਆਇਆ।ਟੂਰਨਾਮੈਂਟ ਦੇ ਫਾਈਨਲ ਮੈਚ ਕੱਲ੍ਹ ਕਰਵਾਏ ਜਾਣਗੇ ਅਤੇ ਜੇਤੂਆਂ ਨੂੰ ਨਕਦ ਇਨਾਮ ਵੀ ਦਿੱਤੇ ਜਾਣਗੇ। ਦੇਸ਼ ਦੇ ਵੱਖ-ਵੱਖ ਰਾਜਾਂ ਤੋਂ ਖਿਡਾਰੀਆਂ ਨੇ ਭਾਗ ਲਿਆ ਹੈ, ਜਿਸ ਨਾਲ ਇਹ ਖੇਡ ਸਮਾਰੋਹ ਹੋਰ ਵੀ ਮਹੱਤਵਪੂਰਣ ਬਣ ਗਿਆ ਹੈ।ਇਸ ਮੌਕੇ ਡਾ. ਅਸ਼ਵਿਨੀ ਕੁਮਾਰ, ਸਤਵੀਰ ਸਿੰਘ ਅਤੇ ਰਮੇਸ਼ ਲਖਨਪਾਲ ਵੀ ਹਾਜ਼ਰ ਸਨ।

# ਪ੍ਰਾਇਮਰੀ ਤੋਂ ਮਾਸਟਰ ਕਾਡਰ 'ਚ ਤਰੱਕੀਆਂ ਦੀਆਂ ਲਿਸਟਾਂ ਤੁਰੰਤ ਜਾਰੀ ਕੀਤੀਆਂ ਜਾਣ: ਡੀ. ਟੀ. ਐੱਫ.

**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**-ਪਿਛਲੇ ਸੱਤ ਸਾਲਾਂ ਤੋਂ ਆਪਣੀਆਂ ਤਰੱਕੀਆਂ ਦੀ ਉਡੀਕ ਕਰ ਰਹੇ ਪ੍ਰਾਇਮਰੀ ਅਧਿਆਪਕ ਸਿੱਖਿਆ ਵਿਭਾਗ ਦੀ ਕੱਛੂ-ਚਾਲ ਤੋਂ ਅੱਕ ਚੁੱਕੇ ਹਨ। ਇਸ ਬਾਰੇ ਜਾਣਕਾਰੀ ਦਿੰਦੇ ਹੋਏ ਅਧਿਆਪਕਾਂ ਦੀ ਨੁਮਾਇੰਦਾ ਜਥੇਬੰਦੀ ਡੈਮੋਕ੍ਰੇਟਿਕ ਟੀਚਰਜ਼ ਫ਼ਰੰਟ ਪੰਜਾਬ ਦੇ ਸੂਬਾ ਪ੍ਰਧਾਨ ਦਿਗਵਿਜੇਪਾਲ ਸ਼ਰਮਾ ਅਤੇ ਸੂਬਾ ਸਕੱਤਰ ਰੇਸ਼ਮ ਸਿੰਘ ਖੇਮੂਆਣਾ ਨੇ ਦੱਸਿਆ ਕਿ ਪ੍ਰਾਇਮਰੀ ਅਧਿਆਪਕਾਂ ਤੋਂ ਮਾਸਟਰ ਕਾਡਰ ਵਿੱਚ ਹੋਣ ਵਾਲੀਆਂ ਤਰੱਕੀਆਂ ਪਿਛਲੇ ਸੱਤ ਸਾਲਾਂ ਤੋਂ ਲਟਕ ਰਹੀਆਂ ਹਨ। ਕੁਝ ਵਿਸ਼ਿਆਂ ਦੀਆਂ ਪ੍ਰੋਮੋਸ਼ਨਾਂ ਹੋਏ ਤਾਂ ਲਗਭਗ 11-12 ਸਾਲ ਵੀ ਹੋ ਚੁੱਕੇ ਹਨ, ਪਰ ਸਿੱਖਿਆ ਵਿਭਾਗ ਦੇ ਕੰਨਾਂ 'ਤੇ ਜੂੰ ਨਹੀਂ ਸਰਕ ਰਹੀ। ਆਗੂਆਂ ਨੇ ਦੱਸਿਆ ਕਿ ਵਿਭਾਗ ਨੇ ਕਈ ਵਾਰ ਜਥੇਬੰਦੀ ਨਾਲ ਮੀਟਿੰਗ ਕਰਦੇ ਹੋਏ ਭਰੋਸਾ ਦਿੱਤਾ ਸੀ ਕਿ ਪ੍ਰਾਇਮਰੀ ਤੋਂ ਮਾਸਟਰ ਕਾਡਰ ਦੀਆਂ ਤਰੱਕੀਆਂ ਦੀਵਾਲੀ ਤੋਂ ਪਹਿਲਾਂ ਕਰ ਦਿੱਤੀਆਂ ਜਾਣਗੀਆਂ, ਪਰ ਅਜੇ ਤੱਕ ਉਨ੍ਹਾਂ ਦਾ ਭਰੋਸਾ ਸਿਰੇ ਨਹੀਂ ਚੜ੍ਹ ਸਕਿਆ। ਜਥੇਬੰਦੀ ਦੇ ਸੀਨੀਅਰ ਮੀਤ ਪ੍ਰਧਾਨ ਸਰਵਣ ਸਿੰਘ ਔਜਲਾ, ਮੀਤ ਪ੍ਰਧਾਨ ਸੁੱਖਵਿੰਦਰ ਸੁੱਖੀ, ਸੰਯੁਕਤ ਸਕੱਤਰ ਦਲਜੀਤ ਸਿੰਘ ਸਮਰਾਲਾ, ਵਿੱਤ ਸਕੱਤਰ ਜਸਵਿੰਦਰ ਬਠਿੰਡਾ, ਪ੍ਰੈੱਸ ਸਕੱਤਰ ਲਖਵੀਰ ਮੁਕਤਸਰ ਅਤੇ



ਸਹਾਇਕ ਪ੍ਰੈੱਸ ਸਕੱਤਰ ਰਾਜਵਿੰਦਰ ਸਿੰਘ ਬੈਹਣੀਵਾਲ ਨੇ ਦੱਸਿਆ ਕਿ ਇਸ ਤੋਂ ਪਹਿਲਾਂ ਪ੍ਰਾਇਮਰੀ ਤੋਂ ਮਾਸਟਰ ਕਾਡਰ ਵਿੱਚ ਸਾਇੰਸ, ਗਣਿਤ, ਅੰਗਰੇਜ਼ੀ ਵਿਸ਼ਿਆਂ ਦੀਆਂ ਪ੍ਰੋਮੋਸ਼ਨਾਂ 2017-18 ਵਿੱਚ ਹੋਈਆਂ ਸਨ ਅਤੇ ਬਾਕੀ ਵਿਸ਼ਿਆਂ ਦੀਆਂ ਤਰੱਕੀਆਂ ਹੋਈਆਂ ਨੂੰ ਤਾਂ ਲਗਭਗ 12-13 ਸਾਲ ਹੋ ਗਏ ਹਨ। ਆਗੂਆਂ ਨੇ ਦੋਸ਼ ਲਗਾਇਆ ਕਿ ਪ੍ਰਾਇਮਰੀ ਤੋਂ ਮਾਸਟਰ ਕਾਡਰ ਵਿੱਚ ਹੋਣ ਵਾਲੀਆਂ ਤਰੱਕੀਆਂ ਦੀਆਂ ਲਿਸਟਾਂ ਕਾਫੀ ਸਮੇਂ ਤੋਂ ਤਿਆਰ ਪਈਆਂ ਹਨ ਪਰ ਸਿੱਖਿਆ ਵਿਭਾਗ ਉਨ੍ਹਾਂ ਨੂੰ ਜਾਰੀ ਕਰਨ ਲਈ ਪਤਾ ਨਹੀਂ ਕਿਸ ਗੱਲ ਦੀ ਉਡੀਕ ਕਰ ਰਿਹਾ ਹੈ। ਜਥੇਬੰਦੀ ਨੇ ਮੰਗ ਕੀਤੀ ਕਿ ਪ੍ਰਾਇਮਰੀ ਤੋਂ ਮਾਸਟਰ ਕਾਡਰ ਵਿੱਚ ਲੈਫਟ ਆਊਟ ਵਿੱਚ ਹੋਈਆਂ ਤਰੱਕੀਆਂ ਵਾਲੇ ਅਧਿਆਪਕਾਂ ਨੂੰ ਤੁਰੰਤ ਸਟੇਸ਼ਨਾਂ ਦੀ ਚੋਣ ਕਰਵਾਈ ਜਾਵੇ ਅਤੇ ਪ੍ਰਾਇਮਰੀ ਤੋਂ ਮਾਸਟਰ ਕਾਡਰ ਵਿੱਚ ਤਰੱਕੀਆਂ ਵਾਲੀਆਂ ਲਿਸਟਾਂ ਤੁਰੰਤ ਜਾਰੀ ਕੀਤੀਆਂ ਜਾਣ।

# ਮਿੱਡ-ਡੇ-ਮੀਲ ਵਰਕਰਜ਼ ਯੂਨੀਅਨ ਪੰਜਾਬ ਦੀ ਜਥੇਬੰਦਕ ਕਾਨਫਰੰਸ ਸਫ਼ਲਤਾਪੂਰਵਕ ਸੰਪੰਨ

**ਜਲੰਧਰ (ਰਾਜੇਸ਼ ਥਾਪਾ)**-ਪੰਜਾਬ ਦੇ ਵੱਖ-ਵੱਖ ਸਕੂਲਾਂ ਵਿੱਚ ਨਿਗੂਣੇ ਜਿਹੇ ਮਾਣ ਭੱਤੇ 'ਤੇ ਕੰਮ ਕਰਦੀਆਂ ਮਿੱਡ-ਡੇ-ਮੀਲ ਵਰਕਰਜ਼ ਯੂਨੀਅਨ ਪੰਜਾਬ ਦੀ ਜਥੇਬੰਦਕ ਕਨਵੈਨਸ਼ਨ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਸੂਬਾ ਪ੍ਰਧਾਨ ਬਿਮਲਾ ਰਾਣੀ ਫਾਜ਼ਿਲਕਾ ਦੀ ਪ੍ਰਧਾਨਗੀ ਹੇਠ ਆਯੋਜਿਤ ਕੀਤੀ ਗਈ।ਇਸ ਜਥੇਬੰਦਕ ਕਨਵੈਨਸ਼ਨ ਦਾ ਉਦਘਾਟਨ ਕਰਦਿਆਂ ਤੇ ਪਸਸਫ ਦੇ ਸੂਬਾ ਪ੍ਰਧਾਨ ਸਾਥੀ ਸਤੀਸ਼ ਰਾਣਾ ਨੇ ਕਿਹਾ ਕਿ ਕੇਂਦਰ ਅਤੇ ਰਾਜ ਸਰਕਾਰਾਂ ਵਿਸ਼ਵ ਬੈਂਕ ਅਤੇ ਸਰਮਾਏਦਾਰਾਂ ਦੇ ਦਬਾਅ ਹੇਠ ਜਨਤਕ ਅਦਾਰਿਆਂ ਨੂੰ ਖਤਮ ਕਰੀ ਜਾ ਰਹੀਆਂ ਹਨ।ਸਰਕਾਰੀ ਮਹਿਕਮਿਆਂ ਅੰਦਰ ਰੈਗੂਲਰ ਅਤੇ ਪੂਰੇ ਸਕੇਲਾਂ ਤੇ ਮੁਲਾਜ਼ਮਾਂ ਦੀ ਭਰਤੀ ਕਰਨ ਦੀ ਬਜਾਏ ਠੇਕੇ ਅਤੇ ਨਿਗੂਣੇ ਜਿਹੇ ਮਾਣ ਭੱਤਿਆਂ 'ਤੇ ਭਰਤੀ ਕਰਕੇ ਇਨ੍ਹਾਂ ਮੁਲਾਜ਼ਮਾਂ ਦਾ ਆਰਥਿਕ ਅਤੇ ਸਮਾਜਿਕ ਸ਼ੋਸ਼ਣ ਕੀਤਾ ਜਾ ਰਿਹਾ ਹੈ।ਉਨ੍ਹਾਂ ਮਿੱਡ-ਡੇ-ਮੀਲ ਵਰਕਰਾਂ ਨੂੰ ਆਪਣੀਆਂ ਮੰਗਾਂ ਦੀ ਪ੍ਰਾਪਤੀ ਲਈ ਲਗਾਤਾਰ ਸੰਘਰਸ਼ ਕਰਨ ਲਈ ਪ੍ਰੇਰਿਆ।ਸਟੇਜ ਦੀ ਕਾਰਵਾਈ ਚਲਾਉਂਦਿਆਂ ਜਥੇਬੰਦੀ ਦੀ ਸੂਬਾ ਜਨਰਲ ਸਕੱਤਰ ਕਮਲਜੀਤ ਕੌਰ ਹੁਸ਼ਿਆਰਪੁਰ ਨੇ ਪਿਛਲੀ ਟਰਮ ਦੌਰਾਨ ਕੀਤੀਆਂ ਜਥੇਬੰਦੀ ਦੀਆਂ ਗਤੀਵਿਧੀਆਂ ਦੀ ਰਿਪੋਰਟ ਪੇਸ਼ ਕੀਤੀ ਜਿਸ ਰਿਪੋਰਟ ਉਪਰ ਵਿਚਾਰ ਚਰਚਾ ਕਰਦਿਆਂ ਆਗੂਆਂ ਨੇ ਆਪਣੇ ਵਿਚਾਰ ਪੇਸ਼ ਕੀਤੇ।ਇਸ ਕਨਵੈਨਸ਼ਨ ਨੂੰ ਭਰਾਤਰੀ ਤੌਰ 'ਤੇ ਅਨਿਲ ਕੁਮਾਰ ਗੁਰਦਾਸਪੁਰ, ਰਾਮ ਲੁਭਾਇਆ ਦਿਵੇਦੀ ਰੋਪੜ, ਗੁਰਦੇਵ ਸਿੰਘ ਸਿੱਧੂ ਫ਼ਿਰੋਜ਼ਪੁਰ, ਪਰਮਿੰਦਰ ਪਾਲ ਸਿੰਘ ਫ਼ਗਵਾੜਾ, ਤਰਮਿੰਦਰ ਸਿੰਘ ਮੱਲ੍ਹੀ ਕਪੂਰਥਲਾ, ਨਿਰਮਲਜੀਤ ਸਿੰਘ ਤਰਨਤਾਰਨ, ਜਗੀਰ ਸਿੰਘ, ਰਤਨ ਸਿੰਘ, ਬਲਵੀਰ ਸਿੰਘ, ਸੁਖਵਿੰਦਰ ਰਾਮ ਗੁਰਾਇਆ, ਕੁਲਦੀਪ ਸਿੰਘ ਕੌੜਾ, ਸੋਮ ਨਾਥ ਆਨੰਦਪੁਰ ਸਾਹਿਬ, ਕੁਲਵਿੰਦਰ ਸਿੰਘ ਬੱਧਨ, ਕੁਲਦੀਪ ਵਾਲੀਆ, ਰਾਮ ਕਿਸ਼ੋਰ ਆਦਿ ਨੇ ਵੀ ਸੰਬੋਧਨ ਕੀਤਾ।ਕਨਵੈਨਸ਼ਨ ਦੇ ਅਖੀਰ ਵਿੱਚ ਪਸਸਫ ਦੇ ਸੂਬਾ ਜਨਰਲ ਸਕੱਤਰ ਸਾਥੀ ਤੀਰਥ ਸਿੰਘ ਬਾਸੀ ਨੇ ਅਗਲੀ ਟਰਮ ਲਈ 31 ਮੈਂਬਰੀ ਕਮੇਟੀ ਦਾ ਪੈਨਲ ਪੇਸ਼ ਕੀਤਾ, ਜਿਸ ਅਨੁਸਾਰ ਪ੍ਰਧਾਨ ਬਿਮਲਾ ਦੇਵੀ ਫਾਜ਼ਿਲਕਾ, ਸੀਨੀਅਰ ਮੀਤ ਪ੍ਰਧਾਨ ਪ੍ਰਵੀਨ ਬਾਲਾ ਫ਼ਤਿਹਗੜ੍ਹ ਸਾਹਿਬ, ਮੀਤ ਪ੍ਰਧਾਨ ਮਮਤਾ ਸੈਦਪੁਰ ਕਪੂਰਥਲਾ, ਕਰਮਜੀਤ ਕੌਰ ਬਰਨਾਲਾ, ਸੰਤੋਸ਼ ਪਠਾਨਕੋਟ, ਜਰਨਲ ਸਕੱਤਰ ਕਮਲਜੀਤ ਕੌਰ ਹੁਸ਼ਿਆਰਪੁਰ, ਜੁਆਇੰਟ ਸਕੱਤਰ ਚਰਨਜੀਤ ਕੌਰ ਮਾਹਲ, ਕੈਸ਼ੀਅਰ ਕਮਲੇਸ ਕੌਰ ਰੋਪੜ, ਸਹਾਇਕ ਕੈਸ਼ੀਅਰ ਸੁਖਵਿੰਦਰ ਕੌਰ ਤਰਨਤਾਰਨ,ਪ੍ਰੈੱਸ ਸਕੱਤਰ ਸਿਮਰਨਜੀਤ ਕੌਰ ਪਾਸਲਾ, ਜਲੰਧਰ, ਕੁਲਵਿੰਦਰ ਕੌਰ ਮੋਹਾਲੀ, ਅਨੁ ਤਲਵੰਡੀ ਭਾਈ ਫਿਰੋਜ਼ਪੁਰ, ਪ੍ਰਚਾਰ ਸਕੱਤਰ ਨਿਰਮਲਜੀਤ ਕੌਰ ਗੁਰਦਾਸਪੁਰ, ਸਹਾਇਕ ਸਕੱਤਰ ਸੁਨੀਤਾ ਫਾਜ਼ਿਲਕਾ, ਆਸ਼ਾ ਰਾਣੀ ਹੁਸ਼ਿਆਰਪੁਰ, ਸੁਰਿੰਦਰ ਕੌਰ ਗੁਰਦਾਸਪੁਰ, ਸਿੰਬਲਜੀਤ ਕੌਰ ਫਰੀਦਕੋਟ, ਕਰਮਜੀਤ ਕੌਰ, ਮਹਿੰਦਰ ਕੌਰ ਰੋਪੜ ਸਮੇਂਤ ਇਕੱਤੀ ਮੈਂਬਰੀ ਕਮੇਟੀ ਚੁਣੀ ਗਈ।ਕਨਵੈਨਸ਼ਨ ਦੇ ਆਖ਼ਰ ਵਿੱਚ ਮਿੱਡ-ਡੇ-ਮੀਲ ਵਰਕਰਜ਼ ਯੂਨੀਅਨ ਪੰਜਾਬ ਦੀ ਨਵੀਂ ਚੁਣੀ ਗਈ ਸੂਬਾ ਪ੍ਰਧਾਨ ਬਿਮਲਾ ਰਾਣੀ ਫਾਜ਼ਿਲਕਾ ਨੇ ਹਾਜ਼ਰੀਨ ਦਾ ਧੰਨਵਾਦ ਕਰਦਿਆਂ ਅਗਲੇ ਸੰਘਰਸ਼ ਦਾ ਐਲਾਨ ਕਰਦਿਆਂ 25 ਦਸੰਬਰ 31 ਦਸੰਬਰ ਤੱਕ ਜ਼ਿਲ੍ਹਾ ਪੱਧਰੀ ਮੀਟਿੰਗਾਂ ਕਰਨ, 21 ਜਨਵਰੀ ਤੋਂ 20 ਫਰਵਰੀ 2026 ਤੱਕ ਜ਼ਿਲ੍ਹਾ ਪੱਧਰੀ ਰੈਲੀ ਕਰਨ ਅਤੇ 01 ਮਾਰਚ 2026 ਨੂੰ ਸੂਬਾ ਪੱਧਰੀ ਰੈਲੀ ਕਰਨ ਦਾ ਐਲਾਨ ਕੀਤਾ।



# ਪੰਜਾਬ ਪੈਨਸ਼ਨਰ ਵੈੱਲਫੇਅਰ ਐਸੋਸੀਏਸ਼ਨ ਦੀ ਤਿਮਾਹੀ ਮੀਟਿੰਗ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)** ਪੰਜਾਬ ਪੈਨਸ਼ਨਰ ਵੈਲਫੇਅਰ ਐਸੋਸੀਏਸ਼ਨ ਜ਼ਿਲ੍ਹਾ ਹੁਸ਼ਿਆਰਪੁਰ ਦੀ ਤਿਮਾਹੀ ਮੀਟਿੰਗ ਮੁਲਾਜ਼ਮ ਭਵਨ ਹੁਸ਼ਿਆਰਪੁਰ ਵਿਖੇ ਜ਼ਿਲ੍ਹਾ ਪ੍ਰਧਾਨ ਕੁਲਵਰਨ ਸਿੰਘ ਦੀ ਪ੍ਰਧਾਨਗੀ ਹੇਠ ਹੋਈ।ਪ੍ਰਧਾਨਗੀ ਮੰਡਲ ਵਿੱਚ ਜਥੇਬੰਦੀ ਦੇ ਸੂਬਾਈ ਵਧੀਕ ਜਨਰਲ ਸਕੱਤਰ ਬਲਵੀਰ ਸਿੰਘ ਸੈਣੀ, ਜ਼ਿਲ੍ਹਾ ਸਰਪ੍ਰਸਤ ਕਿਰਪਾਲ ਸਿੰਘ, ਸੀਨੀਅਰ ਮੀਤ ਪ੍ਰਧਾਨ ਸੂਰਜ ਪ੍ਰਕਾਸ਼ ਆਨੰਦ, ਤਹਿਸੀਲ ਪ੍ਰਧਾਨ ਸ੍ਰੀ ਸ਼ਮਸ਼ੇਰ ਸਿੰਘ ਧਾਮੀ ਹੁਸ਼ਿਆਰਪੁਰ, ਅਜੀਤ ਸਿੰਘ ਗੁਰਾਇਆ ਟਾਂਡਾ, ਦਲਬੀਰ ਸਿੰਘ ਭੁੱਲਰ ਦਸੂਹਾ, ਗਿਆਨ ਸਿੰਘ ਗੁਪਤਾ ਤਲਵਾੜਾ, ਰਾਮ ਦਿੱਤਾ ਮੁਕੇਰੀਆਂ, ਮਲਕੀਤ ਸਿੰਘ ਮਾਹਲਪੁਰ, ਸਰੂਪ ਚੰਦ ਗੜ੍ਹਸ਼ੰਕਰ ਸ਼ਾਮਲ ਹੋਏ। ਇਸ ਮੀਟਿੰਗ ਦੌਰਾਨ ਵੱਡੀ ਗਿਣਤੀ ਵਿੱਚ ਪੈਨਸ਼ਨਰ ਸਾਥੀ ਹਾਜ਼ਰ ਹੋਏ। ਬੀਤੀ ਤਮਾਹੀ ਦੌਰਾਨ ਮੀਟਿੰਗ ਦੇ ਸ਼ੁਰੂ ਵਿੱਚ ਸਾਥੀ ਗਮੇਸ਼ ਚੰਦਰ ਹੁਸ਼ਿਆਰਪੁਰ ਅਤੇ ਹੋਰ ਸਵਰਗ ਸੁਧਾਰ ਚੁੱਕੇ ਸਾਥੀਆਂ ਨੂੰ ਦੋ ਮਿੰਟ ਦਾ ਮੌਨ ਰੱਖ ਕੇ ਸ਼ਰਧਾਂਜਲੀ ਦਿੱਤੀ ਗਈ।ਮੀਟਿੰਗ ਦੇ ਸ਼ੁਰੂ ਵਿੱਚ ਸੀਨੀਅਰ ਪ੍ਰਧਾਨ ਸੂਰਜ ਪ੍ਰਕਾਸ਼ ਨੇ ਚੱਲ ਰਹੇ ਕੋਰਟ ਕੇਸਾਂ ਦੇ ਸੰਬੰਧੀ ਅਤੇ ਪੈਨਸ਼ਨਰਜ਼ ਸਮੱਸਿਆਵਾਂ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੱਤੀ। ਜ਼ਿਲ੍ਹਾ ਪ੍ਰਧਾਨ ਅਤੇ ਕਨਫੈਡਰੇਸ਼ਨ ਦੇ ਜਨਰਲ ਸਕੱਤਰ ਕੁਲਵਰਨ ਸਿੰਘ ਨੇ ਪੰਜਾਬ ਸਟੇਟ ਪੈਨਸ਼ਨਰਜ਼ ਕਨਫੈਡਰੇਸ਼ਨ ਦੀ ਹੋਈ ਮੀਟਿੰਗ ਦੀ ਵਿਸਥਾਰ ਸਹਿਤ ਰਿਪੋਰਟਿੰਗ ਕੀਤੀ ਅਤੇ ਸਾਂਝਾ ਮੁਲਾਜ਼ਮ ਪੈਨਸ਼ਨਰ ਫਰੰਟ ਦੀਆਂ ਮੀਟਿੰਗਾਂ ਅਤੇ ਸੰਘਰਸ਼ ਦੇ ਪ੍ਰੋਗਰਾਮਾਂ ਬਾਰੇ ਵਿਸਥਾਰ ਸਹਿਤ ਚਾਨਣਾ ਪਾਇਆ। ਮੀਟਿੰਗ ਦੀ ਕਾਰਵਾਈ ਪ੍ਰੈਸ ਨੂੰ ਰਿਲੀਜ਼ ਕਰਦਿਆਂ ਪ੍ਰੈਸ ਸਕੱਤਰ ਬਲਵੀਰ ਸਿੰਘ ਸੈਣੀ ਨੇ ਦੱਸਿਆ ਕਿ ਬੁਲਾਰਿਆਂ ਨੇ ਆਪਣੇ ਸੰਬੋਧਨ ਵਿੱਚ ਪੰਜਾਬ ਸਰਕਾਰ ਵੱਲੋਂ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਮੰਗਾਂ ਦਾ ਨਿਪਟਾਰਾ ਨਾ ਕਰਨ, ਮੀਟਿੰਗਾਂ ਦੇ ਕੇ ਹਰ ਵਾਰ ਅੱਗੇ ਪਾਉਣ ਦੀ ਬੇਈਮਾਨ ਨੀਤੀ ਅਤੇ ਡੀਏ ਦੀਆਂ ਬਕਾਇਆ ਕਿਸ਼ਤਾਂ ਨਾ ਦੇਣ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ। ਬੁਲਾਰਿਆਂ ਨੇ ਪੈਨਸ਼ਨਰਾਂ ਨੂੰ ਪੰਜਾਬ ਸਰਕਾਰ ਦੀਆਂ ਸਰਮਾਏਦਾਰ ਫੁੱਟ ਪਾਊ ਚਾਲਾਂ ਤੋਂ ਸੁਚੇਤ ਹੋ ਕੇ ਆਪਣੀ ਏਕਤਾ ਤੇ ਸਾਂਝੇ ਸੰਘਰਸ਼ਾਂ ਦੇ ਪਿੜ ਨੂੰ ਹੋਰ ਮਜ਼ਬੂਤ ਕਰਨ ਦਾ ਸੱਦਾ ਦਿੱਤਾ। ਸਮੂਹ ਬੁਲਾਰਿਆਂ ਨੇ ਪੰਜਾਬ ਪੈਨਸ਼ਨਰਜ਼ ਸਾਂਝਾ ਫਰੰਟ ਅਤੇ ਮੁਲਾਜ਼ਮ/ਪੈਨਸ਼ਨਰਜ਼ ਸਾਂਝਾ ਫਰੰਟ ਦੀ ਏਕਤਾ ਅਤੇ ਸੰਘਰਸ਼ਾਂ ਨੂੰ ਸਫਲ ਬਣਾਉਣ ਲਈ ਜ਼ੋਰ ਦਿੱਤਾ। ਇਸ ਮੌਕੇ 17 ਦਸੰਬਰ ਨੂੰ ਪ੍ਰਭਾਤ ਚੌਕ ਹੁਸ਼ਿਆਰਪੁਰ ਵਿਖੇ ਸਥਿਤ ਭਾਰਤ ਪੈਨਸ਼ਨ ਵਿੱਚ ਹਰ ਸਾਲ ਦੀ ਤਰ੍ਹਾਂ ਪੈਨਸ਼ਨਰ ਦਿਵਸ ਮਨਾਉਣ ਅਤੇ 80 ਸਾਲ ਤੋਂ ਵੱਧ ਉਮਰ ਦੇ ਪੈਨਸ਼ਨਾਂ ਨੂੰ ਸਨਮਾਨਿਤ ਕਰਨ ਦਾ ਫੈਸਲਾ ਵੀ ਸਰਬ ਸੰਮਤੀ ਨਾਲ ਲਿਆ ਗਿਆ।ਇਸ ਮੌਕੇ ਸੁਦੇਸ਼ ਚੰਦਰ ਸ਼ਰਮਾ ਜ਼ਿਲ੍ਹਾ ਵਿੱਤ ਸਕੱਤਰ, ਓਮ ਸਿੰਘ ਸਟਿਆਣਾ, ਮਹਿੰਦਰ ਸਿੰਘ ਹੀਰ, ਗੁਰਚਰਨ ਸਿੰਘ, ਪਰਦੁੱਮਨ ਸਿੰਘ, ਮਹਿੰਦਰ ਕੁਮਾਰ ਤਹਿਸੀਲ ਸਕੱਤਰ, ਵਿਨੋਦ ਪਠਾਨੀਆਂ ਆਦਿ ਵੱਡੀ ਗਿਣਤੀ ਵਿੱਚ ਪੈਨਸ਼ਨਰਜ਼ ਸਾਥੀ ਹਾਜ਼ਰ ਸਨ।

# ਸ਼ਹਿਰ 'ਚ ਅਵਾਰਾ ਪਸ਼ੂਆਂ ਦੀ ਭਰਮਾਰ





**ਬਸਤੀ ਸ਼ੇਖ ਜਲੰਧਰ (ਲਖਵਿੰਦਰ ਸਿੰਘ)** ਬੀਤੇ ਦਿਨੀਂ ਡਿਪਟੀ ਕਮਿਸ਼ਨਰ ਜਲੰਧਰ ਵੱਲੋਂ ਹਦਾਇਤਾਂ ਜਾਰੀ ਕੀਤੀਆਂ ਗਈਆਂ ਸਨ ਕਿ ਇਹਨਾਂ ਲਵਾਰਿਸ ਪਸ਼ੂਆਂ ਨੂੰ ਗਊਸ਼ਾਲਾਵਾਂ ਵਿੱਚ ਭੇਜਿਆ ਜਾਵੇਗਾ, ਪਰ ਅਜੇ ਤੱਕ ਤਾਂ ਕੋਈ ਪੁਖਤਾ ਪ੍ਰਬੰਧ ਨਹੀਂ ਕੀਤੇ ਗਏ।ਨਗਰ ਕੌਂਸਲ ਦਾ ਵੀ ਇਸ ਵੱਲ ਕੋਈ ਧਿਆਨ ਨਹੀਂ ਹੈ ਤੇ ਹੱਥ ਧਰੀ ਸਭ ਕੁਝ ਦੇਖ ਰਹੀ ਹੈ ਕੁੱਝ ਕਰਨੀ ਨੀਂਦ ਸੁੱਤੀ ਹੋਈ ਹੈ। ਜ਼ਿਕਰਯੋਗ ਹੈ ਕਿ ਬਸਤੀ ਸ਼ੇਖ ਰੋਡ ਜੋ ਸਬਜ਼ੀ ਮੰਡੀ ਲੱਗੀ ਹੋਈ ਹੈ ਤੇ ਲੋਕ ਸਬਜ਼ੀ ਖਰੀਦ ਰਹੇ ਨੇ ਤੇ ਇੱਥੇ ਹੀ ਪਸ਼ੂਆਂ ਦੇ ਝੁੰਡ ਘੁੰਮ ਰਹੇ ਹਨ ਲੋਕ ਸਬਜ਼ੀ ਲੈਣ ਤੋਂ ਡਰਦੇ।ਲੋਕ ਦਾ ਕਹਿਣਾ ਕਿ ਪ੍ਰਸ਼ਾਸਨ ਦਾ ਇਸ ਵੱਲ ਧਿਆਨ ਨਹੀਂ ਹੈ।ਸ਼ਹਿਰ ਦੀ ਹਰ ਸੜਕ, ਗਲੀ, ਮਹੁੱਲੇ ਵਿੱਚ ਇਹ ਪਸ਼ੂ ਘੁੰਮ ਰਹੇ ਹਨ।ਸ਼ਹਿਰ ਨਿਵਾਸੀਆਂ ਨੇ ਪ੍ਰਸ਼ਾਸਨ ਅਤੇ ਨਗਰ ਕੌਂਸਲ ਤੋਂ ਮੰਗ ਕੀਤੀ ਹੈ ਕਿ ਲਾਵਾਰਿਸ ਤੇ ਬੇਸਹਾਰਾ ਪਸ਼ੂ ਦਾ ਪੁਖਤਾ ਪ੍ਰਬੰਧ ਕੀਤੇ ਜਾਣ ਤਾਂ ਜੋ ਰਾਹਗੀਰਾਂ ਤੇ ਸ਼ਹਿਰ ਨਿਵਾਸੀਆਂ ਨੂੰ ਸੁੱਖ ਦਾ ਸਾਹ ਆਵੇ।

# ਸਮੂਹਿਕ ਬਲਾਤਕਾਰ ਮਾਮਲੇ ਦੇ 3 ਦੋਸ਼ੀ ਗ੍ਰਿਫ਼ਤਾਰ



**ਜਲੰਧਰ (ਦਿਕਸ਼ਾਲ ਸਿੰਘ ਉੱਪੀ, ਸੁਰਿੰਦਰ ਕੁਮਾਰ)**- ਐੱਸ ਐੱਸ ਪੀ ਜਲੰਧਰ ਦਿਹਾਤੀ ਹਰਵਿੰਦਰ ਸਿੰਘ ਵਿਰਕ ਦੇ ਨਿਰਦੇਸ਼ਾਂ 'ਤੇ ਕਾਰਵਾਈ ਕਰਦਿਆਂ, ਪੁਲਸ ਨੇ ਥਾਣਾ ਮਹਿਲਾ ਆਦਮਪੁਰ ਵਿਖੇ ਪਿੰਡ ਵੱਲ ਕਲਾਂ ਵਿੱਚ ਦਰਜ ਬੇਰਹਿਮੀ ਨਾਲ ਹੋਏ ਸਮੂਹਿਕ ਬਲਾਤਕਾਰ ਮਾਮਲੇ ਵਿੱਚ ਖੁਦ ਮੁਲਜ਼ਮ ਸਮੇਤ ਤਿੰਨ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਹ ਘਟਨਾ 23/24 ਨਵੰਬਰ ਦੀ ਰਾਤ ਨੂੰ ਵਾਪਰੀ ਜਦੋਂ ਚਾਰ ਹਥਿਆਰਬੰਦ ਵਿਅਕਤੀਆਂ ਨੇ ਇੱਕ ਪ੍ਰਵਾਸੀ ਪਰਿਵਾਰ ਦੇ ਮੋਟਰ ਰੂਮ ਵਿੱਚ ਜ਼ਬਰਦਸਤੀ ਦਾਖਲ ਹੋ ਕੇ ਉਨ੍ਹਾਂ ਨੂੰ ਬੰਧਕ ਬਣਾਇਆ, ਉਨ੍ਹਾਂ 'ਤੇ ਹਮਲਾ ਕੀਤਾ ਅਤੇ ਇੱਕ 35 ਸਾਲਾ ਔਰਤ ਅਤੇ ਉਸ ਦੀ 19 ਸਾਲਾ ਧੀ ਨਾਲ ਸਮੂਹਿਕ ਬਲਾਤਕਾਰ ਕੀਤਾ। ਪੀੜਤਾਂ ਦੀ ਸ਼ਿਕਾਇਤ 'ਤੇ, ਮਹਿਲਾ ਇੰਸਪੈਕਟਰ ਸੀਮਾ ਨੇ ਐਫ ਆਈ ਦਰਜ ਕੀਤੀ।ਡੀ ਆਈ ਜੀ ਜਲੰਧਰ ਰੇਂਜ ਨਵੀਨ ਸਿੰਗਲਾ ਦੇ ਸਖ਼ਤ ਹੁਕਮਾਂ ਤੋਂ ਬਾਅਦ, ਐੱਸ ਪੀ ਇਨਵੈਸਟੀਗੇਸ਼ਨ ਸਰਬਜੀਤ ਰਾਏ ਦੀ ਅਗਵਾਈ ਵਾਲੀ ਇੱਕ ਵਿਸ਼ੇਸ਼ ਟੀਮ ਨੇ ਅਧੀਨਾਂ ਰੇਲਵੇ ਸਟੇਸ਼ਨ ਨੇੜੇ ਕੰਟ੍ਰਮਾ ਰੈਸਟ ਹਾਊਸ ਤੋਂ ਸੰਜਨ, ਰੋਕੀ ਅਤੇ ਅਰਸ਼ਪ੍ਰੀਤ ਸਿੰਘ ਨੂੰ ਲੱਭ ਕੇ ਗ੍ਰਿਫ਼ਤਾਰ ਕੀਤਾ ਅਪਰਾਧ ਵਿੱਚ ਵਰਤੇ ਗਏ ਦੋ ਬਿਨਾਂ ਨੰਬਰ ਵਾਲੇ ਮੋਟਰਸਾਈਕਲ ਅਤੇ ਹਥਿਆਰ ਬਰਾਮਦ ਕੀਤੇ ਗਏ। ਪੁਲਸ ਨੇ ਕਿਹਾ ਕਿ ਸੰਜਣ ਅਤੇ ਰੋਕੀ ਦਾ ਪਹਿਲਾਂ ਅਪਰਾਧਿਕ ਰਿਕਾਰਡ ਹੈ। ਚੌਥਾ ਦੋਸ਼ੀ, ਵਾਰਡ 1 ਲੋਹੀਆਂ ਦਾ ਰਹਿਣ ਵਾਲਾ ਰਾਜਨ ਉਰਫ਼ ਰੋਹਿਤ ਫਰਾਰ ਹੈ ਅਤੇ ਉਸ ਨੂੰ ਗ੍ਰਿਫ਼ਤਾਰ ਕਰਨ ਲਈ ਛਾਪੇਮਾਰੀ ਜਾਰੀ ਹੈ। ਗ੍ਰਿਫ਼ਤਾਰ ਕੀਤੇ ਗਏ ਦੋਸ਼ੀਆਂ ਨੇ ਆਪਣੀ ਸ਼ਮੂਲੀਅਤ ਕਬੂਲ ਕਰ ਲਈ ਹੈ ਅਤੇ ਉਨ੍ਹਾਂ ਨੂੰ ਪੁਲਸ ਰਿਮਾਂਡ ਲਈ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ।

# ਜਿੰਪਾ ਨੇ ਹੜ੍ਹ ਪ੍ਰਭਾਵਤ ਪਰਵਾਰਾਂ ਨੂੰ ਰਾਹਤ ਰਾਸ਼ੀ ਦੇ 1.65 ਕਰੋੜ ਰੁਪਏ ਦੇ ਸਵੀਕ੍ਰਿਤੀ ਪੱਤਰ ਸੌਂਪੇ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)** ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਮੀਂਹ ਅਤੇ ਹੜ੍ਹਾਂ ਕਾਰਨ ਘਰਾਂ ਨੂੰ ਹੋਏ ਨੁਕਸਾਨ ਦੀ ਭਰਪਾਈ ਲਈ 104 ਪ੍ਰਭਾਵਿਤ ਪਰਿਵਾਰਾਂ ਨੂੰ 1.56 ਕਰੋੜ ਰੁਪਏ ਦੇ ਮਨਜ਼ੂਰੀ ਪੱਤਰ ਵੰਡੇ। ਇਹ ਸਮਾਗਮ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਆਯੋਜਿਤ ਕੀਤਾ ਗਿਆ, ਜਿੱਥੇ ਰਾਹਤ ਸਹਾਇਤਾ ਲਈ ਪ੍ਰਵਾਨਗੀ ਪੱਤਰ ਸਿੱਧੇ ਲਾਭਪਾਤਰੀਆਂ ਨੂੰ ਸੌਂਪੇ ਗਏ।ਸਮਾਗਮ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਸੰਕਟ ਦੇ ਸਮੇਂ, ਜਨਤਕ ਸੇਵਾ ਅਤੇ ਪ੍ਰਭਾਵਿਤ ਪਰਵਾਰਾਂ ਦੀ ਮਦਦ ਕਰਨਾ ਸਭ ਤੋਂ ਵੱਡੀ ਤਰਜ਼ੀਹ ਹੁੰਦੀ ਹੈ। ਵਿਧਾਇਕ ਨੇ ਅੱਗੇ ਕਿਹਾ ਕਿ ਪੰਜਾਬ ਸਰਕਾਰ ਦੇ ਮਾਲ ਵਿਭਾਗ ਨੇ ਹੜ੍ਹਾਂ ਦੌਰਾਨ ਜਿਨ੍ਹਾਂ ਲੋਕਾਂ ਦੇ ਘਰਾਂ ਨੂੰ ਅੰਸ਼ਕ ਜਾਂ ਪੂਰੀ ਤਰ੍ਹਾਂ ਨੁਕਸਾਨ ਪਹੁੰਚਿਆ ਸੀ, ਉਨ੍ਹਾਂ ਨੂੰ ਵਿੱਤੀ ਸਹਾਇਤਾ ਪ੍ਰਦਾਨ ਕਰਨ ਲਈ ਵਿਸ਼ੇਸ਼ ਗਿਰਦਾਵਰੀ ਅਤੇ ਨੁਕਸਾਨ ਮੁਲਾਂਕਣ ਰਿਪੋਰਟ ਤਿਆਰ ਕੀਤੀ ਅਤੇ ਪ੍ਰਵਾਨਗੀ ਪ੍ਰਕਿਰਿਆ ਤੇਜ਼ੀ ਨਾਲ ਪੂਰੀ ਕੀਤੀ ਗਈ।ਉਨ੍ਹਾਂ ਕਿਹਾ ਕਿ ਇਹ ਰਾਹਤ ਰਾਸ਼ੀ ਸਿੱਧੇ ਪ੍ਰਭਾਵਿਤ ਪਰਿਵਾਰਾਂ ਦੇ ਬੈਂਕ ਖਾਤਿਆਂ ਵਿੱਚ ਤਬਦੀਲ ਕੀਤੀ ਜਾਵੇਗੀ, ਤਾਂ ਜੋ ਕੋਈ ਦੇਰੀ ਜਾਂ ਵਿਚੋਲਿਆਂ ਦੀ ਭੂਮਿਕਾ ਨਾ ਹੋਵੇ।ਇਸ ਮੌਕੇ ਮੇਅਰ ਸੁਰਿੰਦਰ ਕੁਮਾਰ, ਪ੍ਰੀਤਪਾਲ, ਮੰਗੀ ਲਾਲ, ਅਮਰਜੋਤ ਸੈਣੀ ਹਲਕਾ ਸੰਗਠਨ ਇੰਚਾਰਜ, ਕੁਲਜੀਤ ਸਿੰਘ, ਅਮਰਜੀਤ ਬਾਜਵਾ, ਸਰਬਜੀਤ ਕੌਰ ਸਰਪੰਚ ਨੰਗਲ ਸ਼ਹੀਦਾਂ ਆਦਿ ਹਾਜ਼ਰ ਸਨ।

# ਹਰਿਆਣਾ ਸਰਕਾਰ ਨੇ ਸਰਕਾਰੀ ਕਾਲੇਜ ਜਾਖੌਲੀ ਦਾ ਨਾਂਅ ਬਦਲਣ ਨੂੰ ਦਿੱਤੀ ਮਨਜ਼ੂਰੀ

**ਚੰਡੀਗੜ੍ਹ (ਕ੍ਰਿਸ਼ਨ ਗਰਗ)**- ਹਰਿਆਣਾ ਦੇ ਸਿੱਖਿਆ ਮੰਤਰੀ ਮਹੀਪਾਲ ਢਾਂਡਾ ਨੇ ਦੱਸਿਆ ਕਿ ਸੂਬੇ ਸਰਕਾਰ ਨੇ ਇਤਿਹਾਸਕ ਮਹੱਤਵ ਅਤੇ ਮਹਾਨ ਭਾਰਤੀ ਪਰੰਪਰਾ ਦਾ ਸਨਮਾਨ ਕਰਦੇ ਹੋਏ ਸਰਕਾਰੀ ਕਾਲੇਜ ਜਾਖੌਲੀ (ਸੋਨੀਪਤ) ਦਾ ਨਾਂਅ ਬਦਲ ਕੇ ਸਮ੍ਰਾਟ ਪ੍ਰਿਥਵੀਰਾਜ ਚੌਹਾਨ ਸਰਕਾਰੀ ਕਾਲੇਜ, ਜਾਖੌਲੀ ਕਰਨ ਨੂੰ ਰਸਮੀ ਮਨਜ਼ੂਰੀ ਪ੍ਰਦਾਨ ਕਰ ਦਿੱਤੀ ਗਈ ਹੈ। ਇਹ ਫੈਸਲਾ ਉੱਚ ਸਿੱਖਿਆ ਵਿਭਾਗ ਵੱਲੋਂ ਭੇਜੇ ਗਏ ਪ੍ਰਸਤਾਵ 'ਤੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਦੀ ਮਨਜ਼ੂਰੀ ਤੋਂ ਬਾਅਦ ਲਿਆ ਗਿਆ ਹੈ।ਸਿੱਖਿਆ ਮੰਤਰੀ ਨੇ ਕਿਹਾ ਕਿ ਸਮ੍ਰਾਟ ਪ੍ਰਿਥਵੀਰਾਜ ਚੌਹਾਨ ਭਾਰਤੀ ਇਤਿਹਾਸ ਵਿੱਚ ਅਦੁਤੀ ਬਹਾਦਰੀ, ਹਿੰਮਤ ਅਤੇ ਰਾਸ਼ਟਰ ਭਾਵਨਾ ਦੇ ਪ੍ਰਤੀਕ ਰਹੇ ਹਨ ਅਤੇ ਉਨ੍ਹਾਂ ਦੇ ਨਾਮ 'ਤੇ ਕਾਲੇਜ ਦਾ ਨਾਮਕਰਨ ਨੌਜੁਆਨਾਂ ਵਿੱਚ ਦੇਸ਼ ਭਗਤੀ, ਅਗਵਾਈ ਦੀ ਸਮਰਥਾ ਅਤੇ ਇਤਿਹਾਸਕ ਚੇਤਨਾ ਨੂੰ ਪ੍ਰੋਤਸਾਹਿਤ ਕਰੇਗਾ।

# ਸ਼ਹੀਦੀ ਸ਼ਤਾਬਦੀ ਮੌਕੇ ਸ਼੍ਰੋਮਣੀ ਕਮੇਟੀ ਨੇ ਕਰਵਾਏ ਨੈਸ਼ਨਲ ਗੱਤਕਾ ਮੁਕਾਬਲਾ



**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)** ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਖ਼ਾਲਸਾ ਕਾਲਜ ਸ੍ਰੀ ਅਨੰਦਪੁਰ ਸਾਹਿਬ ਵਿਖੇ ਨੈਸ਼ਨਲ ਗੱਤਕਾ ਮੁਕਾਬਲੇ ਕਰਵਾਏ ਗਏ। ਇਨ੍ਹਾਂ ਮੁਕਾਬਲਿਆਂ ਵਿਚ ਪੰਜਾਬ, ਹਰਿਆਣਾ, ਹਿਮਾਚਲ ਤੇ ਦਿੱਲੀ ਸਮੇਤ ਵੱਖ-ਵੱਖ ਸੂਬਿਆਂ ਅਤੇ ਸ਼੍ਰੋਮਣੀ ਕਮੇਟੀ ਦੇ ਵਿਦਿਅਕ ਅਦਾਰਿਆਂ ਦੀਆਂ ਗਤਕਾ ਟੀਮਾਂ ਨੇ ਹਿੱਸਾ ਲਿਆ। ਇਸ ਮੌਕੇ ਪੁੱਜੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਗੁਰੂ ਸਾਹਿਬਾਨ ਨੇ ਖ਼ਾਲਸਾ ਪੰਥ ਨੂੰ ਬੜੀਆਂ ਬੇਨਜ਼ੀਰ ਬਖਸ਼ਿਸ਼ਾਂ ਕੀਤੀਆਂ ਹਨ, ਜਿਨ੍ਹਾਂ ਵਿਚ ਜਿੱਥੇ ਆਤਮਿਕ ਤੌਰ 'ਤੇ ਬਲਵਾਨ ਬਣਨ ਲਈ ਪਾਵਨ ਗੁਰਬਾਣੀ ਦੀ ਬਖਸ਼ਿਸ਼ ਕੀਤੀ ਹੈ, ਉੱਥੇ ਸਰੀਰਕ ਤੌਰ 'ਤੇ ਸੁਡੌਲ, ਨਿਰੋਗ ਤੇ ਸਵੈ-ਰੱਖਿਅਕ ਬਣਨ ਲਈ ਗੱਤਕਾ ਵਰਗੀਆਂ ਜੰਗੀ ਕਲਾਵਾਂ ਵੀ ਦਿੱਤੀਆਂ ਹਨ। ਐਡਵੋਕੇਟ ਧਾਮੀ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਵਿਦਿਅਕ ਅਦਾਰਿਆਂ ਦੀਆਂ ਗੱਤਕਾ ਟੀਮਾਂ ਵੱਡੇ-ਵੱਡੇ ਗੱਤਕਾ ਮੁਕਾਬਲਿਆਂ ਵਿਚ ਆਪਣਾ ਲਾਜਵਾਬ ਪ੍ਰਦਰਸ਼ਨ ਕਰਦੀਆਂ ਹਨ ਅਤੇ ਵੱਡੀਆਂ ਪ੍ਰਾਪਤੀਆਂ ਕਰ ਰਹੀਆਂ ਹਨ। ਇਸ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਅਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸਿੱਖਾਂ ਨੂੰ ਮੀਰੀ-ਪੀਰੀ ਦੀਆਂ ਦੋ ਕਿਰਪਾਨਾਂ ਪਹਿਨਾ ਕੇ ਗੱਤਕਾ ਦੀ ਜੰਗੀ ਕਲਾ ਦੀ ਬਖਸ਼ਿਸ਼ ਕੀਤੀ ਸੀ।ਗਤਕਾ ਮੁਕਾਬਲੇ ਵਿਚ ਪਹਿਲਾ ਸਥਾਨ ਹਰਗੋਬਿੰਦ ਜੀਤ ਗਤਕਾ ਅਖਾੜਾ ਬੁੱਢਾ ਦਲ ਦਿੱਲੀ, ਦੂਜਾ ਸਥਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਫਤਿਹਗੜ੍ਹ ਸਾਹਿਬ ਅਤੇ ਤੀਜਾ ਸਥਾਨ ਬੇਬੇ ਨਾਨਕੀ ਮਿਸ਼ਨਰੀ ਕਾਲਜ ਸੁਲਤਾਨਪੁਰ ਲੋਧੀ ਦੀਆਂ ਟੀਮਾਂ ਨੇ ਪ੍ਰਾਪਤ ਕੀਤਾ। ਇਨ੍ਹਾਂ ਮੁਕਾਬਲਿਆਂ ਵਿੱਚ ਭਾਗ ਲੈਣ ਵਾਲੀਆਂ ਟੀਮਾਂ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਸਨਮਾਨਿਤ ਵੀ ਕੀਤਾ ਗਿਆ।

# ਸਰਕਾਰੀ ਪ੍ਰਾਇਮਰੀ ਸਕੂਲ ਵਿਖੇ ਸਕੂਲ ਲਈ ਟਾਟ ਵੰਡੇ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)** ਇੱਥੋਂ ਦੇ ਨਜ਼ਦੀਕ ਪਿੰਡ ਪੰਨੂ ਮਜਾਰਾ ਦੇ ਸਰਕਾਰੀ ਪ੍ਰਾਇਮਰੀ ਸਕੂਲ ਵਿਖੇ



ਸਕੂਲ ਲਈ ਟਾਟ ਵੰਡੇ ਗਏ।ਇਸ ਮੌਕੇ ਸਰਬ ਸਾਂਝਾ ਦਰਬਾਰ ਨਾਗਾ ਦੀ ਬਾਬੀ ਪਿੰਡ ਪੰਨੂ ਮਜਾਰਾ ਦਰਬਾਰ ਦੇ ਸੇਵਾਦਾਰ ਰਾਮ ਸਰੂਪ ਰੂਬੀ ਨੇ ਦੱਸਿਆ ਕੀ ਇਹ ਸਾਰਾ ਸਹਿਯੋਗ ਐਨ ਆਰ ਆਈ ਵੀਰਾਂ ਦੇ ਸਹਿਯੋਗ ਨਾਲ ਸਕੂਲ ਦੇ ਪ੍ਰਿੰਸੀਪਲ ਵੱਲੋਂ ਦੱਸਿਆ ਗਿਆ ਸੀ ਕਿ ਸਾਨੂੰ ਟਾਟ ਦੀ ਜ਼ਰੂਰਤ ਹੈ ਤੇ ਸਮੂਹ ਵੀਰਾਂ ਦੇ ਸਹਿਯੋਗ ਨਾਲ ਸਕੂਲ ਲਈ ਟਾਟ ਵੰਡੇ ਗਏ।ਇਸ ਤਰ੍ਹਾਂ ਸਮੂਹ ਵੀਰਾ ਵੱਲੋਂ ਪਹਿਲਾ ਵੀ ਸਹਿਯੋਗ ਦਿੱਤਾ ਗਿਆ।ਜਿਸ ਵਿੱਚ ਜ਼ਰੂਰਤਮੰਦ ਬੱਚਿਆਂ ਨੂੰ ਕੋਟੀਆਂ ਦਿੱਤੀਆਂ ਗਈਆਂ ਸਨ।ਇਸ ਮੌਕੇ ਸਕੂਲ ਪ੍ਰਿੰਸੀਪਲ ਕਿਰਨ ਬਾਲਾ ਨੇ ਰਾਮ ਸਰੂਪ ਰੂਬੀ ਬਾਬਾ ਜੀ ਦਾ ਧੰਨਵਾਦ ਕੀਤਾ। ਇਸ ਮੌਕੇ ਸਮੂਹ ਸਕੂਲ ਸਟਾਫ ਅਧਿਆਪਕ ਹਾਜ਼ਰ ਸਨ।

# 350ਵੇਂ ਸ਼ਹੀਦੀ ਪੁਰਬ ਨੂੰ ਸਮਰਪਿਤ ਸਮਾਗਮ ਕਰਵਾਇਆ



**ਨਕੋਦਰ (ਮਨਜੀਤ ਮਾਨ)** ਗੁਰਦੁਆਰਾ ਸ਼੍ਰੀ ਗੁਰੂ ਸਿੰਘ ਸਭਾ ਪਿੰਡ ਮੁੰਧ ਵਿਖੇ ਸੰਗਤ ਦੇ ਸਹਿਯੋਗ ਨਾਲ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾਂ ਸ਼ਹੀਦੀ ਪੁਰਬ ਨੂੰ ਸਮਰਪਿਤ ਸਮਾਗਮ ਕਰਵਾਏ ਗਏ ।ਬੀਤੀ ਰਾਤ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਦੇ ਭੋਗ ਪਾਏ ਗਏ।ਉਪਰੰਤ ਸ਼੍ਰੀ ਗੁਰੂ ਤੇਗ਼ ਬਹਾਦਰ ਦੇ ਸਲੋਕ ਉਚਾਰੇ ਗਏ। ਭਾਈ ਜਗੀਰ ਸਿੰਘ ਦੇ ਕੀਰਤਨੀ ਜਥੇ ਨੇ ਕੀਰਤਨ ਕੀਤਾ ਅਤੇ ਗੁਰਮਤਿ ਵਿਚਾਰਾਂ ਕੀਤੀਆਂ।ਉਪਰੰਤ ਛੋਟੇ ਬੱਚਿਆਂ ਸਾਹਿਬ ਸਿੰਘ ਅਤੇ ਫਤਿਹ ਸਿੰਘ ਨੇ ਕਵਿਤਾਵਾਂ ਪੜ੍ਹੀਆਂ।ਇਸ ਉਪਰੰਤ ਬਾਬਾ ਫਤਿਹ ਸਿੰਘ ਅਤੇ ਬੀਬੀ ਪਰਮਜੀਤ ਕੌਰ ਮੋਹਾਲੀ ਵਾਲਿਆਂ ਦੇ ਢਾਡੀ ਜਥੇ ਨੇ ਸ਼੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਬਾਰੇ ਚਾਨਣਾ ਪਾਇਆ। ਇਸ ਮੌਕੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖ ਸੇਵਾਦਾਰ ਨੰਬਰਦਾਰ ਹਰਕੰਵਲ ਸਿੰਘ, ਰਛਪਾਲ ਸਿੰਘ ਨੰਬਰਦਾਰ,ਸ਼ਰਨਜੀਤ ਸਿੰਘ ਸੰਘੇੜਾ , ਗੁਰਜੀਤ ਸਿੰਘ, ਭੁਪਿੰਦਰ ਸਿੰਘ, ਸੁਖਰਾਜ ਸਿੰਘ, ਤਰਲੋਚਨ ਸਿੰਘ, ਨਰਿੰਦਰ ਸਿੰਘ, ਜਸਕਰਨ ਸਿੰਘ,ਗੁਰਨਾਮ ਸਿੰਘ, ਸ਼ਿਵਦਾਲ ਸਿੰਘ, ਪ੍ਰਗਟ ਸਿੰਘ, ਜਗਰੂਪ ਸਿੰਘ, ਕਰਨਵੀਰ ਸਿੰਘ, ਜਸਕਰਨ ਸਿੰਘ ਸਮਰਾ, ਅੰਮ੍ਰਿਤਪਾਲ ਸਿੰਘ, ਅਜੀਤਪਾਲ ਸਿੰਘ ਸੰਧੂ ਆਦਿ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ ।

# ਬੀ ਐੱਨ ਡੀ ਸਕੂਲ ਕੰਧਾਲਾ ਜੱਟਾਂ ਦੇ ਵਿਦਿਆਰਥੀਆਂ ਵੱਲੋਂ ਐਜੂਕੇਸ਼ਨਲ ਟੂਰ



**ਟਾਂਡਾ ਉੜਮੁੜ (ਜਸਵਿੰਦਰ ਸੰਧੂ ,ਓਕਾਰ ਸਿੰਘ, ਕਾਜਲ)**- ਬੀ.ਐਨ.ਡੀ.ਸਕੂਲ ਕੰਧਾਲਾ ਜੱਟਾਂ ਦੇ ਵਿਦਿਆਰਥੀਆਂ ਦਾ ਧਾਰਮਿਕ ਅਤੇ ਐਜੂਕੇਸ਼ਨਲ ਟੂਰ ਦਾ ਆਯੋਜਨ ਕੀਤਾ ਗਿਆ।ਸਕੂਲ ਦੇ ਪ੍ਰਿੰਸੀਪਲ ਜੈ ਕ੍ਰਿਸ਼ਨ ਮਹਿਤਾ ਦੀ ਅਗਵਾਈ ਵਿੱਚ ਬੀ.ਐਨ.ਡੀ ਦੇ ਵਿਦਿਆਰਥੀਆਂ ਨੇ ਗੁਰਦੁਆਰਾ ਰਾੜਾ ਸਾਹਿਬ ਕਰਮਸਰ, ਗੁਰਦੁਆਰਾ ਸ੍ਰੀ ਮੰਜੀ ਸਾਹਿਬ ਆਲਮਗੀਰ, ਚੋਲਾ ਸਾਹਿਬ, ਢੱਕੀ ਸਾਹਿਬ ਗੁਰਦੁਆਰਾ, ਦੁਰਗਿਆਨਾ ਮੰਦਰ ਅਤੇ ਕ੍ਰਿਸ਼ਨਾ ਮੰਦਰ (ਲੁਧਿਆਣਾ ਜ਼ਿਲ੍ਹਾ) ਦੇ ਦਰਸ਼ਨ ਅਤੇ ਆਸ਼ੀਰਵਾਦ ਪ੍ਰਾਪਤ ਕੀਤਾ। ਗੁਰਦੁਆਰਾ ਕਰਮਸਰ ਰਾੜਾ ਸਾਹਿਬ ਵਿਖੇ ਵਿਦਿਆਰਥੀਆਂ ਨੇ ਲਾਇਬ੍ਰੇਰੀ ,ਸਾਹਿਤਕ ਕਲਚਰ, ਕੁਦਰਤੀ ਜੀਵਾਂ, ਧਾਰਮਿਕ ਵਿਰਸਾ ਅਤੇ ਕੁਦਰਤੀ ਅਤੇ ਸ਼ਾਂਤੀ ਦੇ ਬੜੇ ਹੀ ਨਜ਼ਦੀਕ ਤੋਂ ਆਨੰਦਮਈ ਢੰਗ ਨਾਲ ਦਰਸ਼ਨ ਕੀਤੇ ।ਇਸ ਧਾਰਮਿਕ ਟੂਰ ਦਾ ਆਯੋਜਨ 350ਵੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਕਰਦੇ ਹੋਏ ਕੀਤਾ ਗਿਆ। ਇਸ ਮੌਕੇ ਆਯੋਜਨ ਅਨਿਲ ਮਹਿਤਾ ਨੇ ਕਿਹਾ ਕਿ ਇਸ ਯਾਤਰਾ ਦਾ ਮਕਸਦ ਬੱਚਿਆਂ ਨੂੰ ਪੰਜਾਬ ਦੀ ਵਿਰਾਸਤ ਅਤੇ ਧਾਰਮਿਕ ਪ੍ਰੰਪਰਾਵਾਂ ਨਾਲ ਜੋੜਨਾ ਹੈ ਉਹਨਾਂ ਨੇ ਕਿਹਾ ਕਿ ਵਿਦਿਆਰਥੀਆਂ ਨੂੰ ਗੁਰੂਆਂ ਦੁਆਰਾ ਦਿੱਤੀਆਂ ਸਿੱਖਿਆਵਾਂ ਨਾਲ ਆਪਣਾ ਜੀਵਨ ਸਫ਼ਲ ਅਤੇ ਉੱਜਵਲ ਬਣਾਉਣ ਦਾ ਯਤਨ ਕਰਨਾ ਚਾਹੀਦਾ ਹੈ। ਇਸ ਮੌਕੇ ਅਮਿਤ ਕੁਮਾਰ, ਗੁਰਮੇਲ ਸਿੰਘ, ਗੁਰਪ੍ਰੀਤ ਸਿੰਘ, ਮੈਡਮ ਰੁਕਸਾਨਾ, ਜਸਵੀਰ ਕੌਰ, ਮਨਦੀਪ ਕੌਰ, ਮੈਡਮ ਸਵਾਤੀ, ਅਮਨਜੀਤ, ਮਨਿੰਦਰ ਕੌਰ ,ਗੁਰਬਖਸ਼ ਕੌਰ, ਬੰਧਨਾ, ਸੋਨੀਆ, ਮੋਨਿਕਾ ਸ਼ਰਮਾ, ਰਾਜਵਿੰਦਰ ਕੌਰ ਨਰਿਆਲਾ, ਹਰਪ੍ਰੀਤ ਕੌਰ, ਅੰਜਲੀ ਸ਼ਰਮਾ, ਮਨਪ੍ਰੀਤ ਕੌਰ, ਤਰਸੇਮ ਕੌਰ, ਸੁਨੀਤਾ, ਸੰਦੀਪ ਕੌਰ, ਦੀਕਸ਼ਾ, ਸਰਬਜੀਤ ਕੌਰ ਢੱਟ, ਜਾਨਵੀਰ ਤੇ ਵਿਦਿਆਰਥੀਆਂ ਆਦਿ ਹਾਜ਼ਰ ਸਨ।

# 69ਵੀਆਂ ਰਾਸ਼ਟਰੀ ਸਕੂਲ ਖੇਡਾਂ ਲਈ ਵਾਈ ਐੱਫ ਸੀ ਰੁੜਕਾ ਕਲਾਂ ਵਿਖੇ ਪੰਜਾਬ ਅੰਡਰ-14 (ਲੜਕੇ) ਫੁੱਟਬਾਲ ਦਾ ਕੈਂਪ

**ਗੁਰਾਇਆ (ਬਿੰਦਰ ਸੁਮਨ)** ਵਾਈ ਐਫ ਸੀ ਰੁੜਕਾ ਕਲਾਂ ਨੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਅਤੇ ਵਾਈ ਐਫ ਸੀ ਸਪੋਰਟਸ ਸਟੇਡੀਅਮ, ਰੁੜਕਾ ਕਲਾਂ ਵਿਖੇ ਆਯੋਜਿਤ 69ਵੀਆਂ ਨੈਸ਼ਨਲ ਸਕੂਲ ਖੇਡਾਂ ਲਈ ਪੰਜਾਬ ਅੰਡਰ-14 ਫੁੱਟਬਾਲ ਕੋਚਿੰਗ ਕੈਂਪ ਦੀ ਮੇਜ਼ਬਾਨੀ ਕੀਤੀ।ਇਹ ਕੈਂਪ ਜਲੰਧਰ ਵਿੱਚ ਹੋਈਆਂ 69ਵੀਆਂ ਅੰਤਰ-ਜ਼ਿਲ੍ਹਾ ਖੇਡਾਂ ਤੋਂ ਬਾਅਦ ਹੋਇਆ, ਜਿੱਥੇ ਚੋਣ ਕਮੇਟੀ ਨੇ ਪੰਜਾਬ ਭਰ ਵਿੱਚੋਂ 28 ਸ਼ਾਨਦਾਰ ਟੀਮਾਂ ਨੂੰ ਸ਼ਾਰਟਲਿਸਟ ਕੀਤਾ।ਇਨ੍ਹਾਂ ਟੀਮਾਂ ਨੇ ਵਾਈ ਐਫ ਸੀ ਵਿਖੇ ਹਫ਼ਤੇ ਭਰ ਚੱਲੇ ਕੈਂਪ ਦੌਰਾਨ ਸਖ਼ਤ ਸਿਖਲਾਈ ਅਤੇ ਮੁਲਾਂਕਣ ਕੀਤਾ।ਅੰਤਿਮ ਨਤੀਜਿਆਂ ਤੋਂ ਬਾਅਦ, ਪੰਜਾਬ ਅੰਡਰ-14 ਫੁੱਟਬਾਲ ਟੀਮ ਨੂੰ ਅੰਤਿਮ ਰੂਪ ਦੇ ਦਿੱਤਾ ਗਿਆ ਹੈ।ਚੁਣੇ ਗਏ ਖਿਡਾਰੀ 1 ਦਸੰਬਰ ਤੋਂ 5 ਦਸੰਬਰ, 2025 ਤੱਕ ਮੱਧ ਪ੍ਰਦੇਸ਼ ਦੇ ਰੀਵਾ ਵਿੱਚ ਹੋਣ ਵਾਲੀਆਂ 69ਵੀਆਂ ਨੈਸ਼ਨਲ ਸਕੂਲ ਖੇਡਾਂ (ਅੰਡਰ-14 ਲੜਕਿਆਂ) ਵਿੱਚ ਪੰਜਾਬ ਦੀ ਨੁਮਾਇੰਦਗੀ ਕਰਨਗੇ।ਵਾਈ ਐਫ ਸੀ, ਰੁੜਕਾ ਕਲਾਂ ਫੁੱਟਬਾਲ ਵਿੱਚ ਲਗਾਤਾਰ ਵਿੱਚ ਆਪਣੀ ਛਾਪ ਛੱਡ ਰਿਹਾ ਹੈ। ਇਸ ਸਾਲ ਲਗਾਤਾਰ ਦੂਜੀ ਵਾਰ ਵਾਈ ਐਫ ਸੀ ਦੀ ਅੰਡਰ-14 ਟੀਮ ਨੇ ਰਾਜ ਪੱਧਰ 'ਤੇ ਜਿੱਤ ਪ੍ਰਾਪਤ ਕੀਤੀ ਹੈ। ਨੈਸ਼ਨਲ ਕੈਂਪ ਗੁਰਦੀਪ ਸਿੰਘ (ਰਾਸ਼ਟਰੀ ਕੋਚ), ਨਵਦੀਪ ਸਿੰਘ (ਮੈਨੇਜਰ), ਜਸਦੀਪ ਸਿੰਘ ਭੋਗਲ (ਰਾਸ਼ਟਰੀ ਐਚਓਡੀ), ਨਰਿੰਦਰ ਕੁਮਾਰ (ਫਿਜ਼ੀਕਲ ਲੈਕਚਰਾਰ) ਆਦਿ ਦੀ ਅਗਵਾਈ ਹੇਠ ਕਰਵਾਇਆ ਗਿਆ।



# ਹੱਕ ਮੰਗਦੇ ਰੋਡਵੇਜ਼ ਅਧਿਕਾਰੀਆਂ 'ਤੇ ਲਾਠੀਚਾਰਜ਼ ਦੀ ਨਿੰਦਾ

**ਬਲਾਚੌਰ (ਜਸਵਿੰਦਰ ਬੈਂਸ)** ਸ਼ਾਂਤੀ ਪੂਰਵਕ ਚੱਲ ਰਹੇ ਸੰਘਰਸ਼ ਨੂੰ ਤੋੜਨ ਲਈ ਬਿਨਾਂ ਵਜਾ ਗ੍ਰਿਫਤਾਰੀਆਂ ਕਰਕੇ ਉਕਸਾਵੇ ਦੀ ਸਰਕਾਰੀ ਕਾਰਵਾਈ ਨਿੰਦਣਯੋਗ



ਹੈ।ਇਨ੍ਹਾਂ ਵਿਚਾਰ ਦਾ ਪ੍ਰਗਟਾਵਾ ਸਾਥੀ ਕਰਨ ਸਿੰਘ ਰਾਣਾ ਜਨਰਲ ਸਕੱਤਰ ਸਾਂਝਾ ਕਿਸਾਨ ਮਜ਼ਦੂਰ ਮੋਰਚਾ ਸਬੰਧਤ ਭਾਈ ਲਾਲੋ ਲੋਕ ਮੰਚ ਪੰਜਾਬ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕੀਤਾ।ਉਹਨਾਂ ਕਿਹਾ ਕਿ ਹੱਕ ਮੰਗਦੇ ਲੋਕਾਂ ਤੇ ਲਾਠੀ ਚਾਰਜ, ਗ੍ਰਿਫਤਾਰੀਆਂ ਅਤੇ ਜਬਰ ਕਰਨਾ ਸਰਕਾਰ ਦੀ ਬੌਖਲਾਹਟ ਦਾ ਨਤੀਜਾ ਹੈ।ਸਰਕਾਰ ਦੀ ਇਸ ਬੋਖਲਾਹਟ ਕਾਰਨ ਹਜ਼ਾਰਾਂ ਮੁਸਾਫਰਾਂ ਨੂੰ ਪੰਜਾਬ ਵਿੱਚ ਸਫਰ ਕਰਨ ਵਿੱਚ ਡਾਢੀ ਮੁਸ਼ਕਲ ਪੇਸ਼ ਹੋ ਰਹੀ ਹੈ।ਉਹਨਾਂ ਮੰਗ ਕੀਤੀ ਕਿ ਗ੍ਰਿਫਤਾਰ ਕੀਤੇ ਪਨਬਸ ਰੋਡਵੇਜ਼ ਅਤੇ ਪੀ ਆਰ ਟੀ ਸੀ ਦੇ ਵਰਕਰਾਂ ਨੂੰ ਤੁਰੰਤ ਬਿਨਾਂ ਸ਼ਰਤ ਰਿਹਾ ਕੀਤਾ ਜਾਵੇ।

# ਫੁੱਟਬਾਲ ਖਿਡਾਰੀ ਦੀ ਸੜਕ ਹਾਦਸੇ 'ਚ ਮੌਤ



**ਬੰਗਾ (ਅਵਤਾਰ ਕਲੇਰ)**- ਫਿਲੌਰ ਤੋਂ ਰਾਹੋਂ ਹਾਈਵੇ ਤੇ ਔੜ ਦੇ ਨਜ਼ਦੀਕ ਮੋਟਰਸਾਈਕਲ ਤੇ ਕਾਰ ਦੀ ਟੱਕਰ ਦੌਰਾਨ ਫੁੱਟਬਾਲ ਖਿਡਾਰੀ ਦੀ ਮੌਤ ਹੋਣ ਦਾ ਸਮਾਚਾਰ ਮਿਲਿਆ ਹੈ।ਇਸ ਹਾਦਸੇ ਸਬੰਧੀ ਜਾਣਕਾਰੀ ਦਿੰਦਿਆ ਮ੍ਰਿਤਕ ਦੇ ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਮ੍ਰਿਤਕ ਜਸਪਾਲ ਬੈਂਸ ਉਰਫ ਮੱਟੀ ਸਪੁੱਤਰ ਸਵ: ਪ੍ਰਗਣ ਰਾਮ ਵਾਸੀ ਰਾਏਪੁਰ ਅਰਾਈਆਂ ਥਾਣਾ ਫਿਲੌਰ ਜਲੰਧਰ ਜੋ ਫੁੱਟਬਾਲ ਦਾ ਪ੍ਰਸਿੱਧ ਖਿਡਾਰੀ ਸੀ ਨਵਾਂਸ਼ਹਿਰ ਵਿਖੇ ਖਾਲਸਾ ਸਕੂਲ ਵਿੱਚ ਫੁੱਟਬਾਲ ਦੇ ਟੂਰਨਾਮੈਂਟ ਦੌਰਾਨ ਰੈਫਰੀ ਦੀ ਭੂਮਿਕਾ ਨਿਭਾ ਕੇ ਮੋਟਰਸਾਈਕਲ ਤੇ ਸਵਾਰ ਹੋ ਕੇ ਵਾਪਸ ਪਿੰਡ ਰਾਏਪੁਰ ਅਰਾਈਆ ਨੂੰ ਆ ਰਿਹਾ ਸੀ ਤੇ ਫਿਲੌਰ ਸਾਈਡ ਤੋਂ ਆ ਰਹੀ ਇਕ ਕਾਰ ਨੇ ਉਸ ਨੂੰ ਲਪੇਟ ਵਿਚ ਲੈ ਲਿਆ। ਜਿਸ ਦੀ ਮੌਕੇ ਤੇ ਮੌਤ ਹੋ ਗਈ ਤੇ ਘਟਨਾ ਦੀ ਖਬਰ ਸਾਨੂੰ ਸੜਕ ਸੁਰੱਖਿਆ ਫੋਰਸ ਦੇ ਏ ਐਸ ਆਈ ਕੁਲਦੀਪ ਸਿੰਘ ਦਾ ਫੋਨ ਆਇਆ ਸੀ ਤੇ ਉਸ ਤੋਂ ਹੀ ਪਤਾ ਲੱਗਾ ਤੇ ਕਾਰ ਚਾਲਕ ਮੌਕੇ ਤੋਂ ਫਰਾਰ ਹੋਣ ਵਿਚ ਸਫਲ ਹੋ ਗਿਆ। ਮ੍ਰਿਤਕ ਦੇ ਛੋਟੇ ਛੋਟੇ ਬੱਚੇ ਹਨ। ਪਰਵਾਰਕ ਮੈਂਬਰਾਂ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਸਾਨੂੰ ਇਨਸਾਫ ਦਿਵਾਇਆ ਜਾਵੇ।

## ਜਨਮ ਦਿਨ ਮੁਬਾਰਕ



ਮਲਕੀਰਤ ਸਿੰਘ
ਸੰਗਰੂਰ



ਯਸ਼ਕਿਤ ਸੈਨ
ਲਹਿਰਾ ਮੁਹੱਬਤ

## ਵਰ੍ਹੇਗੰਢ ਮੁਬਾਰਕ



ਜਸਵੀਰ ਸਿੰਘ ਅਤੇ ਕੁਲਦੀਪ ਕੌਰ ਵਾਸੀ ਹੁਸ਼ਿਆਰਪੁਰ ਨੂੰ ਵਿਆਹ ਦੀ 7ਵੀਂ ਵਰ੍ਹੇਗੰਢ ਦੀਆਂ ਮੁਬਾਰਕਾਂ।



ਚੇਤਨਪਾਲ ਸਿੰਘ ਅਤੇ ਰਮਨਦੀਪ ਕੌਰ ਵਾਸੀ ਜੰਡੂ ਸਿੰਘਾ ਨੂੰ ਵਿਆਹ ਦੀ ਪਹਿਲੀ ਵਰ੍ਹੇਗੰਢ ਦੀਆਂ ਮੁਬਾਰਕਾਂ।

## ਮੁਬਾਰਕਾਂ



ਸਰਵਦੀਪ ਸਿੰਘ ਵਾਸੀ ਨੂਰਪੁਰ ਸੇਠਾਂ ਦਾ ਸ਼ੁਭ ਵਿਆਹ ਮਨਜੀਤ ਕੌਰ ਵਾਸੀ ਗੁਰੂ ਹਰਸਹਾਏ ਨਾਲ ਹੋਇਆ।

# ਪੰਜਾਬ 'ਵਰਸਿਟੀ ਬਚਾਉਣ ਵਾਲੀਆਂ ਵਿਦਿਆਰਥੀ ਤੇ ਸਹਿਯੋਗੀ ਜਥੇਬੰਦੀਆਂ ਵਿਸ਼ਵਾਸਘਾਤੀ ਹਾਕਮਾਂ ਤੋਂ ਸੁਚੇਤ ਤੇ ਇੱਕਮੁੱਠ ਰਹਿਣ : ਤਲਵਿੰਦਰ ਹੀਰ

**ਜੇਜੋਂ ਦੋਆਬਾ (ਨਿਰਮਲ ਸਿੰਘ ਮੁੱਗੋਵਾਲ)** ਪੰਜਾਬ ਨਾਲ ਹਰ ਖੇਤਰ ਵਿੱਚ ਧੋਖਾ ਤੇ ਧੱਕਾ ਕਰਨ ਵਾਲੀ ਫਿਰਕਾਪ੍ਰਸਤ ਕੇਂਦਰ ਸਰਕਾਰ ਦੀ ਇੱਕ ਹੋਰ ਗਹਿਰੀ ਤੇ ਸਿੱਖਿਆ ਵਿਰੋਧੀ ਸਾਜ਼ਿਸ਼ ਨੂੰ ਪੰਜਾਬ ਯੂਨੀਵਰਸਿਟੀ ਦੇ ਵਿਦਿਆਰਥੀਆਂ ਤੇ ਲੋਕ ਪੱਖੀ ਜੁਝਾਰੂ ਜਥੇਬੰਦੀਆਂ ਨੇ ਨਾਕਾਮ ਬਣਾ ਦਿੱਤਾ।ਆਖਰਕਾਰ ਪੰਜਾਬ ਯੂਨੀਵਰਸਿਟੀ ਦੀ ਸੈਨੇਟ ਪਹਿਲਾਂ ਦੀ ਤਰ੍ਹਾਂ ਕਾਇਮ ਰਹੀ ਤੇ ਸੈਨੇਟ ਚੋਣਾਂ ਸਤੰਬਰ ਮਹੀਨੇ ਕਰਵਾਉਣ ਦਾ ਬਕਾਇਦਾ ਲਿਖਤੀ ਐਲਾਨ ਕੀਤਾ ਗਿਆ। ਇਸ ਦੇ ਲਈ ਪੰਜਾਬ ਯੂਨੀਵਰਸਿਟੀ ਬਚਾਓ ਮੋਰਚਾ ਦੇ ਵਿਦਿਆਰਥੀ ਆਗੂ ਤੇ ਉਨ੍ਹਾਂ ਦੀ ਮੱਦਦ ਲਈ ਬਹੁੜੀਆਂ ਸਾਰੀਆਂ ਲੋਕ ਪੱਖੀ ਜਥੇਬੰਦੀਆਂ ਵਧਾਈ ਦੀਆਂ ਪਾਤਰ ਹਨ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕਰਦਿਆਂ ਪੰਜਾਬ ਯੂਨੀਵਰਸਿਟੀ ਬਚਾਓ ਮੋਰਚੇ ਵਿੱਚ ਖੁਦ ਹਾਜ਼ਰੀ ਲਗਵਾ ਕੇ ਆਏ ਤੇ ਇਸੇ ਮਾਣਮੱਤੀ ਯੂਨੀਵਰਸਿਟੀ ਤੋਂ 1987 'ਚ ਗ੍ਰੈਜੂਏਸ਼ਨ ਹਾਸਲ ਕਰਨ ਵਾਲੇ ਕਿਸਾਨ ਆਗੂ ਤਲਵਿੰਦਰ ਸਿੰਘ ਹੀਰ ਨੰਗਲ ਖਿਲਾੜੀਆਂ ਨੇ ਕਿਹਾ ਕਿ ਸਰਕਾਰ ਅਜਿਹੇ ਧੱਕੇ ਤੇ ਧੋਖੇ ਕਰਨ ਤੋਂ ਬਾਜ਼ ਆ ਜਾਏ ਤੇ ਵਿਦਿਆਰਥੀਆਂ ਦਾ ਕੀਮਤੀ ਸਮਾਂ ਤੇ ਸੁਨਹਿਰੀ ਭਵਿੱਖ ਬਰਬਾਦ ਨਾ ਕਰੇ। ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਤੇ ਦਰਜ਼ ਕੇਸਾਂ ਨੂੰ ਪਹਿਲ ਦੇ ਆਧਾਰ ਤੇ ਰੱਦ ਕਰਕੇ ਉਨਾਂ ਦੀ ਹਰ ਤਰ੍ਹਾਂ ਦੀ ਸੁਰੱਖਿਆ ਯਕੀਨੀ ਬਣਾਈ ਜਾਵੇ।ਕੀਤੇ ਵਾਅਦੇ ਨਿਭਾਏ ਜ਼ਰੂਰ ਜਾਣ।ਕਿਸਾਨ ਅੰਦੋਲਨ ਵਾਂਗ ਐਲਾਨ ਕਰਕੇ ਮੁਕਰਨ ਤੋਂ ਹੰਕਾਰੇ ਹਾਕਮ ਗੁਰੇਜ਼ ਕਰਨ ਨਹੀਂ ਤਾਂ ਨਤੀਜੇ ਭੁਗਤਣ ਲਈ ਤਿਆਰ ਰਹਿਣ।ਪੰਜਾਬੀ ਆਪਣੀਆਂ ਨਸਲਾਂ ਤੇ ਫਸਲਾਂ ਬਚਾਉਣ ਲਈ ਸਭ ਕੁੱਝ ਕੁਰਬਾਨ ਕਰਨ ਨੂੰ ਤਿਆਰ ਬੈਠੇ ਹਨ, ਪਰ ਉਹ ਪੰਜਾਬ ਵੱਲ ਕਿਸੇ ਨੂੰ ਭੈੜੀ ਨਜ਼ਰ ਨਾਲ ਦੇਖਣ ਵੀ ਨਹੀਂ ਦੇਣਗੇ।ਧੋਖੇਬਾਜ਼ ਹਾਕਮਾਂ ਦੇ ਹਰ ਹੱਲੇ ਦਾ ਮੂੰਹ ਤੋੜਵਾਂ ਜਵਾਬ ਦੇਣਗੇ ਤੇ ਪੰਜਾਬ ਨੂੰ ਹਰ ਹਾਲ ਬਚਾਉਣਗੇ।

# ਜ਼ਿਲ੍ਹਾ ਪ੍ਰੀਸ਼ਦ, ਬਲਾਕ ਸੰਮਤੀ ਚੋਣਾਂ ਬਹੁਮਤ ਨਾਲ ਜਿੱਤ ਕੇ ਸ਼੍ਰੋਮਣੀ ਅਕਾਲੀ ਦਲ ਦੀ ਝੋਲੀ ਪਾਵਾਂਗੇ : ਝਿੰਜਰ

**ਚੰਡੀਗੜ੍ਹ (ਗੁਰਜੀਤ ਬਿੱਲਾ)**- ਸ਼੍ਰੋਮਣੀ ਅਕਾਲੀ ਦਲ ਯੂਥ ਦੇ ਪ੍ਰਧਾਨ ਸਰਬਜੀਤ ਸਿੰਘ ਝਿੰਜਰ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਜਥੇਦਾਰ ਜਸਮੇਰ ਸਿੰਘ ਲਾਛੜੂ ਨੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨਾਲ ਖਾਸ ਮੁਲਾਕਾਤ ਕੀਤੀ। ਇਸ ਮੌਕੇ ਦੋਵਾਂ ਨੇ ਉਨ੍ਹਾਂ ਵੱਲੋਂ ਸੌਂਪੀ ਗਈ ਜ਼ਿੰਮੇਵਾਰੀ ਤੇ ਭਰੋਸੇ ਲਈ ਧੰਨਵਾਦ ਕੀਤਾ। ਦੱਸ ਦੇਈਏ ਕਿ ਹਾਲ ਹੀ ਵਿੱਚ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਜਥੇਦਾਰ ਜਸਮੇਰ ਸਿੰਘ ਲਾਛੜੂ ਨੂੰ ਮੀਤ ਪ੍ਰਧਾਨ ਅਤੇ ਸਰਬਜੀਤ ਸਿੰਘ ਝਿੰਜਰ ਨੂੰ ਹਲਕਾ ਘਨੌਰ ਦਾ ਇੰਚਾਰਜ ਨਿਯੁਕਤ ਕੀਤਾ ਹੈ। ਇਹ ਨਿਯੁਕਤੀਆਂ ਅਕਾਲੀ ਦਲ ਦੇ ਜਥੇਬੰਦੀ ਪੱਖ ਨੂੰ ਹੋਰ ਮਜ਼ਬੂਤ ਕਰਨ ਵਿੱਚ ਵੱਡਾ ਯੋਗਦਾਨ ਪਾਉਣਗੀਆਂ। ਮੁਲਾਕਾਤ ਦੌਰਾਨ ਸ. ਸਰਬਜੀਤ ਸਿੰਘ ਝਿੰਜਰ ਨੇ ਭਰੋਸਾ ਦਿਵਾਇਆ ਕਿ ਉਹ ਪੂਰੀ ਤਨ-ਮਨ-ਧਨ ਨਾਲ ਹਲਕੇ ਵਿੱਚ ਅਕਾਲੀ ਦਲ ਨੂੰ ਮਜ਼ਬੂਤ ਕਰਨ ਲਈ ਕੰਮ ਕਰਨਗੇ। ਉਨ੍ਹਾਂ ਕਿਹਾ ਕਿ ਨੌਜਵਾਨਾਂ ਨੂੰ ਪਾਰਟੀ ਨਾਲ ਜੁੜਨ ਲਈ ਪ੍ਰੇਰਿਤ ਕਰਨਾ ਅਤੇ ਸੰਗਠਨਕ ਢਾਂਚੇ ਨੂੰ ਮਜ਼ਬੂਤ ਕਰਨਾ ਉਨ੍ਹਾਂ ਦੀ ਪਹਿਲੀ ਪ੍ਰਥਮਿਕਤਾ ਹੋਵੇਗੀ।



# ਲੋਕ ਰੋਹ ਤੋਂ ਬਾਅਦ ਪ੍ਰਸ਼ਾਸਨ ਨੇ ਖਮਤਾ ਪੱਤੀ ਵਿਖੇ ਖੁੱਲ੍ਹੇ ਠੇਕੇ ਨੂੰ ਬੰਦ ਕੀਤਾ

**ਤਲਵਾੜਾ/ ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਇੱਥੇ ਨੇੜਲੇ ਪਿੰਡ ਖਮਤਾ ਪੱਤੀ ਵਿਖੇ ਖੁੱਲ੍ਹਿਆ ਸ਼ਰਾਬ ਦਾ ਠੇਕਾ ਲੋਕਾਂ ਅਤੇ ਸਥਾਨਕ ਸਾਬਕਾ ਫੌਜੀਆਂ ਦੇ ਯਤਨਾਂ ਤੋਂ ਬਾਅਦ ਪ੍ਰਸ਼ਾਸਨ ਨੇ ਬੰਦ ਕਰਵਾ ਦਿੱਤਾ ਹੈ। ਮਾਇਨਿੰਗ ਰੋਕੋ ਜ਼ਮੀਨ ਬਚਾਓ ਸੰਘਰਸ਼ ਕਮੇਟੀ ਤਲਵਾੜਾ ਦੇ ਮੈਂਬਰ ਅਤੇ ਸਾਬਕਾ ਫੌਜੀ ਸਮਿੰਦਰ ਸਿੰਘ ਨੇ ਦੱਸਿਆ ਕਿ ਪਿੰਡ ਦੀ ਖੇਡ ਨਰਸਰੀ ਦੇ ਸਾਹਮਣੇ ਅਤੇ ਮੰਦਰ ਕੋਲ ਕੁੱਝ ਸ਼ਰਾਰਤੀ ਤੱਤਾਂ ਦੀ ਮਿਲੀਭੁਗਤ ਨਾਲ ਸ਼ਰਾਬ ਦਾ ਠੇਕਾ ਖੋਲ੍ਹਿਆ ਗਿਆ ਸੀ। ਪਿੰਡ ਵਾਸੀਆਂ ਦੇ ਵਿਰੋਧ ਅਤੇ ਮਾਇਨਿੰਹ ਰੋਕੋ ਜ਼ਮੀਨ ਬਚਾਓ ਸੰਘਰਸ਼ ਕਮੇਟੀ ਦੇ ਦਖ਼ਲ ਮਗਰੋਂ ਪ੍ਰਸ਼ਾਸਨ ਨੇ ਇਹ ਕਥਿਤ ਠੇਕਾ ਬੰਦ ਕਰਵਾ ਦਿੱਤਾ ਹੈ। ਸੰਘਰਸ਼ ਕਮੇਟੀ ਆਗੂ ਸੁਨੀਲ ਕੌਸ਼ਲ, ਸਾਬਕਾ ਸਰਪੰਚ ਸ਼ਾਮ ਸਿੰਘ ਤੇ ਅਸ਼ਵਨੀ ਕੁਮਾਰ, ਵਿਨੋਦ ਕੁਮਾਰ, ਪੁਸ਼ਪਿੰਦਰ ਸਿੰਘ, ਕੈਪ ਜੋਗਿੰਦਰ ਸਿੰਘ, ਸੁਸ਼ੀਲ ਮੰਗੂ ਮੈਰ੍ਹਾ ਆਦਿ ਨੇ ਦਸਿਆ ਕਿ ਠੇਕੇ ਨੂੰ ਬੰਦ ਕਰਵਾਉਣ ਲਈ ਉਨ੍ਹਾਂ ਵਿਧਾਇਕ ਐਡ ਕਰਮਬੀਰ ਘੁੰਮਣ ਤੋਂ ਇਲਾਵਾ ਜ਼ਿਲ੍ਹਾ ਐਕਸਾਈਜ਼ ਕਮਿਸ਼ਨਰ ਤੱਕ ਸੰਪਰਕ ਸਾਧਿਆ ਸੀ। ਠੇਕਾ ਬੰਦ ਹੋਣ ਉਪਰੰਤ ਪਿੰਡ ਵਾਸੀਆਂ ਨੇ ਸੁੱਖ ਦਾ ਸਾਹ ਲਿਆ ਹੈ।

# ਸਬ-ਇੰਸਪੈਕਟਰ ਰਾਮ ਕਿਸ਼ਨ ਨੇ ਥਾਣਾ ਪਤਾਰਾ ਦਾ ਚਾਰਜ ਸੰਭਾਲਿਆ



**ਆਦਮਪੁਰ (ਪਰਮਜੀਤ ਸਿੰਘ)**- ਐੱਸ ਐੱਸ ਪੀ ਜਲੰਧਰ ਦਿਹਾਤੀ ਦੇ ਹੁਕਮਾਂ ਤਹਿਤ ਥਾਣਾ ਆਦਮਪੁਰ ਡਿਊਟੀ ਤੋਂ ਬਦਲ ਕੇ ਥਾਣਾ ਪਤਾਰਾ ਵਿਖੇ ਰਾਮ ਕਿਸ਼ਨ ਸਬ ਇੰਸਪੈਕਟਰ ਨੇ ਚਾਰਜ ਸੰਭਾਲ ਲਿਆ ਹੈ। ਮਿਲੀ ਜਾਣਕਾਰੀ ਮੁਤਾਬਕ ਪਹਿਲਾ ਰਾਮ ਕਿਸ਼ਨ ਐੱਸ ਆਈ ਆਦਮਪੁਰ ਥਾਣੇ ਵਿੱਚ ਤੈਨਾਤ ਸਨ ਤੇ ਸਾਬਕਾ ਥਾਣਾ ਪਤਾਰਾ ਮੁੱਖੀ ਕ੍ਰਿਸ਼ਨ ਗੋਪਾਲ ਐੱਸ ਆਈ ਦੀ ਜਗ੍ਹਾ ਤੇ ਥਾਣਾ ਪਤਾਰਾ ਵਿਖੇ ਰਾਮ ਕਿਸ਼ਨ ਨੂੰ ਤੈਨਾਤ ਕੀਤਾ ਗਿਆ ਹੈ। ਉਹਨਾਂ ਚਾਰਜ ਸੰਭਲਦੇ ਹੀ ਨਸ਼ਾ ਵੇਚਣ ਤੇ ਕਰਨ ਵਾਲੇ ਮਾੜੇ ਅੰਨਸਰਾਂ ਨੂੰ ਚੇਤਾਵਨੀ ਦਿੱਤੀ ਹੈ ਕਿ ਉਹ ਗਲਤ ਕੰਮਾਂ ਤੋਂ ਬਾਜ ਆ ਜਾਣ ਨਹੀਂ ਤਾਂ ਉਹਨਾਂ ਨੂੰ ਕਿਸੇ ਵੀ ਤਰਾਂ ਬਖਸ਼ਿਆ ਨਹੀਂ ਜਾਵੇਗਾ। ਉਨ੍ਹਾਂ ਕਿਹਾ ਇਲਾਕੇ ਵਿੱਚ ਅਮਨ ਸ਼ਾਂਤੀ ਦਾ ਮਾਹੌਲ ਕਾਇਮ ਕਰਨਾਂ ਉਨ੍ਹਾਂ ਦੀ ਪਹਿਲਕਦਮੀ ਹੋਵੇਗ, ਜਿਸ ਦੇ ਲਈ ਉਨ੍ਹਾਂ ਨੇ ਇਲਾਕੇ ਦੇ ਮੋਹਤਵਰ ਪੰਚਾਂ, ਸਰਪੰਚਾਂ, ਲੰਬਰਦਾਰਾਂ ਤੇ ਇਲਾਕੇ ਦੇ ਵਸਨੀਕਾਂ ਨੂੰ ਪਤਾਰਾ ਪੁਲਸ ਦਾ ਵਧੇਰੇ ਸਹਿਯੋਗ ਕਰਨ ਦੀ ਅਪੀਲ ਕੀਤੀ ਹੈ ਤਾਂ ਜੋ ਇਲਾਕੇ ਵਿੱਚ ਕੋਈ ਅਣਸੁਖਾਵੀ ਘਟਨਾਂ ਨਾ ਵਾਪਰ ਸਕੇ।

# ਪੰਚਾਇਤ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਦੀ ਚੋਣ ਲਈ ਨਾਮਜ਼ਦਗੀਆਂ ਅੱਜ : ਕ੍ਰਿਤਿਕਾ ਗੋਇਲ



**ਬਲਾਚੌਰ (ਜਸਵਿੰਦਰ ਬੈਂਸ)** ਉਪ ਮੰਡਲ ਮਜਿਸਟਰੇਟ-ਕਮ- ਰਿਟਰਨਿੰਗ ਅਫਸਰ ਬਲਾਚੌਰ ਕ੍ਰਿਤਿਕਾ ਵੱਲੋਂ ਪੰਚਾਇਤ ਸੰਮਤੀ ਅਤੇ ਜ਼ਿਲ੍ਹਾ ਪ੍ਰੀਸ਼ਦ ਦੀ ਚੋਣ ਸੰਬੰਧੀ ਜਾਣਕਾਰੀ ਦਿੰਦੇ ਦੱਸਿਆ ਕਿ ਸਬ ਡਿਵੀਜ਼ਨ ਬਲਾਚੌਰ ਅਧੀਨ ਆਉਂਦੇ ਪੰਚਾਇਤ ਸੰਪਤੀ ਬਲਾਕ ਸੜੋਆ ਦੇ 15 ਜੋਨਾ ਅਤੇ ਪੰਚਾਇਤ ਸੰਮਤੀ ਬਲਾਕ ਬਲਾਚੌਰ 17 ਜੋਨਾ ਅਤੇ ਇਸੇ ਤਰ੍ਹਾਂ ਹੀ ਜਿਲ੍ਹਾ ਪ੍ਰੀਸ਼ਦ ਚੋਣ ਨੂੰ 3 ਜੋਨਾ 'ਚ ਵੰਡਿਆ ਗਿਆ, ਜਿਸ ਲਈ ਨਾਮੀਨੇਸ਼ਨ ਅਤੇ ਕੌਸਲਿੰਗ ਦਾ ਸਥਾਨ ਬਾਬਾ ਬਲਰਾਜ ਕਾਲਜ ਭੱਦੀ ਰੋਡ ਬਲਾਚੌਰ ਨੂੰ ਸਥਾਪਿਤ ਕੀਤਾ ਗਿਆ ਹੈ।ਉਹਨਾਂ ਚੋਣ ਸ਼ਡਿਊਲ ਸੰਬੰਧੀ ਅੱਗੇ ਜਾਣਕਾਰੀ ਦਿੱਤੀ ਕਿ 01 ਦਸੰਬਰ ਤੋਂ 4 ਦਸੰਬਰ ਤੱਕ ਸਵੇਰੇ 11 ਵਜੇ ਤੋਂ ਲੈ ਕੇ ਬਾਅਦ ਦੁਪਹਿਰ 3 ਵਜੇ ਤੱਕ ਉਮੀਦਵਾਰ ਆਪਣੇ ਨਾਮਜ਼ਦਗੀ ਪੇਪਰ ਜਮ੍ਹਾ ਕਰਵਾ ਸਕਦੇ ਹਨ, 5 ਦਸੰਬਰ ਨੂੰ ਦਸਤਾਵੇਜ਼ਾਂ ਦੀ ਜਾਂਚ ਕੀਤੀ ਜਾਵੇਗੀ ਅਤੇ 6 ਦਸੰਬਰ ਨੂੰ ਜਿਹੜੇ ਉਮੀਦਵਾਰ ਆਪਣੇ ਨਾਮਜ਼ਦਗੀ ਵਾਪਸ ਲੈਣ ਦੀ ਇੱਛਾ ਰੱਖਦੇ ਹਨ ਉਹ ਵਾਪਸ ਲੈ ਸਕਣਗੇ, 14 ਦਸੰਬਰ ਸਵੇਰੇ ਠੀਕ 8 ਵਜੇ ਵੋਟਿੰਗ ਅਲੱਗ ਆਰੰਭ ਹੋਵੇਗੀ ਤੇ ਬਾਅਦ ਦੁਪਹਿਰ 4 ਵਜੇ ਤੱਕ ਵੋਟਿੰਗ ਦਾ ਸਮਾਂ ਸਮਾਪਤ ਹੋਵੇਗਾ, 17 ਦਸੰਬਰ ਨੂੰ ਗਿਣਤੀ ਉਪਰੰਤ ਨਤੀਜਿਆਂ ਦਾ ਐਲਾਨ ਕੀਤਾ ਜਾਵੇਗਾ। ਇਸ ਮੌਕੇ ਉਹਨਾਂ ਨਾਮਜ਼ਦਗੀ ਸਬੰਧੀ ਫੀਸਾਂ ਦੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਜ਼ਿਲ੍ਹਾ ਪ੍ਰੀਸ਼ਦ ਜਨਰਲ ਵਰਗ ਲਈ 400 ਰੁਪਏ, ਐੱਸਸੀ-ਬੀਸੀ ਲਈ 200 ਰੁਪਏ ਅਤੇ ਪੰਚਾਇਤ ਸੰਮਤੀ ਜਨਰਲ ਵਰਗ ਲਈ 200 ਰੁਪਏ, ਐੱਸਸੀ-ਬੀਸੀ ਲਈ 100 ਰੁਪਏ ਫੀਸ ਨਿਰਧਾਰਿਤ ਕੀਤੀ ਗਈ ਹੈ।

# ਮੈਕਸ ਹਸਪਤਾਲ ਮੋਹਾਲੀ ਨੇ ਐਡਵਾਂਸਡ ਐਮਰਜੈਂਸੀ ਵਿਭਾਗ ਲਾਂਚ ਕੀਤਾ

**ਮੋਹਾਲੀ (ਗੁਰਜੀਤ ਬਿੱਲਾ)**- ਉੱਚ-ਗੁਣਵੱਤਾ ਵਾਲੀ ਅਤੇ ਬਿਨਾਂ ਦੇਰੀ ਦੇ ਮੈਡੀਕਲ ਇਲਾਜ ਕਰਨ ਦੀ ਆਪਣੀ ਸਮਰੱਥਾ ਨੂੰ ਵਧਾਉਂਦੇ ਹੋਏ ਮੈਕਸ ਸੁਪਰ



ਸਪੈਸ਼ਲਿਟੀ ਹਸਪਤਾਲ ਮੋਹਾਲੀ ਨੇ ਸ਼ੁੱਕਰਵਾਰ ਨੂੰ ਆਪਣੇ ਨਵੇਂ ਐਡਵਾਂਸਡ ਐਮਰਜੈਂਸੀ ਵਿਭਾਗ (ਈ ਆਰ) ਦੀ ਸ਼ੁਰੂਆਤ ਦਾ ਐਲਾਨ ਕੀਤਾ। ਵਿਸਤ੍ਰਿਤ ਸਹੂਲਤ ਵਿੱਚ ਹੁਣ ਏਕੀਕ੍ਰਿਤ ਆਈਸੀਯੂ ਬੈੱਡਾਂ ਦੇ ਨਾਲ 20 ਤੋਂ ਵੱਧ ਐਮਰਜੈਂਸੀ ਬੈੱਡ ਸ਼ਾਮਲ ਹਨ, ਜਿਸ ਨਾਲ ਗੰਭੀਰ ਰੂਪ ਵਿੱਚ ਬਿਮਾਰ ਮਰੀਜ਼ਾਂ ਨੂੰ ਬਿਨਾਂ ਕਿਸੇ ਦੇਰੀ ਦੇ ਜਲਦੀ ਸਥਿਰ ਕੀਤਾ ਜਾ ਸਕਦਾ ਹੈ। ਇਹ ਉੱਨਤ ਐਮਰਜੈਂਸੀ ਵਿਭਾਗ ਮਰੀਜ਼ਾਂ ਦੇ ਪ੍ਰਵਾਹ ਨੂੰ ਸੁਚਾਰੂ ਬਣਾਉਣ, ਇਲਾਜ ਨੂੰ ਤੇਜ਼ ਕਰਨ ਅਤੇ ਨਵੀਨਤਾਕਾਰੀ ਜੀਵਨ ਸਹਾਇਤਾ ਪ੍ਰਣਾਲੀਆਂ ਤੱਕ ਤੁਰੰਤ ਪਹੁੰਚ ਪ੍ਰਦਾਨ ਕਰਨ ਲਈ ਤਿਆਰ ਕੀਤਾ ਗਿਆ ਹੈ, ਅਤੇ ਇਹ ਸਭ 24 ਘੰਟੇ ਉਪਲਬਧ ਉੱਚ ਸਿਖਲਾਈ ਪ੍ਰਾਪਤ ਐਮਰਜੈਂਸੀ ਅਤੇ ਇੰਟੈਂਸਿਵ ਕੇਅਰ ਮਾਹਰਾਂ ਦੀ ਨਿਗਰਾਨੀ ਹੇਠ ਹੈ।ਮੈਕਸ ਦੇ ਪਲਮੋਨੋਲੋਜੀ ਅਤੇ ਕ੍ਰਿਟੀਕਲ ਕੇਅਰ ਦੇ ਸੀਨੀਅਰ ਡਾਇਰੈਕਟਰ ਡਾ. ਦੀਪਕ ਭਸੀਨ ਨੇ ਕਿਹਾ, ਇੱਕ ਮਜ਼ਬੂਤ ਐਮਰਜੈਂਸੀ ਵਿਭਾਗ ਕ੍ਰਿਟੀਕਲ ਕੇਅਰ ਦੀ ਰੀੜ੍ਹ ਦੀ ਹੱਡੀ ਹੈ। ਇਸ ਨਵੀਂ ਸਹੂਲਤ ਦੇ ਨਾਲ, ਸਾਡੀਆਂ ਟੀਮਾਂ ਹੁਣ ਵਾਧੂ ਬਿਸਤਰੇ, ਉੱਨਤ ਨਿਗਰਾਨੀ ਪ੍ਰਣਾਲੀਆਂ ਅਤੇ ਤਰਜੀਹ ਸਮਰੱਥਾਵਾਂ ਨਾਲ ਲੈਸ ਹਨ। ਇਹ ਅਪਗ੍ਰੇਡ ਸਾਨੂੰ ਗੰਭੀਰ ਸਦਮੇ, ਸਾਹ ਦੀ ਅਸਫਲਤਾ, ਜਾਂ ਜਾਨਲੇਵਾ ਇਨਫੈਕਸ਼ਨਾਂ ਤੋਂ ਪੀੜਤ ਮਰੀਜ਼ਾਂ ਨੂੰ ਤੇਜ਼ੀ ਨਾਲ ਸਥਿਰ ਕਰਨ ਵਿੱਚ ਮਦਦ ਕਰੇਗਾ। ਨਿਊਰੋਲੋਜੀਕਲ ਐਮਰਜੈਂਸੀ ਲਈ ਹਸਪਤਾਲ ਦੀ ਮਜ਼ਬੂਤ ਤਿਆਰੀ ਨੂੰ ਉਜਾਗਰ ਕਰਦੇ ਹੋਏ ਮੈਕਸ ਹਸਪਤਾਲ, ਮੋਹਾਲੀ ਦੇ ਨਿਊਰੋਲੋਜੀ ਦੇ ਡਾਇਰੈਕਟਰ ਡਾ. ਸੰਜੇ ਮਿਸ਼ਰਾ ਨੇ ਕਿਹਾ, ਹਰ ਮਿੰਟ ਬ੍ਰੇਨ ਸਟ੍ਰੋਕ ਪ੍ਰਬੰਧਨ ਵਿੱਚ ਰਿਕਵਰੀ ਦੀ ਗੁਣਵੱਤਾ ਅਤੇ ਹੱਦ ਨਿਰਧਾਰਤ ਕਰ ਸਕਦਾ ਹੈ। ਐਡਵਾਂਸਡ ਈ ਆਰ ਤੇਜ਼ ਇਮੇਜਿੰਗ, ਤੁਰੰਤ ਮੁਲਾਂਕਣ ਅਤੇ ਇਲਾਜ ਦੀ ਤੇਜ਼ੀ ਨਾਲ ਸ਼ੁਰੂਆਤ ਦੀ ਆਗਿਆ ਦਿੰਦਾ ਹੈ।ਕਾਰਡੀਅਕ ਐਮਰਜੈਂਸੀ 'ਤੇ ਬੋਲਦੇ ਹੋਏ ਮੈਕਸ ਦੇ ਪ੍ਰਿੰਸੀਪਲ ਕੰਸਲਟੈਂਟ - ਕਾਰਡੀਓਲੋਜੀ ਡਾ. ਰਾਕੇਸ਼ ਸ਼ਰਮਾ ਨੇ ਕਿਹਾ, ਦਿਲ ਦੇ ਦੌਰੇ ਦੇ ਮਰੀਜ਼ਾਂ ਨੂੰ ਤੁਰੰਤ ਇਲਾਜ ਦੀ ਲੋੜ ਹੁੰਦੀ ਹੈ। ਐਡਵਾਂਸਡ ਈ ਆਰ ਸੈੱਟਅੱਪ ਦੇ ਨਾਲ ਅਸੀਂ ਬਿਨਾਂ ਦੇਰੀ ਦੇ ਜੀਵਨ-ਰੱਖਿਅਕ ਇਲਾਜ ਸ਼ੁਰੂ ਕਰ ਸਕਦੇ ਹਾਂ।

# ਸਰਕਾਰ ਸਿਹਤ ਸੁਧਾਰ ਤੇ ਲੋਕ-ਜਾਗਰੂਕਤਾ ਯਤਨਾਂ ਨੂੰ ਹੋਰ ਮਜ਼ਬੂਤ ਬਣਾਉਣ 'ਚ ਵਧੇਰੇ ਕਾਰਗਰ : ਸਿਵਲ ਸਰਜਨ



**ਸ਼੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)** ਸਿਵਲ ਸਰਜਨ ਰੂਪਨਗਰ ਡਾਕਟਰ ਸੁਖਵਿੰਦਰਜੀਤ ਸਿੰਘ ਨੇ ਦੱਸਿਆ ਕਿ ਸ਼ਹੀਦੀ ਸਮਾਗਮ ਨੂੰ ਲੋਕ-ਕੇਂਦਰਿਤ ਅਤੇ ਜਾਣਕਾਰੀ ਭਰਪੂਰ ਬਣਾਉਣ ਲਈ ਸਿਹਤ ਵਿਭਾਗ ਰੂਪਨਗਰ ਦੇ ਮਾਸ ਮੀਡੀਆ ਅਤੇ ਐਜੂਕੇਸ਼ਨ ਵਿੰਗ ਵੱਲੋਂ ਭਾਈ ਜੈਤਾ ਜੀ ਸਿਵਲ ਹਸਪਤਾਲ ਵਿਚ 19 ਨਵੰਬਰ ਤੋਂ ਲਗਾਈ ਗਈ ਪ੍ਰਦਰਸ਼ਨੀ ਸਫ਼ਲਤਾਪੂਰਵਕ ਸੰਪੰਨ ਹੋ ਗਈ। ਉਹਨਾਂ ਦੱਸਿਆ ਕਿ ਇਸ ਪ੍ਰਦਰਸ਼ਨੀ ਵਿੱਚ ਸਿਹਤ ਵਿਭਾਗ ਵੱਲੋਂ ਆਮ ਲੋਕਾਂ ਨੂੰ ਟੀਕਾਕਰਣ ਦੀ ਮਹੱਤਤਾ, ਜੱਚਾ-ਬੱਚਾ ਸਿਹਤ, ਐਨ.ਸੀ.ਡੀ., ਕੈਂਸਰ ਸਕ੍ਰੀਨਿੰਗ, ਟੀ.ਬੀ. ਮੁਕਤ ਭਾਰਤ ਅਭਿਆਨ, ਤੰਬਾਕੂ-ਰੋਧੀ ਮੁਹਿੰਮ, ਡੇਂਗੂ-ਮਲੇਰੀਆ ਰੋਕਥਾਮ, ਸਾਫ਼ ਸਫ਼ਾਈ ਅਤੇ ਸਿਹਤਮੰਦ ਜੀਵਨਸ਼ੈਲੀ ਅਪਣਾਉਣ ਬਾਰੇ ਜਾਣਕਾਰੀ ਦਿੱਤੀ ਗਈ। ਡਾ. ਸੁਖਵਿੰਦਰਜੀਤ ਸਿੰਘ ਨੇ ਕਿਹਾ ਕਿ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਸਮਾਗਮ ਦੌਰਾਨ ਲਗਾਈ ਗਈ ਸਿਹਤ ਜਾਗਰੂਕਤਾ ਪ੍ਰਦਰਸ਼ਨੀ ਪੰਜਾਬ ਸਰਕਾਰ ਦੇ ਸਿਹਤ ਸੁਧਾਰ ਅਤੇ ਲੋਕ-ਜਾਗਰੂਕਤਾ ਯਤਨਾਂ ਨੂੰ ਹੋਰ ਮਜ਼ਬੂਤ ਬਣਾਉਣ ਵਿੱਚ ਵਧੇਰੇ ਸਫ਼ਲ ਰਹੀ।